Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Thirteenth Year in Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 52, December 29th, 2012 20451 N Plum Grove Rd. Palatine, IL 60074 Ph:847-359-0746, Fax:847-705-9388


# ਜਬਰ ਖਿਲਾਫ ਜ਼ਬਰਦਸਤ ਰੋਹ ਤੇ ਰੋਸ

## ਸਰਕਾਰ ਤੇ ਪੁਲਿਸ ਵਿਚਕਾਰ ਤਾਲਮੇਲ ਦੀ ਘਾਟ ਕਾਰਨ ਹਾਲਾਤ ਵਿਗੜੇ

**ਚੰਡੀਗੜ੍ਹ (ਬਿਊਰੋ):** ਭਾਰਤ ਦੀ ਰਾਜਧਾਨੀ ਦਿੱਲੀ ਵਿਚ ਸਮੂਹਿਕ ਬਲਾਤਕਾਰ ਦੀ ਘਟਨਾ ਤੋਂ ਬਾਅਦ ਭਖੇ ਰੋਸ ਵਿਖਾਵਿਆਂ ਨਾਲ ਨਜਿੱਠਣਾ ਸਰਕਾਰ ਲਈ ਔਖਾ ਹੋ ਗਿਆ ਹੈ। ਵਿਖਾਵਾਕਾਰੀਆਂ ਨੇ ਕੜਾਕੇ ਦੀ ਠੰਢ ਅਤੇ ਪੁਲਿਸ ਦੇ ਜਬਰ ਦੀ ਪ੍ਰਵਾਹ ਨਾ ਕਰਦਿਆਂ ਸਰਕਾਰ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਹਿੰਸਕ ਹੋਏ ਵਿਖਾਵਾਕਾਰੀਆਂ ਨੂੰ ਕੰਟਰੋਲ ਕਰਨ ਲਈ ਪੁਲਿਸ ਨੇ ਸਖਤੀ ਕੀਤੀ ਜਿਸ ਕਾਰਨ ਵਿਖਾਵਾਕਾਰੀ ਹੋਰ ਭੜਕ ਉਠੇ। ਸਿੱਟੇ ਵਜੋਂ ਝੜਪਾਂ ਦੌਰਾਨ ਸਖਤ ਜ਼ਖਮੀ ਹੋਏ ਦਿੱਲੀ ਪੁਲਿਸ ਦੇ ਇਕ ਜਵਾਨ ਦੀ ਹਸਪਤਾਲ ਵਿਚ ਮੌਤ ਹੋ ਗਈ। ਉਧਰ, ਸਰਕਾਰ ਨੇ ਇਨ੍ਹਾਂ ਝੜਪਾਂ ਲਈ ਜ਼ਿੰਮੇਵਾਰ ਦਿੱਲੀ ਪੁਲਿਸ ਦੇ ਦੋ ਸਹਾਇਕ ਪੁਲਿਸ ਕਮਿਸ਼ਨਰਾਂ ਨੂੰ ਮੁਅੱਤਲ ਕਰ ਦਿੱਤਾ ਹੈ ਤੇ ਦੋ ਜ਼ਿਲ੍ਹਾ ਪੁਲਿਸ ਕਮਿਸ਼ਨਰਾਂ ਕੋਲੋਂ ਜੁਆਬਤਲਬੀ ਕੀਤੀ ਹੈ।

ਵਿਖਾਵਾਕਾਰੀਆਂ ਨੂੰ ਸ਼ਾਂਤ ਕਰਨ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਵਾਸੀਆਂ ਦੇ ਨਾਂ ਜਾਰੀ ਸੰਦੇਸ਼ ਵਿਚ ਕਿਹਾ ਹੈ ਕਿ ਉਹ ਇਸ ਘਟਨਾ ਤੋਂ ਬੇਹੱਦ ਦੁਖੀ ਤੇ ਉਦਾਸ ਹਨ। ਉਨ੍ਹਾਂ ਦੋਸ਼ੀਆਂ ਨੂੰ ਸਖਤ ਸਜ਼ਾ ਦਿਵਾਉਣ ਦਾ ਐਲਾਨ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਬਣਾਈ ਰੱਖਣ। ਉਂਜ, ਇਸ ਮਾਮਲੇ ਨੇ ਪੁਲਿਸ ਅਤੇ ਸਰਕਾਰ ਵਿਚਾਲੇ ਤਾਲਮੇਲ ਦੀ ਘਾਟ ਦੀ ਵੀ ਪੋਲ ਖੋਲ੍ਹੀ ਹੈ। ਇਸ ਬਾਰੇ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਤੇ ਦਿੱਲੀ ਪੁਲਿਸ ਵਿਚਾਲੇ ਟਕਰਾਅ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦਿੱਲੀ ਪੁਲਿਸ ਦੇ ਅਫਸਰਾਂ ਵੱਲੋਂ ਸਮੂਹਿਕ ਬਲਾਤਕਾਰ ਦੀ ਸ਼ਿਕਾਰ ਲੜਕੀ ਦੇ ਬਿਆਨ ਦਰਜ ਕਰਨ ਸਮੇਂ ਕੀਤੀ ਦਖਲਅੰਦਾਜ਼ੀ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਜਦੋਂਕਿ ਪੁਲਿਸ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ।


ਨਵੀਂ ਦਿੱਲੀ ਵਿਚ ਵਿਖਾਵਾਕਾਰੀਆਂ ਉਤੇ ਡੰਡੇ ਵਰ੍ਹਾ ਰਹੇ ਸੁਰੱਖਿਆ ਮੁਲਾਜ਼ਮ।

ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਲੜਕੀ ਦੇ ਬਿਆਨ ਦਰਜ ਕਰਨ ਗਈ ਐਸ ਡੀ ਐਮ ਊਸ਼ਾ ਚਤੁਰਵੇਦੀ ਦੀ ਸ਼ਿਕਾਇਤ ਦੇ ਆਧਾਰ 'ਤੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਪੁਲਿਸ ਅਫਸਰਾਂ ਖਿਲਾਫ਼ ਉਚ ਪੱਧਰੀ ਜਾਂਚ ਕਰਵਾਈ ਜਾਵੇ ਜਿਨ੍ਹਾਂ ਨੇ ਬਿਆਨ ਦਰਜ ਕਰਨੇ ਸਮੇਂ ਦਖਲਅੰਦਾਜ਼ੀ ਕੀਤੀ। ਇਸ ਬਾਰੇ ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਨੂੰ ਪੱਤਰ ਲਿਖਿਆ ਹੈ।

ਐਸ ਡੀ ਐਮ ਨੇ ਦੋਸ਼ ਲਾਇਆ ਸੀ ਕਿ ਪੁਲਿਸ ਦੇ ਤਿੰਨ ਅਧਿਕਾਰੀ ਚਾਹੁੰਦੇ ਸਨ ਕਿ ਬਿਆਨ ਦਰਜ ਕਰਨ ਸਮੇਂ ਸੁਆਲਨਾਮੇ ਦੀ ਵਰਤੋਂ ਕੀਤੀ ਜਾਵੇ। ਜਦੋਂ ਉਸ ਨੇ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਤਾਂ ਪੁਲਿਸ ਅਫਸਰਾਂ ਨੇ ਉਸ ਨਾਲ ਮਾੜਾ ਵਰਤਾਓ ਕੀਤਾ। ਦੂਜੇ ਪਾਸੇ, ਦਿੱਲੀ ਪੁਲਿਸ ਦੇ ਕਮਿਸ਼ਨਰ ਨੀਰਜ ਕੁਮਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਸਿਵਲ ਅਧਿਕਾਰੀ ਨੇ ਖੁਦ ਲੜਕੀ ਦੀ ਮਾਂ ਦੇ ਬਿਆਨ ਲਿਖੇ ਹਨ ਤੇ ਬਿਆਨਾਂ ਦੀ ਵੀਡੀਓਗਰਾਫੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਲੜਕੀ ਬਿਆਨ ਦੇਣ ਦੀ ਸਥਿਤੀ ਵਿਚ ਨਹੀਂ ਸੀ ਤਾਂ ਅਧਿਕਾਰੀ ਨੂੰ ਵਾਪਸ ਆ ਜਾਣਾ ਚਾਹੀਦਾ ਸੀ।

ਇਸੇ ਦੌਰਾਨ ਦਿੱਲੀ ਪੁਲਿਸ ਨੇ ਮੁੱਖ ਮੰਤਰੀ

(ਬਾਕੀ ਸਫਾ 6 'ਤੇ)

## ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਮਖੌਲ ਉਡਿਆ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਵਿਖਾਵਾਕਾਰੀਆਂ ਨੂੰ ਸ਼ਾਂਤ ਕਰਨ ਲਈ ਦਿੱਤਾ 'ਦੇਸਵਾਸ਼ੀਆਂ ਦੇ ਨਾਂ ਸੰਦੇਸ਼' ਮਖੌਲ ਬਣ ਕੇ ਰਹਿ ਗਿਆ। ਹੋਇਆ ਇਉਂ ਕਿ ਜਿਉਂ ਹੀ ਡਾਕਟਰ ਸਾਹਿਬ ਨੇ ਇਸ ਭਾਸ਼ਣ ਦੀ ਰਿਕਾਰਡਿੰਗ ਕਰਵਾਈ, ਉਨ੍ਹਾਂ ਰਿਕਾਰਡਿੰਗ ਕਰ ਰਹੇ ਸਟਾਫ ਮੈਂਬਰਾਂ ਨੂੰ ਪੁੱਛਿਆ-ਠੀਕ ਹੈ। ਜਦੋਂ ਇਹ ਭਾਸ਼ਣ ਚੈਨਲਾਂ ਉਤੇ ਨਸ਼ਰ ਹੋਇਆ ਤਾਂ 'ਠੀਕ ਹੈ' ਹਟਾਇਆ ਨਹੀਂ ਗਿਆ। ਜਿਉਂ ਹੀ ਇਹ ਭਾਸ਼ਣ ਨਸ਼ਰ ਹੋਇਆ, ਚੈਨਲਾਂ ਅਤੇ ਆਮ ਲੋਕਾਂ ਵਿਚ ਇਸ ਬਾਰੇ ਚਰਚਾ ਆਰੰਭ ਹੋ ਗਈ। ਇਹ ਸਭ ਹੋਇਆ ਤਾਂ ਭਾਵੇਂ ਸਹਿਜ-ਸੁਭਾਅ ਹੀ ਪਰ ਪ੍ਰਧਾਨ ਮੰਤਰੀ ਦੀ ਖਾਮੋਸ਼ੀ ਤੋਂ ਅੱਕੇ ਲੋਕਾਂ ਅਤੇ ਪੱਤਰਕਾਰਾਂ ਨੇ ਇਸ ਨੂੰ ਮੁੱਦਾ ਬਣਾ ਲਿਆ।

## ਦੂਰਦਰਸ਼ਨ ਦੇ ਪੰਜ ਮੁਲਾਜ਼ਮ ਮੁਅੱਤਲ

ਪ੍ਰਧਾਨ ਮੰਤਰੀ ਦਾ ਭਾਸ਼ਣ ਰਿਕਾਰਡ ਕਰਨ ਤੋਂ ਖੁੰਝੇ ਦੂਰਦਰਸ਼ਨ ਦੇ ਪੰਜ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਯਾਦ ਰਹੇ ਕਿ ਪ੍ਰਧਾਨ ਮੰਤਰੀ ਦੇ ਭਾਸ਼ਣ ਦੀ ਰਿਕਾਰਡਿੰਗ ਲਈ ਦੂਰਦਰਸ਼ਨ ਅਤੇ ਏ.ਐਨ.ਆਈ. ਦੇ ਸਟਾਫ ਨੂੰ ਸੱਦਿਆ ਗਿਆ ਸੀ। ਦੂਰਦਰਸ਼ਨ ਦਾ ਸਟਾਫ ਮੌਕੇ 'ਤੇ ਪੁੱਜ ਨਾ ਸਕਿਆ ਅਤੇ ਏ.ਐਨ.ਆਈ. ਵੱਲੋਂ ਕੀਤੀ ਰਿਕਾਰਡਿੰਗ ਹੀ ਸਭ ਥਾਈਂ ਨਸ਼ਰ ਕਰ ਦਿਤੀ ਗਈ, ਪਰ ਰਿਕਾਰਡਿੰਗ ਦੇ ਆਖਰੀ ਦੋ ਸ਼ਬਦ ਜੋ ਪ੍ਰਧਾਨ ਮੰਤਰੀ ਨੇ ਸਟਾਫ ਮੈਂਬਰਾਂ ਲਈ ਬੋਲੇ ਸਨ, ਵੀ ਭਾਸ਼ਣ ਦੇ ਨਾਲ ਹੀ ਨਸ਼ਰ ਹੋ ਗਏ। ਇਸ ਕਾਰਨ ਸਰਕਾਰ ਅਤੇ ਪ੍ਰਧਾਨ ਮੰਤਰੀ ਨੂੰ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।

## ਅਮਰੀਕੀ 'ਗਨ ਲੌਬੀ' ਨੇ ਤੋਪਾਂ ਤਾਣੀਆਂ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਨਿਊ ਟਾਊਨ (ਕਨੈਕਟੀਕਟ) ਦੇ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ ਹੋਏ ਗੋਲੀ ਕਾਂਡ, ਜਿਸ 'ਚ 20 ਨੰਨ੍ਹੇ ਬੱਚਿਆਂ ਸਮੇਤ 26 ਜਣਿਆਂ ਦੀ ਮੌਤ ਹੋ ਗਈ ਸੀ, ਤੋਂ ਬਾਅਦ ਇਕਦਮ ਖਾਮੋਸ਼ ਹੋਈ ਅਮਰੀਕਾ ਦੀ 'ਗਨ ਲੌਬੀ' ਨੇ ਹੁਣ ਗਨ ਕੰਟਰੋਲ ਖਿਲਾਫ ਬਣ ਰਹੇ ਮਾਹੌਲ ਖਿਲਾਫ ਤੋਪਾਂ ਬੀੜ ਲਈਆਂ ਹਨ।



ਅਮਰੀਕੀ ਸਿਆਸਤ ਵਿਚ ਬੇਹੱਦ ਪ੍ਰਭਾਵਸ਼ਾਲੀ ਅਤੇ ਮਜ਼ਬੂਤ ਪੈਂਠ ਵਾਲੀ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਕਾਰਜਕਾਰੀ ਮੀਤ ਪ੍ਰਧਾਨ ਵੇਅਨ ਲਾਪੀਅਰ ਨੇ ਕਿਹਾ ਹੈ ਕਿ ਮਿਲਟਰੀ ਸਟਾਈਲ ਹਥਿਆਰਾਂ ਉਤੇ ਕੰਟਰੋਲ ਨਾਲ ਕੁਝ ਨਹੀਂ ਬਣਨਾ। ਅਸਲ ਮਸਲਾ ਤਾਂ ਲੋਕਾਂ ਦੀ ਮਾਨਸਿਕ ਸਿਹਤ ਵੱਲ ਤਵੱਜੋ ਦੇਣਾ ਹੈ। ਅਜਿਹੇ ਗੋਲੀ ਕਾਂਡ ਰੋਕਣ ਲਈ ਉਨ੍ਹਾਂ ਇਕ ਵਾਰ ਫਿਰ ਕਹਿ ਸੁਣਾਇਆ ਕਿ ਹਰ ਸਕੂਲ ਵਿਚ ਸੁਰੱਖਿਆ ਗਾਰਡ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ। ਓਬਾਮਾ ਪ੍ਰਸ਼ਾਸਨ ਵੱਲੋਂ ਗਨ ਕੰਟਰੋਲ ਬਾਰੇ ਕੀਤੀ ਜਾ ਰਹੀ ਪੈਰਵੀ ਦੀ ਨੁਕਤਾਚੀਨੀ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਅਜਿਹੇ ਕਿਸੇ ਵੀ ਬਿੱਲ ਦਾ ਡਟ ਕੇ ਵਿਰੋਧ ਕਰਨਗੇ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਉਹ ਅਜਿਹੀ ਕਿਸੇ ਬਹਿਸ ਵਿਚ ਵੀ ਹਿੱਸਾ

(ਬਾਕੀ ਸਫਾ 6 'ਤੇ)


REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੇ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥


ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

## ਸਮੂਹ ਸਾਧ ਸੰਗਤ ਨੂੰ ਨਵੇਂ ਸਾਲ ਦੀ ਵਧਾਈ

ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ ਨਵੇਂ ਸਾਲ 2013 ਨੂੰ ਜੀ ਆਇਆਂ ਕਹਿਣ ਅਤੇ ਅਕਾਲ ਪੁਰਖ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ। ਪੰਥ ਪ੍ਰਸਿੱਧ ਕਥਾ/ਕੀਰਤਨੀ ਜਥੇ ਅਤੇ ਢਾਡੀ ਵਿਸ਼ੇਸ਼ ਪ੍ਰੋਗਰਾਮ ਦੇਣਗੇ। 31 ਦਸੰਬਰ ਨੂੰ ਰਾਤ ਦੇ 12 ਵਜੇ ਤੱਕ ਕਥਾ ਤੇ ਕੀਰਤਨ ਦਰਬਾਰ ਸਜਣਗੇ ਅਤੇ ਨਵਾਂ ਸਾਲ ਚੜ੍ਹਨ 'ਤੇ ਸਰਬੱਤ ਦੇ ਭਲੇ ਲਈ ਅਰਦਾਸ ਹੋਵੇਗੀ। ਪਹਿਲੀ ਜਨਵਰੀ ਨੂੰ ਸਾਰਾ ਦਿਨ ਕਥਾ ਤੇ ਕੀਰਤਨ ਦਰਬਾਰ ਹੋਵੇਗਾ।

**24 ਦਸੰਬਰ ਤੋਂ 28 ਦਸੰਬਰ:** ਗੁਰਮਤਿ ਕੈਂਪ
**28 ਦਸੰਬਰ:** ਅੰਮ੍ਰਿਤ ਸੰਚਾਰ ਹੇਵੇਗਾ, ਅੰਮ੍ਰਿਤ ਦੇ ਅਭਿਲਾਖੀਆਂ ਨੂੰ ਬੇਨਤੀ ਹੈ ਕਿ ਗੁਰੂ ਘਰ ਦੇ ਹੈਡ ਗਰੰਥੀ ਮਹਿੰਦਰ ਸਿੰਘ ਬਾਜਵਾ ਨਾਲ ਸੰਪਰਕ ਕਰਨ।
**31 ਦਸੰਬਰ:** ਰਾਤੀਂ 12:15 ਵਜੇ ਤੱਕ ਕੀਰਤਨ ਦਰਬਾਰ ਅਤੇ ਨਵੇਂ ਸਾਲ 2013 'ਚ ਗੁਰੂ ਸਾਹਿਬ ਦੀਆਂ ਖੁਸ਼ੀਆਂ ਲੈਣ ਲਈ ਅਕਾਲ ਪੁਰਖ ਅੱਗੇ ਅਰਦਾਸ।
ਸ਼ਾਮ ਨੂੰ ਹੌਲਿਸਟਰ ਦੀ ਸੰਗਤ ਵਲੋਂ ਛੋਲੇ ਭਟੂਰਿਆਂ, ਗਾਖਲ ਭਰਾਵਾਂ ਵਲੋਂ ਗੁਰੂ ਕੇ ਲੰਗਰਾਂ ਅਤੇ ਤਾਜ਼ਾ ਜਲੇਬੀਆਂ ਦੀ ਅਤੁੱਟ ਸੇਵਾ ਹੋਵੇਗੀ। ਭਾਈ ਭੁਪਿੰਦਰ ਸਿੰਘ ਵਿਰਦੀ ਪਰਿਵਾਰ ਵਲੋਂ ਚਾਹ-ਪਕੌੜਿਆਂ ਦੀ ਸੇਵਾ ਹੋਵੇਗੀ।
**ਪਹਿਲੀ ਜਨਵਰੀ 2013:** ਨਵੇਂ ਸਾਲ 'ਤੇ ਸਾਰਾ ਦਿਨ ਕੀਰਤਨ ਦਰਬਾਰ। ਲੰਗਰ ਵਿਚ ਸੇਵਾ ਕਰਨ ਵਾਲੇ ਸੇਵਾਦਾਰਾਂ ਵਲੋਂ ਗੁਰੂ ਕੇ ਲੰਗਰਾਂ ਦੀ ਸੇਵਾ। ਭਾਈ ਭੁਪਿੰਦਰ (ਬੌਬ) ਸਿੰਘ ਢਿੱਲੋਂ ਪਰਿਵਾਰ ਵਲੋਂ ਛੋਲੇ-ਭਟੂਰਿਆਂ ਦੇ ਲੰਗਰਾਂ ਦੀ ਸੇਵਾ।




**12 ਜਨਵਰੀ 2013:** ਸ਼ਾਮ ਨੂੰ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ, ਲੋਹੜੀ ਦਾ ਤਿਉਹਾਰ ਮਨਾਇਆ ਜਾਵੇਗਾ, ਗੁਰੂ ਸਾਹਿਬ ਦੀ ਦਾਤ ਬੱਚੇ-ਬੱਚੀਆਂ ਦੇ ਜਨਮ ਦੀ ਖੁਸ਼ੀ 'ਚ ਮੂੰਗਫਲੀ ਅਤੇ ਰਿਓੜੀਆਂ ਵੰਡੀਆਂ ਜਾਣਗੀਆਂ।
**13 ਜਨਵਰੀ 2013:** ਸੰਗਰਾਂਦ ਮਾਘ, ਚਾਲੀ ਮੁਕਤਿਆਂ ਦੇ ਸਬੰਧ 'ਚ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ, ਰਸ ਵਾਲੇ ਚੌਲਾਂ ਦਾ ਲੰਗਰ ਵਰਤੇਗਾ।
**10 ਤੋਂ 20 ਜਨਵਰੀ 2013:** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ 'ਚ 5 ਅਖੰਡ ਪਾਠ ਸਾਹਿਬ ਦੀ ਲੜੀ ਹੋਵੇਗੀ। 18 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਦਿਨ ਦੇ ਦਿਨ ਮਨਾਇਆ ਜਾਵੇਗਾ। 19 ਜਨਵਰੀ ਨੂੰ ਪ੍ਰਕਾਸ਼ ਦਿਹਾੜੇ ਸਬੰਧੀ ਸ਼ਾਮ ਨੂੰ ਵਿਸ਼ੇਸ਼ ਕੀਰਤਨ ਦਰਬਾਰ ਅਤੇ ਐਤਵਾਰ 20 ਜਨਵਰੀ ਨੂੰ ਵਿਸ਼ੇਸ਼ ਕੀਰਤਨ ਦਰਬਾਰ ਹੋਣਗੇ।
**26 ਜਨਵਰੀ 2013:** ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ।
**31 ਜਨਵਰੀ 2013:** ਸ੍ਰੀ ਗੁਰੂ ਹਰ ਰਾਇ ਜੀ ਦੇ ਪ੍ਰਕਾਸ਼ ਉਤਸਵ ਦਿਹਾੜੇ ਦੇ ਸਬੰਧ 'ਚ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ।

ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲਿਆਂ ਦਾ ਰਾਗੀ ਜਥਾ ਦਸੰਬਰ ਦਾ ਸਾਰਾ ਮਹੀਨਾ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਤਾਜਵਿੰਦਰ ਸਿੰਘ ਜੀ ਦਾ ਕੀਰਤਨੀ ਜਥਾ ਜਨਵਰੀ 18 ਤੋਂ 20 ਤੱਕ ਅਤੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਜੀ ਦਾ ਜਥਾ 28 ਜਨਵਰੀ ਤੋਂ 3 ਫਰਵਰੀ ਤੱਕ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਕਮਲਜੀਤ ਸਿੰਘ ਬਿਲਗੇ ਵਾਲਿਆਂ ਦਾ ਢਾਡੀ ਜਥਾ ਨਵੇਂ ਸਾਲ ਦੀ ਆਮਦ 'ਤੇ ਹਾਜ਼ਰੀਆਂ ਭਰੇਗਾ। ਇਸ ਤੋਂ ਇਲਾਵਾ ਕਥਾਵਾਚਕ ਭਾਈ ਦਵਿੰਦਰ ਸਿੰਘ, ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਦਾ ਕੀਰਤਨੀ ਜਥਾ, ਭਾਈ ਜਗਤਾਰ ਸਿੰਘ ਜੀ ਦਾ ਕੀਰਤਨੀ ਜਥਾ, ਭਾਈ ਜਤਿੰਦਰ ਸਿੰਘ ਜੀ ਦਾ ਕੀਰਤਨੀ ਜਥਾ, ਭਾਈ ਰਛਪਾਲ ਸਿੰਘ ਜੀ ਦਾ ਕੀਰਤਨੀ ਜਥਾ ਗੁਰੂ ਘਰ ਵਿਖੇ ਕੀਰਤਨ ਕਰਨਗੇ।

ਹਰ ਰੋਜ਼ ਦੇ ਪ੍ਰੋਗਰਾਮਾਂ ਦੀ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ www.thesikhgurdwarasj.org ਜਾਂ ਫੇਸ ਬੁੱਕ "San Jose gurdwara" ਉਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

**ਪਾਰਕਿੰਗ ਦਾ ਖਾਸ ਪ੍ਰਬੰਧ ਹੋਵੇਗਾ**

## ਸਾਧ ਸੰਗਤ ਦਾ ਧੰਨਵਾਦ ਅਤੇ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲ ਨਵੇਂ ਸਾਲ ਦੀ ਆਮਦ 'ਤੇ ਗੁਰੂ ਘਰ ਵਲੋਂ ਆਪ ਜੀ ਨੂੰ ਮਾਇਆ ਭੇਟਾ ਕਰਨ ਲਈ ਖਾਸ ਬੇਨਤੀ ਕੀਤੀ ਗਈ ਸੀ ਅਤੇ ਸਮੂਹ ਸਾਧ ਸੰਗਤ ਨੇ ਉਸ ਬੇਨਤੀ ਨੂੰ ਪ੍ਰਵਾਨ ਕੀਤਾ ਜਿਸ ਦਾ ਸਦਕਾ ਨਵੀਂ ਬਿਲਡਿੰਗ ਦੇ 3 ਲੱਖ ਡਾਲਰ ਤੋਂ ਵੱਧ ਦੇ ਖੜੇ ਬਿੱਲ ਹੁਣ ਸਿਰਫ 1 ਲੱਖ 20 ਹਜ਼ਾਰ ਡਾਲਰ ਹੀ ਰਹਿ ਗਏ ਹਨ। ਗੁਰੂ ਘਰ ਦੇ ਸੇਵਾਦਾਰਾਂ ਵਲੋਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ। ਆਓ, ਇੱਕ ਵਾਰ ਫੇਰ ਹੰਭਲਾ ਮਾਰੀਏ ਅਤੇ ਇਸ ਸਾਲ ਵੀ ਨਵੇਂ ਸਾਲ 'ਤੇ ਗੁਰੂ ਘਰ ਨੂੰ ਵੱਧ ਤੋਂ ਵੱਧ ਮਾਇਆ ਭੇਟਾ ਕਰੀਏ, ਖੜੇ ਬਿੱਲਾਂ ਦਾ ਭੁਗਤਾਨ ਕਰਕੇ ਨਵੇਂ ਸਾਲ ਦੀ ਸ਼ੁਰੂਆਤ ਕਰੀਏ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।
ਹੁਣ ਗੁਰੂ ਘਰ ਲਈ ਇੰਟਰਨੈਟ ਰਾਹੀਂ (www.thesikhgurdwarasj.org) ਅਤੇ ਗੁਰੂ ਘਰ ਵਿਖੇ ਕਰੈਡਿਟ ਕਾਰਡ ਨਾਲ ਵੀ ਮਾਇਆ ਭੇਟਾ ਕੀਤੀ ਜਾ ਸਕਦੀ ਹੈ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: thesikhgurdwarasj.org

# ਆਪਣੀ ਜ਼ਿੰਦਗੀ ਨੂੰ ਦਰਦਾਂ ਤੋਂ ਛੁਟਕਾਰਾ ਦਿਵਾਓ

Covered by Medi-Cal, MediCare & most PPO's!

ਕੀ ਨਿਊਰੋਪੈਥੀ, ਤਿੱਖੇ ਦਰਦ, ਸੁੰਨ ਹੋਣ, ਚੀਸਾਂ, ਸੁੱਜੇ ਹੋਏ ਅਤੇ ਬੇਰੰਗ ਹੋਏ ਪੈਰਾਂ ਜਾਂ ਉਭਰੀਆਂ ਨਸਾਂ ਨੇ ਤੁਹਾਡਾ ਜਿਊਣਾ ਦੁੱਭਰ ਕੀਤਾ ਹੋਇਆ ਹੈ?

## ਇਸ ਦਾ ਇਲਾਜ ਹੋ ਸਕਦਾ ਹੈ


*ਨਸਾਂ ਦੀ ਸੋਜਿਸ਼*


*ਸੋਜਿਸ਼*


*ਅਲਸਰ*

## ਸਾਡੇ ਇਲਾਜ ਰਾਹੀਂ ਤੁਹਾਨੂੰ ਫੌਰੀ ਰਾਹਤ ਮਿਲ ਸਕਦੀ ਹੈ

### ਸਿਰਫ ਸਾਡੀ ਗੱਲ 'ਤੇ ਬੇਸ਼ਕ ਯਕੀਨ ਨਾ ਕਰੋ, ਦੇਖੋ ਸਾਡੇ ਮਰੀਜ ਕੀ ਕਹਿੰਦੇ ਹਨ...



"ਮੈਨੂੰ ਇੰਨਾ ਦਰਦ ਹੁੰਦਾ ਸੀ ਕਿ ਤੁਰਨਾ-ਫਿਰਨਾ ਮੁਹਾਲ ਹੋਇਆ ਪਿਆ ਸੀ ਤੇ ਮੈਨੂੰ ਖੂੰਡੀ ਲੈ ਕੇ ਚੱਲਣਾ ਪੈਂਦਾ ਸੀ। ਪੈਰਾਂ 'ਚ ਦਰਦ ਹੁੰਦਾ ਸੀ ਤੇ ਚੋਖੀ ਸੋਜਿਸ਼ ਵੀ ਸੀ। ਮੈਨੂੰ ਜਾਪਣ ਲੱਗਿਆ ਸੀ, ਜਿਵੇਂ ਹੁਣ ਤਾਂ ਇਸੇ ਦਰਦ ਨਾਲ ਹੀ ਜਿਊਣਾ ਪਵੇਗਾ। ਮੈਂ ਸਲਾਹ ਮਸ਼ਵਰੇ ਲਈ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਗਈ ਅਤੇ ਇਕੋ ਵਾਰੀ ਦੇ ਇਲਾਜ ਨਾਲ ਮੇਰੀ ਤਕਲੀਫ 70% ਘਟ ਗਈ। ਮੈਨੂੰ ਹੁਣ ਖੂੰਡੀ ਦੀ ਹੁਣ ਕੋਈ ਲੋੜ ਨਹੀਂ। ਪੈਸੇਫਿਕ ਕੋਸਟ ਮੈਡੀਕਲ ਸਟਾਫ ਅਤੇ ਕਮਾਲ ਦੇ ਡਾਕਟਰ ਦਾ ਲੱਖ ਲੱਖ ਸ਼ੁਕਰਾਨਾ। ਜਿਸ ਕਿਸੇ ਨੂੰ ਵੀ ਪੈਰਾਂ ਤੇ ਲੱਤਾਂ ਦੀ ਦਰਦ ਹੈ, ਮੈਂ ਤਾਂ ਕਹਾਂਗੀ ਉਹ ਇਸ ਕਲੀਨਿਕ ਜ਼ਰੂਰ ਜਾਵੇ।" *-ਐਲੀਸੀਆ ਐਸ, ਉਮਰ 72 ਸਾਲ*



"ਪਿਛਲੇ ਕਈ ਚਿਰ ਤੋਂ ਮੇਰੀਆਂ ਲੱਤਾਂ ਵਿਚ ਦਰਦ ਸੀ ਅਤੇ ਖੂਨ ਦਾ ਦੌਰਾ ਬਹੁਤ ਘੱਟ ਸੀ। ਮੈਂ ਕੁਝ ਕਦਮ ਹੀ ਚੱਲ ਫਿਰ ਸਕਦਾ ਤੇ ਫਿਰ ਦਰਦ ਮੈਨੂੰ ਬਹਿਣ ਲਈ ਮਜਬੂਰ ਕਰ ਦਿੰਦੀ। ਫਿਰ ਮੈਨੂੰ ਪਤਾ ਲੱਗਾ ਕਿ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਵਾਲੇ ਇਕ ਨਵੇਂ ਤਰੀਕੇ ਨਾਲ ਇਲਾਜ ਕਰਦੇ ਹਨ ਅਤੇ ਮੈਂ ਸੋਚਿਆ ਕਿ ਚਲੋ ਅਜ਼ਮਾ ਕੇ ਤਾਂ ਦੇਖੋ। ਇਹ ਇਲਾਜ ਕਰਵਾਉਣ ਪਿਛੋਂ ਮੇਰੀ ਹਾਲਤ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਹੈ। ਮੈਂ ਹੁਣ ਕਿੰਨੀ ਕਿੰਨੀ ਦੂਰ ਤੱਕ ਚਲ ਫਿਰ ਸਕਦਾ ਹਾਂ ਤੇ ਦਰਦ ਵੀ ਨਹੀਂ ਹੁੰਦੀ। ਪੈਸੇਫਿਕ ਕੋਸਟ ਮੈਡੀਕਲ ਸੈਂਟਰ ਦੇ ਡਾਕਟਰਾਂ ਦਾ ਬਹੁਤ ਬਹੁਤ ਸ਼ੁਕਰੀਆ।" *-ਜੇ ਕਾਰਵੈਲ, ਉਮਰ 94 ਸਾਲ*

**ਜਲਦੀ ਕਰੋ!** ਸਭ ਤੋਂ ਪਹਿਲਾਂ ਫੋਨ ਕਰਨ ਵਾਲੇ ਪਹਿਲੇ 50 ਮਰੀਜਾਂ ਨੂੰ ਮੁਆਇਨਾ ਕਰਵਾਉਣ 'ਤੇ ਕੰਪਰੈਸ਼ਨ ਸਟਾਕਿੰਗਜ਼ (ਵਿਸ਼ੇਸ਼ ਕਿਸਮ ਦੀਆਂ ਜੁਰਾਬਾਂ) ਮੁਫਤ ਦਿੱਤੀਆਂ ਜਾਣਗੀਆਂ ਜਿਨ੍ਹਾਂ ਦੀ ਕੀਮਤ 70 ਡਾਲਰ ਹੈ।

**ਮੁਫਤ ਮੁਆਇਨਾ**

ਸਾਡਾ ਇਹ ਇਲਾਜ ਮੈਡੀਕੈਲ, ਮੈਡੀਕੇਅਰ ਅਤੇ ਬਹੁਤੀਆਂ ਪੀ ਪੀ ਓ ਕਵਰ ਕਰਦੀਆਂ ਹਨ

PACIFIC COAST MEDICAL CENTER INC.

ਤੁਹਾਡੀ ਸਹੂਲਤ ਲਈ ਸਟਾਕਟਨ ਅਤੇ ਸੈਕਰਾਮੈਂਟੋ ਵਿਚ ਦੋ ਲੋਕੇਸ਼ਨਾਂ
ਇਹ ਜਾਨਣ ਲਈ ਅੱਜ ਹੀ ਸਾਨੂੰ ਕਾਲ ਕਰੋ ਕਿ ਅਸੀਂ ਕਿਵੇਂ ਤੁਹਾਨੂੰ ਦਰਦਾਂ ਤੋਂ ਛੁਟਕਾਰਾ ਦਿਵਾ ਸਕਦੇ ਹਾਂ

**1-855-944-PAIN (7246)**

---

# Pacific Coast Law Firm P.C.

***A Professional Corporation***

2351 W. March Lane, Ste A, Stockton, CA 95207
704 I Street, Ste B, Modesto, CA 95253

**(209) 475-6001**

### DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)

* Child Custody/Visitation
* Child Support
* Spousal Support/Alimony
* Property Division
* Restraining Orders
* Guardianships

### IMMIGRATION LAW (ਇਮੀਗਰੇਸ਼ਨ ਲਾਅ)

* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

### BANKRUPTCY (ਬੈਂਕਰਪਸੀ)

* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

### WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)

· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

### TAX LAW (ਟੈਕਸ ਲਾਅ)

* Offers In Compromise * Payment Plans

### SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)

* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*



# ਬੇਹਯਾਈ...

# ਪੰਜਾਬ ਦੇ ਅਕਾਲੀ ਤੇ ਕਾਂਗਰਸੀ ਆਗੂ ਗਾਲਾਂ 'ਤੇ ਉਤਰੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਮਰਿਆਦਾ ਦੀਆਂ ਧੱਜੀਆਂ ਉਡਦੀਆਂ ਡਿਜ਼ੀਟਲ ਮੀਡੀਆ ਰਾਹੀਂ ਦੁਨੀਆਂ ਭਰ ਵਿਚ ਵੇਖੀਆਂ ਗਈਆਂ ਜਿਸ ਨਾਲ ਹਰ ਪੰਜਾਬੀ ਨੇ ਨਮੋਸ਼ੀ ਮਹਿਸੂਸ ਕੀਤੀ। ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਬਾਰੇ ਵਿਧਾਨ ਸਭਾ ਵਿਚ ਗਰਮਾ ਗਰਮਾ ਬਹਿਸ ਦੌਰਾਨ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਇਕ-ਦੂਜੇ ਨੂੰ ਗਾਲ੍ਹਾਂ ਕੱਢਣ 'ਤੇ ਉਤਰ ਆਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦੌਰਾਨ ਉੱਠ ਕੇ ਕੁਝ ਬੋਲਣ ਦੀ ਕੋਸ਼ਿਸ਼ ਕੀਤੀ ਪਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਬਿਠਾ ਦਿੱਤਾ ਤੇ ਉਹ ਕੁਝ ਨਾ ਕਹਿ ਸਕੇ। ਫਿਰ ਸਾਰਾ ਸਮਾਂ ਬਜ਼ੁਰਗ ਸਿਆਸਤਦਾਨ ਅਤੇ ਫਖਰ-ਏ-ਕੌਮ ਦੀ ਕਲਗੀ ਸਜਾਈ ਬੈਠੇ ਪ੍ਰਕਾਸ਼ ਸਿੰਘ ਬਾਦਲ ਚੁੱਪਚਾਪ ਬੈਠੇ ਰਹੇ ਅਤੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਵੀ ਇਕਪਾਸੜ ਕਾਰਵਾਈ ਕਰਦੇ ਹੋਏ ਕਾਂਗਰਸੀ ਮੈਂਬਰ ਰਾਣਾ ਗੁਰਜੀਤ ਸਿੰਘ ਨੂੰ ਅਸੱਭਿਅਕ ਭਾਸ਼ਾ ਦੀ ਵਰਤੋਂ ਕਰ ਕੇ ਸਦਨ ਦੀ ਮਰਿਆਦਾ ਭੰਗ ਕਰਨ ਦੇ ਦੋਸ਼ ਤਹਿਤ ਇਜਲਾਸ ਵਿਚੋਂ ਮੁਅੱਤਲ ਕਰ ਦਿੱਤਾ। ਉਧਰ, ਕਾਂਗਰਸੀ ਮੈਂਬਰਾਂ ਨੇ ਵੀ ਸਦਨ ਦੇ ਵਿਚਕਾਰ ਆ ਕੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਅੰਮ੍ਰਿਤਸਰ ਵਿਚ ਥਾਣੇਦਾਰ ਦੇ ਹੱਤਿਆ ਕਾਂਡ ਵਿਚ ਉਨ੍ਹਾਂ ਦੀ ਭੂਮਿਕਾ ਹੋਣ ਦੇ ਦੋਸ਼ ਲਾਏ ਤੇ ਉਨ੍ਹਾਂ ਦੀ ਬਰਖ਼ਾਸਤਗੀ ਮੰਗੀ।

ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਦਨ ਵਿਚ ਹੋਈਆਂ ਘਟਨਾਵਾਂ ਤੋਂ ਬਾਅਦ ਖੁੱਲ੍ਹ ਕੇ ਸ. ਮਜੀਠੀਆ ਦੀ ਹਮਾਇਤ ਕੀਤੀ। ਸਦਨ ਵਿਚ ਹਾਕਮ ਤੇ ਵਿਰੋਧੀ ਧਿਰ ਦੇ ਮੈਂਬਰਾਂ ਦਰਮਿਆਨ ਤਲਖ਼ੀ ਵਾਲਾ ਮਾਹੌਲ ਉਸ ਵੇਲੇ ਬਣਿਆ ਜਦੋਂ ਕਾਂਗਰਸ ਦੇ ਵਿਧਾਇਕ ਲਾਲ ਸਿੰਘ ਨੇ ਸ. ਮਜੀਠੀਆ 'ਤੇ ਅਪਰਾਧੀਆਂ ਦੀ ਸਰਪ੍ਰਸਤੀ ਦੇ ਦੋਸ਼ ਲਾਉਂਦਿਆਂ ਸਾਰੇ ਕਾਂਗਰਸੀ ਮੈਂਬਰਾਂ ਸਮੇਤ ਸਪੀਕਰ ਦੇ ਆਸਣ ਸਾਹਮਣੇ ਆ ਕੇ ਸਰਕਾਰ ਅਤੇ ਮਜੀਠੀਆ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਹੀ ਮਾਲ ਮੰਤਰੀ ਮਜੀਠੀਆ ਨੇ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਬਹਿਸ ਜਾਰੀ ਰੱਖਦਿਆਂ ਕਾਂਗਰਸੀ ਵਿਧਾਇਕਾਂ 'ਤੇ ਅਪਰਾਧੀਆਂ ਦਾ ਸਾਥ ਦੇਣ ਦੇ ਜਵਾਬੀ ਦੋਸ਼ ਲਾਏ। ਉਨ੍ਹਾਂ ਨੇ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ, ਬਲਬੀਰ ਸਿੰਘ ਸਿੱਧੂ, ਗੁਰਕੀਰਤ ਸਿੰਘ ਕੋਟਲੀ ਅਤੇ ਓਮ ਪ੍ਰਕਾਸ਼ ਸੋਨੀ 'ਤੇ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ। ਰਾਣਾ ਗੁਰਜੀਤ ਸਿੰਘ ਉਤੇ ਨਾਮਧਾਰੀ ਸੁਖਦੇਵ ਸਿੰਘ ਨਾਲ ਸਬੰਧਾਂ ਦੇ ਦੋਸ਼ ਲਾਉਂਦਿਆਂ ਮਜੀਠੀਆ ਨੇ ਕਿਹਾ ਕਿ ਨਾਮਧਾਰੀ ਦੇ ਲਾਇਸੈਂਸ ਦੀ ਸਿਫਾਰਸ਼ ਰਾਣਾ ਗੁਰਜੀਤ ਨੇ ਕੀਤੀ ਸੀ। ਮਜੀਠੀਆ ਨੇ ਪੌਂਟੀ ਚੱਢਾ ਕਤਲ ਕਾਂਡ ਵਿਚ ਵੀ ਰਾਣਾ ਦੀ ਸ਼ਮੂਲੀਅਤ ਦੇ ਦੋਸ਼ ਮੜ੍ਹ ਦਿੱਤੇ। ਇਸ ਮੌਕੇ ਰਾਣਾ ਗੁਰਜੀਤ ਸਿੰਘ ਵੱਲੋਂ ਵਿਰੋਧ ਕਰਨ 'ਤੇ ਮਜੀਠੀਆ ਨੇ ਉਨ੍ਹਾਂ ਪ੍ਰਤੀ ਖੁੱਲ੍ਹ ਕੇ ਅਪਸ਼ਬਦਾਂ ਦੀ ਵਰਤੋਂ ਕੀਤੀ ਅਤੇ ਗਾਲ੍ਹਾਂ 'ਤੇ ਉੱਤਰ ਆਏ। ਇਸ ਮੌਕੇ ਅਕਾਲੀ ਦਲ ਦੀਆਂ ਮਹਿਲਾ ਵਿਧਾਇਕ ਵੀ ਸ. ਮਜੀਠੀਆ ਦੇ ਨਾਲ ਹੀ ਬੈਠੀਆਂ ਸਨ ਪਰ ਉਨ੍ਹਾਂ ਨੇ ਭੋਰਾ ਪਰਵਾਹ ਨਾ ਕੀਤੀ। ਦੋਵਾਂ ਵਿਚਾਲੇ ਹੋਏ ਤਕਰਾਰ ਤੋਂ ਬਾਅਦ ਵਿਧਾਨ ਸਭਾ ਦਾ ਮਾਹੌਲ ਬੇਹੱਦ ਅਸ਼ਾਂਤ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਬਹੁ ਗਿਣਤੀ ਵਿਧਾਇਕ ਸ. ਮਜੀਠੀਆ ਦੀ ਹਮਾਇਤ ਲਈ ਅੱਗੇ ਆ ਗਏ। ਹੱਥੋਪਾਈ ਤੱਕ ਦੀ ਨੌਬਤ ਆ ਗਈ ਪਰ ਹੋਰਾਂ ਮੈਂਬਰਾਂ ਨੇ ਵਿਚ ਪੈ ਕੇ ਹਾਲਤ ਨੂੰ ਸੰਭਾਲ ਲਿਆ। ਦੂਜੇ ਪਾਸੇ ਸਪੀਕਰ ਨੇ ਵਿਰੋਧੀ ਧਿਰ ਨੂੰ ਸਦਨ ਵਿਚ ਹੋਈਆਂ ਅਣਸੁਖਾਵੀਆਂ ਘਟਨਾਵਾਂ 'ਤੇ ਮੁਆਫ਼ੀ ਮੰਗਣ ਲਈ ਕਿਹਾ ਤਾਂ ਕਾਂਗਰਸੀ ਹੋਰ ਭੜਕ ਗਏ। ਉਨ੍ਹਾਂ ਦਾ ਕਹਿਣਾ ਸੀ ਕਿ ਗਾਲ੍ਹਾਂ ਤਾਂ ਮਜੀਠੀਆ ਨੇ ਕੱਢੀਆਂ ਹਨ ਤੇ ਫਿਰ ਵਿਰੋਧੀ ਧਿਰ ਦੇ ਮੈਂਬਰ ਵੱਲੋਂ ਮੁਆਫ਼ੀ ਮੰਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਣਾ ਗੁਰਜੀਤ ਸਿੰਘ ਜਾਂ ਤਾਂ ਮੁਆਫ਼ੀ ਮੰਗਣ ਤੇ ਜਾਂ ਫਿਰ ਉਨ੍ਹਾਂ ਨੂੰ ਸਦਨ ਵਿਚੋਂ ਕੱਢਿਆ ਜਾਵੇ। ਇਸ 'ਤੇ ਸਪੀਕਰ ਨੇ ਰਾਣਾ ਗੁਰਜੀਤ ਸਿੰਘ ਨੂੰ ਸਦਨ ਦੇ ਰਹਿੰਦੇ ਦਿਨਾਂ ਲਈ ਮੁਅੱਤਲ ਕਰ ਦਿੱਤਾ।



ਵਿਧਾਨ ਸਭਾ ਵਿਚ ਗਾਲਾਂ ਕੱਢ ਰਹੇ ਬਿਕਰਮ ਸਿੰਘ ਮਜੀਠੀਆ

**ਫਖਰ-ਏ-ਕੌਮ ਬਾਦਲ ਖਾਮੋਸ਼**

## ਮਜੀਠੀਏ ਨੇ ਪੰਜਾਬੀਅਤ ਦਾ ਸਿਰ ਨੀਵਾਂ ਕੀਤਾ: ਮਨਪ੍ਰੀਤ ਬਾਦਲ



**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਮਜੀਠੀਆ ਨੇ ਵਿਧਾਨ ਸਭਾ ਵਿਚ ਗਾਲੀ ਗਲੋਚ ਕਰਕੇ ਪੂਰੀ ਪੰਜਾਬੀਅਤ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਜਦੋਂਕਿ 1934 ਵਿਚ ਲਾਹੌਰ ਵਿਖੇ ਵਿਧਾਨ ਸਭਾ ਦਾ ਉਦਘਾਟਨ ਉਸ ਦੇ ਪੜਦਾਦਾ ਸੁੰਦਰ ਸਿੰਘ ਮਜੀਠੀਆ (ਖੇਤੀਬਾੜੀ ਮੰਤਰੀ) ਨੇ ਕੀਤਾ ਸੀ ਤੇ ਅੱਜ ਉਨ੍ਹਾਂ ਦੇ ਪੜਪੋਤੇ ਬਿਕਰਮ ਸਿੰਘ ਮਜੀਠੀਆ ਨੇ ਵਿਧਾਨ ਸਭਾ ਦੀ ਮਰਿਆਦਾ ਨੂੰ ਲੀਰੋ-ਲੀਰ ਕਰਕੇ ਰੱਖ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅੱਜ ਅਕਾਲੀ ਭਾਜਪਾ ਸਰਕਾਰ ਸੱਚ ਸੁਣਨ ਨੂੰ ਤਿਆਰ ਨਹੀਂ ਜਦੋਂਕਿ ਸੂਬੇ ਵਿਚ ਹਰ ਪਾਸੇ ਕਤਲੋਗਾਰਤ ਤੇ ਲੁੱਟ ਖੋਹ ਹੋ ਰਹੀ ਹੈ। ਦਿਨ ਦਿਹਾੜੇ ਧੀਆਂ ਭੈਣਾਂ ਨੂੰ ਅਗਵਾ ਕੀਤਾ ਜਾ ਰਿਹਾ ਹੈ।

## ਸਪੀਕਰ ਅਟਵਾਲ ਨੇ ਧਰਮ ਨਹੀਂ, ਧੜਾ ਨਿਭਾਇਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਪੱਤਰਕਾਰਾਂ ਦੇ ਸਵਾਲਾਂ ਵਿਚ ਅਜਿਹੇ ਘਿਰੇ ਕਿ ਉਨ੍ਹਾਂ ਨੂੰ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਸਦਨ ਵਿਚ ਵਰਤੇ ਅਪਸ਼ਬਦਾਂ ਦੀ ਨਿੰਦਾ ਕਰਨੀ ਪਈ। ਸ. ਅਟਵਾਲ ਨੇ ਵਿਰੋਧੀ ਧਿਰ ਵੱਲੋਂ ਕੀਤੀ ਜਾ ਰਹੀ ਨਾਅਰੇਬਾਜ਼ੀ ਬਾਰੇ ਆਪਣਾ ਪੱਖ ਸਪੱਸ਼ਟ ਕਰਨ ਲਈ ਆਪਣੇ ਚੈਂਬਰ ਵਿਚ ਪ੍ਰੈਸ ਕਾਨਫਰੰਸ ਬੁਲਾਈ ਸੀ। ਪੱਤਰਕਾਰਾਂ ਨੇ ਸਪੀਕਰ ਨੂੰ ਪੁੱਛਿਆ ਕਿ ਸਦਨ ਵਿਚ ਮਜੀਠੀਆ ਵੱਲੋਂ ਵੀ ਗਾਲ੍ਹਾਂ ਕੱਢੀਆਂ ਗਈਆਂ; ਉਨ੍ਹਾਂ ਸਿਰਫ਼ ਵਿਰੋਧੀ ਧਿਰ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਵਿਰੁੱਧ ਹੀ ਮੁਅੱਤਲੀ ਵਰਗੀ ਕਾਰਵਾਈ ਕਿਉਂ ਕੀਤੀ ਗਈ। ਸ. ਅਟਵਾਲ ਨੇ ਕਿਹਾ ਕਿ ਸਪੀਕਰ ਨੇ ਤਾਂ ਪੇਸ਼ ਮਤੇ 'ਤੇ ਹੀ ਕਾਰਵਾਈ ਕਰਨੀ ਹੁੰਦੀ ਹੈ। ਵਿਰੋਧੀ ਧਿਰ ਨੂੰ ਆਪਣਾ ਪੱਖ ਰੱਖਣ ਲਈ ਕਿਹਾ ਗਿਆ ਸੀ ਪਰ ਉਨ੍ਹਾਂ ਨਹੀਂ ਰੱਖਿਆ। ਸਪੀਕਰ ਨੇ ਇਹ ਗੱਲ ਸਪੱਸ਼ਟ ਕੀਤੀ ਕਿ ਮਜੀਠੀਆ ਨੇ ਸਦਨ ਵਿਚ ਜੋ ਕਿ ਵੀ ਸ਼ਬਦ ਬੋਲੇ ਹਨ, ਉਸ ਦੀ ਨਿੰਦਾ ਕਰਨੀ ਬਣਦੀ ਹੈ। ਇਸੇ ਦੌਰਾਨ ਸਪੀਕਰ ਨੂੰ ਪੁੱਛਿਆ ਗਿਆ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮਹਿਲਾ ਪੱਤਰਕਾਰ ਨੂੰ ਗਾਲ੍ਹ ਦੀ ਭਾਸ਼ਾ ਦੱਸਣ ਲਈ ਕਿਹਾ ਸੀ ਜੋ ਇਕ ਮਹਿਲਾ ਦਾ ਅਪਮਾਨ ਕਰਨ ਦੇ ਤੁਲ ਹੈ ਤਾਂ ਸ. ਅਟਵਾਲ ਨੇ ਕਿਹਾ ਕਿ ਜੇ ਉਪ ਮੁੱਖ ਮੰਤਰੀ ਨੇ ਅਜਿਹਾ ਕੀਤਾ ਤਾਂ ਉਹ ਇਸ ਦੀ ਵੀ ਨਿੰਦਾ ਕਰਦੇ ਹਨ।



ਇਹ ਪੁੱਛਣ 'ਤੇ ਕਿ ਹੁਣ ਤਾਂ 'ਯੂਟਿਊਬ' ਉਤੇ ਨਸ਼ਰ ਵੀਡੀਓ ਵਿਚ ਜ਼ਾਹਿਰ ਹੋ ਗਿਆ ਹੈ ਕਿ ਮਜੀਠੀਆ ਨੇ ਗਾਲ੍ਹਾਂ ਕੱਢੀਆਂ ਹਨ, ਹੁਣ ਉਨ੍ਹਾਂ ਨੂੰ ਮਜੀਠੀਆ ਖਿਲਾਫ ਕਾਰਵਾਈ ਲਈ ਕਿਸ ਤਰ੍ਹਾਂ ਦੇ ਸਬੂਤਾਂ ਦੀ ਲੋੜ ਹੈ ਤਾਂ ਉਹ ਕੁਝ ਨਾ ਬੋਲ ਸਕੇ ਅਤੇ ਉਨ੍ਹਾਂ ਸਿਰ ਨੀਵਾਂ ਕਰ ਲਿਆ। ਲੱਗ ਰਿਹਾ ਸੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਪ੍ਰਧਾਨ ਸੁਖਬੀਰ ਬਾਦਲ ਦੇ 'ਸਾਲਾ ਸਾਹਿਬ' ਖਿਲਾਫ ਬੋਲਣ ਤੋਂ ਡਰ ਰਹੇ ਸਨ।

## ਜੀਜੇ ਸਾਲੇ ਦੀ ਬੁਰਛਾਗਰਦੀ; 'ਨੰਨੀ ਛਾਂ' ਕੁਝ ਵੀ ਨਾ ਬੋਲੀ

**'ਸਾਲਾ ਸਾਹਿਬ' ਦਾ ਦੇਖੋ ਹੌਸਲਾ — ਸੁਖਬੀਰ ਨੇ ਵੀ ਸ਼ਰਮ ਨਾ ਕੀਤੀ**

**ਚੰਡੀਗੜ੍ਹ:** ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਵਿਧਾਨ ਸਭਾ ਗਾਲ੍ਹਾਂ ਕੱਢ ਕੇ ਸਮੁੱਚੀ ਔਰਤ ਜਾਤ ਦੀ ਬੇਇਜ਼ਤੀ ਕੀਤੀ ਗਈ। ਉਸ ਦੇ ਜੀਜੇ ਉਪ ਮੁੱਖ ਮੰਤਰੀ ਸੁਖਬਰਿ ਸਿੰਘ ਬਾਦਲ ਨੇ ਵੀ ਉਸ ਦਾ ਪੱਖ ਪੂਰਿਆ। ਮਜੀਠਆ ਦੀ ਭੈਣ ਅਤੇ ਕੁੜੀਆਂ ਲਈ ਰੱਖਿਆ ਤੇ ਸੁਰੱਖਿਆ ਲਈ 'ਨੰਨ੍ਹੀ ਛਾਂ' ਚਲਾਉਣ ਵਾਲੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਇਸ ਮਾਮਲੇ ਵਿਚ ਉਕਾ ਹੀ ਨਹੀਂ ਬੋਲੇ। ਇਸ ਤੋਂ ਪਹਿਲਾਂ ਫਰੀਦਕੋਟ ਵਿਚ ਸ਼ਰੁਤੀ ਮਾਮਲੇ ਅਤੇ ਛੇਹਰਟਾ ਵਿਚ ਥਾਣੇਦਾਰ ਦੇ ਕਤਲ ਦੇ ਮਾਮਲੇ ਵੀ ਉਨ੍ਹਾਂ ਆਪਣੀ ਜ਼ੁਬਾਨ ਨੂੰ ਤਾਲਾ ਜੜੀ ਰੱਖਿਆ ਸੀ। ਯਾਦ ਰਹੇ ਕਿ ਛੇਹਰਟਾ ਵਿਚ ਆਪਣੀ ਧੀ ਦੀ ਇਜ਼ਤ ਬਚਾਉਣ ਆਏ ਥਾਣੇਦਾਰ ਨੂੰ ਹਰਸਿਮਰਤ ਦੀ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਅਤੇ ਫਰੀਦਕੋਟ ਵਿਚ ਅਕਾਲੀ ਦਲ ਦਾ ਖਾਸਮ-ਖਾਸ ਨਿਸ਼ਾਨ ਸਿੰਘ, ਸ਼ਰੂਤੀ ਨੂੰ ਘਰੋਂ ਚੁੱਕ ਕੇ ਲੈ ਗਿਆ ਸੀ।







**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਗ਼ੈਰ ਜ਼ਿੰਮੇਵਾਰੀ ਵਾਲਾ ਰਵੱਈਆ ਉਸ ਵੇਲੇ ਸਾਹਮਣੇ ਆਇਆ ਜਦੋਂ ਉਨ੍ਹਾਂ ਨੇ ਪ੍ਰੈਸ ਕਾਨਫਰੰਸ ਦੌਰਾਨ ਮਹਿਲਾ ਪੱਤਰਕਾਰ ਨੂੰ ਪੁੱਛਿਆ ਕਿ ਦੱਸੋ, ਮਜੀਠੀਆ ਨੇ ਵਿਧਾਨ ਸਭਾ ਵਿਚ ਕਿਹੜੀ ਗਾਲ੍ਹ ਕੱਢੀ ਹੈ? ਜੇ ਦੱਸਦਿਆਂ ਸ਼ਰਮ ਆਉਂਦੀ ਹੈ ਤਾਂ ਲਿਖ ਕੇ ਦੱਸ ਦਿਓ! ਅਸਲ ਵਿਚ ਸੁਖਬੀਰ ਬਾਦਲ ਨੇ ਆਪਣੇ ਸਾਲੇ ਮਜੀਠੀਆ ਦਾ ਪੱਖ ਪੂਰਨ ਲਈ ਵਿਧਾਨ ਸਭਾ ਵਿਚ ਵਾਪਰੀ ਘਟਨਾ 'ਤੇ ਪੋਚਾ ਫੇਰਨ ਲਈ ਪ੍ਰੈਸ ਕਾਨਫਰੰਸ ਬੁਲਾਈ ਸੀ ਜਿਸ ਦੌਰਾਨ ਮਹਿਲਾ ਪੱਤਰਕਾਰ ਨੇ ਕਿਹਾ ਕਿ ਉਨ੍ਹਾਂ ਨੇ ਖ਼ੁਦ ਮਜੀਠੀਆ ਨੂੰ ਗੰਦੀ ਗਾਲ੍ਹ ਕੱਢਦੇ ਸੁਣਿਆ ਸੀ। ਇਸ 'ਤੇ ਸੁਖਬੀਰ ਨੇ ਪੱਤਰਕਾਰ ਨੂੰ ਉਲਟਾ ਸਵਾਲ ਕਰ ਦਿੱਤਾ ਕਿ ਦੱਸੋ ਭਲਾ ਮਜੀਠੀਆ ਨੇ ਕਿਹੜੀ ਗਾਲ੍ਹ ਕੱਢੀ ਸੀ। ਪੱਤਰਕਾਰਾਂ ਨੇ ਸੁਖਬੀਰ ਦੀ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਅਤੇ ਅਗਲੇ ਦਿਨ ਇਹ ਗੱਲ ਮੁਖ ਮੰਤਰੀ ਨੂੰ ਦੱਸੀ, ਪਰ ਉਹ ਬੇਵੱਸ ਹੋਏ ਇਸ ਬਾਰੇ ਕੁਝ ਵੀ ਨਾ ਬੋਲ ਸਕੇ।

## ਪੰਜਾਬੀਆਂ ਦੀ ਪਛਾਣ ਕਿ ਧੀਆਂ ਭੈਣਾਂ ਦਾ ਅਪਮਾਨ!

ਗਾਲ੍ਹਾਂ ਆਮ ਕਰ ਕੇ ਔਰਤ ਜਾਤ ਨਾਲ ਜੁੜੀਆਂ ਹੋਈਆਂ ਹਨ। ਸਾਹਿਤ ਅਤੇ ਸ਼ਬਦਾਂ ਦੇ ਖੋਜੀਆਂ ਮੁਤਾਬਕ ਇਹ ਜਗੀਰੂ ਅਤੇ ਮੱਧਯੁਗੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਸੰਜੀਦਾ ਅਤੇ ਸੰਵੇਦਨਸ਼ੀਲ ਲੋਕ ਗਾਲ੍ਹਾਂ ਨਾ ਕੱਢਣ ਦਾ ਹੋਕਾ ਸਦਾ ਹੀ ਦਿੰਦੇ ਰਹੇ ਹਨ। ਰੰਗਕਰਮੀ ਗੁਰਸ਼ਰਨ ਸਿੰਘ ਜੋ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਸਨ, ਨੇ ਪੰਜਾਬੀਆਂ ਨੂੰ ਗਾਲ੍ਹਾਂ ਤੋਂ ਤੋਬਾ ਕਰਨ ਲਈ ਪ੍ਰੇਰਿਆ ਸੀ। ਆਪਣੇ ਨਾਟਕਾਂ ਅਤੇ ਸਮਾਗਮਾਂ ਵਿਚ ਉਹ ਔਰਤ ਨੂੰ ਆਦਰ ਦੇਣ ਦੀ ਪੈਰਵੀ ਕਰਦਿਆਂ ਗਾਲ੍ਹਾਂ ਕੱਢਣ ਵਾਲਿਆਂ ਦਾ ਖ਼ੂਬ ਮੱਕੂ ਠੱਪਦੇ ਸਨ। ਦੂਜੇ ਬੰਨ੍ਹੇ, ਕੁਝ ਲੋਕ ਗਾਲ੍ਹਾਂ ਨੂੰ ਪੰਜਾਬੀਆਂ ਦੀ ਪਛਾਣ ਦੱਸ ਕੇ ਹੁੱਬਦੇ ਵੀ ਰਹੇ ਹਨ। ਇਹ ਉਹ ਲੋਕ ਹਨ ਜਿਹੜੇ ਬਿਮਾਰ ਮਾਨਸਿਕਤਾ ਵਾਲੇ ਹਨ ਅਤੇ ਔਰਤ ਨੂੰ ਅਜੇ ਵੀ ਪੈਰ ਦੀ ਜੁੱਤੀ ਸਮਝਦੇ ਹਨ।

# ਪੰਜਾਬ ਵਿਧਾਨ ਸਭਾ ਦੀ ਕਾਰਗੁਜ਼ਾਰੀ 'ਤੇ ਵੱਡਾ ਸਵਾਲ

**ਚੰਡੀਗੜ੍ਹ:** ਸਤੰਬਰ 2010 ਵਿਚ ਜਦੋਂ ਪੰਜਾਬ ਵਿਧਾਨ ਸਭਾ ਨੇ ਪੰਜਾਬ ਰਾਜ ਵਿਧਾਨਕ ਮੈਂਬਰ (ਪੈਨਸ਼ਨ ਤੇ ਮੈਡੀਕਲ ਸੁਵਿਧਾਵਾਂ ਰੈਗੂਲੇਸ਼ਨ) ਸੋਧ ਬਿੱਲ ਪਾਸ ਕੀਤਾ ਸੀ ਤਾਂ ਇਸ ਨੇ ਸਾਲ ਵਿਚ ਹੋਣ ਵਾਲੀਆਂ ਮੀਟਿੰਗਾਂ ਦੀ ਘੱਟੋ-ਘੱਟ ਗਿਣਤੀ ਤੈਅ ਕੀਤੀ ਸੀ। ਇਸ ਸਾਲ ਵਿਧਾਨ ਸਭਾ ਦੀਆਂ ਸਿਰਫ 14 ਬੈਠਕਾਂ ਹੋਈਆਂ ਹਨ। ਇਸ ਕੈਲੰਡਰ ਵਰ੍ਹੇ ਦਾ ਆਖਰੀ ਸੈਸ਼ਨ ਵੀ ਰੌਲੇ-ਰੱਪੇ ਦੀ ਭੇਟ ਚੜ੍ਹ ਗਿਆ।

ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿਚ ਸਾਲ ਵਿਚ ਔਸਤਨ 72 ਦਿਨ ਕੰਮ-ਕਾਰ ਹੁੰਦਾ ਹੈ ਜਦਕਿ ਪੰਜਾਬ ਸਮੇਤ ਕਈ ਵਿਧਾਨ ਸਭਾਵਾਂ ਦੀਆਂ ਬੈਠਕਾਂ ਦੀ ਗਿਣਤੀ ਕਦੇ ਹੀ 25 ਦਾ ਅੰਕੜਾ ਪਾਰ ਕਰਦੀ ਹੈ। ਪਿਛਲੀ ਵਾਰ 1997 ਵਿਚ ਪੰਜਾਬ ਵਿਧਾਨ ਸਭਾ ਦੀਆਂ 25 ਬੈਠਕਾਂ ਹੋਈਆਂ ਸਨ ਜਦਕਿ 2003 ਵਿਚ ਸਿਰਫ 14 ਮੀਟਿੰਗਾਂ ਹੋ ਸਕੀਆਂ ਸਨ। ਦੋ ਸੈਸ਼ਨਾਂ ਦਰਮਿਆਨ ਵਿਛੜੇ ਆਗੂਆਂ ਤੇ ਹਸਤੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਘੱਟੋ-ਘੱਟ ਦੋ ਦਿਨ ਸਮਰਪਿਤ ਕੀਤੇ ਜਾਂਦੇ ਹਨ ਜਦਕਿ ਹਰ ਸਾਲ ਬਜਟ ਸੈਸ਼ਨ ਦੀ ਸ਼ੁਰੂਆਤ ਰਾਜਪਾਲ ਦੇ ਭਾਸ਼ਣ ਨਾਲ ਹੁੰਦੀ ਹੈ।

ਜੇ ਕਿਸੇ ਸਾਲ ਵਿਧਾਨ ਸਭਾ ਦੇ ਤਿੰਨ ਸੈਸ਼ਨ ਹੁੰਦੇ ਹਨ ਤਾਂ ਤਿੰਨ ਦਿਨ ਸ਼ਰਧਾਂਜਲੀਆਂ ਦੇ ਲੇਖੇ ਲੱਗ ਜਾਂਦੇ ਹਨ। ਇਕ ਦਿਨ ਰਾਜਪਾਲ ਦਾ ਭਾਸ਼ਣ ਤੇ ਬਾਕੀ ਬਚਦੇ ਸਮੇਂ ਵਿਚੋਂ 50 ਤੋਂ 75 ਫੀਸਦ ਵਾਕਆਊਟ, ਸ਼ੋਰਗੁਲ ਤੇ ਕੰਮ ਰੋਕੂ ਉਪਰਾਲਿਆਂ ਦੀ ਭੇਟ ਚੜ੍ਹ ਜਾਂਦਾ ਹੈ। ਪੰਜਾਬ ਵਿਧਾਨ ਸਭਾ ਵਿਚ ਸਿਆਸੀ ਬਹਿਸ ਲਈ ਸਾਲ ਵਿਚ 30-40 ਘੰਟੇ ਵੀ ਨਹੀਂ ਬੈਠਦੇ। ਅਕਸਰ ਸੈਸ਼ਨ ਦੇ ਸਮਾਪਤੀ ਮੌਕੇ ਕਈ-ਕਈ ਬਿੱਲ ਝਟਪਟ ਪਾਸ ਕਰਵਾ ਲਏ ਜਾਂਦੇ ਹਨ ਹਾਲਾਂਕਿ ਇਨ੍ਹਾਂ 'ਤੇ ਨਿੱਠ ਕੇ ਵਿਚਾਰ-ਚਰਚਾ ਕਰਨ ਦੀ ਲੋੜ ਹੁੰਦੀ ਹੈ।

ਵਿਧਾਨ ਸਭਾਵਾਂ ਦੇ ਕਾਰ ਵਿਹਾਰ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਸੈਸ਼ਨਾਂ



ਦੀ ਗਿਣਤੀ ਵਿਚ ਹੀ ਕਮੀ ਨਹੀਂ ਆ ਰਹੀ ਸਗੋਂ ਬਹਿਸ ਦਾ ਨਿਘਾਰ ਤੇ ਵਿਧਾਨਕ ਕੰਮਕਾਜ ਦੀ ਗਿਣਤੀ ਵੀ ਘੱਟ ਰਹੀ ਹੈ। ਸਦਨ ਵਿਚ ਆਮ ਲੋਕਾਂ ਦੇ ਹਿੱਤ ਦੇ ਮੁੱਦਿਆਂ 'ਤੇ ਚਰਚਾ ਕਰਨ ਦੀ ਬਜਾਏ ਜ਼ਾਤੀ ਮਾਮਲਿਆ ਨੂੰ ਲੈ ਕੇ ਨੋਕ-ਝੋਕ ਚਲਦੀ ਰਹਿੰਦੀ ਹੈ।ਵਿਧਾਨ ਸਭਾ ਵਿਚ ਕਦੇ ਵੀ ਅਹਿਮ ਮੁਦਿਆਂ 'ਤੇ ਬਹਿਸ ਨਹੀਂ ਹੋਈ।

ਪੰਜਾਬ ਵਿਚ ਹਰ ਸਾਲ 3000 ਲੋਕੀਂ ਸੜਕ ਹਾਦਸਿਆਂ ਵਿਚ ਜਾਨਾਂ ਗੁਆ ਰਹੇ ਹਨ ਪਰ ਇਸ ਦੀ ਰੋਕਥਾਮ ਲਈ ਕੋਈ ਸੰਜੀਦਾ ਬਹਿਸ ਨਹੀਂ ਹੋ ਰਹੀ। ਇਸ ਤੋਂ ਇਲਾਵਾ ਸਿਹਤ ਸੰਭਾਲ, ਸਿੱਖਿਆ ਤੇ ਲੋਕਾਂ ਲਈ ਬੁਨਿਆਦੀ ਸੁਵਿਧਾਵਾਂ ਸਰਕਾਰ ਦਾ ਫੌਰੀ ਧਿਆਨ ਮੰਗ ਰਹੀਆਂ ਹਨ ਪਰ ਇਹ ਮਸਲੇ ਵਿਧਾਨ ਸਭਾ ਦੇ ਮੰਚ ਦੇ ਨੇੜੇ ਢੁਕਣ ਨਹੀਂ ਦਿੱਤੇ ਜਾ ਰਹੇ। ਸਾਬਕਾ ਵਿਧਾਇਕ ਲਕਸ਼ਮੀ ਕਾਂਤਾ ਚਾਵਲਾ ਨੇ ਇਕ ਵਾਰ ਕਿਹਾ ਸੀ ਕਿ ਮੈਂਬਰਾਂ ਖਾਸ ਕਰਕੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪੋ-ਆਪਣੇ ਹਲਕਿਆਂ ਦੇ ਮਸਲੇ ਸਦਨ ਵਿਚ ਰੱਖਣ ਦਾ ਢੁਕਵਾਂ ਸਮਾਂ ਨਹੀਂ ਦਿੱਤਾ ਜਾਂਦਾ। 1956 ਵਿਚ ਸਦਨ ਦੀਆਂ 44 ਬੈਠਕਾਂ ਹੋਈਆਂ ਸਨ ਜੋ ਘਟ ਕੇ 14 ਰਹਿ ਗਈਆਂ ਹਨ।

## 'ਗੁੰਡਾਗਰਦੀ ਦਾ ਨੰਗਾ ਨਾਚ ਹੋਇਆ'



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਤੇ ਅਕਾਲੀ ਨੇਤਾਵਾਂ ਵੱਲੋਂ ਰੇਤਾ, ਬਜ਼ਰੀ ਸਮੇਤ ਹੋਰਾਂ ਕੁਦਰਤੀ ਸੋਮਿਆਂ 'ਤੇ ਕਬਜ਼ੇ ਤੋਂ ਬਾਅਦ ਵਿਧਾਨ ਸਭਾ 'ਤੇ ਵੀ ਕਬਜ਼ਾ ਕਰਨ ਦੀ ਨੀਅਤ ਨਾਲ ਗੁੰਡਾਗਰਦੀ ਦਾ ਨਾਚ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਵਿਧਾਨ ਸਭਾ ਵਿਚ ਬਿਕਰਮ ਸਿੰਘ ਮਜੀਠੀਆ ਵੱਲੋਂ ਰਾਣਾ ਗੁਰਜੀਤ ਸਿੰਘ ਨੂੰ ਗਾਲ਼ਾਂ ਕੱਢ ਕੇ ਪੂਰੀ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਤੋਂ ਬਾਹਰ ਕਰਨਾ ਲੋਕਤੰਤਰ ਦੇ ਇਤਿਹਾਸ ਵਿਚ ਸਭ ਤੋਂ ਕਾਲ਼ਾ ਦਿਨ ਹੈ। ਕਾਂਗਰਸ ਪ੍ਰਧਾਨ ਨੇ ਚੰਡੀਗੜ੍ਹ ਵਿਚ ਕਾਂਗਰਸ ਪਾਰਟੀ ਦੀਆਂ ਤਿੰਨ ਵਿਧਾਇਕ ਬੀਬੀਆਂ ਨੂੰ ਜ਼ਲੀਲ ਕਰਨ ਦੇ ਮਾਮਲੇ ਨੂੰ ਵੀ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਕੋਲ਼ ਵਿਆਪਕ ਸੰਘਰਸ਼ ਤੋਂ ਬਿਨਾਂ ਕੋਈ ਚਾਰਾ ਨਹੀਂ।

## ਤਿੱਖੀਆਂ ਝੜਪਾਂ ਦੀ ਭੇਟ ਚੜ੍ਹਿਆ ਸਰਦ ਰੁੱਤ ਇਜਲਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਹਾਕਮ ਤੇ ਵਿਰੋਧੀ ਧਿਰ ਵਿਚਾਲੇ ਬਣੇ ਟਕਰਾਅ ਨੂੰ ਸਦਨ ਦੇ ਨੇਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਕੋਸ਼ਿਸ਼ਾਂ ਵੀ ਖ਼ਤਮ ਨਾ ਕਰ ਸਕੀਆਂ। ਵਿਰੋਧੀ ਧਿਰ ਨੇ ਸੈਸ਼ਨ ਦੇ ਅੰਤਿਮ ਦਿਨ ਵੀ ਸਦਨ ਦੀ ਕਾਰਵਾਈ ਦਾ ਬਾਈਕਾਟ ਜਾਰੀ ਰਖਦਿਆਂ ਵਿਧਾਨ ਸਭਾ ਕੰਪਲੈਕਸ ਵਿਚ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਸਰਕਾਰ ਵਿਰੁਧ ਨਾਅਰੇਬਾਜ਼ੀ ਕੀਤੀ। ਇਸ ਤਰ੍ਹਾਂ ਸਰਦ ਰੁੱਤ ਸੈਸ਼ਨ ਪੂਰੇ ਦਾ ਪੂਰਾ ਹੀ ਬਿਨਾਂ ਕਿਸੇ ਉਸਾਰੂ ਬਹਿਸ ਦੇ ਖ਼ਤਮ ਹੋ ਗਿਆ।

ਸਰਕਾਰ ਬੇਸ਼ੱਕ ਵਿਧਾਨਕ ਕੰਮ ਕਾਰ ਨਿਬੇੜਨ ਵਿਚ ਕਾਮਯਾਬ ਰਹੀ ਤੇ ਜ਼ਰੂਰੀ ਬਿੱਲ ਪਾਸ ਕਰ ਲਏ ਪਰ ਇਨ੍ਹਾਂ ਦਿਨਾਂ ਦੌਰਾਨ ਸਦਨ ਵਿਚ ਕਾਂਗਰਸ ਦੀ ਗੈਰਹਾਜ਼ਰੀ ਕਾਰਨ ਮਾਹੌਲ ਇਕਪਾਸੜ ਹੀ ਰਿਹਾ। ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਤੇ ਸੀਨੀਅਰ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਸਰਕਾਰ 'ਤੇ ਧੱਕੇਸ਼ਾਹੀ ਦਾ ਦੋਸ਼ ਲਾਉਂਦਿਆਂ ਐਲਾਨ ਕੀਤਾ ਕਿ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ਼ ਵਿਧਾਨ ਸਭਾ ਤੋਂ ਜਿਸ ਸੰਘਰਸ਼ ਦੀ ਸ਼ਰੂਆਤ ਕੀਤੀ ਗਈ ਹੈ, ਉਹ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਬਜਟ ਸੈਸ਼ਨ ਦੌਰਾਨ ਵੀ ਸਰਕਾਰ ਦੀ ਇਨ੍ਹਾਂ ਮੁੱਦਿਆਂ 'ਤੇ ਜਵਾਬਤਲਬੀ ਕੀਤੀ ਜਾਵੇਗੀ ਕਿਉਂਕਿ ਸਰਕਾਰ ਜਵਾਬ ਦੇਣ ਵਿਚ ਫੇਲ੍ਹ ਸਾਬਤ ਹੋਈ ਹੈ।

## ਕਾਂਗਰਸ ਮਜੀਠੀਆ ਦੀ ਮੁਅੱਤਲੀ 'ਤੇ ਅੜੀ

ਚੰਡੀਗੜ੍ਹ: ਵਿਧਾਨ ਸਭਾ ਵਿਚ ਵਿਰੋਧੀ ਧਿਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵਿਧਾਨ ਸਭਾ ਵਿਚ ਭੇਜੇ ਪੱਤਰ ਰਾਹੀਂ ਮੰਗ ਕੀਤੀ ਕਿ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੰਤਰੀ ਮੰਡਲ ਵਿਚੋਂ ਬਰਖਾਸਤ ਤੇ ਵਿਧਾਨ ਸਭਾ ਤੋਂ ਮੁਅੱਤਲ ਕੀਤਾ ਜਾਵੇ। ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਮਜੀਠੀਆ ਨੇ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੂੰ ਗਾਲ੍ਹਾਂ ਕੱਢੀਆਂ ਹਨ ਜਿਸ ਦੇ ਸਬੂਤ ਵਜੋਂ ਵੀਡੀਓ ਕਲਿੱਪ ਮੌਜੂਦ ਹੈ।

## ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਪਗੜੀ ਤੇ ਪੱਤ ਬਚਾਉਣ ਲਈ ਮੋਹਰੀ ਹੋ ਕੇ ਲੜਾਈ ਲੜਨ ਦਾ ਦਾਅਵਾ ਕਰਦਾ ਹੈ ਪਰ ਇਸ ਪਾਰਟੀ ਦੇ ਵਿਧਾਇਕ ਤੇ ਮੰਤਰੀ ਨੇ ਸ਼ਰ੍ਹੇਆਮ ਇਕ ਸਿੱਖ ਦੀਆਂ ਮੁੱਛਾਂ ਪੁੱਟ ਦੇਣ ਦੀ ਗੱਲ ਕਹੀ ਹੈ।

## ਸੁਖਬੀਰ ਸਿੰਘ ਬਾਦਲ ਦੀ ਜ਼ੁਬਾਨ ਫਿਰ ਤਿਲਕੀ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਸਦਨ ਦਾ ਨੇਤਾ ਕਹੀ ਗਏ ਜਦੋਂ ਕਿ ਸਦਨ ਦੇ ਨੇਤਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਨ। ਜ਼ਿਕਰਯੋਗ ਹੈ ਕਿ ਮੁਕਤਸਰ ਵਿਚ ਭਾਸ਼ਨ ਦੌਰਾਨ ਸੁਖਬੀਰ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਪਿਤਾ ਸਮਾਨ ਅਕਾਲੀ ਆਗੂ ਕਹਿ ਦਿੱਤਾ ਸੀ। ਇਸ 'ਤੇ ਸ੍ਰੀ ਬਾਦਲ ਨੇ ਕਿਹਾ ਸੀ ਕਿ 'ਮੈਂ ਤੇਰੇ ਪਿਤਾ ਸਮਾਨ ਨਹੀਂ, ਤੇਰਾ ਪਿਤਾ ਹੀ ਹਾਂ।'


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA


**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**Buy or Sell** House, Liquor Store, Gas Station etc.
**In Bay Area & Central Valley**

* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com
Fax: 510-490-9703

MISSIONPEAK BROKERS, INC. PEAK OF EXCELLENCE

46560 Fremont Blvd., Suite#111, Fremont, CA 94538

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਜਬਰ ਖਿਲਾਫ ਜ਼ਬਰਦਸਤ ਰੋਹ ਤੇ ਰੋਸ

*(ਸਫਾ ਇਕ ਦੀ ਬਾਕੀ)*

ਵੱਲੋਂ ਗ੍ਰਿਹ ਮੰਤਰੀ ਨੂੰ ਲਿਖਿਆ ਪੱਤਰ ਲੀਕ ਹੋਣ ਦੀ ਉੱਚ ਪੱਧਰੀ ਜਾਂਚ ਮੰਗੀ ਹੈ। ਪੁਲਿਸ ਦੇ ਤਰਜਮਾਨ ਨੇ ਕਿਹਾ ਕਿ ਅਜਿਹਾ ਗੁਪਤ ਦਸਤਾਵੇਜ਼ ਸਾਰੇ ਮੀਡੀਆ ਤੱਕ ਕਿਵੇਂ ਪਹੁੰਚ ਗਿਆ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਸ੍ਰੀਮਤੀ ਦੀਕਸ਼ਿਤ ਦਿੱਲੀ ਪੁਲਿਸ ਵੱਲੋਂ ਅੰਦੋਲਨਕਾਰੀਆਂ ਨਾਲ ਨਜਿੱਠਣ ਦੇ ਢੰਗ-ਤਰੀਕਿਆਂ ਤੋਂ ਨਾਖੁਸ਼ ਹਨ ਤੇ ਉਨ੍ਹਾਂ ਨੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਦਿੱਲੀ ਪੁਲਿਸ ਨੂੰ ਦਿੱਲੀ ਸਰਕਾਰ ਦੇ ਅਧੀਨ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਆਪਣੇ ਦੋਸਤ ਨਾਲ ਸਫਰ ਕਰ ਰਹੀ ਪੈਰਾ ਮੈਡੀਕਲ ਦੀ 23 ਸਾਲਾ ਵਿਦਿਆਰਥਣ ਨਾਲ ਕੁਝ ਵਿਅਕਤੀਆਂ ਨੇ ਚੱਲਦੀ ਬੱਸ ਵਿਚ ਬਲਾਤਕਾਰ ਕੀਤਾ ਤੇ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਉਸ ਨੂੰ ਵਾਹਨ ਵਿਚੋਂ ਬਾਹਰ ਸੁੱਟ ਦਿੱਤਾ ਸੀ। ਦੇਹਰਾਦੂਨ ਦੇ ਕਾਲਜ ਦੀ ਇਹ ਵਿਦਿਆਰਥਣ ਇੰਟਰਨਸ਼ਿਪ ਲਈ ਦਿੱਲੀ ਆਈ ਹੋਈ ਸੀ। ਜਬਰ ਜਨਾਹ ਦੀ ਸ਼ਿਕਾਰ ਲੜਕੀ 'ਤੇ ਮੁਲਜ਼ਮਾਂ ਨੇ ਇੰਨਾ ਕਹਿਰ ਢਾਹਿਆ ਕਿ ਉਸ ਦੀ 5 ਵਾਰ ਸਰਜਰੀ ਹੋ ਚੁੱਕੀ ਹੈ ਅਤੇ ਉਸ ਦੀ ਜਾਨ ਨੂੰ ਅਜੇ ਵੀ ਖਤਰਾ ਹੈ।

ਚੇਤੇ ਰਹੇ ਕਿ ਦਿਨਾਂ ਵਿਚ ਹੀ ਇਹ ਮਾਮਲਾ ਜ਼ੋਰ ਫੜ ਗਿਆ ਸੀ ਅਤੇ ਵਿਖਾਵੇ ਵੀ ਸ਼ੁਰੂ ਹੋ ਗਏ ਪਰ ਸਰਕਾਰ ਨੇ ਇਸ ਪਾਸੇ ਕੋਈ ਤਰੱਦਦ ਨਹੀਂ ਕੀਤਾ। ਸੰਸਦ ਵਿਚ ਵੀ ਇਹ ਮਾਮਲਾ ਉੱਠਿਆ, ਇਸ ਦੇ ਬਾਵਜੂਦ ਦੇਸ਼ ਦੇ ਪ੍ਰਧਾਨ ਮੰਤਰੀ ਪੂਰਾ ਇਕ ਹਫਤਾ ਕੁਝ ਨਹੀਂ ਬੋਲੇ। ਆਖ਼ਰ ਲੋਕਾਂ ਦੇ ਰੋਹ ਨੂੰ ਵੇਖਦਿਆਂ ਜਦੋਂ ਉਨ੍ਹਾਂ ਬਿਆਨ ਦਿੱਤਾ ਤਾਂ ਉਨ੍ਹਾਂ ਦਾ ਬਿਆਨ ਵਿਵਾਦਾਂ ਵਿਚ ਘਿਰ ਗਿਆ। ਉਨ੍ਹਾਂ ਦੇ ਦਿਲਾਸੇ ਤੋਂ ਬਾਅਦ ਵੀ ਲੋਕਾਂ ਦਾ ਵਿਰੋਧ ਥੰਮ੍ਹ ਨਹੀਂ ਰਿਹਾ। ਇਸ ਸਾਰੇ ਮਾਮਲੇ ਵਿਚ ਪੁਲਿਸ ਦੀ ਕਾਰਗੁਜ਼ਾਰੀ ਵੀ ਗੈਰ ਜ਼ਿੰਮੇਵਾਰੀ ਵਾਲੀ ਰਹੀ।

ਇਸ ਮਾਮਲੇ ਬਾਰੇ ਚੱਲੀ ਚਰਚਾ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਬਲਾਤਕਾਰ ਦੇ ਮਾਮਲਿਆਂ ਨੂੰ ਬਦਨਾਮੀ ਦੇ ਡਰੋਂ ਪੀੜਤਾਂ ਵੱਲੋਂ ਖੁਦ ਹੀ ਦਬਾ ਦਿੱਤਾ ਜਾਂਦਾ ਹੈ ਤੇ 50 ਫੀਸਦੀ ਪੀੜਤ ਔਰਤਾਂ ਖੁਦ ਸਮਾਜ ਵਿਚ ਬਦਨਾਮੀ ਦੇ ਡਰ ਤੋਂ ਕਾਨੂੰਨ ਦਾ ਦਰਵਾਜ਼ਾ ਹੀ ਨਹੀਂ ਖੜਕਾਉਂਦੀਆਂ। ਬਾਕੀ 30 ਫੀਸਦੀ ਪੀੜਤਾਂ ਨੂੰ ਪਰਿਵਾਰ ਵਾਲੇ ਅੱਗੇ ਨਹੀਂ ਆਉਣ ਦਿੰਦੇ ਤੇ 20 ਫੀਸਦੀ ਵਿਚੋਂ ਕੁਝ ਕੁ ਪੀੜਤਾਂ ਸਾਧਨਾਂ, ਆਰਥਿਕ ਤੰਗੀ ਤੇ ਜਾਗਰੂਕਤਾ ਦੀ ਕਮੀ ਵਿਚ ਹੀ ਦੱਬ ਕੇ ਰਹਿ ਜਾਂਦੀਆਂ ਹਨ। ਜਿਹੜੀਆਂ 5-10 ਫੀਸਦੀ ਪੀੜਤਾਂ ਇਨਸਾਫ ਲਈ ਗੁਹਾਰ ਲਾਉਂਦੀਆਂ ਵੀ ਹਨ, ਉਨ੍ਹਾਂ ਨੂੰ ਇਨਸਾਫ ਲੈਣ ਲਈ ਜ਼ਿੰਦਗੀ ਭਰ ਸੜਨਾ ਪੈਂਦਾ ਹੈ। ਦੇਸ਼ ਦਾ ਕਾਨੂੰਨ ਵੀ ਇਸ ਘਿਨੌਣੇ ਅਪਰਾਧ ਪ੍ਰਤੀ ਸੰਜੀਦਾ ਨਹੀਂ। ਆਮ ਤੌਰ 'ਤੇ ਅਪਰਾਧੀ ਲਚਕਦਾਰ ਕਾਨੂੰਨੀ ਪ੍ਰਕਿਰਿਆ ਦਾ ਸਹਾਰਾ ਲੈ ਕੇ ਬਚ ਨਿਕਲਣ ਵਿਚ ਸਫਲ ਹੋ ਜਾਂਦੇ ਹਨ। ਸਰਕਾਰੀ ਅੰਕੜਿਆਂ ਮੁਤਾਬਕ 2009 ਤੋਂ 2011 ਤੱਕ ਦੇਸ਼ ਵਿਚ 70 ਹਜ਼ਾਰ ਦੇ ਕਰੀਬ ਬਲਾਤਕਾਰ ਦੇ ਮਾਮਲੇ ਦਰਜ ਹੋਏ ਹਨ ਜਿਨ੍ਹਾਂ ਵਿਚੋਂ ਸਜ਼ਾ ਸਿਰਫ 26 ਫੀਸਦੀ ਲੋਕਾਂ ਨੂੰ ਮਿਲੀ ਹੈ।

ਅੰਕੜਿਆਂ ਅਨੁਸਾਰ ਭਾਰਤ ਵਿਚ ਸਾਲ 2003 ਵਿਚ ਆਈਪੀਸੀ ਤਹਿਤ ਬਲਾਤਕਾਰ ਦੇ 15,847 ਮਾਮਲੇ ਸਾਹਮਣੇ ਆਏ ਜਦਕਿ ਇਹ ਗਿਣਤੀ ਸਾਲ 2004 ਵਿਚ ਵਧ ਕੇ 18,233 ਤਕ ਪਹੁੰਚ ਗਈ। ਸਾਲ 2005 ਵਿਚ 18,359 ਬਲਾਤਕਾਰ ਦੀਆਂ ਪੀੜਤਾਂ ਨੇ ਇਨਸਾਫ ਪ੍ਰਾਪਤੀ ਲਈ ਗੁਹਾਰ ਲਾਈ ਜਦੋਂਕਿ ਸਾਲ 2006 ਵਿਚ ਇਹ ਅੰਕੜਾ ਵਧ ਕੇ 19,348 ਤਕ ਜਾ ਪਹੁੰਚਿਆ। ਸਾਲ 2007 ਵਿਚ 20,737 ਮਾਸੂਮ ਹਵਸ ਦੇ ਭੇੜੀਆਂ ਹੱਥੋਂ ਆਪਣੀ ਇੱਜ਼ਤ ਗੁਆ ਬੈਠੀਆਂ ਜਦੋਂਕਿ ਸਾਲ 2008 ਵਿਚ ਇਹ ਅੰਕੜਾ 22,000 ਤੋਂ ਵੀ ਉੱਪਰ ਜਾ ਪਹੁੰਚਿਆ।

ਇਹ ਵੀ ਹੈਰਾਨੀ ਦੀ ਗੱਲ ਹੈ ਕਿ ਦੇਸ਼ ਭਰ ਵਿਚ ਹੋ ਰਹੇ ਵਿਰੋਧ ਦੇ ਬਾਵਜੂਦ 25 ਦਸੰਬਰ ਨੂੰ ਕਰਨਾਟਕ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਤੇ ਗੁਜਰਾਤ ਵਿਚ ਬਲਾਤਕਾਰ ਦੀਆਂ ਪੰਜ ਘਟਨਾਵਾਂ ਵਾਪਰੀਆਂ। ਗੁਜਰਾਤ ਵਿਚ ਇਕ ਢਾਈ ਸਾਲਾ ਬੱਚੀ ਆਪਣੇ ਮਾਮੇ ਦੀ ਹਵਸ ਦਾ ਸ਼ਿਕਾਰ ਬਣ ਕੇ ਜਾਨ ਤੋਂ ਜਾਂਦੀ ਰਹੀ। ਕਰਨਾਟਕ ਦੇ ਗੁਲਬਰਗਾ ਜ਼ਿਲ੍ਹੇ ਵਿਚ 11 ਸਾਲ ਦੀ ਬੱਚੀ ਨਾਲ ਖੇਤਾਂ ਵਿਚ ਬਲਾਤਕਾਰ ਕੀਤਾ ਗਿਆ। ਇੰਦੌਰ ਵਿਚ ਇਕ ਨਾਬਾਲਗ ਕੁੜੀ ਬਲਾਤਕਾਰ ਦਾ ਸ਼ਿਕਾਰ ਹੋਈ।

# ਸੰਤ ਬਲਜੀਤ ਸਿੰਘ ਦਾਦੂਵਾਲ ਗ੍ਰਿਫ਼ਤਾਰ

**ਅੰਮ੍ਰਿਤਸਰ:** ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਲੰਡਨ ਤੋਂ ਹਵਾਈ ਉਡਾਣ ਰਾਹੀਂ ਅੰਮ੍ਰਿਤਸਰ ਪੁੱਜੇ। ਇਮੀਗਰੇਸ਼ਨ ਵੱਲੋਂ ਉਨ੍ਹਾਂ ਨੂੰ ਹਰਿਆਣਾ ਵਿਚ ਦਰਜ ਪੁਲਿਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ। ਸੰਤ ਦਾਦੂਵਾਲ ਦੇ ਨਿੱਜੀ ਸਹਾਇਕ ਰਾਜਪਾਲ ਸਿੰਘ ਨੇ ਦੱਸਿਆ ਕਿ ਉਹ ਤਿੰਨ ਦਸੰਬਰ ਨੂੰ ਧਰਮ ਪ੍ਰਚਾਰ ਲਈ ਇੰਗਲੈਂਡ ਦੌਰੇ 'ਤੇ ਗਏ ਸਨ ਤੇ 25 ਦਸੰਬਰ ਨੂੰ ਤੁਰਕਮੇਨਿਸਤਾਨ ਹਵਾਈ ਕੰਪਨੀ ਦੀ ਉਡਾਣ ਰਾਹੀਂ ਅੰਮ੍ਰਿਤਸਰ ਵਾਪਸ ਪਰਤੇ। ਉਨ੍ਹਾਂ ਦੇ ਨਾਲ ਇਕ ਹੋਰ ਸਾਥੀ ਵੀ ਸੀ। ਜਿਵੇਂ ਹੀ ਉਹ ਹਵਾਈ ਜਹਾਜ਼ ਤੋਂ ਬਾਹਰ ਆਏ ਤਾਂ ਉਨ੍ਹਾਂ ਨੂੰ ਇਮੀਗਰੇਸ਼ਨ ਦੇ ਅਧਿਕਾਰੀਆਂ ਨੇ ਰੋਕ ਲਿਆ ਤੇ ਦੱਸਿਆ ਕਿ ਉਹ ਹਰਿਆਣਾ ਪੁਲਿਸ ਨੂੰ ਲੋੜੀਂਦੇ ਹਨ। ਹਰਿਆਣਾ ਦੇ ਸ਼ਹਿਰ ਸਿਰਸਾ ਵਿਚ ਉਨ੍ਹਾਂ ਖਿਲਾਫ 2007 ਵਿਚ ਐਫ ਆਈ ਆਰ ਨੰਬਰ 90 ਤਹਿਤ ਆਈ ਪੀ ਸੀ ਦੀ ਧਾਰਾ 307, 186, 143 ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ਵਿਚ ਉਨ੍ਹਾਂ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਤੇ ਇਸੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਹਰਿਆਣਾ ਪੁਲਿਸ ਦੇ ਹਵਾਲੇ ਕੀਤਾ ਜਾਵੇਗਾ।

ਅੰਮ੍ਰਿਤਸਰ ਪੁਲਿਸ ਦੇ ਕਮਿਸ਼ਨਰ ਰਾਮ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਅੰਮ੍ਰਿਤਸਰ ਪੁਲਿਸ ਦੀ ਕੋਈ ਦਖਲਅੰਦਾਜ਼ੀ ਨਹੀਂ। ਸੰਤ ਦਾਦੂਵਾਲ ਨੂੰ ਇਮੀਗਰੇਸ਼ਨ ਵੱਲੋਂ ਗ੍ਰਿਫਤਾਰ ਕੀਤਾ ਗਿਆ ਤੇ ਹਰਿਆਣਾ ਪੁਲਿਸ ਨੂੰ ਸੌਂਪ ਦਿੱਤਾ ਜਾਵੇਗਾ। ਇਸ ਦੌਰਾਨ ਦਲ ਖਾਲਸਾ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ 2007 ਵਿਚ ਦਰਜ ਇਸ ਕੇਸ ਤੋਂ ਬਾਅਦ ਸੰਤ ਦਾਦੂਵਾਲ ਕਈ ਵਾਰ ਹਰਿਆਣਾ ਤੇ ਹੋਰ ਥਾਵਾਂ 'ਤੇ ਜਾ ਚੁੱਕੇ ਹਨ ਪਰ ਹੁਣ ਤਕ ਕਦੇ ਵੀ ਅਜਿਹੀ ਕੋਈ ਕਾਰਵਾਈ ਨਹੀਂ ਹੋਈ ਤੇ ਨਾ ਹੀ ਉਹ ਭਗੌੜੇ ਸਨ। ਉਨ੍ਹਾਂ ਆਖਿਆ ਕਿ ਹੁਣ ਅਚਨਚੇਤੀ ਹਰਿਆਣਾ ਪੁਲਿਸ ਵਲੋਂ ਇਹ ਕੇਸ ਕੱਢ ਲਿਆ ਗਿਆ ਹੈ ਜਿਸ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

# ਮਹਿਲਾ ਕਮਿਸ਼ਨ ਦਾ ਅਹੁਦਾ ਇਕ ਸਾਲ ਤੋਂ ਖਾਲੀ

**ਚੰਡੀਗੜ੍ਹ:** ਸਰਕਾਰ ਵੱਲੋਂ ਭਾਵੇਂ ਔਰਤਾਂ ਨੂੰ ਤੁਰੰਤ ਇਨਸਾਫ਼ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਮੁਖੀ ਦੀ ਕੁਰਸੀ ਸਾਲ ਤੋਂ ਖਾਲੀ ਪਈ ਹੈ। ਕਮਿਸ਼ਨ ਦੇ ਪੰਜ ਵਿਚੋਂ ਚਾਰ ਮੈਂਬਰਾਂ ਦੇ ਅਹੁਦੇ ਵੀ ਖਾਲੀ ਪਏ ਹਨ। ਕਮਿਸ਼ਨ ਦੀ ਸਾਬਕਾ ਚੇਅਰਪਰਸਨ ਗੁਰਦੇਵ ਕੌਰ ਸਾਂਘਾ ਦੇ ਅਹੁਦੇ ਦੀ ਮਿਆਦ 30 ਦਸੰਬਰ, 2011 ਨੂੰ ਸਮਾਪਤ ਹੋ ਗਈ ਸੀ। ਉਦੋਂ ਤੋਂ ਇਹ ਅਹੁਦਾ ਖਾਲੀ ਪਿਆ ਹੈ। ਕਮਿਸ਼ਨ ਦਾ ਕੰਮਕਾਜ ਮੈਂਬਰ ਸਕੱਤਰ ਹਿੰਮਤ ਸਿੰਘ ਆਈ.ਏ.ਐਸ. ਦੇਖ ਰਹੇ ਹਨ।

ਇਸ ਸਾਲ ਕਮਿਸ਼ਨ ਕੋਲ 1200 ਸ਼ਿਕਾਇਤਾਂ ਆਈਆਂ ਹਨ। ਕਮਿਸ਼ਨ ਕੋਲ ਸੁਣਵਾਈ ਲਈ ਲਮਕ ਰਹੀਆਂ ਸ਼ਿਕਾਇਤਾਂ ਵਿਚੋਂ ਚਾਰ ਸੌ ਸ਼ਿਕਾਇਤਾਂ ਘਰੇਲੂ ਹਿੰਸਾ ਨਾਲ ਸਬੰਧਤ ਹਨ ਤੇ ਦਹੇਜ ਦੀਆਂ 250 ਤੋਂ ਵੱਧ ਸ਼ਿਕਾਇਤਾਂ ਨਿਬੇੜੇ ਖੁਣੋਂ ਪਈਆਂ ਹਨ। ਇਨ੍ਹਾਂ ਕੇਸਾਂ ਵਿਚ ਬਲਾਤਕਾਰ ਦੇ 21, ਜਾਇਦਾਦ ਦੇ 86, ਨਾਜਾਇਜ਼ ਸਬੰਧਾਂ ਦੇ 52, ਹੱਤਿਆ ਦੇ ਦੋ, ਜਿਨਸੀ ਸ਼ੋਸ਼ਣ ਦੇ 52, ਪੁਲਿਸ ਵਧੀਕੀਆਂ ਦੇ 13 ਤੇ ਛੇ ਹੋਰ ਫੁਟਕਲ ਕੇਸ ਸ਼ਾਮਲ ਹਨ।

ਕਮਿਸ਼ਨ ਦੇ ਮੁਖੀ ਸਮੇਤ ਦੂਜੇ ਮੈਂਬਰਾਂ ਦੇ ਖਾਲੀ ਪਏ ਅਹੁਦਿਆਂ ਦਾ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੁੱਜ ਗਿਆ ਸੀ।

## ਪੰਜਾਬ ਸਰਕਾਰ ਦੇ ਦਾਅਵੇ ਖੋਖਲੇ

ਹਾਈ ਕੋਰਟ ਦੇ ਆਦੇਸ਼ਾਂ 'ਤੇ ਪੰਜਾਬ ਸਰਕਾਰ ਨੇ ਚੋਣ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਰਕਾਰ ਵੱਲੋਂ ਮੈਂਬਰਾਂ ਦੀ ਨਿਯੁਕਤੀ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ। ਕਮੇਟੀ ਵੱਲੋਂ ਇਨ੍ਹਾਂ ਅਹੁਦਿਆਂ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਹੁਣ ਤੱਕ ਮਿਲੀਆਂ ਅਰਜ਼ੀਆਂ ਵਿਚ ਪੰਜਾਬ ਦੀ ਇੱਕ ਸਾਬਕਾ ਮੰਤਰੀ ਵੀ ਸ਼ਾਮਲ ਹੈ।

ਐਤਕੀਂ ਪਹਿਲੀ ਵਾਰ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦੀ ਨਿਯੁਕਤੀ ਲਈ ਸਰਕਾਰ ਨੇ ਇਕ ਨਿਯਮਤ ਵਿਧੀ ਅਪਣਾਈ ਹੈ। ਇਸ ਕਮਿਸ਼ਨ ਦਾ ਗਠਨ ਸਾਲ 1978 ਵਿਚ ਕੀਤਾ ਗਿਆ ਸੀ ਪਰ ਸੁਣਵਾਈ ਲਈ ਸਭ ਤੋਂ ਵੱਧ ਮਾਮਲੇ ਸਾਲ 2011 ਵਿਚ ਆਏ ਸਨ। ਇਹ ਗਿਣਤੀ 1325 ਦੱਸੀ ਜਾ ਰਹੀ ਹੈ। ਪਿਛਲੇ ਸਾਲ ਕਮਿਸ਼ਨ ਵੱਲੋਂ ਰਾਜ ਭਰ ਵਿਚ ਕੈਂਪ ਲਾ ਕੇ ਮਹਿਲਾਵਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਗਿਆ ਸੀ। ਇਸ ਨੂੰ ਹੀ ਸ਼ਿਕਾਇਤਾਂ ਦੀ ਗਿਣਤੀ ਵਧਣ ਦਾ ਕਾਰਨ ਦੱਸਿਆ ਜਾ ਰਿਹਾ ਹੈ।

ਪੰਜਾਬ ਸਰਕਾਰ ਭਾਵੇਂ ਹੁਣ ਇਸ ਕਮਿਸ਼ਨ ਪ੍ਰਤੀ ਪਹਿਲਾਂ ਜਿੰਨੀ ਗੰਭੀਰ ਨਾ ਹੋਵੇ ਪਰ ਦੁਖੀ ਮਹਿਲਾਵਾਂ ਦੀ ਆਸ ਬਰਕਰਾਰ ਹੈ। ਇਸ ਸਾਲ ਇਕ ਜਨਵਰੀ ਤੋਂ 20 ਦਸੰਬਰ ਤੱਕ ਕਮਿਸ਼ਨ ਕੋਲ 1200 ਤੋਂ ਵੱਧ ਸ਼ਿਕਾਇਤਾਂ ਆ ਚੁੱਕੀਆਂ ਹਨ। ਇਨ੍ਹਾਂ ਸ਼ਿਕਾਇਤਾਂ ਦੀ ਮੁਢਲੀ ਪੜਤਾਲ ਦਾ ਕੰਮ ਵੀ ਸ਼ੁਰੂ ਨਹੀਂ ਹੋਇਆ ਹੈ। ਮਹਿਲਾ ਕਮਿਸ਼ਨ ਦੇ ਸੂਤਰਾਂ ਅਨੁਸਾਰ ਹਿੰਮਤ ਸਿੰਘ ਆਈ.ਏ.ਐਸ. ਕਦੇ ਕਦਾਈਂ ਚੱਕਰ ਮਾਰ ਜਾਂਦੇ ਹਨ।

# ਅਮਰੀਕੀ 'ਗਨ ਲੌਬੀ' ਨੇ ਤੋਪਾਂ ਤਾਣੀਆਂ

*(ਸਫਾ ਇਕ ਦੀ ਬਾਕੀ)*

ਲੈਣ ਲਈ ਤਿਆਰ ਨਹੀਂ ਹੋਣਗੇ।

ਗੌਰਤਲਬ ਹੈ ਕਿ ਡੈਮੋਕਰੈਟਿਕ ਸੈਨੇਟਰ ਡਿਆਨ ਫੇਨਸਟਨ ਗਨ ਕੰਟਰੋਲ ਸਬੰਧੀ ਵਿਸ਼ੇਸ਼ ਬਿੱਲ 3 ਜਨਵਰੀ ਨੂੰ ਸੈਨੇਟ ਵਿਚ ਪੇਸ਼ ਕਰ ਰਹੇ ਹਨ। ਇਸ ਬਿੱਲ ਵਿਚ ਘੱਟੋ-ਘੱਟ 100 ਮਿਲਟਰੀ ਸਟਾਈਲ ਸੈਮੀ-ਆਟੋਮੈਟਿਕ ਅਸਾਲਟ ਹਥਿਆਰਾਂ ਉਤੇ ਪਾਬੰਦੀ ਦੀ ਤਜਵੀਜ਼ ਹੈ। ਸ੍ਰੀ ਲਾਪੀਅਰ ਨੇ ਇਸ ਬਿੱਲ ਨੂੰ 'ਨਿਰਾ ਆਡੰਬਰ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਸ ਬਿੱਲ ਦੀ ਉੱਕਾ ਹੀ ਕੋਈ ਸਪੋਰਟ ਨਹੀਂ ਕਰਨਗੇ।

ਚੇਤੇ ਰਹੇ ਕਿ ਸੈਂਡੀ ਹੁੱਕ ਸਕੂਲ ਵਿਚ ਵਾਰਦਾਤ ਤੋਂ ਬਾਅਦ ਅਮਰੀਕਾ ਵਿਚ ਗਨ ਕੰਟਰੋਲ ਬਾਰੇ ਬਹਿਸ ਵੱਡੀ ਪੱਧਰ ਉਤੇ ਛਿੜ ਪਈ ਸੀ। ਪਬਲਿਕ ਅਤੇ ਮੀਡੀਆ ਨੇ ਅਜਿਹਾ ਕੋਈ ਕਾਨੂੰਨ ਬਣਾਉਣ ਬਾਰੇ ਆਵਾਜ਼ ਉਚੀ ਕੀਤੀ ਸੀ ਜਿਸ ਨਾਲ ਅਜਿਹੇ ਘਾਤਕ ਹਥਿਆਰਾਂ ਉਤੇ ਪਾਬੰਦੀ ਲੱਗ ਸਕੇ। ਰਾਸ਼ਟਰਪਤੀ ਬਰਾਕ ਓਬਾਮਾ ਨੇ ਪਹਿਲਾਂ ਪ੍ਰੈਸ ਕਾਨਫਰੰਸ ਦੌਰਾਨ ਅਤੇ ਫਿਰ ਸਕੂਲ ਵਿਚ ਹੋਏ ਸ਼ਰਧਾਂਜਲੀ ਸਮਾਗਮ ਵਿਚ ਕਿਹਾ ਸੀ ਕਿ ਉਹ ਹੁਣ ਇਸ ਮਾਮਲੇ 'ਤੇ ਠੋਸ ਕਾਰਵਾਈ ਕਰਨਗੇ ਅਤੇ ਉਨ੍ਹਾਂ ਉਪ ਰਾਸ਼ਟਰਪਤੀ ਦੀ ਅਗਵਾਈ ਵਿਚ ਬਾਕਾਇਦਾ ਟੀਮ ਬਣਾ ਕੇ ਇਸ ਬਾਰੇ ਚਾਰਾਜੋਈ ਅਰੰਭ ਵੀ ਕਰ ਦਿੱਤੀ ਸੀ।

**ਨਿਊ ਟਾਊਨ ਵਿਚ ਕ੍ਰਿਸਮਸ ਮਨਾਈ:** ਗੋਲੀਕਾਂਡ ਨਾਲ ਝੰਬੇ ਇਸ ਕਸਬੇ ਦੇ ਲੋਕਾਂ ਨੇ ਰਲ-ਮਿਲ ਕੇ ਕ੍ਰਿਸਮਸ ਦਾ ਤਿਉਹਾਰ ਉਦਾਸੇ ਮਨਾਂ ਨਾਲ ਮਨਾਇਆ ਅਤੇ ਗੋਲੀਕਾਂਡ ਵਿਚ ਮਾਰੇ ਗਏ ਬੱਚਿਆਂ ਨੂੰ ਫੁੱਲ ਅਰਪਿਤ ਕੀਤੇ। ਸ਼ਰਧਾਂਜਲੀ ਵਾਲੀ ਥਾਂ ਉਤੇ ਟੈਡੀ ਬੀਅਰਾਂ ਅਤੇ ਫੁੱਲਾਂ ਦੇ ਢੇਰ ਲੱਗ ਗਏ। ਲੋਕਾਂ ਨੇ ਬੱਚਿਆਂ ਅਤੇ ਅਧਿਆਪਕਾਵਾਂ ਦੀ ਯਾਦ ਵਿਚ 26 ਮੋਮਬੱਤੀਆਂ ਜਗਾਈਆਂ।

## ਬਾਦਲ ਸਰਕਾਰ ਲਈ ਬਲਾਤਕਾਰ ਗੰਭੀਰ ਅਪਰਾਧ ਨਹੀਂ

**ਚੰਡੀਗੜ੍ਹ:** ਜਿਥੇ ਇਕ ਪਾਸੇ ਪੂਰਾ ਦੇਸ਼ ਬਲਾਤਕਾਰ ਵਰਗੇ ਗੰਭੀਰ ਅਪਰਾਧ ਖਿਲਾਫ ਇਕਜੁਟ ਹੋ ਕੇ ਆਵਾਜ਼ ਬੁਲੰਦ ਕਰ ਰਿਹਾ ਹੈ, ਉਥੇ ਪੰਜਾਬ ਸਰਕਾਰ ਬਲਾਤਕਾਰ ਨੂੰ ਗੰਭੀਰ ਅਪਰਾਧ ਮੰਨਣ ਨੂੰ ਤਿਆਰ ਨਹੀਂ। ਯਾਦ ਰਹੇ ਕਿ 8 ਅਗਸਤ, 2011 ਨੂੰ ਪੰਜਾਬ ਦੇ ਗ੍ਰਿਹ ਸਕੱਤਰ ਵੱਲੋਂ ਸਰਕੂਲਰ ਜਾਰੀ ਕੀਤਾ ਗਿਆ ਸੀ ਜਿਸ ਤਹਿਤ ਇਹ ਕਿਹਾ ਗਿਆ ਕਿ ਮਹਿਜ਼ ਬਲਾਤਕਾਰ ਗੰਭੀਰ ਅਪਰਾਧ ਨਹੀਂ ਹੈ। ਲਿਹਾਜ਼ਾ ਅਜਿਹੇ ਅਪਰਾਧੀ ਇਕ ਤੈਅ ਸਮੇਂ ਦੇ ਬਾਅਦ ਸਜ਼ਾ ਮੁਆਫੀ ਦੇ ਹੱਕਦਾਰ ਹਨ। ਬਲਾਤਕਾਰ ਦੇ ਦੋਸ਼ੀ ਨੂੰ ਘੱਟ ਤੋਂ ਘੱਟ ਛੇ ਸਾਲ ਦੀ ਸਜ਼ਾ ਦੇ ਬਾਅਦ ਮੁਆਫੀ ਦਿੱਤੀ ਜਾ ਸਕਦੀ ਹੈ। ਉਥੇ ਹੀ ਅਜਿਹੇ ਅਪਰਾਧੀ ਜੋ ਬਲਾਤਕਾਰ ਦੇ ਨਾਲ ਹੱਤਿਆ ਦੇ ਦੋਸ਼ੀ ਪਾਏ ਜਾ ਚੁੱਕੇ ਹਨ ਤੇ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ, ਉਹ ਵੀ ਨੌਂ ਸਾਲ ਦੀ ਜੇਲ ਦੇ ਬਾਅਦ ਸਜ਼ਾ ਮੁਆਫੀ ਦੇ ਹੱਕਦਾਰ ਹਨ। ਇਸ ਸਰਕੂਲਰ ਖਿਲਾਫ ਐਡਵੋਕੇਟ ਐਚ.ਸੀ. ਅਰੋੜਾ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਲੀਗਲ-ਕਮ-ਡਿਮਾਂਡ ਨੋਟਿਸ ਜਾਰੀ ਕਰਕੇ ਇਸ ਸਰਕੂਲਰ ਨੂੰ ਇਕ ਮਹੀਨੇ ਅੰਦਰ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਲੀਗਲ ਨੋਟਿਸ ਵਿਚ ਸਾਫ ਕਿਹਾ ਗਿਆ ਹੈ ਕਿ ਜੇਕਰ ਸਰਕਾਰ ਇਹ ਸਰਕੂਲਰ ਵਾਪਸ ਨਹੀਂ ਲੈਂਦੀ ਹੈ ਤਾਂ ਉਹ ਇਸ ਦੇ ਖਿਲਾਫ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਨਗੇ। ਇਕ ਪਾਸੇ ਪੂਰਾ ਦੇਸ਼ ਬਲਾਤਕਾਰ ਦੇ ਅਪਰਾਧੀਆਂ ਨੂੰ ਸਜ਼ਾ-ਏ-ਮੌਤ ਦੀ ਮੰਗ ਕਰ ਰਿਹਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਸਜ਼ਾ ਮੁਆਫੀ ਲਈ ਸਰਕੂਲਰ ਜਾਰੀ ਕਰ ਚੁੱਕੀ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ

ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਲਈ ਪਟੀਸ਼ਨ

**ਨਿਊ ਯਾਰਕ:** ਸਿੱਖਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਓਬਾਮਾ ਪ੍ਰਸ਼ਾਸਨ




ਕੋਲ ਪਟੀਸ਼ਨ ਦਾਖਲ ਕੀਤੀ ਹੈ ਤੇ ਅਪੀਲ ਕੀਤੀ ਹੈ ਕਿ ਭਾਰਤ ਵਿਚ ਸਾਲ 1984 ਦੇ ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਵਜੋਂ ਮਾਨਤਾ ਦਿੱਤੀ ਜਾਵੇ। ਜਥੇਬੰਦੀ ਦਾ ਕਹਿਣਾ ਹੈ ਕਿ ਇਹ ਸਿੱਖਾਂ ਖ਼ਿਲਾਫ਼ ਜਥੇਬੰਦਕ ਹਿੰਸਾ ਸੀ। ਇਸ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ 46 ਹਜ਼ਾਰ ਹਸਤਾਖਰਾਂ ਨਾਲ 'ਸਿੱਖ ਕਤਲੇਆਮ ਪਟੀਸ਼ਨ' ਆਪਣੇ ਤਰ੍ਹਾਂ ਦੀ ਪਹਿਲੀ ਅਜਿਹੀ ਪਟੀਸ਼ਨ ਹੈ ਜਿਸ ਨੂੰ ਓਬਾਮਾ ਪ੍ਰਸ਼ਾਸਨ ਕੋਲ ਦਾਖਲ ਕੀਤਾ ਗਿਆ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਉਹ ਅਗਲੇ ਸਾਲ ਫਰਵਰੀ ਮਹੀਨੇ ਵਿਚ ਪ੍ਰਤੀਨਿਧੀ ਸਭਾ ਦੇ 'ਕਾਸਟੀਚੂਟ ਵਰਕ ਵੀਕ' ਦੌਰਾਨ ਵਾਸ਼ਿੰਗਟਨ ਵਿਚ ਕੈਪਿਟਲ ਹਿੱਲ ਦੇ ਬਾਹਰ ਇਕੱਠ ਹੋਣਗੇ ਤੇ ਪਟੀਸ਼ਨ ਦੇ ਸਮਰਥਨ ਵਿਚ ਦਬਾਅ ਪਾਇਆ ਜਾਵੇਗਾ। ਸਿੱਖਸ ਫਾਰ ਜਸਟਿਸ ਨੂੰ ਉਮੀਦ ਹੈ ਕਿ ਅਮਰੀਕੀ ਦੇ ਵਿਦੇਸ਼ ਵਿਭਾਗ ਦਾ ਲੋਕਤੰਤਰ, ਮਨੁੱਖੀ ਅਧਿਕਾਰ ਤੇ ਲੇਬਰ ਬਿਓਰੋ ਉਨ੍ਹਾਂ ਦੀ ਪਟੀਸ਼ਨ ਨੂੰ ਪ੍ਰਵਾਨਗੀ ਦੇਵੇਗਾ।

ਜਥੇਬੰਦੀ ਦਾ ਕਹਿਣਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਮਨੁੱਖਤਾ ਖ਼ਿਲਾਫ਼ ਅਪਰਾਧਾਂ ਦੇ ਮਾਮਲੇ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਡੈਮੋਕਰੇਸੀ ਬਿਊਰੋ ਵੱਲੋਂ ਵਿਚਾਰੇ ਜਾਂਦੇ ਹਨ ਤੇ ਉਮੀਦ ਹੈ ਕਿ ਸਿੱਖ ਨਸਲਕੁਸ਼ੀ ਦੀ ਪਟੀਸ਼ਨ 'ਤੇ ਵਿਭਾਗ ਵੱਲੋਂ ਛੇਤੀ ਹੀ ਹੁੰਗਾਰਾ ਦਿੱਤਾ ਜਾਵੇਗਾ। ਇਸ ਵਿਚ ਤਿੰਨ ਸੌ ਪੰਨਿਆਂ ਦੀ ਰਿਪੋਰਟ ਵਿਚ ਸਬੂਤ ਵੀ ਦਿੱਤੇ ਗਏ ਹਨ ਕਿ ਭਾਰਤ ਦੇ 19 ਰਾਜਾਂ ਜਿੱਥੇ ਉਸ ਵੇਲੇ ਕਾਂਗਰਸ ਦੀਆਂ ਸਰਕਾਰਾਂ ਸਨ, ਵਿਚ ਸਿੱਖ ਭਾਈਚਾਰੇ ਦੇ ਮੈਂਬਰ ਵੱਡੇ ਪੱਧਰ 'ਤੇ ਮਾਰੇ ਗਏ ਸਨ। ਇਹ ਵੀ ਕਿਹਾ ਗਿਆ ਹੈ ਕਿ ਕਾਂਗਰਸ ਆਗੂਆਂ ਨੇ ਸਿੱਖ ਨਸਲਕੁਸ਼ੀ ਲਈ ਹੀ ਜਥੇਬੰਦਕ ਹਿੰਸਾ ਭੜਕਾਈ ਸੀ।

# ਸਿੱਖ ਧਰਮ ਦੀਆਂ ਦੁਰਲੱਭ ਨਿਸ਼ਾਨੀਆਂ ਬਾਰੇ ਪੁਸਤਕ

**ਨਵੀਂ ਦਿੱਲੀ:** ਸਿੱਖ ਹੁਣ ਆਪਣੇ ਧਰਮ ਨਾਲ ਸਬੰਧਤ ਦੁਰਲੱਭ ਪਵਿੱਤਰ ਯਾਦ ਨਿਸ਼ਾਨੀਆਂ ਦੇ ਦਰਸ਼ਨ ਕਰ ਸਕਣਗੇ ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਵਿੱਤਰ ਕੇਸ ਵੀ ਸ਼ਾਮਲ ਹਨ। ਇਹ ਪਵਿੱਤਰ ਵਸਤਾਂ ਚਿਰਾਂ ਤੋਂ ਆਮ ਜਨਤਾ ਤੇ ਵਿਦਵਾਨਾਂ ਤੋਂ ਦੂਰ ਰਹੀਆਂ ਹਨ।

ਅਜਿਹੀਆਂ 150 ਤੋਂ ਵੱਧ ਕੀਮਤੀ ਯਾਦ ਨਿਸ਼ਾਨੀਆਂ ਨੂੰ ਪਹਿਲੀ ਵਾਰ ਨਿੱਜੀ ਸੰਗ੍ਰਹਿ ਤੋਂ ਬਾਹਰ ਲਿਆਂਦਾ ਗਿਆ ਹੈ ਤਾਂ ਕਿ ਇਨ੍ਹਾਂ ਦਾ ਦਸਤਾਵੇਜ਼ੀਕਰਨ ਕੀਤਾ ਜਾ ਸਕੇ।

ਇਨ੍ਹਾਂ ਨੂੰ ਇਨ੍ਹਾਂ ਦੇ ਸੰਭਾਲਕਰਤਾਵਾਂ ਵਿਚੋਂ ਇਕ ਸਿਕੰਦਰ ਸਿੰਘ ਤੇ ਲੇਖਕ ਰੂਪਿੰਦਰ ਸਿੰਘ ਨੇ ਕਿਤਾਬ ਦੇ ਰੂਪ ਵਿਚ ਲੋਕਾਂ ਦੇ ਸਾਹਮਣੇ ਲਿਆਂਦਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ ਬੀਬੀ ਗੁਰਸ਼ਰਨ ਕੌਰ ਨੇ 204 ਸਫ਼ਿਆਂ ਦੀ ਇਹ ਕਿਤਾਬ ਰਿਲੀਜ਼ ਕੀਤੀ ਜਿਸ ਦਾ ਸਿਰਲੇਖ 'ਸਿੱਖ ਹੈਰੀਟੇਜ: ਇਥੋਜ਼ ਐਂਡ ਰੀਲਿਕਸ' ਹੈ। ਇਸ ਕਿਤਾਬ ਵਿਚ ਸਿੱਖ ਵਿਰਸੇ ਦਾ ਭੰਡਾਰ ਪੇਸ਼ ਕੀਤਾ ਗਿਆ ਹੈ। ਇਸ ਸੰਗ੍ਰਹਿ ਵਿਚ ਸਿਰਫ਼ ਹੱਥ ਲਿਖਤਾਂ ਹੀ ਨਹੀਂ ਸਗੋਂ ਗੁਰੂਆਂ ਵੱਲੋਂ ਵਰਤੀਆਂ ਵਸਤੂਆਂ ਵੀ ਸ਼ਾਮਲ ਹਨ। ਇਸ ਕੀਮਤੀ ਖਜ਼ਾਨੇ ਵਿਚ ਅਖਰੋਟ ਦੀ ਲੱਕੜ ਦਾ ਇਕ 'ਰਥ' ਵੀ ਸ਼ਾਮਲ ਸੀ ਜੋ ਕਸ਼ਮੀਰ ਦੇ ਮਿਸਤਰੀ ਨੇ ਗੁਰੂ ਅਰਜਨ ਦੇਵ ਨੂੰ ਭੇਟ ਕੀਤਾ ਸੀ। ਸ. ਸਿਕੰਦਰ ਸਿੰਘ ਨੇ ਦੱਸਿਆ ਕਿ ਇਹ ਰਥ ਗੁਰੂ ਅਰਜਨ ਦੇਵ ਨੂੰ ਭੇਟ ਕੀਤਾ ਗਿਆ ਸੀ ਜੋ ਪੀੜ੍ਹੀ-ਦਰ-ਪੀੜ੍ਹੀ ਉਨ੍ਹਾਂ ਦੇ ਸ਼ਰਧਾਲੂਆਂ ਨੇ ਸਾਂਭਿਆ ਹੋਇਆ ਹੈ। ਇਸ ਬਾਰੇ ਨਾਮੀ ਕਲਾ ਇਤਿਹਾਸਕਾਰ ਬੀਐਨ ਗੋਸਵਾਮੀ ਤੇ ਗੁਰਿੰਦਰ ਸਿੰਘ ਮਾਨ ਨੇ ਵੀ ਹਾਮੀ ਭਰੀ।

ਸ੍ਰੀ ਗੋਸਵਾਮੀ ਨੇ ਕਿਹਾ ਕਿ ਇਸ ਸੰਗ੍ਰਹਿ ਦੀ ਸਭ ਤੋਂ ਵੱਡੀ ਅਹਿਮੀਅਤ ਇਸ ਦੀ ਪ੍ਰਮਾਣਕਤਾ ਹੈ। ਲੇਖਕਾਂ ਨੇ ਇਸ ਗੱਲ ਵੱਲ ਵੀ ਧਿਆਨ ਖਿੱਚਿਆ ਹੈ ਕਿ ਇਹ ਵਸਤਾਂ ਕਿਵੇਂ ਸਾਲਾਂਬੱਧੀ ਲੁਕੋ ਕੇ ਰੱਖੀਆਂ ਗਈਆਂ ਹਨ। ਕਿਤਾਬ ਵਿੱਚ ਪੇਸ਼ ਹਰੇਕ ਦਸਤਾਵੇਜ਼ ਦੀ ਇਤਿਹਾਸਕ ਮਹੱਤਤਾ ਹੈ। ਗੁਰੂ ਗੋਬਿੰਦ ਸਿੰਘ ਦੇ ਕੇਸਾਂ ਦੇ ਗੁੱਛੇ ਤੇ ਕੰਘੇ ਦੀ ਕਹਾਣੀ ਉਨ੍ਹਾਂ ਦੇ ਇਕ ਸ਼ਰਧਾਲੂ ਸਈਦ ਪਠਾਣ ਨਾਲ ਜਾ ਜੁੜਦੀ ਹੈ ਜਿਸ ਨੇ ਉਨ੍ਹਾਂ ਦੀ ਜੰਗ ਵਿੱਚ ਮਦਦ ਕੀਤੀ ਸੀ। ਇਹ ਕਿਤਾਬ ਪੂਰੀ ਕਰਨ ਵਿਚ ਪੰਜ ਸਾਲ ਲੱਗੇ।

# ਇੰਟਰਨੈਸ਼ਨਲ ਨਾਮਧਾਰੀ ਸੰਗਤ ਨੇ ਮਾਤਾ ਚੰਦ ਕੌਰ ਨੂੰ ਐਲਾਨਿਆ ਸਤਿਗੁਰੂ

**ਲੁਧਿਆਣਾ:** ਇੰਟਰਨੈਸ਼ਨਲ ਨਾਮਧਾਰੀ ਸੰਗਤ ਨੇ ਨਾਮਧਾਰੀ ਸੰਪਰਦਾ ਦੇ ਨਵੇਂ ਮੁਖੀ ਸਤਿਗੁਰੂ ਉਦੈ ਸਿੰਘ ਦੀ ਨਿਯੁਕਤੀ ਨੂੰ ਰੱਦ ਕਰਦਿਆਂ ਐਲਾਨ ਕੀਤਾ ਹੈ ਕਿ ਨਾਮਧਾਰੀ ਸੰਗਤ ਨੇ ਜਗਤ ਮਾਤਾ ਚੰਦ ਕੌਰ ਨੂੰ ਨਾਮਧਾਰੀ ਸੰਪਰਦਾ ਦਾ ਨਵਾਂ ਸਤਿਗੁਰੂ ਨਿਯੁਕਤ ਕੀਤਾ ਹੈ। ਨਾਮਧਾਰੀ ਸੰਗਤ ਦੇ ਚੇਅਰਮੈਨ ਜਸਵਿੰਦਰ ਸਿੰਘ ਤੇ ਪ੍ਰਧਾਨ ਨਵਤੇਜ ਸਿੰਘ ਨੇ ਕਿਹਾ ਕਿ ਮਾਤਾ ਚੰਦ ਕੌਰ ਦੀ ਨਿਯੁਕਤੀ ਸਿਰਸਾ ਵਿਖੇ ਨਾਮਧਾਰੀ ਸੰਗਤ ਦੇ ਇਕੱਠ ਵਿਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ.ਐਸ. ਹੰਸਪਾਲ ਦੇ ਇਸ ਬਿਆਨ ਵਿਚ ਉਕਾ ਸਚਾਈ ਨਹੀਂ ਹੈ ਕਿ ਔਰਤ ਕਦੇ ਵੀ ਸਤਿਗੁਰੂ ਨਹੀਂ ਬਣ ਸਕਦੀ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿਚ ਔਰਤ ਨੂੰ ਉੱਤਮ ਦਰਜਾ ਦਿੱਤਾ ਗਿਆ ਹੈ ਤੇ ਸ. ਹੰਸਪਾਲ ਗਲਤ ਬਿਆਨਬਾਜ਼ੀ ਕਰਕੇ ਸਮਾਜ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਠਾਕੁਰ ਦਲੀਪ ਸਿੰਘ ਨੇ ਕਦੇ ਵੀ ਸਤਿਗੁਰੂ ਬਣਨ ਦਾ ਦਾਅਵਾ ਨਹੀਂ ਕੀਤਾ ਤੇ ਨਾ ਹੀ ਇਹ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਹੰਸਪਾਲ ਵੱਲੋਂ ਆਪਣੇ ਨਿੱਜੀ ਹਿਤਾਂ ਲਈ ਠਾਕੁਰ ਉਦੈ ਸਿੰਘ ਨੂੰ ਸਤਿਗੁਰੂ ਬਣਾਇਆ ਜਾ ਰਿਹਾ ਹੈ ਜਦਕਿ ਨਾਮਧਾਰੀ ਸਮਾਜ ਉਨ੍ਹਾਂ ਨੂੰ ਵਿਰੋਧਤਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਤਾ ਚੰਦ ਕੌਰ ਨੇ ਸਤਿਗੁਰੂ ਜਗਜੀਤ ਸਿੰਘ ਨਾਲ ਮਿਲ ਕੇ ਨਾਮ ਸਿਮਰਨ ਤੇ ਬੰਦਗੀ ਕੀਤੀ ਹੈ। ਇਸ ਲਈ ਸੰਗਤਾਂ ਉਨ੍ਹਾਂ ਨੂੰ ਸਤਿਗੁਰੂ ਮੰਨਦੀਆਂ ਹਨ। ਉਨ੍ਹਾਂ ਸ. ਹੰਸਪਾਲ ਨੂੰ ਅਪੀਲ ਕੀਤੀ ਕਿ ਉਹ ਨਾਮਧਾਰੀ ਸਮਾਜ ਵਿਚ ਫੁੱਟ ਦੇ ਬੀਜ ਬੀਜਣ ਦੀ ਥਾਂ ਸਤਿਗੁਰੂ ਮਾਤਾ ਚੰਦ ਕੌਰ ਦੀ ਸ਼ਰਨ ਵਿਚ ਆਉਣ।

*Visit us on the web:*
**punjabtimesusa.com**

# ਭਾਰਤੀ ਡਿਵੈਲਪਰ ਲਿਆਉਣਗੇ ਅਮਰੀਕਾ ਵਿਚ ਕ੍ਰਾਂਤੀ

**ਵਾਸ਼ਿੰਗਟਨ:** ਇਕ ਭਾਰਤੀ-ਅਮਰੀਕੀ ਆਰਕੀਟੈਕਟ ਦੀ ਅਗਵਾਈ ਵਾਲੇ ਅਮਰੀਕੀ ਡਿਜ਼ਾਈਨ ਕਨਸੋਰਸ਼ੀਅਮ ਵੱਲੋਂ ਬਣੇ-ਬਣਾਏ ਘਰਾਂ ਵਾਲੇ ਰਿਹਾਇਸ਼ੀ ਪ੍ਰਾਜੈਕਟਾਂ ਲਈ ਤਿੰਨ ਪ੍ਰਮੁੱਖ ਭਾਰਤੀ ਡਿਵੈਲਪਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਕਿ ਘਰਾਂ ਦੇ ਨਿਰਮਾਣ ਲਈ ਲਾਗਤ ਤੇ ਸਮਾਂ ਘਟਾਇਆ ਜਾ ਸਕੇ।

ਲਾਸ ਏਂਜਲਸ ਡਿਜ਼ਾਈਨ ਕਨਸੋਰਸ਼ੀਅਮ ਦੇ ਮੁਖੀ ਹਰਸ਼ਦ ਆਰ. ਪਟੇਲ ਨੇ ਦੱਸਿਆ ਕਿ ਇਸ ਵੇਲੇ ਅਨੁਮਾਨ ਮੁਤਾਬਕ ਭਾਰਤ ਨੂੰ 1.2 ਕਰੋੜ ਘੱਟ ਲਾਗਤ ਵਾਲੇ ਘਰਾਂ ਦੀ ਲੋੜ ਹੈ। ਇਹ 400 ਵਰਗ ਫੁੱਟ ਤੇ ਇਸ ਤੋਂ ਬੁਨਿਆਦੀ ਘੱਟੋ-ਘੱਟ ਰਿਹਾਇਸ਼ ਮੁਹੱਈਆ ਕਰਾਉਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੀਫੈਬਰੀਕੇਟਿਡ ਪ੍ਰਾਜੈਕਟਾਂ ਲਈ ਡਿਜ਼ਾਈਨ ਤੇ ਉਸਾਰੀ ਸਬੰਧੀ ਉਹ ਤਿੰਨ ਪ੍ਰਮੁੱਖ ਭਾਰਤੀ ਡਿਵੈਲਪਰਾਂ ਨਾਲ ਗੱਲਬਾਤ ਕਰ ਰਹੇ ਹਨ।


**Short Sale Specialist**

**Selling HUD homes anywhere in California**



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707





# ਬੱਚੀਆਂ ਨਾਲ ਵਧੀਕੀ



## ਦਿੱਲੀ ਦੀ ਘਟਨਾ ਨੇ ਦਿੱਲੀ ਹਿਲਾਈ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਵਿਚ ਸਮੂਹਿਕ ਬਲਾਤਕਾਰ ਦੀ ਘਟਨਾ ਨੇ ਦੇਸ਼ ਦੇ ਹਰ ਗੈਰਤਮੰਦ ਬੰਦੇ ਨੂੰ ਧੁਰ ਅੰਦਰ ਤੱਕ ਝੰਜੋੜਿਆ ਤੇ ਦੇਸ਼ ਭਰ ਵਿਚ ਲੋਕ ਸੜਕਾਂ ‘ਤੇ ਉੱਤਰ ਆਏ। ਇਹ ਪਹਿਲੀ ਵਾਰ ਹੈ ਕਿ ਬਲਾਤਕਾਰ ਦਾ ਸ਼ਿਕਾਰ 23 ਸਾਲਾ ਮੁਟਿਆਰ ਨੂੰ ਇਨਸਾਫ ਦਿਵਾਉਣ ਲਈ ਪੂਰੇ ਦੇਸ਼ ਵਿਚ ਜ਼ੋਰਦਾਰ ਮੁਜ਼ਾਹਰੇ ਹੋਏ। ਇਨ੍ਹਾਂ ਮੁਜ਼ਾਹਰਿਆਂ ਵਿਚ ਬਹੁਤੇ ਵਿਦਿਆਰਥੀ, ਨੌਜਵਾਨ ਤੇ ਮੁਟਿਆਰਾਂ ਸ਼ਾਮਲ ਹੋਈਆਂ ਜਿਨ੍ਹਾਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ਜ਼ਿਕਰਯੋਗ ਹੈ ਕਿ ਆਪਣੇ ਦੋਸਤ ਨਾਲ ਸਫਰ ਕਰ ਰਹੀ ਪੈਰਾ ਮੈਡੀਕਲ ਦੀ 23 ਸਾਲਾ ਵਿਦਿਆਰਥਣ ਨਾਲ ਕੁਝ ਵਿਅਕਤੀਆਂ ਨੇ ਚੱਲਦੀ ਬੱਸ ਵਿਚ ਜਬਰ ਜਨਾਹ ਕੀਤਾ ਤੇ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਉਸ ਨੂੰ ਵਾਹਨ ਵਿਚੋਂ ਬਾਹਰ ਸੁੱਟ ਦਿੱਤਾ। ਉਤਰਾਖੰਡ ਨਾਲ ਸਬੰਧਤ ਇਸ ਵਿਦਿਆਰਥਣ ਦੀ ਹਾਲਤ ਗੰਭੀਰ ਹੈ ਤੇ ਉਸ ਦਾ ਸਫਦਰਗੰਜ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਪੁਲਿਸ ਅਨੁਸਾਰ ਪੀੜਤਾ ਦੇ ਸਾਥੀ ਦੀ ਵੀ ਮੁਲਜ਼ਮਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ।



ਜ਼ਿਕਰਯੋਗ ਹੈ ਕਿ ਇਹ ਵਿਦਿਆਰਥਣ ਆਪਣੇ ਸਾਥੀ ਜੋ ਇੰਜਨੀਅਰ ਹੈ ਤੇ ਨੌਕਰੀ ਕਰਦਾ ਹੈ, ਨਾਲ ਰਾਤ ਤਕਰੀਬਨ 10 ਵਜੇ ਦੱਖਣੀ ਦਿੱਲੀ ਦੇ ਮੁਨੀਰਕਾ ਖੇਤਰ ਤੋਂ ਦਵਾਰਕਾ ਜਾਣ ਲਈ ਵ੍ਹਾਈਟ ਲਾਈਨ ਬੱਸ ਵਿਚ ਸਵਾਰ ਹੋਈ। ਸਫਰ ਦੌਰਾਨ ਵਿਦਿਆਰਥਣ ਨਾਲ ਚਾਰ ਵਿਅਕਤੀਆਂ ਨੇ ਜ਼ਬਰਦਸਤੀ ਕੀਤੀ ਤੇ ਜਦੋਂ ਉਸ ਨੇ ਵਿਰੋਧ ਕਰਨਾ ਚਾਹਿਆ ਤਾਂ ਉਸ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਨੇ ਉਸ ਦੇ ਸਾਥੀ ਨੂੰ ਕੁੱਟਿਆ ਤੇ ਫਿਰ ਦੋਹਾਂ ਨੂੰ ਮਹੀਪਾਲਪੁਰ ਫਲਾਈਓਵਰ ਨੇੜੇ ਬੱਸ ਵਿਚੋਂ ਬਾਹਰ ਸੁੱਟ ਦਿੱਤਾ। ਦੇਹਰਾਦੂਨ ਦੇ ਕਾਲਜ ਦੀ ਇਹ ਵਿਦਿਆਰਥਣ ਇੰਟਰਨਸ਼ਿਪ ਲਈ ਦਿੱਲੀ ਆਈ ਹੋਈ ਸੀ। ਜਬਰ ਜਨਾਹ ਦੀ ਸ਼ਿਕਾਰ ਲੜਕੀ ‘ਤੇ ਮੁਲਜ਼ਮਾਂ ਨੇ ਇੰਨਾ ਕਹਿਰ ਢਾਹਿਆ ਕਿ ਉਸ ਦੀ ਪੰਜ ਵਾਰ ਸਰਜਰੀ ਕੀਤੀ ਗਈ। ਡਾਕਟਰਾਂ ਦਾ ਕਹਿਣਾ ਹੈ ਕਿ ਉਹ ਬਹੁਤ ਬਹਾਦਰ ਲੜਕੀ ਹੈ। ਉਸ ਦੀ ਹਾਲਤ ਬੇਹੱਦ ਵਿਗੜੀ ਹੋਈ ਹੈ ਪਰ ਉਸ ਵਿਚ ਜਿਊਣ ਦਾ ਜਜ਼ਬਾ ਕਾਇਮ ਹੈ। ਉਸ ਦੀ ਇਕ ਅੰਤੜੀ ਨੂੰ ਕੱਢਣਾ ਪਿਆ ਹੈ ਕਿਉਂਕਿ ਉਹ ਬੁਰੀ ਤਰ੍ਹਾਂ ਨੁਕਸਾਨੀ ਗਈ ਸੀ। ਡਾਕਟਰਾਂ ਦਾ ਕਹਿਣ ਹੈ ਕਿ ਉਸ ਦੀ ਹਾਲਤ ਸਥਿਰ ਹੈ ਤੇ ਉਹ ਹੋਸ਼ ਵਿਚ ਹੈ।

## ਕਾਨੂੰਨ ਦਾ ਨਿਕਲਿਆ ਜਨਾਜ਼ਾ

**ਨਵੀਂ ਦਿੱਲੀ:** ਦਿੱਲੀ ਵਿਚ ਵਾਪਰੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਦੇ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਬਿਹਾਰ ਵਿਚ ਅੱਠ ਸਾਲ ਪਹਿਲਾਂ ਅਜਿਹੇ ਹੀ ਇਕ ਮਾਮਲੇ ਵਿਚ ਫਾਂਸੀ ਦੀ ਸਜ਼ਾ ਦਿੱਤੇ ਜਾਣ ਦੇ ਬਾਵਜੂਦ ਅਜੇ ਤੱਕ ਉਸ ‘ਤੇ ਅਮਲ ਨਹੀਂ ਕੀਤਾ ਗਿਆ। ਬਿਹਾਰ ਦੇ ਦਰਭੰਗਾ ਜ਼ਿਲ੍ਹੇ ਦੇ ਮਨੀਗਾਛੀ ਥਾਣਾ ਖੇਤਰ ਦੇ ਕਠਰਾ ਪਿੰਡ ਦੀ ਸੱਤ ਸਾਲਾ ਲੜਕੀ ਨਾਲ ਉਸ ਦੇ ਘਰ ਵਿਚ ਰਾਜ ਮਿਸਤਰੀ ਦਾ ਕੰਮ ਕਰਨ ਵਾਲੇ ਮੁਹੰਮਦ ਮੰਨਾਨ ਉਰਫ ਅਬਦੁਲ ਮੰਨਾਨ ਨੇ 18 ਫਰਵਰੀ, 2004 ਨੂੰ ਬਲਾਤਕਾਰ ਕਰਨ ਤੋਂ ਬਾਅਦ ਉਸ ਦੀ ਦਰਦਨਾਕ ਹੱਤਿਆ ਕਰ ਦਿੱਤੀ ਸੀ। ਘਟਨਾ ਦੇ ਅਗਲੇ ਦਿਨ ਲੜਕੀ ਦੀ ਲਾਸ਼ ਪਿੰਡ ਵਿਚ ਹੀ ਗੰਨੇ ਦੇ ਖੇਤ ਤੋਂ ਬਰਾਮਦ ਕੀਤੀ ਗਈ ਸੀ। ਮ੍ਰਿਤਕਾ ਦੇ ਚਾਚਾ ਸ਼ਰਵਨ ਕੁਮਾਰ ਨੇ ਇਸ ਸਿਲਸਿਲੇ ਵਿਚ ਮਨੀਗਾਛੀ ਥਾਣਾ ਵਿਚ ਮੰਨਾਨ ਖਿਲਾਫ ਇਕ ਮਾਮਲਾ ਦਰਜ ਕਰਾਇਆ ਸੀ। ਇਸ ਤੋਂ ਬਾਅਦ ਪੁਲਿਸ ਨੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਸੀ। ਮਾਮਲੇ ਦੀ ਸੁਣਵਾਈ ਦੌਰਾਨ ਦੋਸ਼ੀ ਨੇ ਬਲਾਤਕਾਰ ਕੀਤੇ ਜਾਣ ਤੋਂ ਇਲਾਵਾ ਇਸ ਤੋਂ ਪਹਿਲਾਂ ਵੀ 4-5 ਲੜਕੀਆਂ ਨਾਲ ਬਲਾਤਕਾਰ ਕੀਤੇ ਜਾਣ ਦੀ ਗੱਲ ਕਬੂਲੀ ਸੀ। ਇਸ ‘ਤੇ ਅਦਾਲਤ ਨੇ ਉਸ ਨੂੰ 29 ਮਈ, 2007 ਨੂੰ ਫਾਂਸੀ ਸੁਣਾਈ ਸੀ। ਅਦਾਲਤ ਤੋਂ ਮਿਲੀ ਸਜ਼ਾ ਖਿਲਾਫ ਮੰਨਾਨ ਨੇ ਪਟਨਾ ਹਾਈ ਕੋਰਟ ਦਾ ਦਰਵਾਜ਼ਾ ਖੜਖੜਾਇਆ ਸੀ ਪਰ ਇਥੋਂ ਵੀ ਉਸ ਦੇ ਹੱਥ ਮਾਯੂਸੀ ਲੱਗੀ। ਪਟਨਾ ਹਾਈ ਕੋਰਟ ਨੇ ਵੀ 19 ਅਗਸਤ, 2008 ਦੇ ਆਪਣੇ ਫੈਸਲੇ ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਇਸ ਤੋਂ ਬਾਅਦ ਦੋਸ਼ੀ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਪਰ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਵੀ ਇਸ ਅਪਰਾਧ ਨੂੰ ਨਾ-ਮਾਫੀਯੋਗ ਮੰਨਦੇ ਹੋਏ ਸਜ਼ਾ ਬਰਕਰਾਰ ਰੱਖੀ। ਸੁਪਰੀਮ ਕੋਰਟ ਦੇ ਫੈਸਲੇ ਤੋਂ ਕਰੀਬ 20 ਮਹੀਨੇ ਬਾਅਦ ਵੀ ਅਜੇ ਤੱਕ ਦੋਸ਼ੀ ਨੂੰ ਫਾਂਸੀ ਨਹੀਂ ਦਿੱਤੀ ਗਈ।

## ਹਫਤੇ ਬਾਅਦ ਬੋਲੇ ਮਨਮੋਹਨ ਸਿੰਘ



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜਬਰ ਜਨਾਹ ਦੀ ਘਟਨਾ ਤੋਂ ਅੱਠ ਦਿਨ ਬਾਅਦ ਕੁਝ ਬੋਲੇ ਅਤੇ ਪੀੜਤ ਕੁੜੀ ਨੂੰ ਨਿਆਂ ਦਾ ਭਰੋਸਾ ਦਿਵਾਇਆ। ਉਨ੍ਹਾਂ ਲੋਕਾਂ ਵੱਲੋਂ ਜ਼ਾਹਿਰ ਕੀਤੇ ਜਾ ਰਹੇ ਗੁੱਸੇ ਨੂੰ 'ਜਾਇਜ਼' ਕਰਾਰ ਦਿੱਤਾ। ਉਂਜ, ਇੰਨਾ ਪਛੜ ਕੇ ਬੋਲਣ ਕਰ ਕੇ ਸਾਰਿਆਂ ਨੇ ਪ੍ਰਧਾਨ ਮੰਤਰੀ ਦੀ ਦੁਰ-ਦੁਰ ਕੀਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਮਾਮਲਿਆਂ ਬਾਰੇ ਤਾਂ ਉਹ ਚੁੱਪ ਹੋ ਹੀ ਜਾਂਦੇ ਹਨ, ਪਰ ਇਸ ਮਾਮਲੇ ’ਤੇ ਤਾਂ ਉਨ੍ਹਾਂ ਨੂੰ ਦੇਰ ਨਹੀਂ ਸੀ ਕਰਨੀ ਚਾਹੀਦੀ।

## ਦਲੇਰ ਬੱਚੀ

**ਨਵੀਂ ਦਿੱਲੀ:** ਪੀੜਤਾ ਭਾਵੇਂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ ਪਰ ਉਸ ਨੇ ਇਸ ਘਟਨਾ ਬਾਰੇ ਨਿਡਰਤਾ ਨਾਲ ਨਿੱਗਰ ਬਿਆਨ ਦਿੱਤਾ ਹੈ। ਉਹ ਚਾਹੁੰਦੀ ਹੈ ਕਿ ਉਸ ਨਾਲ ਛੇਤੀ ਇਨਸਾਫ ਹੋਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ। ਸਫਦਰਜੰਗ ਹਸਪਤਾਲ ਦੇ ਇਨਟੈਂਸਿਵ ਕੇਅਰ ਯੂਨਿਟ ਵਿਚ ਦਾਖਲ ਪੀੜਤਾ ਨੇ ਸਬ ਡਿਵੀਜ਼ਨ ਮੈਜਿਸਟਰੇਟ ਅੱਗੇ ਆਪਣਾ ਬਿਆਨ ਦਰਜ ਕਰਵਾਇਆ। ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਲੜਕੀ ਦਾ ਬਿਆਨ ਆਪਣੇ ਪੁਰਸ਼ ਦੋਸਤ ਦੇ ਬਿਆਨਾਂ ਨਾਲ ਮੇਲ ਖਾਂਦਾ ਹੈ ਜਿਸ ਨੂੰ ਹਮਲਾਵਰਾਂ ਨੇ ਚੱਲਦੀ ਬੱਸ ਵਿਚ ਬੁਰੀ ਤਰ੍ਹਾਂ ਕੁੱਟਿਆ ਸੀ।

## ਮੁਲਜ਼ਮਾਂ ਨੇ ਫਾਂਸੀ ਮੰਗੀ

**ਨਵੀਂ ਦਿੱਲੀ:** ਦਿੱਲੀ ਦੇ ਸਮੂਹਿਕ ਬਲਾਤਕਾਰ ਕੇਸ ਦੇ ਛੇ ਮੁਲਜ਼ਮਾਂ ਵਿਚੋਂ ਦੋ ਨੇ ਅਦਾਲਤ ਨੂੰ ਦੱਸਿਆ ਕਿ ਇਹ ਘਿਨਾਉਣਾ ਕੰਮ ਉਨ੍ਹਾਂ ਨੇ ਹੀ ਕੀਤਾ ਸੀ ਜਿਸ ਕਰਕੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਉਧਰ, ਸਾਕੇਤ ਜ਼ਿਲ੍ਹੇ ਵਿਚ ਵਕੀਲਾਂ ਦੀ ਜਥੇਬੰਦੀ ਨੇ ਮਤਾ ਪਾਸ ਕੀਤਾ ਕਿ ਕੋਈ ਵੀ ਵਕੀਲ ਇਸ ਕੇਸ ਦੇ ਕਿਸੇ ਵੀ ਮੁਲਜ਼ਮ ਦੀ ਵਕਾਲਤ ਨਾ ਕਰਨ ਕਿਉਂਕਿ ਉਨ੍ਹਾਂ ਅਣ-ਮਨੁੱਖੀ ਤੇ ਵਹਿਸ਼ੀਆਨਾ ਕਾਰਾ ਕੀਤਾ ਹੈ। ਮੁਲਜ਼ਮ ਪਵਨ ਗੁਪਤਾ, ਵਿਨੈ ਤੇ ਰਾਮ ਸਿੰਘ ਨੂੰ 6 ਜਨਵਰੀ ਤੱਕ ਤਿਹਾੜ ਜੇਲ੍ਹ ਭੇਜ ਦਿੱਤਾ।

## ਕਾਨੂੰਨੀ ਦਾਅ-ਪੇਚਾਂ ਦਾ ਪੁੱਠਾ ਗੇੜਾ

ਜਿਥੇ ਪੀੜਤਾਂ ਇਨਸਾਫ ਲਈ ਦਰ-ਦਰ ਭਟਕਦੀਆਂ ਤੇ ਉੱਚ ਅਧਿਕਾਰੀਆਂ ਸਾਹਮਣੇ ਤਰਲੇ ਪਾਉਂਦੀਆਂ ਰਹਿ ਜਾਂਦੀਆਂ ਹਨ, ਉਥੇ ਹੀ ਅਪਰਾਧੀ ਲਚਕਦਾਰ ਕਾਨੂੰਨੀ ਪ੍ਰਕਿਰਿਆ ਦਾ ਸਹਾਰਾ ਲੈ ਕੇ ਦਾਅ-ਪੇਚ ਖੇਡਦਿਆਂ ਕਾਨੂੰਨ ਦੀਆਂ ਅੱਖਾਂ ਵਿਚ ਧੂੜ ਪਾ ਕੇ ਬਚ ਨਿਕਲਣ ਵਿਚ ਸਫਲ ਹੋ ਜਾਂਦੇ ਹਨ।

ਲਚਕਦਾਰ ਕਾਨੂੰਨੀ ਪ੍ਰਕਿਰਿਆ ਤੇ ਸਖ਼ਤ ਸਜ਼ਾ ਦੀ ਕਮੀ ਹੀ ਬਲਾਤਕਾਰੀਆਂ ਨੂੰ ਸ਼ਹਿ ਦੇਣ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ ਜਿਸ ਦੀ ਭੇਟ ਅਨੇਕਾਂ ਮਾਸੂਮ ਜ਼ਿੰਦਗੀਆਂ ਚੜ੍ਹਦੀਆਂ ਹਨ।

## ਜਬਰ ਜਨਾਹ ਦੇ ਕੇਸ ਰਾਕੇਟ ਦੀ ਰਫਤਾਰ ਨਾਲ ਵਧੇ

**ਚੰਡੀਗੜ੍ਹ:** ਦੇਸ਼ ਵਿਚ ਬਲਾਤਕਾਰ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਅੰਕੜਿਆਂ ਅਨੁਸਾਰ ਭਾਰਤ ਵਿਚ ਸਾਲ 2003 ਵਿਚ ਆਈਪੀਸੀ ਤਹਿਤ ਬਲਾਤਕਾਰ ਦੇ 15,847 ਮਾਮਲੇ ਸਾਹਮਣੇ ਆਏ, ਜਦਕਿ ਇਹ ਗਿਣਤੀ ਸਾਲ 2004 ਵਿਚ ਵਧ ਕੇ 18,233 ਤਕ ਪਹੁੰਚ ਗਈ। ਸਾਲ 2005 ਵਿਚ 18,359 ਬਲਾਤਕਾਰ ਦੀਆਂ ਪੀੜਤਾਂ ਨੇ ਇਨਸਾਫ ਪ੍ਰਾਪਤੀ ਲਈ ਗੁਹਾਰ ਲਾਈ ਜਦੋਂਕਿ ਸਾਲ 2006 ਵਿਚ ਇਹ ਅੰਕੜਾ ਵਧ ਕੇ 19,348 ਤਕ ਜਾ ਪਹੁੰਚਿਆ। ਸਾਲ 2007 ਵਿਚ 20,737 ਮਾਸੂਮ ਹਵਸ ਦੇ ਭੇੜੀਆਂ ਹੱਥੋਂ ਆਪਣੀ ਇੱਜ਼ਤ ਗੁਆ ਬੈਠੀਆਂ ਜਦੋਂਕਿ ਸਾਲ 2008 ਵਿਚ ਇਹ ਅੰਕੜਾ 22,000 ਤੋਂ ਵੀ ਉੱਪਰ ਜਾ ਪਹੁੰਚਿਆ। ਬਲਾਤਕਾਰ ਦੇ ਮਾਮਲੇ ਦੇ ਕਾਨੂੰਨ ਵਿਚ ਤੁਰੰਤ ਸਜ਼ਾ ਦੇਣ ਦੀ ਵਿਵਸਥਾ ਨਾ ਹੋਣਾ ਬਲਾਤਕਾਰ ਪੀੜਤਾਂ ਲਈ ਸਰਾਪ ਸਾਬਤ ਹੋ ਰਿਹਾ ਹੈ। ਅਜੇ ਕੁਝ ਮਹੀਨੇ ਪਹਿਲਾਂ ਹੀ 25 ਸਾਲ ਪਹਿਲਾਂ ਦਰਜ ਹੋਏ ਬਲਾਤਕਾਰ ਮਾਮਲੇ ਵਿਚ ਬਲਾਤਕਾਰੀ ਨੂੰ ਸਜ਼ਾ ਸੁਣਾਈ ਗਈ ਜੋ ਲਚਕਦਾਰ ਕਾਨੂੰਨੀ ਪ੍ਰਕਿਰਿਆ ਦਾ ਹੀ ਉਦਾਹਰਣ ਹੈ। 25 ਸਾਲਾਂ ਬਾਅਦ ਅਦਾਲਤ ਨੇ ਦੋਸ਼ੀ ਨੂੰ 11 ਸਾਲਾਂ ਦੀ ਕੈਦ ਤੇ ਕੁਝ ਲੱਖ ਰੁਪਏ ਜੁਰਮਾਨਾ ਕਰਦਿਆਂ ਪੀੜਤਾ ਦੇ ਜ਼ਖਮਾਂ ‘ਤੇ ਨਮਕ ਛਿੜਕਣ ਦਾ ਹੀ ਕੰਮ ਕੀਤਾ ਜਦੋਂਕਿ ਬਲਾਤਕਾਰ ਦੇ ਦੋਸ਼ੀ ਲਈ ਸਜ਼ਾ-ਏ-ਮੌਤ ਵੀ ਘੱਟ ਹੈ। ਹੈਰਾਨੀ ਦੀ ਗੱਲ ਤਾਂ ਹੈ ਕਿ ਅਜਿਹੇ ਕੇਸਾਂ ਵਿਚ ਦੋਸ਼ੀਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਦੀ ਦਰ ਨਾ-ਮਾਤਰ ਹੀ ਹੈ। 2009 ਤੋਂ 2011 ਤੱਕ ਦੇਸ਼ ਵਿਚ 70 ਹਜ਼ਾਰ ਦੇ ਕਰੀਬ ਬਲਾਤਕਾਰ ਦੇ ਮਾਮਲੇ ਦਰਜ ਹੋਏ ਹਨ। ਇਨ੍ਹਾਂ ਵਿਚੋਂ ਸਜ਼ਾ ਸਿਰਫ 26 ਫੀਸਦੀ ਲੋਕਾਂ ਨੂੰ ਮਿਲੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਕੋਲ 2012 ਦਾ ਅਜਿਹਾ ਕੋਈ ਅੰਕੜਾ ਨਹੀਂ ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਦੇਸ਼ ਵਿਚ ਕਿੰਨੀਆਂ ਔਰਤਾਂ ਆਪਣੀ ਪੱਤ ਗੁਆ ਚੁੱਕੀਆਂ ਹਨ।ਉਂਜ ਇਹ ਅੰਕੜੇ ਵੀ ਸਚਾਈ ਤੋਂ ਕੋਹਾਂ ਦੂਰ ਹਨ ਕਿਉਂਕਿ ਪੇਂਡੂ ਸਮਾਜ ਵਿਚ ਅਜਿਹੇ ਕੇਸਾਂ ਨੂੰ ਪੁਲਿਸ ਕੋਲ ਜਾਣ ਹੀ ਨਹੀਂ ਦਿੱਤਾ ਜਾਂਦਾ ਤੇ ਪੰਚਾਇਤਾਂ ਵਿਚ ਹੀ ਨਿਬੇੜ ਦਿੱਤੇ ਜਾਂਦੇ ਹਨ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਇਹ ਸਵਾਲ ਕੀਤਾ ਸੀ ਕਿ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਦੇਸ਼ ਵਿਚ 2009 ਤੋਂ ਲੈ ਕੇ 2012 ਤੱਕ ਕਿੰਨੇ ਬਲਾਤਕਾਰ ਦੇ ਕੇਸ ਦਰਜ ਕੀਤੇ ਗਏ। ਸਰਕਾਰ ਵੱਲੋਂ ਦਿੱਤੇ ਗਏ ਜਵਾਬ ਵਿਚ ਕਿਹਾ ਗਿਆ ਹੈ ਕਿ 2009 ਵਿਚ 21000 ਤੋਂ ਵੱਧ, 2010 ਵਿਚ 22000 ਤੋਂ ਵੱਧ ਤੇ 2011 ਵਿਚ 26000 ਤੋਂ ਵੱਧ ਕੇਸ ਦਰਜ ਕੀਤੇ ਗਏ ਹਨ। ਚਿੱਠੀ ਦੇ ਜਵਾਬ ਵਿਚ ਇਹ ਵੀ ਸਪੱਸ਼ਟ ਕਿਹਾ ਗਿਆ ਕਿ 2012 ਵਿਚ ਕਿੰਨੇ ਬਲਾਤਕਾਰ ਦੇ ਮਾਮਲੇ ਹੋਏ ਹਨ, ਇਸ ਦਾ ਕੋਈ ਰਿਕਾਰਡ ਪ੍ਰਾਪਤ ਨਹੀਂ ਹੈ।

### 26 ਫ਼ੀਸਦੀ ਕੇਸਾਂ ਵਿਚ ਹੀ ਮਿਲੀ ਸਜ਼ਾ

### ਸਿਰਫ਼ 50 ਫੀਸਦੀ ਪੀੜਤ ਹੀ ਕਰਦੇ ਨੇ ਆਵਾਜ਼ ਬੁਲੰਦ

ਹਰ ਸਾਲ ਦੇਸ਼ ਵਿਚ ਬਲਾਤਕਾਰ ਦੇ ਅਣਗਿਣਤ ਮਾਮਲੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚੋਂ 50 ਫੀਸਦੀ ਪੀੜਤਾਂ ਖੁਦ ਸਮਾਜ ਵਿਚ ਬਦਨਾਮੀ ਦੇ ਡਰ ਤੋਂ ਕਾਨੂੰਨ ਦਾ ਦਰਵਾਜ਼ਾ ਹੀ ਨਹੀਂ ਖੜਕਾਉਂਦੀਆਂ।

ਬਾਕੀ 30 ਫੀਸਦੀ ਪੀੜਤਾਂ ਨੂੰ ਪਰਿਵਾਰ ਵਾਲੇ ਅੱਗੇ ਨਹੀਂ ਆਉਣ ਦਿੰਦੇ ਤੇ 20 ਫੀਸਦੀ ਵਿਚੋਂ ਕੁਝ ਕੁ ਪੀੜਤਾਂ ਸਾਧਨਾਂ, ਆਰਥਿਕ ਤੰਗੀ ਤੇ ਜਾਗਰੂਕਤਾ ਦੀ ਕਮੀ ਵਿਚ ਹੀ ਦੱਬ ਕੇ ਰਹਿ ਜਾਂਦੀਆਂ ਹਨ। ਜੋ 5-10 ਫੀਸਦੀ ਪੀੜਤਾਂ ਕਾਨੂੰਨ ਦੇ ਸਾਹਮਣੇ ਇਨਸਾਫ ਲਈ ਗੁਹਾਰ ਲਾਉਂਦੀਆਂ ਵੀ ਹਨ, ਉਨ੍ਹਾਂ ਨੂੰ ਇਨਸਾਫ ਲੈਣ ਲਈ ਸਾਲਾਂ ਤਕ ਇੰਤਜ਼ਾਰ ਕਰਦੇ ਹੋਏ ਆਪਣੇ ਨਾਲ ਘਟੀ ਘਿਨੌਣੀ ਘਟਨਾ ਦੀ ਅੱਗ ਵਿਚ ਪੂਰੀ ਜ਼ਿੰਦਗੀ ਸੜਨਾ ਪੈਂਦਾ ਹੈ।

## ਔਰਤਾਂ ਨਾਲ ਧੱਕੇਸ਼ਾਹੀ

# ਪੰਜਾਬ ਪੁਲਿਸ ਲਈ ਕੋਈ ਮਸਲਾ ਹੀ ਨਹੀਂ !

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਨਾਲ ਧੱਕੇਸ਼ਾਹੀ ਦੇ ਕੇਸ ਰੋਜ਼ਾਨਾ ਸਾਹਮਣੇ ਆ ਰਹੇ ਹਨ ਪਰ ਪੰਜਾਬ ਪੁਲਿਸ ਦੇ ਰਿਕਾਰਡ ਅਨੁਸਾਰ ਸੂਬੇ ਵਿਚ ਸਭ ਕੁਝ 'ਠੀਕ ਠਾਕ' ਹੈ। ਪੰਜਾਬ ਪੁਲਿਸ ਦੇ ਅੰਕੜਿਆਂ ਨੂੰ ਸਹੀ ਮੰਨਿਆ ਜਾਵੇ ਤਾਂ ਸੂਬੇ ਵਿਚ ਪ੍ਰਤੀ ਦਿਨ ਲੜਕੀਆਂ ਤੇ ਔਰਤਾਂ ਨਾਲ ਛੇੜਛਾੜ ਕਰਨ ਜਾਂ ਜਿਸਮਾਨੀ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਮਹਿਜ਼ ਇਕ-ਅੱਧੀ ਘਟਨਾ ਹੀ ਵਾਪਰਦੀ ਹੈ। ਉਂਜ ਇਹ ਸਚਾਈ ਹੈ ਕਿ ਛੇੜਛਾੜ ਦੇ ਮਾਮਲੇ ਇੱਜ਼ਤ ਨਾਲ ਜੁੜੇ ਹੋਣ ਕਾਰਨ ਪੁਲਿਸ ਕੋਲ ਪਹੁੰਚਦੇ ਹੀ ਨਹੀਂ।



ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਸਮੂਹ ਥਾਣਿਆਂ ਵਿਚ ਸਾਲ 2010 ਦੌਰਾਨ ਲੜਕੀਆਂ ਨਾਲ ਛੇੜਛਾੜ ਕਰਨ ਦੇ 349 ਮਾਮਲੇ ਦਰਜ ਹੋਏ ਜਦਕਿ ਜਿਸਮਾਨੀ ਤੌਰ 'ਤੇ ਲੜਕੀਆਂ ਨੂੰ ਪ੍ਰੇਸ਼ਾਨ ਕਰਨ ਦੇ ਕੇਵਲ 38 ਕੇਸ ਹੀ ਦਰਜ ਕੀਤੇ ਗਏ ਹਨ। ਇਸ ਤਰ੍ਹਾਂ ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਹਰੇਕ ਮਹੀਨੇ ਰਾਜ ਵਿਚ ਲੜਕੀਆਂ ਨਾਲ ਛੇੜਛਾੜ ਕਰਨ ਤੇ ਜਿਸਮਾਨੀ ਤੌਰ 'ਤੇ ਪ੍ਰੇਸ਼ਾਨ ਕਰਨ ਦੀਆਂ ਔਸਤਨ 32 ਘਟਨਾਵਾਂ ਵਾਪਰਦੀਆਂ ਹਨ।

ਪੰਜਾਬ ਪੁਲੀਸ ਦੇ ਅੰਕੜਿਆਂ ਅਨੁਸਾਰ ਤਾਂ ਪਿਛਲੇ ਸਾਲਾਂ ਦੌਰਾਨ ਲੜਕੀਆਂ ਨਾਲ ਛੇੜਛਾੜ ਕਰਨ ਦੀਆਂ ਘਟਨਾਵਾਂ ਵਿਚ ਗਿਰਾਵਟ ਆਈ ਹੈ ਕਿਉਂਕਿ ਰਾਜ ਦੇ ਸਮੂਹ ਥਾਣਿਆਂ ਵਿਚ ਸਾਲ 2007 ਦੌਰਾਨ ਛੇੜਛਾੜ ਦੇ 427 ਕੇਸ ਦਰਜ ਕੀਤੇ ਗਏ ਸਨ ਜੋ ਸਾਲ 2010 ਤੋਂ 78 ਵੱਧ ਹਨ। ਇਸੇ ਤਰ੍ਹਾਂ ਸਾਲ 2007 ਦੌਰਾਨ ਲੜਕੀਆਂ ਨੂੰ ਜਿਸਮਾਨੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ 48 ਕੇਸ ਦਰਜ ਕੀਤੇ ਗਏ ਸਨ ਜੋ ਸਾਲ 2010 ਤੋਂ ਦਸ ਵੱਧ ਹਨ। ਪੰਜਾਬ ਪੁਲਿਸ ਦੇ ਪਿਛਲੇ ਇਕ ਦਹਾਕੇ ਦੇ ਅੰਕੜਿਆਂ ਅਨੁਸਾਰ ਸਾਲ 2000 ਦੌਰਾਨ ਰਾਜ ਦੇ ਥਾਣਿਆਂ ਵਿਚ ਲੜਕੀਆਂ ਨਾਲ ਛੇੜਛਾੜ ਕਰਨ ਤੇ ਜਿਸਮਾਨੀ ਤੌਰ 'ਤੇ ਪ੍ਰੇਸ਼ਾਨ ਕਰਨ ਦੇ 380 ਕੇਸ ਹੀ ਦਰਜ ਹੋਏ ਹਨ। ਜਦਕਿ ਸਾਲ 2005 ਵਿਚ ਅਜਿਹੇ 351 ਕੇਸ ਦਰਜ ਹੋਏ ਸਨ। ਫਿਰ ਸਾਲ 2006 ਵਿਚ 374, ਸਾਲ 2008 ਵਿਚ 437 ਤੇ ਸਾਲ 2009 ਵਿਚ 352 ਕੇਸ ਦਰਜ ਹੋਏ ਸਨ। ਜ਼ਿਕਰਯੋਗ ਹੈ ਕਿ ਬਹੁਤੇ ਮਾਮਲਿਆਂ ਵਿਚ ਕੁੜੀਆਂ ਹੀ ਅਜਿਹੇ ਮਾਮਲੇ ਪੁਲਿਸ ਕੋਲ ਲੈ ਕੇ ਜਾਣ ਤੋਂ ਕਤਰਾਉਂਦੀਆਂ ਹਨ ਤੇ ਜੇ ਕੋਈ ਲੜਕੀ ਅਜਿਹੀ ਹਿੰਮਤ ਕਰਦੀ ਹੈ ਤਾਂ ਪੁਲਿਸ ਅਜਿਹੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਹੈਰਾਨੀ ਦੀ ਗੱਲ ਇਹ ਹੈ ਕਿ ਜਿਥੇ ਪੰਜਾਬ ਪੁਲਿਸ 50,362 ਵਰਗ ਕਿਲੋਮੀਟਰ ਖੇਤਰਫਲ ਵਾਲੇ ਪੰਜਾਬ ਰਾਜ ਵਿਚ ਲੜਕੀਆਂ ਨਾਲ ਛੇੜਛਾੜ ਕਰਨ ਦਾ ਪ੍ਰਤੀ ਦਿਨ ਔਸਤਨ ਇਕ ਕੇਸ ਦਰਜ ਕਰ ਰਹੀ ਹੈ, ਉਥੇ ਦੂਸਰੇ ਪਾਸੇ ਪੰਜਾਬ ਤੋਂ 442 ਗੁਣਾ ਘੱਟ ਖੇਤਰਫਲ (114 ਵਰਗ ਕਿਲੋਮੀਟਰ) ਵਾਲੇ ਚੰਡੀਗੜ੍ਹ ਸ਼ਹਿਰ ਵਿਚ ਇਸੇ ਵਰ੍ਹੇ ਹੀ 210 ਲੜਕੀਆਂ ਨੇ ਪੁਲਿਸ ਕੋਲ ਉਨ੍ਹਾਂ ਨਾਲ ਛੇੜਛਾੜ ਹੋਣ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਹਨ।

## ਮਹਿਲਾ ਪੁਲਿਸ ਮੁਲਾਜ਼ਮ ਨਾਲ ਛੇੜਖਾਨੀ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਦੇ ਪਿੰਡ ਮੱਲਣ ਵਿਚ ਇਕ ਗੀਤ-ਸੰਗੀਤ ਸਮਾਗਮ ਦੌਰਾਨ ਸੁਰੱਖਿਆ ਵਾਸਤੇ ਪਹੁੰਚੀ ਪੁਲਿਸ ਟੋਲੀ ਵਿਚ ਸ਼ਾਮਲ ਇਸਤਰੀ ਪੁਲੀਸ ਕਰਮੀ ਨਾਲ ਪਿੰਡ ਦੇ ਹੀ ਕੁਝ ਮੁੰਡਿਆਂ ਵੱਲੋਂ ਅਸ਼ਲੀਲ ਵਿਹਾਰ ਕੀਤਾ ਗਿਆ। ਇਸਤਰੀ ਪੁਲਿਸ ਕਰਮੀ ਨੇ ਇਹ ਮਾਮਲਾ ਤੁਰੰਤ ਪੁਲਿਸ ਟੋਲੀ ਦੇ ਮੁਖੀ ਦੇ ਧਿਆਨ ਵਿਚ ਲਿਆਂਦਾ ਤੇ ਜਦੋਂ ਉਸ ਨੇ ਮੁੰਡਿਆਂ ਨੂੰ ਅਜਿਹਾ ਕਰਨ ਤੋਂ ਵਰਜਿਆ ਤਾਂ ਉਨ੍ਹਾਂ ਨੇ ਥਾਣੇਦਾਰ ਦੀ ਕੁੱਟਮਾਰ ਕੀਤੀ ਜਿਸ ਦੌਰਾਨ ਉਸ ਦੀ ਪੱਗ ਵੀ ਲਹਿ ਗਈ। ਥਾਣਾ ਕੋਟਭਾਈ ਦੀ ਪੁਲੀਸ ਨੇ ਮੁਲਜ਼ਮਾਂ ਖਿਲਾਫ ਇਸਤਰੀ ਦੀ ਹੱਤਕ ਕਰਨ, ਸਰਕਾਰੀ ਕਰਮਚਾਰੀ ਦੀ ਜਾਨ ਨੂੰ ਖ਼ਤਰਾ ਪੈਦਾ ਕਰਨ ਤੇ ਡਿਊਟੀ ਵਿਚ ਵਿਘਨ ਪਾਉਣ ਤੇ ਗਾਲ੍ਹਾਂ ਕੱਢ ਕੇ ਬੇਇੱਜ਼ਤੀ ਕਰਨ ਦੇ ਦੋਸ਼ਾਂ ਅਧੀਨ ਕੇਸ ਦਰਜ ਕਰ ਲਿਆ ਹੈ। ਇਸ ਸਬੰਧੀ ਛੇ ਜਣਿਆਂ ਨੂੰ ਫੜਿਆ ਗਿਆ ਹੈ।

## ਰਾਗੀ ਭਾਈ ਮਨਜੀਤ ਸਿੰਘ ਦੀ ਮਾਤਾ ਸੁਰਗਵਾਸ

ਸੀਰੀਜ਼ (ਬਿਊਰੋ): ਪੰਥ ਪ੍ਰਸਿਧ ਕੀਰਤਨੀ ਜਥੇ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਮਾਤਾ ਗੁਰਚਰਨ ਕੌਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਪਿਛਲੇ ਦਿਨੀਂ ਪਰਲੋਕ ਸਿਧਾਰ ਗਏ। ਉਹ ਆਪਣੇ ਪਿਛੇ ਪਤੀ ਗਿਆਨੀ ਗੁਰਬਚਨ ਸਿੰਘ, ਪੁੱਤਰ ਭਾਈ ਮਨਜੀਤ ਸਿੰਘ, ਭਾਈ ਅਮਰਜੀਤ ਸਿੰਘ, ਜਸਵੀਰ ਸਿੰਘ, ਧੀਆਂ-ਪਰਮਜੀਤ ਕੌਰ ਤੇ ਸਤਨਾਮ ਕੌਰ ਛੱਡ ਗਏ ਹਨ।



ਮਾਤਾ ਗੁਰਚਰਨ ਕੌਰ ਦਾ ਅੰਤਿਮ ਸਸਕਾਰ ਹਗਸਨ ਕਸਬੇ ਵਿਚ ਵੁਡਲੇਕ ਪਾਰਕ ਫਿਊਨਰਲ ਹੋਮ ਵਿਖੇ 30 ਦਸੰਬਰ ਐਤਵਾਰ ਨੂੰ ਬਾਅਦ ਦੁਪਹਿਰ ਇਕ ਵਜੇ ਤੋਂ 3 ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਹਗਸਨ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 209-549-6906 ਜਾਂ 209-541-8538 ਰਾਹੀਂ ਹੋ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)



Cell: (510)-677-9942
Shop: (510)-505-9605



MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available



Asiana Airlines Emirates
India Vacation tour package also available.
SINGAPORE AIRLINES CATHAY PACIFIC KOREAN AIR Lufthansa CHINA AIRLINES


## ਭੈਣ ਨਾਲ ਛੇੜਛਾੜ ਤੋਂ ਰੋਕਣ ਵਾਲੇ ਨੂੰ ਗੋਲੀ ਮਾਰੀ

**ਮਾਹਿਲਪੁਰ:** ਭੈਣ ਨਾਲ ਛੇੜਛਾੜ ਤੋਂ ਰੋਕਣ ਵਾਲੇ ਭਰਾ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਜੰਡਿਆਲਾ ਵਿਚ ਇਕ ਮੋਟਰਸਾਈਕਲ ਸਵਾਰ ਨੌਜਵਾਨ ਨੇ ਦੋ ਸਾਈਕਲ ਸਵਾਰ ਮਸੇਰੇ ਭਰਾਵਾਂ ਵਿਚੋਂ ਇਕ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਹੋਏ ਕੇਹਰ ਸਿੰਘ ਵਾਸੀ ਖੁਸ਼ੀ ਪੱਦੀ ਨੇ ਦੋਸ਼ ਲਾਇਆ ਕਿ ਗੋਲੀ ਚਲਾਉਣ ਵਾਲਾ ਨੌਜਵਾਨ ਉਸ ਦੀ ਵਿਆਹੁਤਾ ਭੈਣ ਨੂੰ ਰੋਜ਼ਾਨਾ ਫੋਨ ਕਰਕੇ ਜਾਂ ਗਲੀ ਵਿਚ ਛੇੜਛਾੜ ਕਰਕੇ ਤੰਗ ਪ੍ਰੇਸ਼ਾਨ ਕਰਦਾ ਸੀ। ਜ਼ਖ਼ਮੀ ਨੌਜਵਾਨ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸ ਨੇ ਹਮਲਾਵਰ ਨੌਜਵਾਨ ਨੂੰ ਉਸ ਦੀ ਭੈਣ ਨਾਲ ਛੇੜਛਾੜ ਕਰਨ ਤੋਂ ਰੋਕਿਆ ਸੀ।

punjabtimesusa.com


FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com




Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

## ਰਾਗੀ ਭਾਈ ਸਾਧੂ ਸਿੰਘ ਨੂੰ ਨਿੱਘੀ ਸ਼ਰਧਾਂਜਲੀ

**ਫਰਿਜ਼ਨੋ (ਬਿਊਰੋ):** ਉਘੇ ਰਾਗੀ ਸਿੰਘ ਭਾਈ ਸਾਧੂ ਸਿੰਘ ਦੀ ਇਥੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਹੋਈ ਅੰਤਿਮ ਅਰਦਾਸ ਮੌਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਵਿਸ਼ੇਸ਼ ਸਮਾਗਮ ਦੌਰਾਨ ਭਾਈ ਅਵਤਾਰ



*ਭਾਈ ਸਾਧੂ ਸਿੰਘ*

ਸਿੰਘ ਅਤੇ ਸਾਥੀਆਂ ਨੇ ਵੈਰਾਗਮਈ ਕੀਰਤਨ ਕੀਤਾ। ਭਾਈ ਸਾਧੂ ਸਿੰਘ ਦਾ ਕੋਈ ਵੀ ਪਰਿਵਾਰਕ ਜੀਅ ਅਮਰੀਕਾ ਨਾ ਹੋਣ ਕਰਕੇ ਉਨ੍ਹਾਂ ਦੇ ਸਸਕਾਰ ਅਤੇ ਸ਼ਰਧਾਂਜਲੀ ਸਮਾਗਮਾਂ ਦਾ ਪ੍ਰਬੰਧ ਗੁਰੂ ਨਾਨਕ ਪ੍ਰਕਾਸ਼ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ। ਭਾਈ ਸਾਧੂ ਸਿੰਘ ਯੂਬਾ ਸਿਟੀ ਰਹਿੰਦਿਆਂ ਗੁਰਦਿਆਂ ਦੇ ਰੋਗ ਤੋਂ ਪੀੜਤ ਸਨ ਅਤੇ ਲੰਘੀ 18 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਅੰਤਮ ਸੰਸਕਾਰ ਪੰਜਾਬੀ ਫਿਊਨਰਲ ਹੋਮ ਸ਼ਾਂਤ ਭਵਨ ਫਰਿਜ਼ਨੋ ਵਿਖੇ ਕੀਤਾ ਗਿਆ। ਇਸ ਸਮੇਂ ਫਰਿਜ਼ਨੋ ਇਲਾਕੇ ਦੀਆਂ ਸੰਗਤਾਂ ਤੇ ਯੂਬਾ ਸਿਟੀ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਸਨ। ਭਾਈ ਅਵਤਾਰ ਸਿੰਘ ਤੋਂ ਇਲਾਵਾ ਯੂਬਾ ਸਿਟੀ ਤੋਂ ਭਾਈ ਗੁਰਮੇਲ ਸਿੰਘ, ਰਜਿੰਦਰ ਸਿੰਘ ਚੋਹਾਨ ਅਤੇ ਹਰੀਪਾਲ ਸਿੰਘ ਸਹੋਤਾ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।


ਭਾਈ ਸਾਧੂ ਸਿੰਘ ਹਜ਼ੂਰ ਸਾਹਿਬ ਵਾਲਿਆਂ ਦਾ ਜਨਮ ਪਿਤਾ ਨਾਹਰ ਸਿੰਘ ਅਤੇ ਮਾਤਾ ਅੰਮ੍ਰਿਤ ਕੌਰ ਦੇ ਘਰ 1940 ਵਿਚ ਹੋਇਆ। ਦੋ ਸਾਲ ਦੀ ਉਮਰ ਵਿਚ ਹੀ ਚੇਚਕ ਦੀ ਬਿਮਾਰੀ ਕਾਰਨ ਅੱਖਾਂ ਦੀ ਰੋਸ਼ਨੀ ਚਲੀ ਗਈ। ਪਰਿਵਾਰਕ ਸਹਿਯੋਗ ਨਾਲ 12 ਸਾਲ ਦੀ ਉਮਰ ਵਿਚ ਹਾਰਮੋਨੀਅਮ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ 1960 ਤੱਕ ਉਨ੍ਹਾਂ ਕੀਰਤਨੀਏ ਦੀ ਸੇਵਾ ਨਿਭਾਉਣੀ ਸ਼ੁਰੂ ਕਰ ਦਿੱਤੀ। 1961 ਵਿਚ ਦਮਦਮੀ ਟਕਸਾਲ ਹੋਰ ਗਿਆਨ ਪ੍ਰਾਪਤ ਕਰਨ ਦੀ ਇੱਛਾ ਨਾਲ ਪਹੁੰਚੇ। ਟਕਸਾਲ ਮੁਖੀ ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਆਦੇਸ਼ 'ਤੇ 1964 ਤੋਂ 1984 ਤੱਕ ਆਪਣੇ ਸਾਥੀ ਜੰਗੀਰ ਸਿੰਘ ਨਾਲ ਰਾਗੀ ਜੱਥੇ ਵਜੋਂ ਸ੍ਰੀ ਹਜ਼ੂਰ ਸਾਹਿਬ ਵਿਖੇ ਸੇਵਾ ਨਿਭਾਈ। ਰਸ ਭਿੰਨੀ ਅਵਾਜ਼, ਉਚ ਗੁਰਮਤਿ ਗਿਆਨ ਕਰਕੇ ਉਨ੍ਹਾਂ ਨੂੰ 1984 ਵਿਚ ਗੁਰਮਤਿ ਪ੍ਰਚਾਰ ਲਈ ਇੰਗਲੈਂਡ ਬੁਲਾਇਆ ਗਿਆ। 1985 ਵਿਚ ਕੈਨੇਡਾ ਅਤੇ 1986 ਵਿਚ ਅਮਰੀਕਾ ਆ ਗਏ। ਆਪਣੀ ਜ਼ਿੰਦਗੀ ਦੇ ਆਖਰੀ ਦੇ ਦਿਨ ਉਨ੍ਹਾਂ ਕੈਲੀਫੋਰਨੀਆ ਵਿਚ ਹੀ ਬਿਤਾਏ।

## ਸਿੱਖਾਂ ਵਿਰੁਧ ਕੀਤਾ ਜਾ ਰਿਹਾ ਪ੍ਰਚਾਰ ਬੇਬੁਨਿਆਦ: ਮਾਨ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਇੰਡੀਅਨ ਓਵਰਸੀਜ਼ ਕਾਂਗਰਸ (ਅਮਰੀਕਾ) ਅਤੇ ਕੁਝ ਹੋਰ ਧਿਰਾਂ ਵਲੋਂ ਸਿੱਖਾਂ ਖਿਲਾਫ ਕੀਤੇ ਜਾ ਰਹੇ ਗੁੰਮਰਾਹਕੁਨ ਪ੍ਰਚਾਰ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਹੈ ਕਿ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਬਦਨਾਮ ਕਰਨ ਅਤੇ ਸਿੱਖਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਦੀ ਸਾਜ਼ਿਸ਼ ਤਹਿਤ ਹੀ ਅਜਿਹਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਅਜਿਹਾ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਇਸ਼ਾਰੇ 'ਤੇ ਕੀਤਾ ਜਾ ਰਿਹਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਸ. ਮਾਨ ਨੇ ਦੋਸ਼ ਲਾਇਆ ਕਿ ਭਾਰਤ ਦੀਆਂ ਖੁਫੀਆਂ ਏਜੰਸੀਆਂ (ਰਾਅ, ਆਈ.ਬੀ.) ਭਾਰਤ ਦੇ ਸਫੀਰ, ਕੌਂਸਲਖਾਨਿਆਂ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਨੁਮਾਇੰਦਿਆਂ ਵਲੋਂ ਅਮਰੀਕਾ ਅਤੇ ਹੋਰ ਮੁਲਕਾਂ ਵਿਚ ਸਿੱਖਾਂ ਵਿਰੁਧ ਜੋ ਦੁਰ-ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਵਿਚ ਕੋਈ ਰੱਤੀ ਭਰ ਵੀ ਦਲੀਲ ਨਹੀਂ ਹੈ। ਇਹ ਕੇਵਲ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਅਲੱਗ-ਥਲੱਗ ਕਰਨ ਦੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ 'ਸਿੱਖ' ਸ਼ਬਦ ਗੁਰੂ ਦੇ ਉਸ ਸਿੱਖ ਨਾਲ ਸਬੰਧਤ ਹੈ ਜੋ ਨਾ ਤਾਂ ਕਿਸੇ ਉਤੇ ਜਬਰ-ਜ਼ੁਲਮ ਜਾਂ ਬੇਇਨਸਾਫੀ ਕਰਦਾ ਹੈ ਅਤੇ ਨਾ ਹੀ ਕਿਸੇ ਜਾਬਰ ਇਨਸਾਨ ਜਾਂ ਤਾਕਤ ਦਾ ਜਬਰ ਬਰਦਾਸ਼ਤ ਕਰਦਾ ਹੈ; ਬਲਕਿ ਹਰ ਤਰ੍ਹਾਂ ਦੇ ਜਬਰ-ਜ਼ੁਲਮ ਅਤੇ ਬੇਇਨਸਾਫੀ ਵਿਰੁਧ ਦ੍ਰਿੜਤਾ ਨਾਲ ਅਵਾਜ਼ ਬੁਲੰਦ ਕਰਦਾ ਹੈ। ਭਾਰਤੀ ਹੁਕਮਰਾਨ ਲੰਮੇ ਸਮੇਂ ਤੋਂ ਘਟਗਿਣਤੀਆਂ ਨਾਲ ਬੇਇਨਸਾਫੀ ਕਰਦੇ ਆ ਰਹੇ ਹਨ। 1984 ਵਿਚ ਸਿੱਖਾਂ ਦੇ ਕਤਲੇਆਮ ਦੇ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ। ਦੂਜੇ ਪਾਸੇ, ਸਿੱਖਾਂ ਅਤੇ ਮੁਸਲਮਾਨਾਂ ਨੂੰ ਵਿਸ਼ੇਸ਼ ਅਦਾਲਤਾਂ ਬਣਾ ਕੇ ਅਤੇ ਵਿਸ਼ੇਸ਼ ਜੱਜ ਤਾਇਨਾਤ ਕਰ ਕੇ ਕਾਲੇ ਕਾਨੂੰਨਾਂ



*ਸਿਮਰਨਜੀਤ ਸਿੰਘ ਮਾਨ*


ਅਧੀਨ ਸਜ਼ਾਵਾਂ ਦੇਣ ਦਾ ਫੌਰੀ ਪ੍ਰਬੰਧ ਕਰ ਦਿੱਤਾ ਜਾਂਦਾ ਹੈ। ਸ. ਜਸਵੰਤ ਸਿੰਘ ਖਾਲੜਾ ਨੇ ਜਦੋਂ 25 ਹਜ਼ਾਰ ਸਿੱਖਾਂ ਦੀਆਂ ਅਣਪਛਾਤੀਆਂ ਲਾਸ਼ਾਂ ਦਾ ਕੇਸ ਮਨੁੱਖੀ ਅਧਿਕਾਰਾਂ ਦੇ ਪਲੇਟਫਾਰਮ ਤੋਂ ਚੁੱਕਿਆ ਤਾਂ ਹੁਕਮਰਾਨਾਂ ਨੇ ਉਸ ਨੂੰ ਖਤਮ ਕਰਵਾ ਦਿੱਤਾ। ਫਿਰ ਸਿੱਖਾਂ ਦੇ ਕਥਿਤ ਕਾਤਲਾਂ ਕਮਲ ਨਾਥ ਤੇ ਪੀ. ਚਿੰਦਬਰਮ ਵਰਗਿਆਂ ਨੂੰ ਡਾ. ਮਨਮੋਹਨ ਸਿੰਘ ਦੀ ਕੈਬਨਿਟ ਵਿਚ ਵਜ਼ੀਰੀਆਂ ਦਿੱਤੀਆਂ ਗਈਆਂ। ਇਹੀ ਨਹੀਂ, ਸਿੱਖਾਂ ਦੇ ਕਾਤਲ ਡੀ.ਐਸ.ਪੀ., ਐਸ.ਪੀ. ਰੈਂਕ ਦੇ ਅਨੇਕਾਂ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ।

ਗਰਮਖਿਆਲੀ ਆਗੂ ਨੇ ਆਖਿਆ ਕਿ ਜੇ ਅੱਜ ਸਿੱਖ ਕੌਮ ਕੌਮਾਂਤਰੀ ਪਲੇਟਫਾਰਮ ਉਤੇ ਭਾਰਤ ਵਿਚ ਹੁਕਮਰਾਨਾਂ ਵੱਲੋਂ ਸਿੱਖਾਂ ਦੇ ਹੱਕ ਕੁਚਲਣ ਵਿਰੁਧ ਜਮਹੂਰੀ ਅਤੇ ਅਮਨਮਈ ਤਰੀਕੇ ਨਾਲ ਸੈਮੀਨਾਰਾਂ, ਕਾਨਫਰੰਸਾਂ ਰਾਹੀਂ ਆਵਾਜ਼ ਉਠਾ ਰਹੇ ਹਨ ਤਾਂ ਬਾਦਲ ਦਲੀਏ, ਕਾਂਗਰਸੀਆਂ ਨਾਲ ਮਿਲ ਕੇ ਹੱਕ-ਸੱਚ ਦੀ ਇਸ ਅਵਾਜ਼ ਨੂੰ ਦਬਾਉਣ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਅਮਰੀਕਾ ਦੀ ਹਕੂਮਤ ਨੂੰ ਸਿੱਖਾਂ ਦਾ ਪੱਖ ਲੈਣ ਦਾ ਸੱਦਾ ਦਿੰਦਿਆਂ ਅਪੀਲ ਕੀਤੀ ਕਿ ਅਜਿਹੇ ਲੋਕਾਂ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਦਖਲ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ; ਕਿਉਂਕਿ ਅਮਰੀਕਾ ਖੁਦ ਮਨੁੱਖੀ ਅਧਿਕਾਰਾਂ ਤੇ ਜਮਹੂਰੀਅਤ ਦਾ ਪੈਰੋਕਾਰ ਹੈ।

ਬਿਆਨ ਜਾਰੀ ਰੱਖਦਿਆਂ ਸ. ਮਾਨ ਨੇ ਕਿਹਾ ਕਿ ਖ਼ਾਲਿਸਤਾਨ ਨੂੰ ਹੋਂਦ ਵਿਚ ਲਿਆਉਣ ਲਈ ਅਵਾਜ਼ ਉਠਾਉਣਾ ਸਿੱਖਾਂ ਦਾ ਜਮਹੂਰੀ ਹੱਕ ਹੈ। ਆਪਣੇ ਉਤੇ ਹੋ ਰਹੇ ਜਬਰ-ਜ਼ੁਲਮ ਨੂੰ ਖ਼ਤਮ ਕਰਵਾਉਣ ਅਤੇ ਸਿੱਖਾਂ ਦੇ ਕਾਤਲਾਂ ਨੂੰ ਕੌਮਾਂਤਰੀ ਕਾਨੂੰਨ ਅਨੁਸਾਰ ਕੌਮਾਂਤਰੀ ਅਦਾਲਤਾਂ ਵਿਚ ਸਜ਼ਾ ਦਿਵਾਉਣ ਲਈ ਜ਼ਰੂਰੀ ਹੈ ਕਿ ਅਮਰੀਕਾ, ਦੱਖਣੀ ਏਸ਼ੀਆ ਦੀਆਂ ਤਿੰਨ ਪਰਮਾਣੂ ਤਾਕਤਾਂ-ਭਾਰਤ, ਪਾਕਿਸਤਾਨ ਤੇ ਚੀਨ ਵਿਚਕਾਰ ਸਿੱਖ ਵਸੋਂ ਵਾਲੇ ਇਲਾਕੇ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ, ਲੇਹ-ਲਦਾਖ ਵਿਚ ਖੂਨ ਦਾ ਕੋਈ ਕਤਰਾ ਵਹਾਏ ਬਿਨਾਂ ਖ਼ਾਲਿਸਤਾਨ ਨੂੰ ਅਮਨਮਈ ਤਰੀਕੇ ਨਾਲ ਹੋਂਦ ਵਿਚ ਲਿਆਵੇ। ਨਾਲ ਹੀ ਅਮਰੀਕਾ ਉਪਰੋਕਤ ਹਿੰਦੂਤਵ ਪੱਖੀ ਸੰਗਠਨਾਂ ਦੀਆਂ ਅਮਰੀਕਾ ਵਿਚ ਸਿੱਖ ਵਿਰੋਧੀ ਕਾਰਵਾਈਆਂ ਉਤੇ ਤੁਰੰਤ ਪਾਬੰਦੀ ਲਗਾਵੇ।

## ਜਤਿੰਦਰ ਜਰਗੀਆ ਦੀ 'ਚੈਲਿੰਜ' ਨਵੇਂ ਸਾਲ 'ਤੇ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਗਾਇਕ ਜਤਿੰਦਰ ਜਰਗੀਆ ਦੀ ਨਵੀਂ ਐਲਬਮ 'ਚੈਲਿੰਜ' ਨਵੇਂ ਸਾਲ 'ਤੇ ਰਿਲੀਜ਼ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਜਤਿੰਦਰ ਜਰਗੀਆ ਨੇ ਦੱਸਿਆ ਕਿ 'ਚੈਲਿੰਜ' ਐਲਬਮ ਸ਼ੁਰੂ ਵਿਚ




ਬੇ-ਏਰੀਆ, ਸੈਕਰਾਮੈਂਟੋ, ਫਰਿਜ਼ਨੋ, ਬੇਕਰਜ਼ਫੀਲਡ, ਲਾਸ ਏਂਜਲਸ ਅਤੇ ਹੋਰ ਸ਼ਹਿਰਾਂ ਵਿਚ ਰਿਲੀਜ਼ ਕੀਤੀ ਜਾਵੇਗੀ।

ਇਸ ਐਲਬਮ ਵਿਚ ਕੁੱਲ ਅੱਠ ਗੀਤ ਹਨ ਜੋ ਮੱਖਣ ਲੁਹਾਰ, ਦੀਪ ਮੰਗਲੀ, ਕਾਕਾ ਧਾਲੀਵਾਲ, ਦਿਲ ਨਿੱਜਰ, ਬੈਂਸ ਮੁਹਾਲੀ, ਦਿਲਸ਼ਾਦ ਜਮਾਲਪੁਰੀ ਆਦਿ ਗੀਤਕਾਰਾਂ ਦੇ ਲਿਖੇ ਹੋਏ ਹਨ। ਸੰਗੀਤ ਪੰਕਜ ਆਹੂਜਾ ਅਤੇ ਸੁਰਜਾਨ ਖਾਨ ਦਾ ਹੈ। ਇਹ ਐਲਬਮ ਐਕਸਟਰਮੀ ਰਿਕਾਰਡਜ਼ ਅਤੇ ਕਾਕਾ ਧਾਲੀਵਾਲ ਵਲੋਂ ਕੱਢੀ ਜਾ ਰਹੀ ਹੈ ਜਦੋਂਕਿ ਇਸ ਦੇ ਗਰੈਂਡ ਸਪਾਂਸਰ ਬਲਵਿੰਦਰ ਸਿੰਘ ਹਨ। ਹੋਰ ਸਪਾਂਸਰਾਂ ਵਿਚ ਦਿਲ ਨਿੱਜਰ, ਫੇਅਰ ਆਟੋ ਸਰਵਿਸ ਹੇਵਰਡ, ਇਲੀ ਸਰਾਏ ਟਰੱਕਿੰਗ, ਦਾਖਾ ਟਰੱਕਿੰਗ, ਨੌਰਕਾਲ ਟਰੱਕ ਰਿਪੇਅਰ, ਮੀਡੀਆ ਪੰਜਾਬ ਐਕਸਪ੍ਰੈਸ, ਜਸਵੰਤ ਸਿੰਘ ਸੈਦੋਕੇ ਅਤੇ ਚੁੱਲੀ ਜੱਟ ਹਨ।

## ਸਿੱਕਮ ਪਹਿਲਾ ਨਿਰਮਲ ਸੂਬਾ

**ਨਵੀਂ ਦਿੱਲੀ:** ਸਿੱਕਮ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਗਿਆ ਜਿਥੇ ਸਾਰੇ ਲੋਕ ਹਾਜਤ ਲਈ ਪਖਾਨਿਆਂ ਦੀ ਵਰਤੋਂ ਕਰਦੇ ਹਨ ਤੇ ਖੇਤਾਂ ਜਾਂ ਖੁੱਲ੍ਹੀਆਂ ਥਾਂਵਾਂ 'ਤੇ ਨਹੀਂ ਜਾਂਦੇ। ਅਗਲੇ ਕੁਝ ਦਿਨਾਂ ਵਿਚ ਕੇਰਲ ਦੂਜਾ ਅਜਿਹਾ ਸੂਬਾ ਬਣ ਜਾਵੇਗਾ। ਸਰਕਾਰ ਵਲੋਂ 2012-13 'ਚ ਨਿਰਮਲ ਦੇਸ਼ ਦੇ 39000 ਪਿੰਡਾਂ 'ਚ ਪਖਾਨੇ ਬਣਾਏ ਜਾਣਗੇ।

## ਪੰਜਾਬ ਸਰਕਾਰ ਲਈ ਮੁਸੀਬਤ ਬਣਿਆ ਪਰਵਾਸੀ ਪੰਜਾਬੀ ਸੰਮੇਲਨ

**ਚੰਡੀਗੜ੍ਹ:** ਪੰਜਾਬ 'ਚ ਅਮਨ ਕਾਨੂੰਨ ਦੇ ਮੱਦੇ 'ਤੇ ਚੱਲ ਰਹੀ ਚਰਚਾ ਦੇ ਮੱਦੇਨਜ਼ਰ ਪੰਜਾਬ ਸਰਕਾਰ ਪਰਵਾਸੀ ਪੰਜਾਬੀ ਸੰਮੇਲਨ ਕਰਾਉਣ ਤੋਂ ਵੀ ਡਰ ਗਈ ਹੈ। ਪਹਿਲਾਂ ਸਰਕਾਰ ਨੇ ਇਸ ਸੰਮੇਲਨ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਪਰ ਮੀਡੀਆ ਵਿਚ ਇਸ ਦੀ ਪਹਿਲਾਂ ਹੀ ਚਰਚਾ ਹੋਣ ਕਾਰਨ ਸਰਕਾਰ ਨੇ ਕੌੜਾ ਅੱਕ ਚੱਬ ਹੀ ਲਿਆ ਹੈ। ਸਰਕਾਰ ਨੇ 3 ਤੋਂ 5 ਜਨਵਰੀ ਤੱਕ ਬੁਲਾਇਆ ਇਹ ਸੰਮੇਲਨ 3 ਦੀ ਥਾਂ 2 ਦਿਨ ਕਰਨ ਦਾ ਫ਼ੈਸਲਾ ਕੀਤਾ ਹੈ। ਪਹਿਲਾਂ ਇਹ ਸੰਮੇਲਨ ਦੋ ਕੁ ਹਫ਼ਤੇ ਅੱਗੇ ਪਾਉਣ ਦੀ ਚਰਚਾ ਸੀ ਪਰ ਪਰਵਾਸੀ ਪੰਜਾਬੀਆਂ ਅੰਦਰ ਗਲਤ ਫਹਿਮੀਆਂ ਪੈਦਾ ਹੋਣ ਦੇ ਖਦਸ਼ੇ ਕਾਰਨ ਅਣਦੱਸੇ ਕਾਰਨਾਂ ਕਰਕੇ ਸਮਾਗਮ ਦਾ ਇਕ ਦਿਨ ਘਟਾ ਦਿੱਤਾ ਹੈ।

ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ ਚਾਰ ਜਨਵਰੀ ਨੂੰ ਚੰਡੀਗੜ੍ਹ ਤੇ ਪੰਜ ਜਨਵਰੀ ਨੂੰ ਜਲੰਧਰ ਵਿਖੇ ਇਹ ਸਮਾਗਮ ਬੁਲਾਇਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਬਾਹਰਲੇ ਮੁਲਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਸਮਾਗਮ ਪ੍ਰਤੀ ਕੋਈ ਖਾਸ ਹੁੰਗਾਰਾ ਨਾ ਭਰੇ ਜਾਣ ਕਾਰਨ ਤਿੰਨ ਜਨਵਰੀ ਦਾ ਸਮਾਗਮ ਰੱਦ ਕਰ ਦਿੱਤਾ ਗਿਆ ਹੈ।

ਹੁਣ ਚਾਰ ਜਨਵਰੀ ਨੂੰ ਚੰਡੀਗੜ੍ਹ ਵਿਖੇ ਵਪਾਰਕ, ਮੀਡੀਆ ਤੇ ਹੋਰ ਸਰੋਕਾਰਾਂ ਬਾਰੇ ਸਮਾਗਮ ਹੋਣਗੇ ਤੇ ਪੰਜ ਜਨਵਰੀ ਦਾ ਜਲੰਧਰ ਦੇ ਕਲੱਬ ਕਬਾਨਾ ਵਿਚ ਹੋਣ ਵਾਲਾ ਸਮਾਗਮ ਖੁੱਲ੍ਹਾ ਸਮਾਗਮ ਹੋਵੇਗਾ ਜਿਸ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੰਬੋਧਨ ਕਰਨਗੇ। ਪਹਿਲੇ ਪ੍ਰੋਗਰਾਮ ਮੁਤਾਬਕ ਤਿੰਨ ਜਨਵਰੀ ਨੂੰ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਪੰਜਾਬ ਸਰਕਾਰ ਦੇ ਮੁਖੀਆਂ ਨੇ ਰੂਬਰੂ ਹੋਣਾ ਸੀ ਪਰ ਪਤਾ ਲੱਗਾ ਹੈ ਕਿ ਸਰਕਾਰ ਨੇ ਅਜਿਹੇ ਨੁਮਾਇੰਦਿਆਂ ਨੂੰ ਈਮੇਲ ਰਾਹੀਂ ਸੱਦਾ ਪੱਤਰ ਤਾਂ ਭੇਜ ਦਿੱਤੇ ਪਰ ਉਨ੍ਹਾਂ ਨੂੰ ਹਵਾਈ ਟਿਕਟਾਂ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਿਸ ਕਰਕੇ ਅਜਿਹੇ ਨੁਮਾਇੰਦਿਆਂ ਵੱਲੋਂ ਸਮਾਗਮ ਵਿਚ ਸ਼ਾਮਲ ਹੋਣ ਲਈ ਕੋਈ ਖਾਸ ਉਤਸ਼ਾਹ ਨਹੀਂ ਦਿਖਾਇਆ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਅਹਿਮ ਪਰਵਾਸੀ ਪੰਜਾਬੀ ਸ਼ਖ਼ਸੀਅਤਾਂ, ਬਾਹਰਲੇ ਮੁਲਕਾਂ ਵਿਚ ਚੁਣੇ ਹੋਏ ਨੁਮਾਇੰਦਿਆਂ ਤੇ ਪਰਵਾਸੀ ਮੀਡੀਆ ਨਾਲ ਸਬੰਧਤ ਲੋਕਾਂ ਨੂੰ ਸੱਦ ਕੇ ਸਰਕਾਰ ਦੀ ਪਿਛਲੀ ਕਾਰਗੁਜ਼ਾਰੀ ਤੋਂ ਜਾਣੂ ਕਰਵਾਉਣ ਲਈ ਤਿੰਨ ਦਿਨਾ ਸੰਮੇਲਨ ਉਲੀਕਿਆ ਸੀ। ਤਿੰਨ ਤੇ ਚਾਰ ਜਨਵਰੀ ਨੂੰ ਪਰਵਾਸੀ ਪੰਜਾਬੀ ਸੰਮੇਲਨ ਚੰਡੀਗੜ੍ਹ ਰੱਖਿਆ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿਚ ਚੁਣੇ ਪੰਜਾਬੀ ਨੁਮਾਇੰਦਿਆਂ ਨੂੰ ਸੰਮੇਲਨ ਵਿਚ ਸ਼ਾਮਲ ਹੋਣ ਲਈ ਦਿੱਤੇ ਸੱਦੇ ਦਾ ਹੁੰਗਾਰਾ ਬਹੁਤ ਹੀ ਮੱਠਾ ਹੈ। ਕੈਨੇਡਾ ਦੀ ਫੈਡਰਲ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਪੰਜਾਬੀ ਸਭ ਤੋਂ ਵਧੇਰੇ ਨੁਮਾਇੰਦੇ ਹਨ ਪਰ ਸੰਮੇਲਨ ਵਿਚ ਆਉਣ ਲਈ ਕਿਸੇ ਨੇ ਵੀ ਖਾਸ ਹਾਮੀ ਨਹੀਂ ਭਰੀ। ਪਤਾ ਲੱਗਾ ਹੈ ਕਿ ਹੁਣ ਤੱਕ ਸਿਰਫ਼ ਦੋ ਚੁਣੇ ਹੋਏ ਨੁਮਾਇੰਦਿਆਂ ਨੇ ਹੀ ਆਉਣ ਦੀ ਹਾਮੀ ਭਰੀ ਹੈ।

ਦੂਜਾ ਸਰਕਾਰ ਲਈ ਵੱਡੀ ਸਿਰਦਰਦੀ ਪੰਜਾਬ ਅੰਦਰ ਅਮਨ ਕਾਨੂੰਨ ਦੀ ਵਿਗੜੀ ਹਾਲਤ ਬਾਰੇ ਪਿਆ ਰੌਲਾ ਹੈ। ਵਿਧਾਨ ਸਭਾ ਵਿਚ ਵਿਧਾਨਕਾਰਾਂ ਦੀ ਗਾਲੀ ਗਲੋਚ ਨਾਲ ਵਿਦੇਸ਼ਾਂ ਵਿਚ ਬੇਹੱਦ ਹਾਹਾਕਾਰ ਮਚੀ ਹੈ। ਅੰਮ੍ਰਿਤਸਰ ਵਿਚ ਹੁਕਮਰਾਨ ਪਾਰਟੀ ਦੇ ਇਕ ਆਗੂ ਵੱਲੋਂ ਧੀ ਦੀ ਇੱਜ਼ਤ ਬਚਾਉਣ ਆਏ ਥਾਣੇਦਾਰ ਦਾ ਬੇਰਹਿਮੀ ਨਾਲ ਹੋਇਆ ਕਤਲ ਵੀ ਪਰਵਾਸੀ ਪੰਜਾਬੀਆਂ ਅੰਦਰ ਬੇਹੱਦ ਚਰਚਾ ਬਣਿਆ ਹੈ। ਹੁਕਮਰਾਨ ਪਾਰਟੀ ਅੰਦਰ ਇਹ ਤੌਖਲਾ ਹੈ ਕਿ ਕਿਤੇ ਪਰਵਾਸੀ ਪੰਜਾਬੀ ਸੰਮੇਲਨ ਨਾਲ ਸਰਕਾਰ ਨੂੰ ਲੈਣੇ ਦੇ ਦੇਣੇ ਨਾ ਪੈ ਜਾਣ। ਪੰਜਾਬ ਦੇ ਪਰਵਾਸੀ ਪੰਜਾਬੀ ਮਾਮਲਿਆਂ ਬਾਰੇ ਸਕੱਤਰ ਐਸ.ਐਸ. ਚੰਨੀ ਦਾ ਕਹਿਣਾ ਹੈ ਕਿ ਅਹਿਮ ਪਰਵਾਸੀ ਪੰਜਾਬੀਆਂ ਦਾ ਸੰਮੇਲਨ ਪ੍ਰਤੀ ਕੋਈ ਉਤਸ਼ਾਹ ਨਹੀਂ ਹੈ।

## ਏਸ਼ੀਆ ਟੀ ਵੀ ਯੂ ਐਸ ਏ ਪਾਇਰੇਸੀ ਵਿਰੁਧ ਸਖਤ ਕਾਰਵਾਈ ਕਰੇਗਾ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਜ਼ੀ ਚੈਨਲਾਂ ਦੇ ਐਕਸਕਲੂਸਿਵ ਡਿਸਟਰੀਬਿਊਟਰ ਏਸ਼ੀਆ ਟੀ ਵੀ ਯੂ ਐਸ ਏ ਨੇ ਜ਼ੀ ਚੈਨਲਾਂ ਦਾ ਸਿਗਨਲ ਚੋਰੀ ਕਰਨ ਵਾਲਿਆਂ ਯਾਨਿ ਪਾਇਰੇਸੀ ਕਰਨ ਵਾਲਿਆਂ ਵਿਰੁਧ ਸਖਤ ਰਵੱਈਆ ਅਪਨਾਉਂਦਿਆਂ ਇਕ ਟੈਕਨੀਕਲ ਟਾਸਕ ਫੋਰਸ ਦਾ ਗਠਨ ਕੀਤਾ ਹੈ। ਜ਼ੀ ਟੀ ਵੀ ਵਲੋਂ ਲਾਈਵ ਟੀ ਵੀ ਬਾਕਸ, ਸ਼ਾਵਾ ਟੀ ਵੀ, ਜਾਦੂ ਟੀ ਵੀ, ਬੂਮ ਟੀ ਵੀ ਆਦਿ ਸਿਗਨਲ ਬਾਕਸਾਂ ਰਾਹੀਂ ਜ਼ੀ ਟੀ ਵੀ ਦੇ ਪ੍ਰੋਗਰਾਮ ਚੋਰੀ ਕਰਕੇ ਦਿਖਾਏ ਜਾਣ ਵਿਰੁਧ ਸਖਤ ਕਦਮ ਉਠਾਏ ਜਾ ਰਹੇ ਹਨ।

ਏਸ਼ੀਆ ਟੀ ਵੀ ਯੂ ਐਸ ਏ ਲਿਮਟਿਡ ਦੇ ਤਕਨੀਕੀ ਮੁਖੀ ਦਾ ਕਹਿਣਾ ਹੈ ਕਿ ਸਾਨੂੰ ਪਤਾ ਲੱਗਾ ਹੈ ਕਿ ਗਾਹਕਾਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ ਜ਼ੀ ਟੀ ਵੀ ਦੇ ਪ੍ਰੋਗਰਾਮ ਇਨ੍ਹਾਂ ਸਟਰੀਮਿੰਗ ਬਾਕਸਾਂ ਰਾਹੀਂ ਕਾਨੂੰਨੀ ਤੌਰ 'ਤੇ ਉਪਲਬਧ ਹਨ ਜਦੋਂਕਿ ਸੱਚ ਇਹ ਹੈ ਕਿ ਜ਼ੀ ਟੀ ਵੀ ਅਮਰੀਕਾ ਵਿਚ ਮਾਸਿਕ ਫੀਸ ਦੇ ਕੇ ਹਾਸਲ ਕੀਤੀ ਜਾਣ ਵਾਲੀ ਇਕ ਪ੍ਰੀਮੀਅਮ ਸਰਵਿਸ ਹੈ ਅਤੇ ਇਸ ਤਰ੍ਹਾਂ ਸਿਗਨਲ ਚੋਰੀ ਕਰਨਾ ਗੈਰਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਜ਼ੀ ਟੀ ਵੀ ਵਲੋਂ ਅਜਿਹੀਆਂ ਗੈਰਕਾਨੂੰਨੀ ਸੇਵਾਵਾਂ ਦੇਣ ਵਾਲੇ ਲੋਕਾਂ ਤੇ ਇਹ ਬਾਕਸ ਵੇਚਣ ਵਾਲੇ ਭਾਰਤੀ ਪ੍ਰਚੂਨ ਸਟੋਰਾਂ ਵਿਰੁਧ ਕਾਰਵਾਈ ਕਰਨ ਵਿਚ ਝਿਜਕ ਨਹੀਂ ਦਿਖਾਈ ਜਾਏਗੀ। ਜ਼ੀ ਪਹਿਲਾਂ ਹੀ ਲਾਈਵ ਟੀ ਵੀ ਬਾਕਸ ਅਤੇ ਜਾਦੂ ਟੀ ਵੀ ਵਿਰੁਧ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਬੰਦ ਕਰਵਾ ਚੁੱਕਾ ਹੈ। ਜ਼ੀ ਟੀ ਵੀ ਨੇ ਗਾਹਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਗੈਰਕਾਨੂੰਨੀ ਅਤੇ ਸਿਗਨਲ ਚੋਰੀ ਕਰਨ ਵਾਲੀਆਂ ਸੇਵਾਵਾਂ ਲੈਣ ਤੋਂ ਪਰਹੇਜ਼ ਕਰਨ।

## ਅਟਾਰਨੀ ਪੰਨੂ ਦੀ ਪੈਰਵਾਈ ਨਾਲ ਸੁਰਜੀਤ ਸਿੰਘ ਸੇਖੋਂ ਨੂੰ ਮਿਲੀ ਸਿਆਸੀ ਪਨਾਹ

**ਨਿਊ ਯਾਰਕ:** ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰ ਸੁਰਜੀਤ ਸਿੰਘ ਸੇਖੋਂ ਨੂੰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਆਧਾਰ 'ਤੇ ਸਿਆਸੀ ਸ਼ਰਨ ਦਿਵਾਉਣ ਵਿਚ ਸਫਲਤਾ ਹਾਸਲ ਕੀਤੀ ਹੈ ਕਿ ਭਾਰਤ ਵਿਚ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਉਹ ਪੁਲਿਸ ਤੋਂ ਡਰਦਾ ਆਪਣੀ ਜਾਨ ਬਚਾਉਣ ਲਈ ਦੇਸ਼ ਛੱਡ ਆਇਆ ਸੀ ਤੇ ਉਥੇ ਉਸ ਦੇ ਪਰਿਵਾਰ ਨੂੰ ਪੁਲਿਸ ਵਲੋਂ ਲਗਾਤਾਰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਰਿਹਾ, ਗੈਰ ਕਾਨੂੰਨੀ ਹਿਰਾਸਤ 'ਚ ਰੱਖ ਕੇ ਤਸ਼ੱਦਦ ਕੀਤਾ ਗਿਆ ਤੇ ਧਮਕਾਇਆ ਜਾਂਦਾ ਰਿਹਾ। ਅਟਾਰਨੀ ਪੰਨੂ ਇਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਲਾਅ ਦੀ ਪ੍ਰੈਕਟਿਸ ਕਰਦੇ ਹਨ।

ਅਟਾਰਨੀ ਪੰਨੂ ਅਨੁਸਾਰ ਇਮੀਗ੍ਰੇਸ਼ਨ ਜੱਜ ਸਾਹਮਣੇ ਸੁਣਵਾਈ ਸਮੇਂ ਸੇਖੋਂ ਦੇ ਅੰਮ੍ਰਿਤਧਾਰੀ ਨਾ ਹੋਣ, ਅਕਾਲੀ ਦਲ (ਅੰਮ੍ਰਿਤਸਰ) ਨਾਲ ਉਸ ਦਾ ਸਬੰਧ ਸਾਬਿਤ ਕਰਨ ਵਾਲੇ ਦਸਤਾਵੇਜ਼ਾਂ ਦੀ ਘਾਟ ਅਤੇ ਦਲ ਦੇ ਮੈਂਬਰਾਂ ਨੂੰ ਧਮਕੀਆਂ ਮਿਲਣ ਦੇ ਸਬੂਤਾਂ ਦੀ ਘਾਟ ਦੇ ਆਧਾਰ 'ਤੇ ਸਰਕਾਰੀ ਵਕੀਲ ਨੇ ਸੇਖੋਂ ਦੀ ਪਨਾਹ ਵਾਲੀ ਅਰਜ਼ੀ ਦਾ ਵਿਰੋਧ ਕੀਤਾ ਸੀ ਪਰ ਉਨ੍ਹਾਂ (ਅਟਾਰਨੀ ਪੰਨੂ) ਨੇ ਦੇਸ਼ ਦੇ ਮੌਜੂਦਾ ਹਾਲਾਤ, ਮਨੁੱਖੀ ਅਧਿਕਾਰ ਸੰਗਠਨਾਂ ਦੀਆਂ ਰਿਪੋਰਟਾਂ ਤੇ ਅਜਿਹੇ ਦਸਤਾਵੇਜ਼ ਪੇਸ਼ ਕੀਤੇ ਜੋ ਸਾਬਿਤ ਕਰਦੇ ਸਨ ਕਿ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਨੂੰ ਅਜੇ ਵੀ ਭਾਰਤ ਵਿਚ ਖਤਰਾ ਹੈ ਤੇ ਉਨ੍ਹਾਂ ਨੂੰ ਅਮਰੀਕਾ ਵਿਚ ਰਹਿਣ ਦੀ ਆਗਿਆ ਅਤੇ ਸਿਆਸੀ ਪਨਾਹ ਦਿੱਤੀ ਜਾਣੀ ਚਾਹੀਦੀ ਹੈ। ਸੁਰਜੀਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਅਟਾਰਨੀ ਪੰਨੂ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਕਈਆਂ ਨੇ ਉਸ ਦਾ ਹੌਸਲਾ ਹੀ ਤੋੜ ਦਿੱਤਾ ਸੀ ਕਿ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰਾਂ ਨੂੰ ਹੁਣ ਸਿਆਸੀ ਪਨਾਹ ਨਹੀਂ ਮਿਲਦੀ ਤੇ ਉਸ ਨੂੰ ਡਿਪੋਰਟ ਕਰ ਦਿੱਤਾ ਜਾਵੇਗਾ।

ਅਟਾਰਨੀ ਪੰਨੂ ਅਨੁਸਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰ ਜਿਨ੍ਹਾਂ ਨੂੰ ਭਾਰਤ ਵਿਚ ਖਤਰਾ ਹੈ ਤੇ ਉਹ ਆਪਣੀ ਜਾਨ ਬਚਾਉਣ ਲਈ ਅਮਰੀਕਾ ਆ ਗਏ ਹਨ, ਸਿਆਸੀ ਪਨਾਹ ਹਾਸਿਲ ਕਰ ਸਕਦੇ ਹਨ ਪਰ ਇਮੀਗ੍ਰੇਸ਼ਨ ਜੱਜ ਹਰ ਕੇਸ ਦੀ ਬਾਰੀਕੀ ਨਾਲ ਛਾਣਬੀਣ ਕਰਦਾ ਹੈ। ਕੇਸ ਜਿੱਤਣ ਲਈ ਸਹੀ ਕਾਨੂੰਨੀ ਪੈਰਵਾਈ ਬਹੁਤ ਜ਼ਰੂਰੀ ਹੈ। ਅਟਾਰਨੀ ਪੰਨੂ ਅਨੁਸਾਰ ਸੇਖੋਂ ਵਰਗੇ ਅਕਾਲੀ ਦਲ (ਅੰਮ੍ਰਿਤਸਰ) ਦੇ ਜੋ ਮੈਂਬਰ ਆਪਣੀ ਜਾਨ ਬਚਾਉਣ ਲਈ ਭਾਰਤ ਛੱਡ ਆਏ ਹਨ ਤੇ ਉਨ੍ਹਾਂ ਵਿਚੋਂ ਕਈਆਂ ਨੂੰ ਟੈਕਸਸ, ਐਰੀਜ਼ੋਨਾ ਤੇ ਹੋਰ ਥਾਂਵਾਂ 'ਤੇ ਆਈ ਸੀ ਈ ਡਿਟੈਂਸ਼ਨ ਕੇਂਦਰਾਂ ਵਿਚ ਰੱਖਿਆ ਗਿਆ ਹੈ ਜਾਂ ਬਾਂਡ 'ਤੇ ਰਿਹਾ ਹੋਏ ਹਨ, ਸਲਾਹ ਮਸ਼ਵਰੇ ਲਈ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੇ ਦਫਤਰ ਦੇ ਵਕੀਲਾਂ ਨੇ ਟੈਕਸਸ, ਐਰੀਜ਼ੋਨਾ, ਕੈਲੀਫੋਰਨੀਆ, ਵਾਸ਼ਿੰਗਟਨ, ਸਿਆਟਲ, ਇਲੀਨਾਏ, ਨਿਊ ਜਰਸੀ, ਨਿਊ ਯਾਰਕ ਸਮੇਤ ਦੇਸ਼ ਦੇ ਹੋਰ ਹਿੱਸਿਆਂ ਵਿਚ ਕਈ ਲੋਕਾਂ ਦੇ ਸਿਆਸੀ ਪਨਾਹ ਵਾਲੇ ਕੇਸਾਂ ਦੀ ਸਫਲਤਾ ਨਾਲ ਪੈਰਵਾਈ ਕੀਤੀ ਹੈ।

## ਭਾਰਤ ਤੇ ਰੂਸ ਵਿਚਾਲੇ ਅਹਿਮ ਰੱਖਿਆ ਸਮਝੌਤਾ

**ਨਵੀਂ ਦਿੱਲੀ (ਬਿਊਰੋ):** ਭਾਰਤ ਤੇ ਰੂਸ ਵੱਲੋਂ 10 ਅਹਿਮ ਇਕਰਾਰਨਾਮੇ ਸਹੀਬੰਦ ਕੀਤੇ ਗਏ ਜਿਨ੍ਹਾਂ ਵਿਚ ਤਕਰੀਬਨ ਚਾਰ ਅਰਬ ਡਾਲਰ (22 ਹਜ਼ਾਰ ਕਰੋੜ ਰੁਪਏ) ਦੇ ਰੱਖਿਆ ਸਮਝੌਤੇ ਵੀ ਸ਼ਾਮਲ ਹਨ। ਗੱਲਬਾਤ ਦੌਰਾਨ ਰੂਸ ਦੀ ਵੱਡੀ ਟੈਲੀਕਾਮ ਕੰਪਨੀ ਸਿਸਤੇਪਾ ਦੇ ਤਿੰਨ ਅਰਬ ਡਾਲਰ ਤੋਂ ਵੱਧ ਦੇ ਨਿਵੇਸ਼ ਸਬੰਧੀ ਮਤਭੇਦ ਵੀ ਸ਼ਾਮਲ ਹਨ ਜਿਸ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਸੀ। ਰੱਖਿਆ ਸਮਝੌਤਿਆਂ ਹਿੱਤ ਭਾਰਤ ਨੂੰ 42 ਐਸਯੂ (ਸੁਖੋਈ)-30 ਐਮਕੇਆਈ ਜੰਗੀ ਜਹਾਜ਼ ਤੇ 71 ਫੌਜੀ ਹੈਲੀਕਾਪਟਰ ਹਾਸਲ ਹੋਣਗੇ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੱਲਬਾਤ ਦੌਰਾਨ ਦੁਵੱਲੇ ਸਹਿਯੋਗ ਦੀ ਬੜੀ ਵਿਆਪਕ ਤੇ ਬਾਰੀਕਬੀਨੀ ਨਾਲ ਨਿਰਖ-ਪਰਖ ਕੀਤੀ ਜਿਸ ਵਿਚ ਖਾਸ ਤੌਰ 'ਤੇ ਪਰਮਾਣੂ ਊਰਜਾ ਦਾ ਖੇਤਰ ਸ਼ਾਮਲ ਸੀ। ਦੋਵੇਂ ਧਿਰਾਂ ਨੇ ਕੁਡਨਕੁਲਮ ਵਿਖੇ ਪਰਮਾਣੂ ਰੀਐਕਟਰ ਤਿੰਨ ਤੇ ਚਾਰ ਸਬੰਧੀ ਸਮਝੌਤਾ ਛੇਤੀ ਸਿਰੇ ਚਾੜ੍ਹਨ ਦੇ ਤਰੀਕਿਆਂ ਉਤੇ ਵੀ ਵਿਚਾਰ ਕੀਤਾ।

ਮੀਟਿੰਗ ਵਿੱਚ ਸਾਰੇ ਪੱਖ ਦੁਵੱਲੇ ਮਾਮਲਿਆਂ ਜਿਵੇਂ ਰੱਖਿਆ, ਪੁਲਾੜ, ਵਪਾਰ ਤੇ ਨਿਵੇਸ਼, ਸਾਇੰਸ ਤੇ ਤਕਨਾਲੋਜੀ, ਸਿੱਖਿਆ, ਸਭਿਆਚਾਰ ਤੇ ਸੈਰ-ਸਪਾਟੇ ਨੂੰ ਵਿਚਾਰਿਆ ਗਿਆ। ਇਸ ਮੌਕੇ ਰੂਸ ਵੱਲੋਂ ਸਿਸਤੇਪਾ ਮੁੱਦੇ ਉਤੇ ਆਪਣੀ ਫਿਕਰਮੰਦੀ ਦਾ ਇਜ਼ਹਾਰ ਕੀਤਾ ਗਿਆ। ਉਂਜ ਸਰਕਾਰੀ ਤੌਰ 'ਤੇ ਇਸ ਮੁੱਦੇ ਨੂੰ ਸਿਰਫ਼ ਵਿਚਾਰੇ ਜਾਣ ਦੀ ਹੀ ਗੱਲ ਕਹੀ ਗਈ ਹੈ ਤੇ ਹੋਰ ਵੇਰਵੇ ਨਹੀਂ ਦਿੱਤੇ ਗਏ।

ਸਿਸਤੇਪਾ ਦਾ 3.1 ਅਰਬ ਡਾਲਰ ਦੇ ਨਿਵੇਸ਼ ਨਾਲ ਸ਼ਿਆਮ ਸਿਸਤੇਪਾ ਟੈਲੀ-ਸਰਵਿਸਿਜ਼ (ਐਸਐਸਟੀਐਲ) ਵਿਚ 56.68 ਫੀਸਦੀ ਰਿਹਾ ਹੈ ਤੇ ਇਸ ਦੇ 22 ਵਿਚੋਂ 21 ਲਾਇਸੈਂਸ ਸੁਪਰੀਮ ਕੋਰਟ ਨੇ ਬੇਨੇਮੀਆਂ ਕਾਰਨ ਦੋ ਫਰਵਰੀ ਨੂੰ ਰੱਦ ਕਰ ਦਿੱਤੇ ਸਨ। ਸਿਸਤੇਪਾ ਵਿਚ ਰੂਸੀ ਸਰਕਾਰ ਦਾ ਵੀ 17.14 ਫੀਸਦੀ ਹਿੱਸਾ ਹੈ ਜਿਸ ਕਾਰਨ ਇਹ ਇਸ ਮਾਮਲੇ ਨੂੰ ਲੈ ਕੇ ਚਿੰਤਤ ਹੈ ਤੇ ਇਹ ਭਾਰਤ ਉਤੇ ਇਸ ਨਿਵੇਸ਼ ਦੀ ਰਾਖੀ ਲਈ ਦਬਾਅ ਪਾ ਰਹੀ ਹੈ।

## ਗਾਂ ਦਾ ਦੁੱਧ ਬੱਚਿਆਂ ਲਈ ਵਰਦਾਨ

**ਟੋਰਾਂਟੋ:** ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਸਰੀਰ ਵਿਚ ਵਿਟਾਮਿਨ ਡੀ ਤੇ ਲੋਹ-ਤੱਤ ਦਾ ਪੱਧਰ ਸਹੀ ਰੱਖਣ ਲਈ ਬੱਚਿਆਂ ਨੂੰ ਹਰ ਰੋਜ਼ ਦੋ ਕੱਪ ਗਾਂ ਦਾ ਦੁੱਧ ਦੇਣਾ ਚਾਹੀਦਾ ਹੈ। ਸੇਂਟ ਮਾਈਕਲ ਹਸਪਤਾਲ ਦੇ ਬੱਚਿਆਂ ਦੇ ਡਾਕਟਰ ਤੇ ਅਧਿਐਨ ਟੀਮ ਦੇ ਆਗੂ ਡਾ. ਜੋਨਾਥਨ ਮੈਗੂਇਰ ਮੁਤਾਬਕ ਪੀਤੇ ਜਾਣ ਵਾਲੇ ਦੁੱਧ ਦੀ ਮਾਤਰਾ ਬਾਰੇ ਪੇਸ਼ਾਵਰ ਸਿਫਾਰਸ਼ਾਂ ਵਿਚ ਕੁਝ ਵੀ ਸਪਸ਼ਟ ਨਾ ਹੋਣ ਕਾਰਨ ਉਨ੍ਹਾਂ ਨੇ ਇਸ ਸੁਆਲ ਦਾ ਜੁਆਬ ਲੱਭਣ ਲਈ ਅਧਿਐਨ ਸ਼ੁਰੂ ਕੀਤਾ ਸੀ।

ਮੈਗੂਇਰ ਤੇ ਉਨ੍ਹਾਂ ਦੀ ਟੀਮ ਨੇ ਦੋ ਤੋਂ ਪੰਜ ਸਾਲ ਦੀ ਉਮਰ ਦੇ 1300 ਤੋਂ ਵੱਧ ਬੱਚਿਆਂ 'ਤੇ ਅਧਿਐਨ ਕੀਤਾ। ਟੀਮ ਨੇ ਇਨ੍ਹਾਂ ਬੱਚਿਆਂ ਦੇ ਸਰੀਰ ਵਿਚ ਵਿਟਾਮਿਨ ਡੀ ਤੇ ਲੋਹ-ਤੱਤ ਦੀ ਮਾਤਰਾ 'ਤੇ ਦੁੱਧ ਨਾਲ ਪੈਂਦੇ ਪ੍ਰਭਾਵ ਦਾ ਅਧਿਐਨ ਕੀਤਾ। ਇਹ ਦੋਵੇਂ ਤੱਤ ਦੁੱਧ ਵਿਚ ਕਾਫੀ ਮਾਤਰਾ ਵਿਚ ਮਿਲਦੇ ਹਨ। ਉਨ੍ਹਾਂ ਦੇਖਿਆ ਕਿ ਜਿਹੜੇ ਬੱਚੇ ਗਾਂ ਦਾ ਦੁੱਧ ਵਧੇਰੇ ਪੀਂਦੇ ਸਨ, ਉਨ੍ਹਾਂ ਵਿਚ ਵਿਟਾਮਿਨ ਡੀ ਤਾਂ ਵਧੇਰੇ ਜਮ੍ਹਾਂ ਹੋ ਗਿਆ ਪਰ ਲੋਹ-ਤੱਤ ਦੀ ਭਰਪੂਰਤਾ ਘੱਟ ਹੀ ਰਹੀ।


### ਇੰਡੀਅਨ ਰੈਸਟੋਰੈਂਟ ਵਾਸਤੇ

# ਕੁਕ/ਤੰਦੂਰੀਏ ਦੀ ਲੋੜ ਹੈ

ਟੈਨੇਸੀ ਸਟੇਟ ਵਿਚ ਇਕ ਚੰਗੇ ਚਲਦੇ ਭਾਰਤੀ ਰੈਸਟੋਰੈਂਟ ਲਈ ਕੁਕ, ਤੰਦੂਰੀਏ, ਵੇਟਰ, ਹੈਲਪਰ ਅਤੇ ਹੋਰ ਸਟਾਫ ਦੀ ਲੋੜ ਹੈ
ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ

**Wanted Cook/Tanduria, Waiter and Helper staff for an Indian Restaurant in Tennessee**

ਸੰਪਰਕ ਕਰੋ:
ਫੋਨ 615-594-1436
615-482-6292


## ਅਕਾਲੀ ਆਗੂਆਂ ਨੇ ਪੁਲਿਸ ਅਫਸਰ ਦੀਆਂ ਲੱਤਾਂ ਭੰਨ੍ਹੀਆਂ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੀ ਯੂਥ ਬ੍ਰਿਗੇਡ ਦਾ ਧੱਕੜ ਰਵੱਈਆ ਬਰਕਰਾਰ ਹੈ। ਲੁਧਿਆਣਾ ਵਿਚ 25 ਦਸੰਬਰ ਨੂੰ ਅਕਾਲੀ ਦਲ ਨੂੰ ਇਕ ਵਾਰ ਮੁੜ ਨਿਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਸਥਾਨਕ ਘੁਮਾਰ ਮੰਡੀ ਸਥਿਤ 'ਹੱਬ ਰੈਸਟੋਰੈਂਟ' ਵਿਚ ਯੂਥ ਅਕਾਲੀ ਦਲ ਦੇ ਆਗੂਆਂ ਵੱਲੋਂ ਪੰਜਾਬ ਪੁਲਿਸ ਦੇ ਏਆਈਜੀ (ਕਾਊਂਟਰ ਇੰਟੈਲੀਜੈਂਸ) ਐਸਐਸ ਮੰਡ ਤੇ ਸਾਥੀ ਦੀ ਬੇਤਹਾਸ਼ਾ ਕੁੱਟਮਾਰ ਕੀਤੀ ਗਈ। ਇਸ ਮਾਮਲੇ ਵਿਚ ਪੁਲਿਸ ਨੇ ਯੂਥ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਮਨਿੰਦਰਪਾਲ ਸਿੰਘ ਸੰਨੀ ਜੌਹਰ ਸਮੇਤ ਕੁਝ ਹੋਰ ਯੂਥ ਆਗੂਆਂ ਖਿਲਾਫ਼ ਧਾਰਾ 307, 395, 148, 149 ਤੇ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ 24 ਦਸੰਬਰ ਦੀ ਰਾਤ 11 ਵਜੇ ਦੇ ਕਰੀਬ ਉਸ ਵੇਲੇ ਵਾਪਰੀ ਜਦੋਂ ਪੁਲਿਸ ਅਧਿਕਾਰੀ ਆਪਣੇ ਐਨਆਰਆਈ ਦੋਸਤ ਪਰਮਜੀਤ ਸਿੰਘ ਟੋਰਾਂਟੋ ਸਮੇਤ ਕੁਝ ਪਰਿਵਾਰਾਂ ਨਾਲ ਹੋਟਲ ਵਿਚ ਹੋ ਰਹੀ ਕ੍ਰਿਸਮਸ ਪਾਰਟੀ ਵਿਚ ਸ਼ਾਮਲ ਹੋਣ ਪੁੱਜੇ। ਪਾਰਟੀ ਦੌਰਾਨ ਜਦੋਂ ਪਰਮਜੀਤ ਸਿੰਘ ਟੋਰਾਂਟੋ ਵਾਸ਼ਰੂਮ ਤੋਂ ਵਾਪਸ ਆ ਰਿਹਾ ਸੀ ਤਾਂ ਉਹ ਰੈਸਟੋਰੈਂਟ ਦੇ ਮਾਲਕ ਸੰਨੀ ਜੌਹਰ ਨਾਲ ਟਕਰਾ ਗਿਆ ਜਿਸ 'ਤੇ ਪਰਮਜੀਤ ਸਿੰਘ ਨੇ ਮੁਆਫੀ ਮੰਗੀ ਤੇ ਆਪਣੀ ਸੀਟ ਵੱਲ ਜਾਣ ਲੱਗਾ। ਇਸ ਦੌਰਾਨ ਸੰਨੀ ਜੌਹਰ ਨੇ ਪਰਮਜੀਤ ਸਿੰਘ ਨੂੰ ਗਲਿਓਂ ਫੜ ਕੇ ਗਾਲੀ-ਗਲੋਚ ਕਰਨੀ ਸ਼ੁਰੂ ਕਰ ਦਿੱਤੀ ਤੇ ਰੈਸਟੋਰੈਂਟ ਦੇ ਭਾਈਵਾਲ ਤੇ ਯੂਥ ਅਕਾਲੀ ਦਲ ਦੇ ਮੀਤ ਪ੍ਰਧਾਨ ਅਮਨਿੰਦਰ ਸਿੰਘ ਤੇ ਆਪਣੇ ਕੁਝ ਮੁਲਾਜ਼ਮਾਂ ਨੂੰ ਉਥੇ ਬੁਲਾ ਲਿਆ ਜਿਸ 'ਤੇ ਉਨ੍ਹਾਂ ਪਰਮਜੀਤ ਸਿੰਘ ਦੀ ਮਾਰਕੁਟਾਈ ਸ਼ੁਰੂ ਕਰ ਦਿੱਤੀ।

ਇਸ ਦੌਰਾਨ ਰੌਲਾ ਸੁਣ ਕੇ ਐਸਐਸ ਮੰਡ ਜਦੋਂ ਘਟਨਾ ਵਾਲੀ ਥਾਂ 'ਤੇ ਆਏ ਤੇ ਉਨ੍ਹਾਂ ਪਰਮਜੀਤ ਸਿੰਘ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲੀ ਆਗੂਆਂ ਨੇ ਸ. ਮੰਡ ਨੂੰ ਵੀ ਫੜ ਲਿਆ ਤੇ ਖਿਚਧੂਹ ਸ਼ੁਰੂ ਕਰ ਦਿੱਤੀ। ਇਸ ਦੌਰਾਨ ਕੁਝ ਮੁਲਾਜ਼ਮਾਂ ਨੇ ਸ. ਮੰਡ ਨੂੰ ਹੇਠਾਂ ਸੁੱਟ ਲਿਆ ਤੇ ਉਨ੍ਹਾਂ ਨੂੰ ਬੇਤਹਾਸ਼ਾ ਕੁੱਟਣਾ ਸ਼ੁਰੂ ਕਰ ਦਿੱਤਾ। ਸ. ਮੰਡ ਨਾਲ ਖਾਣਾ ਖਾਣ ਲਈ ਆਈਆਂ ਔਰਤਾਂ ਨੇ ਚੀਕ-ਚਿਹਾੜਾ ਪਾਇਆ ਪਰ ਉਨ੍ਹਾਂ ਦੀ ਕਿਸੇ ਨੇ ਕੋਈ ਗੱਲ ਨਹੀਂ ਸੁਣੀ ਤੇ ਦੋਹਾਂ ਦੀ ਮਾਰਕੁਟਾਈ ਜਾਰੀ ਰੱਖੀ। ਰੈਸਟੋਰੈਂਟ ਵਿਚ ਖਾਣਾ ਖਾ ਰਹੇ ਕੁਝ ਲੋਕਾਂ ਨੇ ਦਖਲਅੰਦਾਜ਼ੀ ਕਰਕੇ ਦੋਹਾਂ ਨੂੰ ਮਾਰਕੁਟਾਈ ਤੋਂ ਬਚਾਇਆ ਪਰ ਇਸ ਦੌਰਾਨ ਐਸ ਐਸ ਮੰਡ ਦੀ ਲੱਤ ਟੁੱਟ ਗਈ ਤੇ ਸਰੀਰ ਦੇ ਕਈ ਹਿੱਸਿਆਂ 'ਤੇ ਗੁੱਝੀਆਂ ਸੱਟਾਂ ਵੀ ਲੱਗੀਆਂ।

## ਤੇਂਦੁਲਕਰ ਹੁਣ ਨਹੀਂ ਖੇਡੇਗਾ ਇਕ ਰੋਜ਼ਾ ਕ੍ਰਿਕਟ

**ਮੁੰਬਈ:** ਸਮਕਾਲੀ ਕ੍ਰਿਕਟ ਦੇ ਸਭ ਤੋਂ ਮਹਾਨ ਬੱਲੇਬਾਜ਼ ਗਿਣੇ ਜਾਂਦੇ ਸਚਿਨ ਤੇਂਦੁਲਕਰ ਨੇ ਇਕ ਰੋਜ਼ਾ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲੈ ਲਿਆ ਹੈ। ਆਪਣੇ 23 ਸਾਲਾਂ ਦੇ ਕੈਰੀਅਰ ਦੌਰਾਨ ਸਚਿਨ ਨੇ ਯਾਦਗਾਰੀ ਪਾਰੀਆਂ ਰਾਹੀਂ ਰਿਕਾਰਡ ਕਿਤਾਬਾਂ ਨੂੰ ਨਵੇਂ ਸਿਰਿਓਂ ਲਿਖਿਆ। ਉਹ ਟੈਸਟ ਮੈਚ ਹਾਲੇ ਖੇਡਦਾ ਰਹੇਗਾ। 39 ਸਾਲਾ ਤੇਂਦੁਲਕਰ ਨੇ ਆਪਣੇ ਫੈਸਲੇ ਤੋਂ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੂੰ ਜਾਣੂ ਕਰਾ ਦਿੱਤਾ ਹੈ।

ਤੇਂਦੁਲਕਰ ਨੇ ਆਖਿਆ ਕਿ ਖੇਡ ਦੀ ਇਕ ਰੋਜ਼ਾ ਵੰਨਗੀ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ। ਉਸ ਨੂੰ ਇਕ ਵਿਸ਼ਵ ਕੱਪ ਜੇਤੂ ਭਾਰਤੀ ਟੀਮ ਦਾ ਹਿੱਸਾ ਬਣਨ ਦਾ ਸੁਪਨਾ ਸੱਚ ਕਰਨ ਦੀ ਬਖਸ਼ਿਸ਼ ਪ੍ਰਾਪਤ ਹੋਈ ਸੀ। ਸਚਿਨ ਨੇ ਇਕ ਰੋਜ਼ਾ ਕੌਮਾਂਤਰੀ ਮੈਚਾਂ ਵਿਚ 44.83 ਦੀ ਔਸਤ ਨਾਲ 18426 ਦੌੜਾਂ ਬਣਾਈਆਂ ਜਿਨ੍ਹਾਂ ਵਿਚ ਇਕ ਦੋਹਰਾ ਸੈਂਕੜਾ, 49 ਸੈਂਕੜੇ ਤੇ 96 ਨੀਮ ਸੈਂਕੜੇ ਸ਼ਾਮਲ ਹਨ।

ਸਚਿਨ ਦਾ ਟੈਸਟ ਰਿਕਾਰਡ ਵੀ ਇੰਨਾ ਹੀ ਜ਼ਬਰਦਸਤ ਰਿਹਾ ਹੈ। ਉਸ ਨੇ 194 ਟੈਸਟ ਮੈਚਾਂ ਵਿਚ 54.32 ਦੀ ਔਸਤ ਨਾਲ 15645 ਦੌੜਾਂ ਬਣਾਈਆਂ ਜਿਨ੍ਹਾਂ ਵਿਚ 51 ਸੈਂਕੜੇ ਤੇ 66 ਅਰਧ ਸੈਂਕੜੇ ਸ਼ਾਮਲ ਹਨ। ਉਸ ਨੇ ਇਹ ਫੈਸਲਾ ਉਦੋਂ ਲਿਆ ਜਦੋਂ ਪਾਕਿਸਤਾਨ ਖ਼ਿਲਾਫ਼ ਇਕ ਰੋਜ਼ਾ ਤੇ ਟੀ-20 ਲੜੀ ਲਈ ਟੀਮ ਦਾ ਐਲਾਨ ਕੀਤਾ ਜਾ ਰਿਹਾ ਸੀ। ਅਟਕਲਾਂ ਲੱਗ ਰਹੀਆਂ ਸਨ ਕਿ ਸਚਿਨ ਆਸਟਰੇਲੀਆ ਖ਼ਿਲਾਫ਼ ਲੜੀ ਤੋਂ ਪਹਿਲਾਂ ਆਪਣੀ ਲੈਅ ਮੁੜ ਹਾਸਲ ਕਰਨ ਲਈ ਪਾਕਿਸਤਾਨ ਖ਼ਿਲਾਫ਼ ਲੜੀ 'ਚ ਸ਼ਾਮਲ ਹੋਣ ਦਾ ਚਾਹਵਾਨ ਹੈ।

ਪਿਛਲੇ ਕੁਝ ਸਮੇਂ ਤੋਂ ਸਚਿਨ ਦੀ ਲੈਅ ਖਰਾਬ ਚੱਲ ਰਹੀ ਸੀ। ਇੰਗਲੈਂਡ ਖ਼ਿਲਾਫ਼ ਹੁਣੇ ਖਤਮ ਹੋਈ ਟੈਸਟ ਲੜੀ ਵਿਚ ਉਸ ਦੀ ਔਸਤ 18.66 ਦੌੜਾਂ ਦੀ ਰਹੀ ਹੈ। ਲੰਘੇ ਮਾਰਚ ਮਹੀਨੇ ਏਸ਼ੀਆ ਕੱਪ ਦੌਰਾਨ ਸਚਿਨ ਨੇ ਆਪਣਾ ਮਹਾ-ਸੈਂਕੜਾ ਪੂਰਾ ਕੀਤਾ ਸੀ। ਤੇਂਦੁਲਕਰ ਨੇ 1989 ਵਿਚ ਪਾਕਿਸਤਾਨ ਖ਼ਿਲਾਫ਼ ਆਪਣੇ ਇਕ ਰੋਜ਼ਾ ਕੌਮਾਂਤਰੀ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ।

## ਮਹਿਲਾ ਕਾਂਸਟੇਬਲ ਵੱਲੋਂ ਅਮਰੀਕੀ ਸਲਾਹਕਾਰ ਦੀ ਹੱਤਿਆ


**ਕਾਬੁਲ:** ਪੁਲਿਸ ਹੈੱਡਕੁਆਰਟਰ ਦੇ ਬਾਹਰ ਅਫਗਾਨਿਸਤਾਨ ਦੀ ਪੁਲਿਸ ਕਾਂਸਟੇਬਲ ਨੇ ਇਕ ਅਮਰੀਕੀ ਸਲਾਹਕਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।ਅਫਗਾਨਿਸਤਾਨ ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਕਾਂਸਟੇਬਲ ਦੀ ਪਛਾਣ ਸਗਤ ਨਰਗਸ ਵਜੋਂ ਹੋਈ ਹੈ। ਕਾਬੁਲ ਦੇ ਗਵਰਨਰ ਅਬਦੁਲ ਜਬਰ ਤਕਵਾ ਨੇ ਦੱਸਿਆ ਕਿ ਬੇਹੱਦ ਸੁਰੱਖਿਆ ਵਾਲੇ ਅਫਗਾਨਿਸਤਾਨ ਦੇ ਰਣਨੀਤਕ ਵਜੋਂ ਅਹਿਮ ਥਾਂ ਤੋਂ ਅਮਰੀਕੀ ਸਲਾਹਕਾਰ ਕਿਸੇ ਦੁਕਾਨ ਤੋਂ ਕੁਝ ਸਾਮਾਨ ਲੈ ਕੇ ਨਿਕਲਿਆ ਹੀ ਸੀ ਕਿ ਮਹਿਲਾ ਕਾਂਸਟੇਬਲ ਨੇ ਆਪਣੀ ਪਿਸਤੌਲ ਨਾਲ ਉਸ 'ਤੇ ਗੋਲੀਆਂ ਦਾਗ ਦਿੱਤੀਆਂ। ਹਮਲੇ ਤੋਂ ਤੁਰੰਤ ਬਾਅਦ ਮਹਿਲਾ ਕਾਂਸਟੇਬਲ ਨੂੰ ਫੜ ਲਿਆ ਗਿਆ।

ਨਾਟੋ ਗੱਠਜੋੜ ਦੇ ਬੁਲਾਰੇ ਅਮਰੀਕੀ ਏਅਰਫੋਰਸ ਲੈਫਟੀਨੈਂਟ ਕਰਨਲ ਲੈਸਟਰ ਟੀ ਕਾਰੋਲ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਔਰਤ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਘਟਨਾ ਦੀ ਜਾਂਚ ਆਰੰਭ ਕਰ ਦਿੱਤੀ ਗਈ ਹੈ। ਇਹ ਹਮਲਾ ਪੁਲਿਸ ਹੈੱਡਕੁਆਰਟਰ ਦੇ ਬਾਹਰ ਇਕ ਚਾਰਦੀਵਾਰੀ ਵਾਲੇ ਬੇਹੱਦ ਸੁਰੱਖਿਅਤ ਇਲਾਕੇ ਵਿਚ ਹੋਇਆ। ਇਥੇ ਗਵਰਨਰ ਹਾਊਸ, ਜੇਲ੍ਹ ਤੇ ਅਦਾਲਤਾਂ ਸਥਾਪਤ ਹਨ। ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਕੁਝ ਘੰਟੇ ਪਹਿਲਾਂ ਹੀ ਇਕ ਹੋਰ ਘਟਨਾ ਵਿਚ ਇਕ ਅਫਗਾਨ ਪੁਲਿਸ ਕਰਮਚਾਰੀ ਨੇ ਆਪਣੇ ਹੀ ਪੰਜ ਸਾਥੀਆਂ ਨੂੰ ਮਾਰ ਦਿੱਤਾ।


### ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
### ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

**ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ**

**ਫੋਨ: (559) 317-2149**



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577





ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

*ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।*

vaisakhi
Coupon Code

*ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ*

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਅਕਾਲੀਆਂ ਦੇ ਰਾਜ ਵਿਚ ਵਿਆਹ ਕਰਨਾ ਵੀ ਹੋਇਆ ਔਖਾ

## ਟੈਕਸਾਂ ਦੀ ਮਾਰ ਕਾਰਨ ਮੈਰਿਜ ਪੈਲੇਸ ਹੋਏ ਮਹਿੰਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ 'ਖ਼ਜ਼ਾਨਾ ਭਰੋ ਮੁਹਿੰਮ' ਤਹਿਤ ਲਾਏ ਬੇਲੋੜੇ ਟੈਕਸਾਂ ਦਾ ਅਸਰ ਹਰ ਵਰਗ 'ਤੇ ਦਿੱਸਣਾ ਸ਼ੁਰੂ ਹੋ ਗਿਆ ਹੈ। ਖ਼ਾਸਕਰ ਮੈਰਿਜ ਪੈਲੇਸਾਂ 'ਤੇ ਟੈਕਸਾਂ ਵਿਚ ਅੰਨ੍ਹੇਵਾਹ ਵਾਧਾ ਤਾਂ ਇਹੀ ਸਿੱਧ ਕਰਦਾ ਹੈ ਕਿ ਸਰਕਾਰ ਨੇ ਪੈਸਾ ਇਕੱਠਾ ਕਰਨ ਦੀ ਸਾਰੀ ਟੇਕ ਲੋਕਾਂ ਦੇ ਵਿਆਹ ਸਮਾਗਮ 'ਤੇ ਹੀ ਲਾ ਲਈ ਹੈ। ਸਰਕਾਰ ਦੇ ਇਸ ਫੈਸਲੇ ਨਾਲ ਹੁਣ ਕਿਸੇ ਮਹਾਤੜ ਲਈ ਆਪਣੀ ਧੀ ਦਾ ਵਿਆਹ ਮੈਰਜ ਪੈਲਸ ਵਿਚ ਕਰਨਾ 'ਖਾਲਾ ਜੀ ਵਾੜਾ' ਨਹੀਂ ਹੋਵੇਗਾ।

ਮੈਰਿਜ ਪੈਲੇਸ ਵਿਚ ਹੋਣ ਵਾਲੇ ਵਿਆਹ ਦੇ ਪੰਜ ਲੱਖ ਦੇ ਬਿੱਲਾਂ ਉੱਪਰ ਡੇਢ ਲੱਖ ਰੁਪਏ ਤੋਂ ਵੱਧ ਟੈਕਸ ਹੀ ਦੇਣਾ ਪਵੇਗਾ। ਮੈਰਿਜ ਪੈਲੇਸ ਵਿਚ ਵਿਆਹ ਸਮਾਗਮਾਂ ਦੇ ਬਿੱਲਾਂ ਉੱਪਰ 12.36 ਫ਼ੀਸਦੀ ਸਰਵਿਸ ਟੈਕਸ ਤੇ ਅੱਠ ਫ਼ੀਸਦੀ ਲਗਜ਼ਰੀ ਟੈਕਸ ਲਾਇਆ ਗਿਆ ਜਦਕਿ ਪਹਿਲਾਂ ਸਰਵਿਸ ਟੈਕਸ 10 ਫ਼ੀਸਦੀ ਤੇ ਲਗਜ਼ਰੀ ਟੈਕਸ ਚਾਰ ਫ਼ੀਸਦੀ ਸੀ। ਇਸੇ ਤਰ੍ਹਾਂ ਸ਼ਰਾਬ ਦੇ ਪਰਮਿਟ ਦੀ ਫ਼ੀਸ 'ਚ ਭਾਰੀ ਵਾਧਾ ਕਰ ਦਿੱਤਾ ਹੈ। ਏ-ਕੈਟਾਗਰੀ ਵਿਚ 20 ਹਜ਼ਾਰ, ਬੀ-ਕੈਟਾਗਰੀ 10 ਹਜ਼ਾਰ ਤੇ ਸੀ ਕੈਟਾਗਰੀ



ਲਈ ਪਰਮਿਟ ਫੀਸ ਪੰਜ ਹਜ਼ਾਰ ਰੁਪਏ ਕਰ ਦਿੱਤੀ ਗਈ ਹੈ।

ਲੋਕਾਂ ਦਾ ਕਹਿਣਾ ਹੈ ਕਿ ਸ਼ਰਾਬ ਦੇ ਪਰਮਿਟ ਦੀ ਜਿੰਨੀ ਫੀਸ ਰੱਖ ਦਿੱਤੀ ਗਈ ਹੈ ਏਨੀ ਰਕਮ ਦੀ ਤਾਂ ਕਈ ਵਾਰ ਵਿਆਹ ਵਿਚ ਸ਼ਰਾਬ ਵੀ ਨਹੀਂ ਪੀਤੀ ਜਾਂਦੀ। ਮੈਰਿਜ ਪੈਲੇਸ ਵਾਲਿਆਂ ਦਾ ਕਹਿਣਾ ਹੈ ਕਿ ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀ ਉਨ੍ਹਾਂ ਉੱਪਰ ਸਜਾਵਟ ਲਈ ਲਾਏ ਫੁੱਲਾਂ ਤੇ ਹੋਰ ਡੈਕੋਰੇਸ਼ਨ ਦਾ ਸਰਵਿਸ ਟੈਕਸ ਤੇ ਲਗਜ਼ਰੀ ਟੈਕਸ ਉਗਰਾਉਣ ਲਈ ਵੀ ਦਬਾਅ ਪਾ ਰਹੇ ਹਨ। ਸਜਾਵਟ ਵਾਲਾ ਕੰਮ ਆਮ ਕਰਕੇ ਲੋਕ ਬਾਹਰੋਂ ਹੀ ਕਰਵਾਉਂਦੇ ਹਨ ਪਰ ਅਧਿਕਾਰੀ ਕਹਿੰਦੇ ਹਨ ਕਿ ਉਨ੍ਹਾਂ ਦੇ ਖਰਚੇ ਦਾ ਹਿਸਾਬ ਵੀ ਬਿੱਲ ਵਿਚ ਪਾਇਆ ਜਾਵੇ।

ਇਸ ਹਿਸਾਬ ਨਾਲ ਵਿਆਹ ਦੇ ਕੁਲ ਖਰਚੇ ਉੱਪਰ 30 ਫੀਸਦੀ ਤੋਂ ਵਧੇਰੇ ਟੈਕਸ ਲਾ ਦਿੱਤਾ ਗਿਆ। ਇਸ ਤੋਂ ਇਲਾਵਾ ਵਿਆਹ-ਸ਼ਾਦੀ ਵਿਚ ਵਰਤੇ ਜਾਣ ਵਾਲੀਆਂ ਵਸਤਾਂ ਉੱਪਰ ਕਈ ਤਰ੍ਹਾਂ ਦੇ ਟੈਕਸ ਪਹਿਲੇ ਪੜਾਅ ਉੱਪਰ ਵੀ ਲਗਦੇ ਹਨ। ਇਸ ਤਰ੍ਹਾਂ ਕੁਲ ਮਿਲਾ ਕੇ ਸਾਰੇ ਟੈਕਸਾਂ ਦਾ ਬੋਝ ਤਾਂ ਆਖਰ ਗਾਹਕ ਉੱਪਰ ਹੀ ਪੈਣਾ ਹੈ। ਮੈਰਿਜ ਪੈਲੇਸਾਂ ਬਾਰੇ ਨਵੀਂ ਨੀਤੀ ਤਹਿਤ ਜੀ.ਟੀ ਰੋਡ ਉਪਰਲੇ ਹਰ ਤਿੰਨ ਏਕੜ ਵਾਲੇ ਪੈਲੇਸ ਦੇ ਇਕ ਕਰੋੜ 20 ਲੱਖ ਰੁਪਏ, ਸ਼ਹਿਰ ਤੋਂ 15 ਕਿਲੋਮੀਟਰ ਦੇ ਘੇਰੇ ਵਿਚਲੇ ਹਰ ਪੈਲੇਸ ਨੂੰ 84 ਲੱਖ ਰੁਪਏ ਤੇ 15 ਕਿਲੋਮੀਟਰ ਤੋਂ ਬਾਹਰ ਪੈਂਦੇ ਅਜਿਹੇ ਪੈਲੇਸ ਨੂੰ 18 ਲੱਖ ਰੁਪਏ ਸਰਕਾਰ ਨੂੰ ਤਾਰਨੇ ਪੈਣਗੇ। ਏਨੀਆਂ ਭਾਰੀਆਂ ਰਕਮਾਂ ਦਾ ਬੋਝ ਵੀ ਆਖਰ ਖਪਤਕਾਰ ਭਾਵ ਧੀ ਦਾ ਵਿਆਹ ਕਰਨ ਵਾਲੇ ਉੱਪਰ ਹੀ ਪਵੇਗਾ। ਇਸ ਤਰ੍ਹਾਂ ਮੈਰਿਜ ਪੈਲੇਸ ਦੇ ਕਿਰਾਏ ਦੁੱਗਣੇ-ਤਿਗਣੇ ਹੋ ਜਾਣਗੇ। ਇਸ ਵਪਾਰ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਚਾਰ-ਪੰਜ ਲੱਖ ਰੁਪਏ ਖਰਚੇ ਵਾਲੇ ਵਿਆਹ ਉੱਪਰ ਡੇਢ ਲੱਖ ਰੁਪਏ ਦੇ ਕਰੀਬ ਟੈਕਸ ਤੇ 70-75 ਹਜ਼ਾਰ ਰੁਪਏ ਪੈਲੇਸ ਦੇ ਵਧੇ ਕਿਰਾਏ ਦਾ ਬੋਝ ਪੈ ਜਾਵੇਗਾ।

ਇਸ ਤਰ੍ਹਾਂ ਚਾਰ ਲੱਖ ਵਾਲਾ ਵਿਆਹ ਹੁਣ ਛੇ ਲੱਖ ਰੁਪਏ ਤੋਂ ਉੱਪਰ ਪਵੇਗਾ। ਮੈਰਿਜ ਪੈਲੇਸ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਮੈਰਿਜ ਪੈਲੇਸ ਨਿਰੋਲ ਵਪਾਰਕ ਧੰਦਾ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਇਸ ਵਿਚ ਸਮਾਜਿਕ ਹਿੱਤ ਵੀ ਜੁੜੇ ਹੋਏ ਹਨ। ਸਾਲ ਵਿਚ ਪੈਲੇਸ ਪਹਿਲੀ ਗੱਲ ਤਾਂ ਮਸਾਂ 70-80 ਦਿਨ ਹੀ ਬੁੱਕ ਹੁੰਦੇ ਹਨ। ਇਸ ਕਰਕੇ ਇਹ ਲਗਾਤਾਰ ਚੱਲਣ ਵਾਲਾ ਧੰਦਾ ਨਹੀਂ।

ਦੂਜਾ ਸਰਕਾਰ ਇਕ ਪਾਸੇ ਧੀਆਂ ਨੂੰ ਗਰਭ ਵਿਚ ਮਾਰੇ ਜਾਣ ਤੋਂ ਬਚਾਉਣ ਸਮੇਤ ਉਨ੍ਹਾਂ ਦੀ ਬੇਹਤਰੀ ਦੀਆਂ ਅਨੇਕ ਗੱਲਾਂ ਕਰ ਰਹੀ ਹੈ ਪਰ ਲੜਕੀਆਂ ਦੀ ਸ਼ਾਦੀ ਵੀ ਮਾਪਿਆਂ ਲਈ ਸਭ ਤੋਂ ਵੱਡੀ ਸਿਰਦਰਦੀ ਹੈ। ਲੋਕਾਂ 'ਚ ਆਮ ਭਾਵਨਾ ਹੈ ਕਿ ਖ਼ਜ਼ਾਨੇ ਨੂੰ ਥਾਂ ਸਿਰ ਲਿਆਉਣ ਲਈ ਅੰਨ੍ਹੇਵਾਹ ਟੈਕਸ ਲਾਏ ਜਾਣ ਦੀ ਥਾਂ ਸਰਕਾਰ ਸਮਾਜਿਕ ਜ਼ਿੰਮੇਵਾਰੀ ਦਾ ਵੀ ਅਹਿਸਾਸ ਕਰੇ ਤੇ ਟੈਕਸ ਤੇ ਫ਼ੀਸਾਂ ਵਿਚ ਵਾਧਾ ਤਰਕ ਸੰਗਤ ਤੇ ਲੋਕਾਂ ਦੀ ਆਮਦਨ ਦਰ ਅਨੁਸਾਰ ਹੀ ਕਰੇ।

# ਚੇਅਰਮੈਨੀਆਂ ਦੀ ਵੰਡ ਪੰਚਾਇਤੀ ਚੋਣਾਂ ਤੋਂ ਬਾਅਦ?

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਨੂੰ ਮੱਦੇਨਜ਼ਰ ਰੱਖਦਿਆਂ ਬੈਂਕਾਂ, ਬੋਰਡਾਂ, ਕਾਰਪੋਰੇਸ਼ਨਾਂ ਪਿੱਛੋਂ ਹੁਣ ਮਾਰਕੀਟ ਕਮੇਟੀਆਂ ਦੀਆਂ ਚੇਅਰਮੈਨੀਆਂ ਦੀ ਵੰਡ ਦਾ ਕੰਮ ਲਮਕਾ ਦਿੱਤਾ ਹੈ ਜਿਸ ਕਾਰਨ ਭੱਜ-ਨੱਠ ਕਰਨ ਰਹੇ ਆਗੂ ਠੰਢੇ ਜਿਹੇ ਹੀ ਹੋ ਕੇ ਬੈਠ ਗਏ ਹਨ। ਚੇਅਰਮੈਨ ਬਣਨ ਲਈ ਉਤਾਵਲੇ ਆਗੂਆਂ ਦੀਆਂ ਆਸਾਂ ਨੂੰ ਹੁਣ ਪੰਚਾਇਤੀ ਚੋਣਾਂ ਪਿੱਛੋਂ ਹੀ ਬੂਰ ਪੈਂਦਾ ਨਜ਼ਰ ਆ ਰਿਹਾ ਹੈ ਕਿਉਂਕਿ ਸਰਕਾਰ ਚੋਣਾਂ ਤੋਂ ਪਹਿਲਾਂ ਕਿਸੇ ਵੀ ਆਗੂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੀ। ਇਹ ਫੈਸਲਾ ਸਰਕਾਰ ਚੋਣਾਂ ਲੰਘਣ ਪਿੱਛੋਂ ਫਰਾਖ਼-ਦਿਲੀ ਨਾਲ ਹੋਵੇਗਾ।

ਅਸਲ ਵਿਚ ਇਹ ਫੈਸਲਾ ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਵੱਲੋਂ ਇਨ੍ਹਾਂ ਅਦਾਰਿਆਂ ਦੀਆਂ ਚੇਅਰਮੈਨੀਆਂ ਕਿਸੇ ਵੀ ਮੰਤਰੀ, ਵਿਧਾਇਕ ਜਾਂ ਸਾਬਕਾ ਮੰਤਰੀਆਂ, ਵਿਧਾਇਕਾਂ ਦੇ ਪੁੱਤਰਾਂ ਨੂੰ ਨਾ ਦਿੱਤੀਆਂ ਜਾਣ ਦੀ ਸਲਾਹ ਤੋਂ ਬਾਅਦ ਕੀਤਾ ਗਿਆ ਹੈ ਕਿਉਂਕਿ ਮੁੜ ਇਨ੍ਹਾਂ ਆਗੂਆਂ ਦੇ ਘਰਾਂ ਵਿਚ ਹੀ ਅਹੁਦੇ ਜਾਣ ਨਾਲ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਟਕਸਾਲੀ ਆਗੂਆਂ ਤੇ ਵਰਕਰਾਂ ਵਿਚ ਨਿਰਾਸ਼ਾ ਫੈਲਦੀ ਹੈ।

ਹੁਣ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਨੂੰ ਮੱਦੇਨਜ਼ਰ ਚੇਅਰਮੈਨੀਆਂ ਦਾ ਕੰਮ ਠੰਢੇ ਬਸਤੇ 'ਚ ਪਾ ਦਿੱਤੇ ਜਾਣ ਕਾਰਨ ਫਿਲਹਾਲ ਉਪਰੋਕਤ ਸਭ ਦਲੀਲਾਂ, ਅਪੀਲਾਂ 'ਤੇ ਵਿਸ਼ਰਾਮ ਚਿੰਨ੍ਹ ਹੀ ਲੱਗ ਗਿਆ ਹੈ। ਸੂਤਰਾਂ ਮੁਤਾਬਕ ਸਰਕਾਰ ਦਾ ਮੰਨਣਾ ਹੈ ਕਿ ਹੁਣੇ ਚੇਅਰਮੈਨੀਆਂ ਦੀ ਵੰਡ ਦਿੱਤੇ ਜਾਣ ਕਾਰਨ ਪੰਚਾਇਤੀ ਚੋਣਾਂ ਪ੍ਰਭਾਵਤ ਹੋਣਗੀਆਂ। ਜ਼ਿਕਰਯੋਗ ਹੈ ਕਿ ਹੁਣ ਚੇਅਰਮੈਨੀਆਂ ਵੰਡ ਵੇਲੇ ਸਰਕਾਰ ਨੂੰ ਖਾਸ ਧਿਆਨ ਵੀ ਦੇਣਾ ਪਵੇਗਾ ਕਿ ਇਹ ਵਾਗਡੋਰ ਵੀ ਅਜਿਹੇ ਵਿਅਕਤੀ ਦੇ ਹੱਥ ਨਾ ਆ ਜਾਵੇ ਜੋ ਆਪਣੀਆਂ ਸਮਾਜ ਵਿਰੋਧੀ ਕਾਰਵਾਈਆਂ ਕਾਰਨ ਸਰਕਾਰ ਤੇ ਪਾਰਟੀ ਲਈ ਨਮੋਸ਼ੀ ਦਾ ਸਬੱਬ ਬਣੇ ਜਿਸ ਤਰ੍ਹਾਂ ਦੇ ਯੂਥ ਨੇ ਪਿਛਲੇ ਦਿਨਾਂ 'ਚ ਕਈ ਅਣਸੁਖਾਵੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਸਰਕਾਰ ਨੂੰ ਨਾਮੋਸ਼ੀ ਦਾ ਸਾਹਮਣਾ ਕਰਵਾਇਆ ਹੈ।

# ਦੰਦਾਂ ਦੀ ਡਾਕਟਰ ਨੇ ਫਾਹਾ ਲਿਆ

**ਅੰਮ੍ਰਿਤਸਰ:** ਦੰਦਾਂ ਦੀ ਮਾਹਿਰ ਡਾਕਟਰ ਨੇ ਆਪਣੇ ਹੀ ਘਰ ਵਿਚ ਭੇਤਭਰੀ ਹਾਲਤ ਵਿਚ ਖ਼ੁਦਕੁਸ਼ੀ ਕਰ ਲਈ ਹੈ। ਮਿਲੀ ਜਾਣਕਾਰੀ ਮੁਤਾਬਕ ਅਜਨਾਲਾ ਰੋਡ ਸਥਿਤ ਜੁਝਾਰ ਐਵੀਨਿਊ ਦੀ ਵਸਨੀਕ ਡਾ. ਰਿੱਤੂ ਮਾਨਕਟਾਲਾ ਇਥੇ ਜੀ.ਟੀ ਰੋਡ 'ਤੇ ਹੀ ਦੰਦਾਂ ਦੀ ਕਲੀਨਿਕ ਚਲਾਉਂਦੀ ਸੀ। ਮ੍ਰਿਤਕਾ ਦੇ ਪਤੀ ਰਮਿੰਦਰ ਸਿੰਘ ਮੁਤਾਬਕ ਉਹ ਦੋਵੇਂ ਇਕ ਪਾਰਟੀ ਵਿਚ ਸ਼ਾਮਲ ਹੋਣ ਲਈ ਗਏ ਸਨ।

ਪਾਰਟੀ ਵਿਚ ਦੋਵਾਂ ਨੇ ਸ਼ਰਾਬ ਵੀ ਪੀਤੀ ਸੀ। ਘਰ ਵਾਪਸੀ 'ਤੇ ਦੋਵੇਂ ਵੱਖ ਵੱਖ ਕਮਰਿਆਂ ਵਿਚ ਸੌਂ ਗਏ। ਸਵੇਰੇ ਜਦੋਂ ਉਹ ਉੱਠਿਆ ਤਾਂ ਉਸ ਨੇ ਆਪਣੀ ਪਤਨੀ ਦੀ ਲਾਸ਼ ਲਟਕਦੀ ਵੇਖੀ। ਉਸ ਨੇ ਆਖਿਆ ਕਿ ਰਿੱਤੂ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕੀਤੀ ਹੈ। ਖ਼ੁਦਕੁਸ਼ੀ ਕੀਤੇ ਜਾਣ ਦੇ ਕਾਰਨ ਫਿਲਹਾਲ ਭੇਤ ਬਣੇ ਹੋਏ ਹਨ। ਪੁਲਿਸ ਮੁਤਾਬਕ ਪਿਛਲੇ ਦੋ ਦਿਨਾਂ ਤੋਂ ਕੋਈ ਫੋਨ ਕਰਕੇ ਡਾਕਟਰ ਨੂੰ ਪ੍ਰੇਸ਼ਾਨ ਕਰ ਰਿਹਾ ਸੀ।


# ਅਦਾਲਤ ਵੱਲੋਂ ਮਿੰਨੀ ਬੱਸਾਂ ਨੂੰ ਬਰੇਕ




**ਚੰਡੀਗੜ੍ਹ:** ਪੰਜਾਬ ਸਰਕਾਰ 'ਤੇ ਮਿੰਨੀ ਬੱਸ ਅਪਰੇਟਰਾਂ ਦੀ ਪੁਸ਼ਤਪਨਾਹੀ ਕਰਨ ਦਾ ਦੋਸ਼ ਲਾਉਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਿੰਨੀ ਬੱਸ ਸੇਵਾ ਯੋਜਨਾ 2010 ਨੂੰ ਰੱਦ ਕਰ ਦਿੱਤਾ। ਡਿਵੀਜ਼ਨ ਬੈਂਚ ਨੇ ਵਿਜੈਯੰਤ ਟਰੈਵਲਜ਼ ਤੇ ਹੋਰਾਂ ਦੀਆਂ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਕਿਹਾ ਕਿ ਇਸ ਯੋਜਨਾ ਨੂੰ ਦੇਖਣ ਤੋਂ ਬਿਲਕੁਲ ਸਾਫ ਹੈ ਕਿ ਸਰਕਾਰ ਨੇ ਮਿੰਨੀ ਬੱਸ ਅਪਰੇਟਰਾਂ ਦੀ ਪੁਸ਼ਤਪਨਾਹੀ ਕੀਤੀ ਹੈ। ਇਸ ਲਈ ਪੰਜਾਬ ਮਿੰਨੀ ਬੱਸ ਸੇਵਾ ਯੋਜਨਾ 2010 ਨੂੰ ਰੱਦ ਕੀਤਾ ਜਾਂਦਾ ਹੈ। ਮੰਨੀ ਬੱਸ ਪਰਮਿਟ ਜੋ ਜਾਰੀ ਕੀਤੇ ਗਏ ਹਨ ਜਾਂ ਨਾਜਾਇਜ਼ ਢੰਗ ਨਾਲ ਨਵਿਆਏ ਗਏ ਹਨ, ਪੂਰੀ ਤਰ੍ਹਾਂ ਗ਼ੈਰਕਨੂੰਨੀ ਹਨ ਤੇ ਰੱਦ ਕੀਤੇ ਜਾਂਦੇ ਹਨ। ਬੈਂਚ ਨੇ ਸਾਫ ਤੌਰ 'ਤੇ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਗ਼ੈਰਕਨੂੰਨੀ ਹੈ। ਇਹ ਯੋਜਨਾ ਮੋਟਰ ਵਹੀਕਲ ਐਕਟ ਦੀ ਧਾਰਾ 99 ਦੀ ਉਲੰਘਣਾ ਕਰਦੀ ਹੈ। ਇਸ ਧਾਰਾ ਤਹਿਤ ਉਨ੍ਹਾਂ ਇਲਾਕਿਆਂ ਜਾਂ ਰੂਟਾਂ ਜਿਥੇ ਰਾਜ ਦੀਆਂ ਸਰਕਾਰੀ ਬੱਸਾਂ ਬਹੁਤ ਘੱਟ ਜਾਂ ਜਾਂਦੀਆਂ ਹੀ ਨਹੀਂ, ਉਥੇ ਮਿੰਨੀ ਬੱਸਾਂ ਚਲਾਈਆਂ ਜਾ ਸਕਦੀਆਂ ਹਨ।

# ਮੁਸੀਬਤ ਬਣਿਆ ਸੁਮੇਧ ਸੈਣੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਪੁਲਿਸ ਮੁਖੀ ਵਜੋਂ ਤਰੱਕੀ ਦੇ ਕੇ ਆਪਣੇ ਲਈ ਮਸੀਬਤ ਸਹੇੜ ਲਈ ਹੈ। ਸੈਣੀ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਅਦਾਲਤੀ ਮਸ਼ੀਰ ਸੀਨੀਅਰ ਐਡਵੋਕੇਟ ਕੇ.ਐਨ ਬਾਲਗੋਪਾਲ ਨੇ ਤਰਕ ਦਿੱਤਾ ਕਿ 2009 ਵਿਚ ਜਦੋਂ ਸ੍ਰੀ ਸੈਣੀ ਨੂੰ ਏਡੀਜੀਪੀ ਵਜੋਂ ਤਰੱਕੀ ਦਿੱਤੀ ਗਈ ਸੀ ਤਾਂ ਉਨ੍ਹਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਹੋ ਚੁੱਕੀ ਸੀ।



2010 ਵਿਚ ਪੰਜਾਬ ਸਰਕਾਰ ਨੇ ਦਵਿੰਦਰ ਸਿੰਘ ਗਰਚਾ ਨੂੰ ਇਸ ਆਧਾਰ 'ਤੇ ਤਰੱਕੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਨ੍ਹਾਂ 'ਤੇ ਮੋਗਾ ਸੈਕਸ ਸਕੈਂਡਲ 'ਚ ਸ਼ਮੂਲੀਅਤ ਦੇ ਦੋਸ਼ ਹਨ। ਇਸ ਉਪਰੰਤ ਸ੍ਰੀ ਗਰਚਾ ਨੇ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਕੋਲ ਪਹੁੰਚ ਕੀਤੀ ਸੀ ਪਰ ਉਨ੍ਹਾਂ ਦੀ ਅਪੀਲ ਠੁਕਰਾਏ ਜਾਣ ਪਿੱਛੋਂ ਉਨ੍ਹਾਂ ਹਾਈ ਕੋਰਟ 'ਚ ਪਟੀਸ਼ਨ ਪਾ ਦਿੱਤੀ। ਉਨ੍ਹਾਂ ਤਰਕ ਦਿੱਤਾ ਕਿ ਸਰਕਾਰ ਨੇ ਉਨ੍ਹਾਂ ਦੇ ਮਾਮਲੇ 'ਚ ਵੱਖਰੇ ਮਾਪਦੰਡ ਅਪਣਾਏ ਹਨ।

ਸ੍ਰੀ ਬਾਲਗੋਪਾਲ ਨੇ ਪੰਜਾਬ ਪੁਲਿਸ ਐਕਟ ਦੇ ਸੈਕਸ਼ਨ 6 ਦੇ ਹਵਾਲੇ ਨਾਲ ਦੱਸਿਆ ਕਿ ਸੂਬਾ ਸਰਕਾਰ ਉਦੋਂ ਡੀਜੀਪੀ ਦਾ ਤਬਾਦਲਾ ਕਰ ਸਕਦੀ ਹੈ ਜਦੋਂ ਉਸ ਨੂੰ ਕਿਸੇ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੋਵੇ ਜਾਂ ਕਿਸੇ ਅਦਾਲਤ ਵਿਚ ਉਸ ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਹੋਣ। ਉਨ੍ਹਾਂ ਦੱਸਿਆ ਕਿ ਸ੍ਰੀ ਸੈਣੀ ਦੇ ਮਾਮਲੇ ਵਿਚ ਡੀਜੀਪੀ ਦੀ ਨਿਯੁਕਤੀ ਉਦੋਂ ਹੋਈ ਹੈ ਜਦੋਂ ਉਨ੍ਹਾਂ ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਸਨ।

ਸ੍ਰੀ ਬਾਲਗੋਪਾਲ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਹਵਾਲਾ ਵੀ ਦਿੱਤਾ ਜਿਸ ਵਿਚ ਪੀ.ਜੇ ਥੌਮਸ ਦੀ ਚੀਫ਼ ਵਿਜੀਲੈਂਸ ਕਮਿਸ਼ਨਰ ਵਜੋਂ ਨਿਯੁਕਤੀ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਤਰਕ ਦਿੱਤਾ ਕਿ ਸਰਕਾਰ ਨੇ ਹੀ ਪਹਿਲਾਂ ਅਗਵਾ ਦੇ ਮਾਮਲੇ 'ਚ ਸ੍ਰੀ ਸੈਣੀ ਖ਼ਿਲਾਫ਼ ਕੇਸ ਚਲਾਉਣ ਦੀ ਆਗਿਆ ਦਿੱਤੀ ਸੀ ਤੇ ਫਿਰ ਉਸ ਨੇ ਹੀ ਸ੍ਰੀ ਸੈਣੀ ਨੂੰ ਤਰੱਕੀ ਦੇ ਦਿੱਤੀ।

# ਹੁਣ ਮਹਿੰਗਾ ਪਵੇਗਾ ਸ਼ੌਕ ਹਥਿਆਰਾਂ ਦਾ

## ਫੀਸ ਵਿਚ ਦਸ ਗੁਣਾ ਵਾਧੇ ਦੀ ਤਜਵੀਜ਼

**ਚੰਡੀਗੜ੍ਹ:** ਪੰਜਾਬ ਵਿਚ ਹਥਿਆਰ ਰੱਖਣ ਦਾ ਸ਼ੌਕ ਹੁਣ ਸਿਰਫ਼ ਪੈਸੇ ਵਾਲੇ ਲੋਕਾਂ ਲਈ ਹੀ ਰਹਿ ਜਾਵੇਗਾ ਕਿਉਂਕਿ ਸਰਕਾਰ ਅਸਲਾ ਲਾਇਸੈਂਸ ਫਾਰਮ ਫੀਸ ਵਿਚ ਦਸ ਗੁਣਾ ਵਾਧਾ ਕਰਨ ਜਾ ਰਹੀ ਹੈ। ਪਹਿਲਾਂ ਜਿਥੇ ਜਣਾ-ਖਣਾ ਅਸਲਾ ਲਾਇਸੈਂਸ ਬਣਾਉਣ ਲਈ ਫਾਰਮ ਅਪਨਾਈ ਕਰ ਦਿੰਦਾ ਸੀ, ਉਥੇ ਹੁਣ ਖੁਫ਼ੀਆ ਵਿਭਾਗ ਦੀ ਤਸਦੀਕ ਮਗਰੋਂ ਹੀ ਅਸਲਾ ਲਾਇਸੈਂਸ ਲਈ ਅਪਲਾਈ ਕੀਤਾ ਜਾ ਸਕੇਗਾ।

ਪੰਜਾਬ ਸਰਕਾਰ ਵੱਲੋਂ ਅਸਲਾ ਲਾਇਸੈਂਸ ਫਾਰਮ ਦੀ ਫੀਸ 500 ਰੁਪਏ ਤੋਂ ਵਧਾ ਕੇ ਪੰਜ ਹਜ਼ਾਰ ਰੁਪਏ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਖੁਫ਼ੀਆ ਵਿਭਾਗ ਦੀ ਤਸਦੀਕ ਲੈਣੀ ਵੀ ਲਾਜ਼ਮੀ ਕੀਤੀ ਜਾ ਰਹੀ ਹੈ। ਅਜਿਹਾ ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਅਪਰਾਧਕ ਤੇ ਵਿਆਹ ਸ਼ਾਦੀਆਂ ਵਿਚ ਫਾਇਰਿੰਗ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਦੇ ਮੰਤਵ ਨਾਲ ਕੀਤਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਸਰਕਾਰ ਵੱਲੋਂ ਇਹ ਫੈਸਲਾ ਬਹੁਤ ਜਲਦੀ ਰਾਜ ਵਿਚ ਲਾਗੂ ਕੀਤਾ ਜਾ ਰਿਹਾ ਹੈ।

ਇਸ ਬਾਰੇ ਖਰੜਾ ਤਿਆਰ ਕਰ ਲਿਆ ਗਿਆ ਹੈ ਤੇ ਸਿਰਫ਼ ਰਸਮੀ ਐਲਾਨ ਹੋਣਾ ਬਾਕੀ ਰਹਿ ਗਿਆ ਹੈ। ਇਸ ਵੇਲੇ ਪੰਜਾਬ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚ ਅਸਲਾ ਲਾਇਸੈਂਸ ਫਾਰਮ ਦੀ ਵੱਖੋ-ਵੱਖਰੀ ਕੀਮਤ ਵਸੂਲੀ ਜਾ ਰਹੀ ਹੈ। ਮੁਹਾਲੀ ਜ਼ਿਲ੍ਹੇ ਵਿਚ ਪਹਿਲਾਂ ਅਸਲਾ ਲਾਇਸੈਂਸ ਫਾਰਮ ਦੀ ਕੀਮਤ ਮਾਤਰ 20 ਰੁਪਏ ਸੀ ਪਰ



ਕੁਝ ਸਮਾਂ ਪਹਿਲਾਂ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਫੀਸ 500 ਰੁਪਏ ਕਰ ਦਿੱਤੀ ਗਈ ਸੀ ਪਰ ਹੁਣ ਜ਼ਿਲ੍ਹੇ ਵਿਚ ਅਸਲਾ ਲਾਇਸੈਂਸ ਫਾਰਮ ਦੀ ਫੀਸ ਪੰਜ ਹਜ਼ਾਰ ਰੁਪਏ ਕੀਤੀ ਜਾ ਰਹੀ ਹੈ।

ਇਹ ਵੀ ਜਾਣਕਾਰੀ ਮਿਲੀ ਹੈ ਕਿ ਪੰਜਾਬ ਵਿਚ ਤਕਰੀਬਨ 25 ਹਜ਼ਾਰ ਅਸਲਾ ਲਾਇਸੈਂਸ ਧਾਰਕ ਹਨ ਤੇ ਹਥਿਆਰਾਂ ਦੀ ਗਿਣਤੀ 35 ਹਜ਼ਾਰ ਤੋਂ ਵੱਧ ਹੈ। ਮੁਹਾਲੀ ਜ਼ਿਲ੍ਹੇ ਵਿਚ ਛੇ ਹਜ਼ਾਰ ਅਸਲਾ ਲਾਇਸੈਂਸ ਧਾਰਕ ਹਨ ਤੇ ਲਾਇਸੈਂਸਾਂ 'ਤੇ ਹੁਣ ਤੱਕ ਤਕਰੀਬਨ 10 ਹਜ਼ਾਰ ਹਥਿਆਰਾਂ ਦਾ ਵੇਰਵਾ ਦਰਜ ਹੈ। ਇਸ ਤੋਂ ਇਲਾਵਾ ਅਸਲਾ ਲਾਇਸੈਂਸ ਦੇ ਹਜ਼ਾਰਾਂ ਕੇਸ ਹਾਲੇ ਬਕਾਇਆ ਪਏ ਹਨ।

ਸੂਤਰਾਂ ਮੁਤਾਬਕ ਪਹਿਲਾਂ ਅਸਲਾ ਲਾਇਸੈਂਸ ਫਾਰਮ ਦੀ ਫੀਸ ਸਿਰਫ਼ 20 ਰੁਪਏ ਸੀ ਤੇ ਲੋਕ ਬਿਨਾਂ ਕਾਰਨ ਫਾਰਮ ਖਰੀਦ ਲੈਂਦੇ ਸਨ। ਇਸ ਤੋਂ ਬਾਅਦ ਫਾਰਮ ਦੀ ਫੀਸ 500 ਰੁਪਏ ਕੀਤੀ ਗਈ ਪਰ ਫਿਰ ਵੀ ਲਾਇਸੈਂਸ ਬਣਾਉਣ ਲਈ ਲੋਕਾਂ ਦਾ ਰੁਝਾਨ ਨਹੀਂ ਘਟਿਆ। ਇਸ ਕਾਰਨ ਪੁਲਿਸ ਵੈਰੀਫਿਕੇਸ਼ਨ ਬਾਰੇ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਸਨ। ਇਹੀ ਨਹੀਂ 50 ਫੀਸਦੀ ਲੋਕ ਆਪਣੇ ਫਾਰਮ ਜਮ੍ਹਾਂ ਹੀ ਨਹੀਂ ਕਰਵਾਉਂਦੇ ਹਨ।

# ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਨੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਗੁਰਦੁਆਰਾ ਸੈਨ ਹੋਜ਼ੇ ਵਿਚ ਸ਼ਰਧਾ ਨਾਲ ਮਨਾਇਆ

**ਸੈਨ ਹੋਜ਼ੇ (ਬਿਊਰੋ):** ਇਲਾਕਾ ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਵਲੋਂ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ-ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਹਰ ਸਾਲ ਦੀ ਤਰ੍ਹਾਂ ਮਹਾਨ ਸ਼ਹੀਦੀ ਜੋੜ-ਮੇਲਾ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਮਾਗਮ ਦੌਰਾਨ ਪੰਥ ਪ੍ਰਸਿਧ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਉਦਮ ਨਾਲ ਬੱਚਿਆਂ ਵਲੋਂ ਇਕ ਰੂਪਕ 'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਖੇਡਿਆ ਗਿਆ।

ਸ਼ਹੀਦੀ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਨੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ। ਇਸ ਸਮੇਂ ਰਾਗੀ ਜਥਿਆਂ-ਭਾਈ ਅਮਰੀਕ ਸਿੰਘ ਗੁਰਦਾਸਪੁਰ ਤੇ ਭਾਈ ਜਸਪਾਲ ਸਿੰਘ ਫਤਿਹਗੜ੍ਹ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਦੇ ਬੱਚਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਸ਼ਬਦ ਕੀਰਤਨ ਸਰਵਣ ਕਰਵਾਇਆ। ਕਥਾਵਾਚਕ ਭਾਈ ਦਵਿੰਦਰਪਾਲ ਸਿੰਘ ਲੁਧਿਆਣਾ ਵਾਲਿਆਂ ਨੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਸਰਬਜੀਤ ਸਿੰਘ ਸਾਜਨ (ਨਾਭੇ ਵਾਲੀਆਂ ਬੀਬੀਆਂ) ਦੇ ਢਾਡੀ ਜਥੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਬਿਆਨ ਕਰਦੀਆਂ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਨਗਰ ਕੀਰਤਨ ਕੀਤਾ ਗਿਆ। ਭਾਰੀ ਮੀਂਹ ਦੇ ਬਾਵਜੂਦ ਸੰਗਤਾਂ ਨੇ ਨਗਰ ਕੀਰਤਨ ਵਿਚ ਵੱਧ-ਚੜ੍ਹ ਕੇ ਹਾਜ਼ਰੀਆਂ ਭਰੀਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ।







ਇਸ ਵਾਰ ਦੇ ਸ਼ਹੀਦੀ ਜੋੜ ਮੇਲੇ ਦੀ ਵਿਸ਼ੇਸ਼ ਗੱਲ ਇਹ ਸੀ ਕਿ ਫਤਿਹਗੜ੍ਹ ਸਾਹਿਬ ਦੀ ਸੰਗਤ ਅਤੇ ਪੰਜਾਬੀ ਸਾਹਿਤ ਸਭਾ ਬੇ-ਏਰੀਆ (ਕੈਲੀਫੋਰਨੀਆ) ਵਲੋਂ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸ. ਚਰਨ ਸਿੰਘ ਸਿੰਧਰਾ ਦੇ ਨਿਰਦੇਸ਼ਨ ਹੇਠ ਰੂਪਕ 'ਨਿੱਕੀਆ ਜਿੰਦਾਂ-ਵੱਡਾ ਸਾਕਾ' (ਸਾਕਾ ਸਰਹੰਦ) ਪੇਸ਼ ਕੀਤਾ ਗਿਆ। ਰੋਸ਼ਨੀ ਤੇ ਅਵਾਜ਼ ਉਤੇ ਆਧਾਰਤ ਇਹ ਰੂਪਕ ਇੰਨਾ ਪ੍ਰਭਾਵਸ਼ਾਲੀ ਸੀ ਕਿ ਸੰਗਤ ਮੰਤਰ ਮੁਗਧ ਹੋਈ ਅਹਿਲ ਬੈਠੀ ਰਹੀ। ਇਹ ਰੂਪਕ ਤਿਆਰ ਕਰਨ ਲਈ ਭਾਈ ਸੁਖਦੇਵ ਸਿੰਘ ਬੈਣੀਵਾਲ, ਸੁਖਵਿੰਦਰ ਸਿੰਘ ਗੋਗੀ, ਦਲਜੀਤ ਸਿੰਘ ਮਾਵੀ, ਜਸਪਾਲ ਸਿੰਘ ਖਾਲਸਾ, ਹਰਮਿੰਦਰ ਸਿੰਘ ਫਰੀਮਾਂਟ, ਕੁਲਦੀਪ ਸਿੰਘ ਢੀਂਡਸਾ, ਪਰਮਿੰਦਰ ਸਿੰਘ ਪਰਵਾਨਾ, ਡਾ. ਗੁਰਮੀਤ ਸਿੰਘ ਬਰਸਾਲ ਅਤੇ ਪਰਮਜੀਤ ਸਿੰਘ ਦਾਖਾ ਨੇ ਵਿਸ਼ੇਸ਼ ਯੋਗਦਾਨ ਪਾਇਆ। ਸ਼ਹੀਦੀ ਜੋੜ ਮੇਲੇ ਦੌਰਾਨ ਛੋਟੇ ਸਾਹਿਬਜ਼ਾਦਿਆਂ ਦੇ ਇਤਿਹਾਸ ਨਾਲ ਸਬੰਧਤ ਤਸਵੀਰਾਂ ਦੀ ਇਕ ਪ੍ਰਦਰਸ਼ਨੀ ਵੀ ਲਾਈ ਗਈ ਜੋ ਅਮਰੀਕਾ ਦੇ ਜੰਮਪਲ ਬੱਚਿਆਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਬਣੀ।

ਇਸ ਸ਼ਹੀਦੀ ਜੋੜ ਮੇਲੇ ਵਿਚ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਤੋਂ ਇਲਾਵਾ ਇਲਾਕਾ ਫਤਿਹਗੜ੍ਹ ਸਾਹਿਬ ਦੀ ਸੰਗਤ ਨੇ ਭਰਪੂਰ ਯੋਗਦਾਨ ਪਾਇਆ। ਇਨ੍ਹਾਂ ਸਹਿਯੋਗੀਆਂ ਵਿਚ ਭਾਈ ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ ਖਾਲਸਾ, ਬਲਵਿੰਦਰ ਸਿੰਘ, ਦਲਜੀਤ ਸਿੰਘ ਮਾਵੀ, ਜਸਵੀਰ ਸਿੰਘ ਪਵਾਰ ਰਾਜੂ, ਹਰਮਿੰਦਰ ਸਿੰਘ ਫਰੀਮਾਂਟ, ਇੰਦਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਹਰਜੀਤ ਸਿੰਘ, ਰਘਵੀਰ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ, ਹਰਵਿੰਦਰ ਸਿੰਘ, ਗੁਰਵੀਰ ਸਿੰਘ, ਮਨੀ ਜੈਲਦਾਰ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੱਠੂ, ਸੁਖਵਿੰਦਰ ਸਿੰਘ ਨੰਬਰਦਾਰ, ਲਖਵਿੰਦਰ ਸਿੰਘ ਪੂਨੀਆ, ਸੁਖਵਿੰਦਰ ਸਿੰਘ ਸੱਦੋਮਾਜਰਾ, ਗੁਰਤੇਜ ਸਿੰਘ ਤੇਜੀ, ਜੋਗਾ ਸਿੰਘ, ਦੀਪਇੰਦਰ ਸਿੰਘ, ਹਰਚੰਦ ਸਿੰਘ, ਗੁਰਜੀਤ ਸਿੰਘ ਝਾਮਪੁਰ, ਜਸਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਮੇਜਰ ਸਿੰਘ, ਗੁਰਸ਼ਰਨ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਰਸਧੀਰ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ ਮਾਛੀਵਾੜਾ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਤੇਜਵੀਰ ਸਿੰਘ, ਹਰਦੀਪ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਹਰਨੇਕ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਇੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਜਸਜੀਤ ਸਿੰਘ, ਪਵਨਦੀਪ ਸਿੰਘ, ਪ੍ਰਭਦੀਪ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ ਅਤੇ ਜਸਲੀਤ ਸਿੰਘ ਸ਼ਾਮਲ ਸਨ।















## Matrimonials

**ਕੰਨਿਆ ਦੀ ਲੋੜ ਹੈ**

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11'', ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

**ਵਰ ਦੀ ਲੋੜ ਹੈ**

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਿਹਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।


*punjabtimesusa.com*

## 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਦੀ ਅਗਲੀ ਪੇਸ਼ਕਾਰੀ 29 ਨੂੰ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ ਏਰੀਆ) ਬਾਲ-ਸਾਹਿਤ ਕਲਾ ਅਤੇ ਰੰਗ-ਮੰਚ ਵੱਲੋਂ ਤਿਆਰ ਕੀਤੇ ਗਏ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਰੂਪਕ ਦੀ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੋਈ ਪਹਿਲੀ ਪੇਸ਼ਕਾਰੀ 'ਤੇ ਸਭਾ ਨੇ ਤਸੱਲੀ ਪ੍ਰਗਟਾਈ ਹੈ ਅਤੇ ਇਸ ਦੀ ਅਗਲੀ ਪੇਸ਼ਕਾਰੀ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਵਿਚ 29 ਦਸੰਬਰ ਨੂੰ ਸ਼ਾਮ 5:30 ਵਜੇ ਹੋਵੇਗੀ।

ਸ. ਚਰਨ ਸਿੰਘ ਸਿੰਧਰਾ ਦੇ ਨਿਰਦੇਸ਼ਨ ਹੇਠ ਤਿਆਰ ਕੀਤੇ ਗਏ ਇਸ ਰੂਪਕ ਵਿਚ ਕੋਈ 50 ਬੱਚਿਆਂ ਨੇ ਕੰਮ ਕੀਤਾ। ਰੂਪਕ ਸਬੰਧੀ ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਢੀਂਡਸਾ ਫੋਨ 510-676-4440 ਜਾਂ ਪ੍ਰਮਿੰਦਰ ਸਿੰਘ ਪਰਵਾਨਾ ਫੋਨ 510-415-9377 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 29 ਦਸੰਬਰ 2012*

## ਜਮਹੂਰੀਅਤ ਦਾ ਜਨਾਜ਼ਾ

ਪੰਜਾਬ ਵਿਧਾਨ ਸਭਾ ਵਿਚ ਚੱਲੀਆਂ ਗਾਲਾਂ ਨੇ ਕੁਹਜ ਨਾਲ ਨੱਕੋ-ਨੱਕ ਭਰੇ ਪਏ ਸਿਆਸੀ ਆਗੂਆਂ ਦੇ ਕਿਰਦਾਰ ਦਾ ਭਾਂਡਾ ਚੌਰਾਹੇ ਵਿਚ ਲਿਆ ਭੰਨ੍ਹਿਆ ਹੈ। ਇਨ੍ਹਾਂ ਆਗੂਆਂ, ਜੋ ਸਮਾਜ ਸੇਵਾ ਦਾ ਦੰਭ ਕਰਦੇ ਹਨ, ਦੀ ਨਿੱਘਰ ਚੁੱਕੀ ਮਾਨਸਿਕਤਾ ਦੇ ਦਰਸ਼ਨ ਲੋਕਾਂ ਨੇ ਕਰ ਲਏ ਹਨ ਅਤੇ ਸਮਾਜ ਦੇ ਸਭ ਤੋਂ ਵੱਧ ਲਿਤਾੜੇ ਵਰਗ ਔਰਤਾਂ ਬਾਰੇ ਵੀ ਇਨ੍ਹਾਂ ਦਾ ਹੀਜ-ਪਿਆਜ ਨੰਗਾ ਹੋ ਗਿਆ ਹੈ। ਇਸ ਸ਼ਰਮਨਾਕ ਕਾਂਡ ਨੇ ਫਿਰ ਸਾਬਤ ਕਰ ਦਿੱਤਾ ਹੈ ਕਿ ਮੁੱਖ ਸਿਆਸੀ ਪਾਰਟੀਆਂ ਦਾ ਲੋਕਾਂ ਦੇ ਮੁੱਦਿਆਂ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਤਾਂ ਸਗੋਂ ਲੋਕਾਂ ਦੇ ਮੁੱਦਿਆਂ ਨੂੰ ਹਾਈਜੈਕ ਕਰ ਕੇ, ਫਿਰ ਇਨ੍ਹਾਂ ਮੁੱਦਿਆਂ ਅਤੇ ਇਨ੍ਹਾਂ ਨਾਲ ਜੁੜੇ ਲੋਕਾਂ ਨੂੰ ਆਪਣੀ ਸਿਆਸਤ ਲਈ ਗੱਜ-ਵੱਜ ਕੇ ਵਰਤਦੇ ਹਨ। ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਪੰਜਾਬ ਕਈ ਪੱਖਾਂ ਤੋਂ ਹੁਣ ਲੀਹੋਂ ਲਹਿ ਰਿਹਾ ਹੈ ਪਰ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ, ਇਸ ਮੁੱਦੇ ਉਤੇ ਕਿਤੇ ਕੋਈ ਵਿਚਾਰ ਨਹੀਂ ਹੋ ਰਹੀ। ਸਾਰੀਆਂ ਧਿਰਾਂ ਦਾ ਜ਼ੋਰ ਆਪੋ-ਆਪਣੀ ਧਿਰ ਦੇ ਹੱਕ ਵਿਚ ਅੰਕੜੇ ਇਕੱਠੇ ਕਰਨ ਉਤੇ ਲੱਗਿਆ ਹੋਇਆ ਹੈ। ਹੁਣ ਮਸਲਾ ਜੇ ਸੂਬੇ ਦੀ ਡੋਲ ਚੁਕੀ ਕਾਨੂੰਨ-ਵਿਵਸਥਾ ਦਾ ਸੀ ਤਾਂ ਵਿਚਾਰ-ਚਰਚਾ ਪੰਜਾਬ ਬਾਰੇ ਹੀ ਹੋਣੀ ਚਾਹੀਦੀ ਸੀ। ਹੋਰ ਸੂਬਿਆਂ ਦੀ ਹਾਲਤ ਕਿੰਨੀ ਨਿੱਘਰ ਚੁੱਕੀ ਹੈ, ਸਭ ਦੂਜੈਲੀਆਂ ਗੱਲਾਂ ਹਨ। ਦੂਜੇ ਸੂਬਿਆਂ ਦੀਆਂ ਨਿਘੋਚਾਂ ਕੱਢ ਕੇ ਇਉਂ ਆਪਣਾ ਪੱਲੂ ਨਹੀਂ ਬਚਾਇਆ ਜਾ ਸਕਦਾ। ਦੂਜੇ ਬੰਨ੍ਹੇ, ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਨੇ ਵਿਧਾਨ ਸਭਾ ਵਿਚ ਉਦੋਂ ਹੀ ਹਮਲਾਵਰ ਰੁਖ ਅਖਤਿਆਰ ਕੀਤਾ ਜਦੋਂ ਉਨ੍ਹਾਂ ਉਤੇ ਦੋਸ਼ ਲਾਏ ਗਏ। ਜਦੋਂ ਗੱਲ ਪੰਜਾਬ ਦੇ ਪ੍ਰਸੰਗ ਵਿਚ ਹੋ ਰਹੀ ਹੋਵੇ ਤਾਂ ਅਜਿਹੇ ਨਿੱਜੀ ਦੋਸ਼ਾਂ ਉਤੇ ਭੜਕਣ ਦਾ ਮਤਲਬ ਹੀ ਕੋਈ ਨਹੀਂ ਸੀ। ਇਥੇ ਇਕ ਹੋਰ ਗੱਲ ਸਪਸ਼ਟ ਕਰਨੀ ਬਣਦੀ ਹੈ ਕਿ ਨਿੱਘਰ ਚੁੱਕੀ ਕਾਨੂੰਨ-ਵਿਵਸਥਾ ਬਾਰੇ ਵਿਧਾਨ ਸਭਾ ਵਿਚ ਬਹਿਸ ਲਈ ਜਿੰਨੀ ਤਿਆਰੀ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਹੋਈ ਸੀ, ਉਸ ਦੇ ਮੁਕਾਬਲੇ ਕਾਂਗਰਸ ਦੀ ਤਿਆਰੀ ਪਾਂ-ਪਾਸਕੂੰ ਵੀ ਨਹੀਂ ਸੀ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਇੰਨੀ ਕਸੂਤੀ ਹਾਲਤ ਵਿਚ ਫਸੇ ਬਾਦਲਕਿਆਂ ਨੂੰ ਭੱਜਣ ਨੂੰ ਕੋਈ ਰਾਹ ਥਿਆ ਜਾਂਦਾ। ਖੈਰ! ਰਾਣਾ ਗੁਰਜੀਤ ਸਿੰਘ ਦੀਆਂ ਗਾਲਾਂ ਦੇ ਜਵਾਬ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਜੋ ਕੁਝ ਕੀਤਾ, ਉਹ ਸਾਰੀ ਦੁਨੀਆਂ ਦੇਖ/ਸੁਣ ਚੁੱਕੀ ਹੈ। ਉਂਜ, ਨਿੱਘਰ ਚੁੱਕੇ ਹਾਲਾਤ ਦਾ ਪਤਾ ਤਾਂ ਉਸ ਵਕਤ ਲਗਦਾ ਹੈ ਜਦੋਂ ਇਤਿਹਾਸਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਨੌਜਵਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਕ ਮਹਿਲਾ ਪੱਤਰਕਾਰ ਦੇ ਸਵਾਲ ਦਾ ਜਵਾਬ ਦੇਣ ਦੀ ਥਾਂ, ਉਸ ਕੋਲੋਂ ਮਜੀਠੀਏ ਵੱਲੋਂ ਕੱਢੀਆਂ ਗਾਲਾਂ ਦੀ ਭਾਸ਼ਾ ਦੱਸਣ ਦੀ ਮੰਗ ਕਰਦਾ ਹੈ। ਇਹ ਮਹਿਲਾਵਾਂ ਨਾਲ ਹਿੰਸਾ ਨਹੀਂ ਤਾਂ ਹੋਰ ਕੀ ਹੈ? ਅਜਿਹੀ ਮਹੀਨ ਅਤੇ ਅਦਿਖ ਹਿੰਸਾ ਮਜੀਠੀਏ, ਸੁਖਬੀਰ ਅਤੇ ਹੋਰ ਆਗੂਆਂ ਦੇ ਕਾਰ-ਵਿਹਾਰ 'ਚੋਂ ਅਕਸਰ ਝਲਕਦੀ ਦੇਖੀ ਜਾ ਸਕਦੀ ਹੈ। ਇਸੇ ਕਾਰਨ ਸ਼ਰੂਤੀ, ਛੇਹਰਟਾ ਜਾਂ ਦਿੱਲੀ ਵਰਗੀਆਂ ਦੁਰ-ਘਟਨਾਵਾਂ ਵਾਪਰਦੀਆਂ ਹਨ। ਇਹ ਜਗੀਰੂ ਮਾਨਸਿਕਤਾ ਦੀ ਪੈਦਾਵਾਰ ਹਨ, ਇਸੇ ਕਰ ਕੇ ਔਰਤ ਅੱਜ ਪੀੜ ਪੀੜ ਹੋਈ ਪਈ ਹੈ ਅਤੇ ਸਾਡੇ ਆਗੂਆਂ ਨੇ ਇਸ ਨੂੰ ਤਿਆਗਣ ਦੇ ਕੋਈ ਸੰਕੇਤ ਨਹੀਂ ਦਿੱਤੇ ਹਨ। ਇਹ ਹੋਰ ਕੁਝ ਨਹੀਂ, ਸਗੋਂ ਭਾਰਤ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਜਮਹੂਰੀਅਤ ਦੀਆਂ ਅਲਾਮਤਾਂ ਹਨ। ਚੋਣਾਂ ਨੂੰ ਜਮਹੂਰੀਅਤ ਦੀਆਂ ਜੜ੍ਹਾਂ ਆਖਿਆ ਗਿਆ ਹੈ ਪਰ ਚੋਣ ਅਮਲ ਨੇ ਹੀ ਜਮਹੂਰੀਅਤ ਨੂੰ ਸੁੱਕਣੇ ਪਾਇਆ ਹੋਇਆ ਹੈ।

ਖਾੜਕੂ ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਵੱਲੋਂ ਪਿੱਛੇ ਜਿਹੇ ਚੋਣ ਲੜਨ ਨੂੰ ਅਲਵਿਦਾ ਆਖਣ ਦਾ ਸਿੱਧਾ ਸਬੰਧ ਵੀ ਜਮਹੂਰੀਅਤ ਦੀਆਂ ਖੋਖਲੀਆਂ ਹੋ ਚੁੱਕੀਆ ਜੜ੍ਹਾਂ ਨਾਲ ਜੁੜਿਆ ਹੋਇਆ ਹੈ। ਹੁਣ ਆਮ ਬੰਦਾ, ਆਗੂ ਜਾਂ ਕੋਈ ਜਥੇਬੰਦੀ ਚੋਣਾਂ ਲੜਨ ਬਾਰੇ ਸੋਚ ਵੀ ਨਹੀਂ ਸਕਦੇ। ਇਸ ਬਾਰੇ ਐਲਾਨ ਕਰਦਿਆਂ ਸ. ਮਾਨ ਨੇ ਕਿਹਾ ਸੀ ਕਿ ਉਨ੍ਹਾਂ ਦੀ ਜਥੇਬੰਦੀ ਕੋਲ ਇੰਨੀ ਮਾਇਆ ਨਹੀਂ ਕਿ ਚੋਣ ਅਮਲ ਦਾ ਢਿੱਡ ਭਰਿਆ ਜਾ ਸਕੇ। ਚੋਣਾਂ ਰਾਹੀਂ ਇਸ ਨਿੱਘਰ ਚੁੱਕੇ ਢਾਂਚੇ ਨੂੰ ਬਦਲਣ ਦਾ ਮੁੱਦਾ ਤਾਂ ਹੁਣ ਬਹੁਤ ਪਿਛਾਂਹ ਰਹਿ ਗਿਆ ਹੈ।...ਤੇ ਪੰਜਾਬ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਵਿਧਾਨ ਸਭਾ ਵਿਚ ਜੋ ਗੁਲ ਹੁਣ ਖਿਲਾਏ ਹਨ, ਉਸ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਇਹ ਖੇਤਰ ਹੁਣ ਨਿਰੋਲ ਬੁਰਛਾਗਰਦਾਂ ਲਈ ਰਾਖਵਾਂ ਹੋ ਗਿਆ ਹੈ। ਘੱਟੋ-ਘੱਟ ਪੰਜਾਬ/ਭਾਰਤ ਦੀ ਚੋਣ ਸਿਆਸਤ ਬਾਰੇ ਤਾਂ ਇਹ ਗੱਲ ਹੁਣ ਆਖੀ ਹੀ ਜਾ ਸਕਦੀ ਹੈ। ਪਿਛਲੇ ਕੁਝ ਸਮੇਂ ਦੌਰਾਨ ਜਿਸ ਤਰ੍ਹਾਂ ਪੌਂਟੀ ਚੱਢਾ ਕਤਲ ਕੇਸ, ਸ਼ਰੂਤੀ ਅਗਵਾ ਕੇਸ ਅਤੇ ਛੇਹਰਟਾ ਕਤਲ ਕੇਸ ਉਪਰੋਥਲੀ ਸਾਹਮਣੇ ਆਏ ਹਨ, ਉਸ ਤੋਂ ਹੁਣ ਆਮ ਬੰਦਾ ਵੀ ਸਮਝ ਗਿਆ ਹੈ ਕਿ ਸਿਆਸਤ ਵਿਚ ਮਾੜੇ-ਧੀੜੇ ਬੰਦੇ ਦਾ ਹੁਣ ਕੋਈ ਕੰਮ ਨਹੀਂ ਰਹਿ ਗਿਆ। ਭਾਰਤ ਦੀ ਆਜ਼ਾਦੀ ਤੋਂ ਦੋ ਕੁ ਦਹਾਕੇ ਬਾਅਦ ਨੌਜਵਾਨਾਂ ਨੇ ਚੋਣ ਸਿਸਟਮ ਰੱਦ ਕਰਦਿਆਂ ਸਿੱਧਾ ਮੈਦਾਨ ਵਿਚ ਉਤਰਨ ਦਾ ਸੱਦਾ ਦਿੱਤਾ ਸੀ ਤਾਂ ਕਿਸੇ ਨੇ ਕਿਆਸ ਵੀ ਨਹੀਂ ਕੀਤਾ ਹੋਣਾ ਕਿ ਚੋਣ ਸਿਸਟਮ ਦਾ ਨਿਘਾਰ 21ਵੀਂ ਸਦੀ ਵਿਚ ਇੰਨਾ ਭਿਅੰਕਰ ਰੂਪ ਅਖਤਿਆਰ ਕਰ ਲਵੇਗਾ। ਸਮਾਂ ਬੀਤਣ ਨਾਲ ਜਮਹੂਰੀ ਸੰਸਥਾਵਾਂ ਨੇ ਤਾਂ ਸਗੋਂ ਪੱਕੇ ਪੈਰੀਂ ਹੋਣਾ ਸੀ ਅਤੇ ਇਸ ਵਿਚ ਲੋਕਾਂ ਦੀ ਸ਼ਮੂਲੀਅਤ ਲਗਾਤਾਰ ਵਧਣੀ ਸੀ, ਪਰ ਭਾਰਤ ਵਿਚ ਐਨ ਉਲਟ ਹੋਇਆ ਹੈ। ਹੌਲੀ ਹੌਲੀ ਆਮ ਆਦਮੀ ਜਮਹੂਰੀ ਅਮਲ ਵਿਚੋਂ ਬਾਹਰ ਹੋ ਰਿਹਾ ਹੈ। ਇਹ ਆਦਮੀ ਪੰਜ ਸਾਲ ਬਾਅਦ ਚੋਣ ਅਮਲ ਵਿਚ ਬੱਧਾ-ਰੁੱਧਾ ਹਿੱਸਾ ਭਾਵੇਂ ਲੈਂਦਾ ਹੈ ਪਰ ਜਮਹੂਰੀਅਤ ਵਿਚ ਇਸ ਦੀ ਸ਼ਮੂਲੀਅਤ ਮਨਫੀ ਹੈ। ਜਮਹੂਰੀਅਤ ਵਿਚ ਲੋਕ ਜਿੰਨੇ ਪਿੱਛੇ ਰਹਿ ਜਾਂਦੇ ਹਨ, ਬੁਰਛੇ ਆਗੂ ਉਤਨੀ ਹੀ ਜਗ੍ਹਾ ਮੱਲੀ ਜਾਂਦੇ ਹਨ। ਪੰਜਾਬ ਵਿਧਾਨ ਸਭਾ ਵਿਚ ਹੋਇਆ ਕਾਂਡ ਇਸੇ ਦੀ ਹੀ ਮਿਸਾਲ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਲੋਕ ਇਸ ਦਾ ਕੀ ਤੋੜ ਲੱਭਦੇ ਹਨ; ਲੱਭਦੇ ਵੀ ਹਨ ਜਾਂ ਪਹਿਲਾਂ ਵਾਂਗ ਆਪਣੇ 'ਸ਼ਿੰਦੇ' ਆਗੂਆਂ ਲਈ ਮੈਦਾਨ ਖਾਲੀ ਕਰੀ ਰੱਖਦੇ ਹਨ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਧਾਨ-ਵਿਧਾਨਕਾਰ-ਵਿਧਾਨ ਸਭਾ!*

ਭੱਤੇ, ਤਨਖਾਹਾਂ ਨਾਲੇ 'ਉਪਰੋਂ ਕਮਾਉਣ' ਵਾਲੇ ਜਾਣਦੇ, ਕਾਨੂੰਨ ਕਾਇਦੇ ਆਪਣੇ ਹੀ ਘਰ ਦੇ।
ਸੱਤਾ ਧਿਰ ਵਾਲੇ 'ਦੁੱਧ ਧੋਤੇ' ਬਣੇ ਬੈਠੇ ਹੁੰਦੇ, ਦੇਖ ਕੇ 'ਵਿਰੋਧੀਆਂ' ਨੂੰ ਭੋਰਾ ਨਹੀਓਂ ਜਰਦੇ।
ਅਹੁਦਿਆਂ 'ਤੇ ਬਹਿਣ ਮੌਕੇ ਚੁਕਦੇ ਸੁਗੰਧਾਂ, ਝੂਠੇ ਗੱਪ-ਗੋਲੇ ਮਾਰਦੇ ਜ਼ਰਾ ਵੀ ਨਹੀਓਂ ਡਰਦੇ।
ਵੱਟਦੇ ਘਸੁੰਨ ਇਕ-ਦੂਜੇ ਵਲ ਘੂਰ ਘੂਰ, ਕੱਢਦੇ ਨਿਸੰਗ ਗਾਲਾਂ ਰੱਖਦੇ ਨਹੀਓਂ ਪਰਦੇ।
'ਸੈਸ਼ਨ' ਬਣਾਉਂਦੇ ਮੱਛੀ-ਮੰਡੀ ਦਾ ਹੀ ਰੂਪ ਜਾਣੋ, ਪੱਗੋ-ਲੱਥੀ ਹੁੰਦੇ ਆਪੋ ਵਿਚੀਂ ਜਦੋਂ ਲੜਦੇ।
ਵਿਗੜੇ 'ਵਿਧਾਨਕਾਰ' ਪਹੁੰਚ ਕੇ 'ਵਿਧਾਨ ਸਭਾ', ਕਿਵੇਂ ਨੇ 'ਵਿਧਾਨ' ਤਾਂਈਂ ਲੀਰੋ ਲੀਰ ਕਰਦੇ!

# ਧੀਆਂ ਦੀ ਸੁਰੱਖਿਆ ਦੇ ਸੰਸੇ

*ਦਿੱਲੀ ਵਿਚ ਜਬਰ ਜਨਾਹ ਦੀ ਘਟਨਾ ਤੋਂ ਬਾਅਦ ਲੋਕਾਂ ਵਿਚ ਵੱਡੀ ਪੱਧਰ 'ਤੇ ਰੋਸ ਫੈਲਿਆ ਹੈ। ਪੁਲਿਸ ਜਬਰ ਦੇ ਬਾਵਜੂਦ ਰੋਸ ਵਿਖਾਵਿਆਂ ਨੂੰ ਠੱਲ੍ਹ ਨਹੀਂ ਪਈ ਹੈ। ਸਰਕਾਰ ਨੂੰ ਇਸੇ ਦਬਾਅ ਅਧੀਨ ਕੁੱਝ ਫੈਸਲੇ ਤੁਰੰਤ ਕਰਨੇ ਪਏ ਹਨ। ਇਹ ਕਰਤੂਤ ਕਰਨ ਵਾਲਿਆਂ ਨੂੰ ਫਾਂਸੀ ਚਾੜ੍ਹਨ ਦੇ ਹੋਕਰੇ ਬਹੁਤ ਉਚੇ ਵੱਜ ਰਹੇ ਹਨ। ਇਸ ਲੇਖ ਵਿਚ ਪ੍ਰਤਾਪ ਸਿੰਘ ਵਿਰਕ ਨੇ ਇਨ੍ਹਾਂ ਸਭ ਮਸਲਿਆਂ ਬਾਰੇ ਬੜੀ ਭਾਵਪੂਰਤ ਟਿੱਪਣੀ ਕੀਤੀ ਹੈ ਅਤੇ ਨਾਲ ਹੀ, ਔਰਤ ਨਾਲ ਪੈਰ ਪੈਰ 'ਤੇ ਹੋ ਰਹੀ ਹਿੰਸਾ ਬਾਰੇ ਗੱਲ ਤੋਰਦਿਆਂ ਕੁਝ ਸਵਾਲ ਵੀ ਸਾਡੇ ਸਨਮੁਖ ਕੀਤੇ ਹਨ। ਇਹ ਕੋਈ ਇਕੱਲਾ ਇਕਹਿਰਾ ਮਸਲਾ ਨਹੀਂ, ਇਸ ਨਾਲ ਸਿਸਟਮ ਦੀਆਂ ਬਹੁਤ ਸਾਰੀਆਂ ਲੜੀਆਂ ਜੁੜੀਆਂ ਹੋਈਆਂ ਹਨ। ਲੇਖ ਵਿਚ ਇਸ ਸਮੱਸਿਆ ਦੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। -ਸੰਪਾਦਕ*

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਵਿਦਿਆਰਥਣ ਨਾਲ ਜਬਰ ਜਨਾਹ ਅਤੇ ਉਸ ਨੂੰ ਬੱਸ ਵਿਚੋਂ ਬਾਹਰ ਸੁੱਟਣ ਤੋਂ ਬਾਅਦ ਆਰੰਭ ਹੋਏ ਰੋਸ ਮੁਜ਼ਾਹਰਿਆਂ ਨਾਲ ਦਿੱਲੀ ਹੀ ਨਹੀਂ, ਇਕ ਵਾਰ ਤਾਂ ਸਮੁੱਚਾ ਦੇਸ਼ ਹਿੱਲ ਗਿਆ ਹੈ। ਹਰ ਪਾਸੇ ਗੁੱਸੇ ਦੀ ਲਹਿਰ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਆਖਰਕਾਰ ਖਾਮੋਸ਼ੀ ਤੋੜੀ ਹੈ ਅਤੇ ਇਨ੍ਹਾਂ ਰੋਸ ਮੁਜ਼ਾਹਰਿਆਂ ਤੇ



ਪ੍ਰਤਾਪ ਸਿੰਘ ਵਿਰਕ
ਫੋਨ:91-78383-63555

ਲੋਕਾਂ ਦੇ ਗੁੱਸੇ ਨੂੰ 'ਜਾਇਜ਼' ਠਹਿਰਾਇਆ ਹੈ। ਸਰਕਾਰ ਨੇ ਅਜਿਹੇ ਮਾਮਲਿਆਂ ਦੇ ਤੁਰੰਤ ਨਬੇੜੇ ਅਤੇ ਸਬੰਧਤ ਕਾਨੂੰਨ ਵਿਚ ਲੋੜੀਦੀਆਂ ਸੋਧਾਂ ਲਈ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਜੇ. ਸੀ ਵਰਮਾ ਦੀ ਅਗਵਾਈ ਹੇਠ ਤਿੰਨ ਮੈਂਬਰੀ ਪੈਨਲ ਵੀ ਬਣਾ ਦਿੱਤਾ ਹੈ ਅਤੇ ਇਸ ਨੇ ਆਪਣਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਮੀਡੀਆ ਨੇ ਵੀ ਇਸ ਮਾਮਲੇ ਨੂੰ ਬਹੁਤ ਅਹਿਮੀਅਤ ਨਾਲ ਨਸ਼ਰ ਕੀਤਾ ਹੈ। ਲਗਦਾ ਹੈ ਕਿ ਸਭ ਕੁਝ ਸਹੀ ਦਿਸ਼ਾ ਵਿਚ ਜਾ ਰਿਹਾ ਹੈ ਅਤੇ ਹੁਣ ਕੁਝ ਨਾ ਕੁਝ ਜ਼ਰੂਰ ਹੋਵੇਗਾ ਪਰ ਰਤਾ ਕੁ ਘੋਖ ਕਰਦਿਆਂ ਜ਼ਿਹਨ ਵਿਚ ਖਿਆਲ ਉਠਦਾ ਹੈ ਕਿ ਮੁੱਦਾ ਕਿਤੇ ਪਿਛਾਂਹ ਰਹਿ ਗਿਆ ਹੈ। ਬਹੁਤਿਆਂ ਨੇ ਇਸ ਮਾਮਲੇ ਨੂੰ ਜੜ੍ਹ ਤੋਂ ਫੜਨ ਦਾ ਕੋਈ ਹੀਲਾ-ਵਸੀਲਾ ਨਹੀਂ ਕੀਤਾ। ਸਿਰਫ ਸਤਹੀ ਰੂਪ ਵਿਚ ਹੀ ਬੜ੍ਹਕਾਂ ਮਾਰੀਆਂ ਜਾ ਰਹੀਆਂ ਹਨ।

ਮਸ਼ਹੂਰ ਲੇਖਕਾ ਤੇ ਸਮਾਜਕ ਕਾਰਕੁਨ ਅਰੁੰਧਤੀ ਰਾਏ ਨੇ ਇਸ ਮਾਮਲੇ ਨੂੰ ਸਮੁੱਚ ਵਿਚ ਰੱਖ ਕੇ ਗੱਲ ਤੋਰਨ ਦਾ ਯਤਨ ਕੀਤਾ ਹੈ। ਉਸ ਨੇ ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਤੋਂ ਬਾਅਦ ਹਰ ਵਾਰ ਲੋਕਾਂ ਦੇ ਖਾਮੋਸ਼ ਰਹਿਣ ਨੂੰ ਮੁੱਖ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਅਜਿਹੇ ਮਸਲਿਆਂ ਬਾਰੇ ਅਰੁੰਧਤੀ ਰਾਏ ਪਹਿਲਾਂ ਵੀ ਆਵਾਜ਼ ਬੁਲੰਦ ਕਰਦੀ ਰਹੀ ਹੈ ਅਤੇ ਉਸ ਵੱਲੋਂ ਰੱਖੇ ਆਮ ਨਾਲੋਂ ਹਟ ਕੇ ਹੁੰਦੇ ਹਨ। ਉਹ ਅਸਲ ਵਿਚ ਹਰ ਵਾਰ ਮਸਲੇ ਦੀ ਜੜ੍ਹ ਫੜਦੀ ਹੈ ਜੋ ਅੱਜਕੱਲ੍ਹ ਦੇ ਆਗੂ ਜਾਂ ਆਮ ਬੰਦੇ ਨਹੀਂ ਕਰਦੇ।

ਅਰੁੰਧਤੀ ਦਾ ਇਹ ਕਹਿਣਾ ਬਿਲਕੁੱਲ ਠੀਕ ਹੈ ਕਿ ਇਸ ਵਾਰਦਾਤ ਨਾਲ ਸਬੰਧਿਤ ਸਾਰੇ ਮੁਲਜ਼ਮ ਆਮ ਲੋਕ ਹਨ। ਇਨ੍ਹਾਂ ਦਾ ਕਿਸੇ ਖ਼ਾਸ ਸਿਆਸੀ ਪਾਰਟੀ ਜਾਂ ਆਗੂ ਜਾਂ ਹੋਰ ਕਿਸੇ ਧੜੇ ਨਾਲ ਸਿੱਧਾ ਸੰਪਰਕ ਨਹੀਂ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਸਜ਼ਾ ਮਿਲ ਹੀ ਜਾਣੀ ਹੈ ਅਤੇ ਉਹ ਮਿਲੀ ਹੋਈ ਸਜ਼ਾ ਪੂਰੀ ਦੀ ਪੂਰੀ ਕੱਟਣਗੇ ਵੀ। ਮਸਲਾ ਤਾਂ ਇਹ ਹੈ ਕਿ ਅਜਿਹੇ ਮਾਮਲਿਆਂ ਵਿਚ ਜਦੋਂ ਪ੍ਰਭਾਵਸ਼ਾਲੀ ਲੋਕ ਸ਼ਾਮਲ ਹੁੰਦੇ ਹਨ, ਉਨ੍ਹਾਂ ਖਿਲਾਫ ਕਿੰਨੀ ਕੁ ਕਾਰਵਾਈ ਹੁੰਦੀ ਹੈ ਅਤੇ ਉਨ੍ਹਾਂ ਨੂੰ ਕਿੰਨੀ ਕੁ ਸਜ਼ਾ ਮਿਲਦੀ ਹੈ? ਸਜ਼ਾ ਮਿਲਦੀ ਵੀ ਹੈ ਜਾਂ ਨਹੀਂ? ਜੇ ਸਜ਼ਾ ਮਿਲਦੀ ਵੀ ਹੈ ਤਾਂ ਉਹ ਇਹ ਸਜ਼ਾ ਕੱਟਦੇ ਵੀ ਹਨ ਜਾਂ ਨਹੀਂ? ਕੁਝ ਸਾਲ ਪਹਿਲਾਂ ਸਾਹਮਣੇ ਆਇਆ ਜੈਸਿਕਾ ਲਾਲ ਕਤਲ ਕੇਸ ਦਾ ਹੀ ਮਾਮਲਾ ਹੈ। ਇਸ ਕੁੜੀ ਦਾ ਕਤਲ ਹਰਿਆਣਾ ਕਾਂਗਰਸ ਦੇ ਨੇਤਾ ਵਿਨੋਦ ਸ਼ਰਮਾ ਦੇ ਮੁੰਡੇ ਮਨੂੰ ਸ਼ਰਮਾ ਨੇ ਕੀਤਾ ਸੀ। ਅਦਾਲਤ ਨੇ ਉਸ ਨੂੰ ਛੱਡ ਦਿੱਤਾ ਸੀ ਪਰ ਲੋਕਾਂ ਦੇ ਜ਼ਬਰਦਸਤ ਰੋਸ ਮੁਜ਼ਾਹਰਿਆਂ ਅਤੇ ਮੀਡੀਆ ਦੀ ਤਿੱਖੀ ਮੁਹਿੰਮ ਤੋਂ ਬਾਅਦ ਕੇਸ ਦੀ ਦੁਬਾਰਾ ਸੁਣਵਾਈ ਹੋਈ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਇਹ ਗੱਲ ਵੱਖਰੀ ਹੈ ਕਿ ਜੇਲ੍ਹ ਵਿਚ ਵੀ ਮਨੂੰ ਸ਼ਰਮਾ ਘਰ ਵਾਂਗ ਹੀ ਰਹਿੰਦਾ ਰਿਹਾ। ਹੋਰ ਤਾਂ ਹੋਰ ਉਹ ਵਾਰ ਵਾਰ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਵੀ ਆਉਂਦਾ ਰਿਹਾ। ਇਕ ਵਾਰ ਤਾਂ ਉਹ 60 ਦਿਨ ਜੇਲ੍ਹ ਤੋਂ ਬਾਹਰ ਰਿਹਾ ਅਤੇ ਡਿਸਕੋਥਿਕ ਪਾਰਟੀ ਵਿਚ ਵੀ ਸ਼ਾਮਲ ਹੋਇਆ। ਕੀ ਇਹ ਕੋਈ ਸਜ਼ਾ ਹੈ?

ਜੈਸਿਕਾ ਦਾ ਮਸਲਾ ਚਰਚਾ ਵਿਚ ਆਉਣ ਤੋਂ ਬਾਅਦ ਹੀ ਪ੍ਰਿਯਾਦਰਸ਼ਨੀ ਮੱਟੂ ਵਾਲਾ ਕੇਸ ਦੁਬਾਰਾ ਖੁੱਲ੍ਹਿਆ ਸੀ। ਇਸ ਕੁੜੀ ਨਾਲ ਜਬਰ ਜਨਾਹ ਕਰ ਕੇ ਉਸ ਨੂੰ ਕਤਲ ਕਰਨ ਵਾਲਾ ਪੁਲਿਸ ਅਫਸਰ ਦਾ ਮੁੰਡਾ ਸੰਤੋਸ਼ ਕੁਮਾਰ ਸਿੰਘ ਸੀ ਅਤੇ ਹੇਠਲੀ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ। ਜੈਸਿਕਾ ਕੇਸ ਤੋਂ ਬਾਅਦ ਦੁਬਾਰਾ ਕੇਸ ਖੁੱਲ੍ਹਣ 'ਤੇ ਉਸ ਨੂੰ ਫਾਂਸੀ ਦੀ ਸਜ਼ਾ ਹੋਈ। ਸੁਪਰੀਮ ਕੋਰਟ ਨੇ ਵੀ ਇਸ ਫੈਸਲੇ ਉਤੇ ਮੋਹਰ ਲਾਈ ਪਰ ਮਗਰੋਂ ਪੁਲਿਸ ਅਫਸਰ ਪਿਉ ਦੀ ਪੈਰਵੀ ਕਾਰਨ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿਤੀ ਗਈ ਅਤੇ ਇਹ ਸ਼ਖਸ ਮੰਨੂ ਸ਼ਰਮਾ ਵਾਂਗ ਅਕਸਰ ਪੈਰੋਲ 'ਤੇ ਬਾਹਰ ਆਇਆ ਰਹਿੰਦਾ ਹੈ।

ਇਕ ਹੋਰ ਮਾਮਲਾ ਟੈਨਿਸ ਖਿਡਾਰੀ ਰੁਚਿਕਾ ਮਲਹੋਤਰਾ ਨਾਲ ਸਬੰਧਤ ਹੈ ਜਿਸ ਨੂੰ ਛੇੜਨ ਦੇ ਦੋਸ਼ ਵਿਚ ਹਰਿਆਣਾ ਪੁਲਿਸ ਦੇ ਸਾਬਕਾ ਮੁਖੀ ਐਸ.ਪੀ.ਐਸ. ਰਾਠੌਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਰਾਠੌਰ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਇਸ ਕੁੜੀ ਨੇ ਖੁਦਕੁਸ਼ੀ ਕਰ ਲਈ ਸੀ। ਇਹ ਬੰਦਾ ਵੀ ਪਹਿਲਾਂ ਸਾਫ ਬਚ ਨਿਕਲਿਆ ਸੀ। ਮੀਡੀਆ ਵਿਚ ਮੁੱਦਾ ਉਭਰਨ ਅਤੇ ਲੋਕਾਂ ਦੇ ਵਿਖਾਵਿਆਂ ਤੋਂ ਬਾਅਦ ਕੇਸ ਫਿਰ ਚੱਲਿਆ। ਇੰਨਾ ਕੁਝ ਹੋਣ ਦੇ ਬਾਵਜੂਦ ਇਹ ਬੰਦਾ ਵੀ ਹੁਣ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਕਈਆਂ ਨੂੰ ਸੀ.ਬੀ.ਆਈ. ਉਤੇ ਅਜੇ ਵੀ ਭਰੋਸਾ ਹੈ ਪਰ ਇਸੇ ਸੀ.ਬੀ.ਆਈ. ਨੇ ਪਹਿਲਾਂ ਲੋਕਾਂ ਦੇ ਬਣੇ ਦਬਾਅ ਕਾਰਨ, ਉਸ ਖ਼ਿਲਾਫ਼ ਦਾਇਰ ਕੀਤੇ ਤਿੰਨਾਂ ਵਿਚੋਂ ਦੋ ਕੇਸ ਬੰਦ ਵੀ ਕਰ ਦਿੱਤੇ ਹਨ। ਕੀ ਇੰਨੇ ਵੱਡੇ ਪੱਧਰ 'ਤੇ ਰੋਸ ਵਿਖਾਵੇ ਕਰਨ ਤੋਂ ਬਾਅਦ ਕੀਤੀ ਕਾਰਵਾਈ ਜੇ ਸਿਫ਼ਰ ਹੀ ਹੋ ਜਾਣੀ ਹੈ ਤਾਂ ਇਸ ਇਹ ਸੋਚਣਾ ਨਹੀਂ ਬਣਦਾ ਕਿ ਆਖ਼ਰਕਾਰ ਗੜਬੜ ਕਿੱਥੇ ਹੈ? ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਅਜਿਹੀਆਂ ਸਜ਼ਾਵਾਂ ਦੇਣ ਨਾਲ ਕੁਝ ਨਹੀਂ ਬਦਲਦਾ। ਅਸਲ ਮਸਲਾ ਤਾਂ ਸਿਸਟਮ ਅਤੇ ਸਮਾਜ ਨੂੰ ਬਦਲਣ ਦਾ ਹੈ।

ਇਸ ਤੋਂ ਵੀ ਅਹਿਮ ਨੁਕਤਾ ਪੁਲਿਸ ਦੀ ਪਹੁੰਚ ਦਾ ਹੈ। ਆਮ ਬੰਦੇ ਲਈ ਕਿਸੇ ਵੀ ਕੇਸ ਵਿਚ ਪੁਲਿਸ ਤੱਕ ਪਹੁੰਚ ਕਰਨੀ ਦਿਨ-ਬ-ਦਿਨ ਮੁਸ਼ਕਿਲ ਹੋ ਰਹੀ ਹੈ। ਜਬਰ ਜਨਾਹ ਵਰਗੇ ਮਾਮਲਿਆਂ ਵਿਚ ਤਾਂ ਪੁਲਿਸ ਸਗੋਂ ਪੀੜਤਾਂ ਦਾ ਮਜ਼ਾਕ ਉਡਾਉਂਦੀ ਹੈ। ਛੇੜ-ਛਾੜ ਦੇ ਮਾਮਲਿਆਂ ਨੂੰ ਤਾਂ ਉਕਾ ਹੀ ਗੌਲਿਆ ਨਹੀਂ ਜਾਂਦਾ ਅਤੇ ਸ਼ਿਕਾਇਤ ਕਰਨ ਆਈਆਂ ਕੁੜੀਆਂ ਨੂੰ ਪਤਿਆ ਕੇ ਤੋਰ ਦਿੱਤਾ ਜਾਂਦਾ ਹੈ। ਅੰਮ੍ਰਿਤਸਰ ਨੇੜੇ ਛੇਹਰਟਾ ਵਿਚ ਥਾਣੇਦਾਰ ਦੇ ਕਤਲ ਦਾ ਹੀ ਮਾਮਲਾ ਹੈ। ਅਕਾਲੀ ਆਗੂ ਰਣਜੀਤ ਸਿੰਘ ਰਾਣਾ ਵੱਲੋਂ ਕੁੜੀ ਨੂੰ ਛੇੜਨ ਦੀ ਸ਼ਿਕਾਇਤ ਪੁਲਿਸ ਨੇ ਗੌਲੀ ਹੀ ਨਹੀਂ ਸੀ, ਹਾਲਾਂਕਿ ਇਸ ਕੁੜੀ ਦਾ ਬਾਪ ਨੇੜਲੇ ਥਾਣੇ ਦਾ ਇੰਚਾਰਜ ਸੀ। ਜਦੋਂ ਇਸ ਥਾਣੇਦਾਰ ਨੇ ਆਪ ਅਕਾਲੀ ਆਗੂ ਨੂੰ ਰੋਕਣ ਦਾ ਯਤਨ ਕੀਤਾ ਤਾਂ ਇਸ ਅਕਾਲੀ ਆਗੂ ਨੇ ਉਸ ਦਾ ਕਤਲ ਕਰ ਦਿੱਤਾ। ਜਦੋਂ ਇਹ ਵਾਰਦਾਤ ਹੋ ਰਹੀ ਸੀ, ਉਦੋਂ ਵੀ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਇਸ ਤੋਂ ਅਗਾਂਹ ਫਿਰ ਨਿਆਂਪਾਲਿਕਾ ਦੀ ਗੱਲ ਆਉਂਦੀ ਹੈ। ਭਾਰਤੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਜਬਰ ਜਨਾਹ ਦੇ ਬਹੁਤੇ ਮਾਮਲਿਆਂ ਵਿਚ ਦੋਸ਼ ਹੀ ਸਾਬਿਤ ਨਹੀਂ ਹੁੰਦੇ। ਪਿਛਲੇ ਸਾਲ ਅਦਾਲਤਾਂ ਵਿਚ ਜਿੰਨੇ ਕੇਸ ਆਏ, ਉਨ੍ਹਾਂ ਵਿਚੋਂ ਸਿਰਫ਼ 26.4 ਫੀ ਸਦੀ ਕੇਸਾਂ ਵਿਚ ਹੀ ਅਪਰਾਧੀਆਂ ਨੂੰ ਸਜ਼ਾ ਹੋਈ।

ਹੁਣ ਦਿੱਲੀ ਵਿਚ ਜਿਹੜੇ ਰੋਸ ਮੁਜ਼ਾਹਰੇ ਹੋ ਰਹੇ ਹਨ, ਉਨ੍ਹਾਂ ਵਿਚ ਸਿਰਫ਼ ਇਕ ਹੀ ਮੰਗ ਕੀਤੀ ਜਾ ਰਹੀ ਹੈ ਕਿ ਅਪਰਾਧੀਆਂ ਨੂੰ ਫਾਂਸੀ ਦੀ ਸਜ਼ਾ ਹੋਵੇ! ਕੀ ਇਨ੍ਹਾਂ ਬੰਦਿਆਂ ਨੂੰ ਫਾਂਸੀ ਚਾੜ੍ਹਨ ਨਾਲ ਅਜਿਹੇ ਅਪਰਾਧਾਂ ਨੂੰ ਠੱਲ੍ਹ ਪੈ ਜਾਵੇਗੀ?

*(ਬਾਕੀ ਅਗਲੇ ਸਫੇ 'ਤੇ)*

## *ਘੱਟਗਿਣਤੀਆਂ ਦੇ ਬਲਾਤਕਾਰਾਂ 'ਤੇ ਕਿਉਂ ਨਹੀਂ ਉਠਦੀ ਅਵਾਜ਼?*

ਮੈਂ ਨਹੀਂ ਮੰਨਦੀ ਕਿ ਦਿੱਲੀ ਰੇਪ ਕੈਪੀਟਲ ਹੈ। ਇਹ ਰੇਪ ਤਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਇਹ ਮਾਨਸਿਕਤਾ 'ਚ ਵਸਿਆ ਹੋਇਆ ਹੈ। ਗੁਜਰਾਤ 'ਚ ਮੁਸਲਮਾਨਾਂ ਨਾਲ ਹੋਇਆ; ਕਸ਼ਮੀਰ 'ਚ ਸੁਰੱਖਿਆ ਬਲ ਬਲਾਤਕਾਰ ਕਰਦੇ ਹਨ ਤੇ ਮਨੀਪੁਰ 'ਚ ਵੀ ਅਜਿਹਾ ਹੀ ਹੋ ਰਿਹਾ ਹੈ; ਉਦੋਂ ਕੋਈ ਆਵਾਜ਼ ਨਹੀਂ ਉਠਾਉਂਦਾ! ਖੈਰਲਾਂਜੀ 'ਚ ਦਲਿਤ ਔਰਤ ਅਤੇ ਉਸ ਦੀ ਕੁੜੀ ਨਾਲ ਬਲਾਤਕਾਰ ਕਰ ਕੇ ਸਾੜ ਦਿੱਤਾ ਗਿਆ ਸੀ। ਉਦੋਂ ਤਾਂ ਅਜਿਹੀ ਆਵਾਜ਼ ਨਹੀਂ ਉੱਠੀ ਸੀ।

ਇਹ ਜਗੀਰੂ ਮਾਨਸਿਕਤਾ ਹੈ। ਲੋਕਾਂ ਦੀ ਆਵਾਜ਼ ਉਦੋਂ ਹੀ ਉੱਠਦੀ ਹੈ, ਜਦੋਂ ਉੱਚੀ ਜਾਤ ਅਤੇ ਪ੍ਰਭਾਵਸ਼ਾਲੀ ਲੋਕਾਂ ਨਾਲ ਦਿੱਲੀ 'ਚ ਕੁਝ ਹੁੰਦਾ ਹੈ।...ਠੀਕ ਹੈ, ਆਵਾਜ਼ ਉੱਠਣੀ ਚਾਹੀਦੀ ਹੈ; ਜੋ ਦਿੱਲੀ 'ਚ ਹੋਇਆ, ਉਸ ਖਿਲਾਫ ਹੋ-ਹੱਲਾ ਹੋਣਾ ਹੀ ਚਾਹੀਦਾ ਹੈ, ਪਰ ਇਹ ਹੋ-ਹੱਲਾ ਸਿਰਫ ਮੱਧ ਵਰਗ ਦੇ ਲੋਕਾਂ ਨੂੰ ਬਚਾਉਣ ਲਈ ਹੀ ਨਹੀਂ ਹੋਣਾ ਚਾਹੀਦਾ।...ਛੱਤੀਸਗੜ੍ਹ ਦੀ ਆਦਿਵਾਸੀ ਮਹਿਲਾ ਸੋਨੀ ਸੋਰੀ ਦੇ ਖ਼ਿਲਾਫ

### ਅਰੁੰਧਤੀ ਰਾਏ ਦੇ ਸਵਾਲ

ਵੀ ਕੁਝ ਹੋਇਆ ਸੀ। ਜੇ ਯਾਦ ਨਹੀਂ ਤਾਂ ਦੱਸ ਦਿੰਦੀ ਹਾਂ-ਉਸ ਦੇ ਜਨਣ ਅੰਗ 'ਚ ਪੱਥਰ ਭਰ ਦਿੱਤੇ ਗਏ ਸਨ। ਪੁਲਿਸ ਨੇ ਇਹ ਕਾਰਾ ਕੀਤਾ ਸੀ ਪਰ ਉਦੋਂ ਤਾਂ ਕਿਸੇ ਨੇ ਅਵਾਜ਼ ਨਹੀਂ ਉਠਾਈ ਸੀ! ਕਸ਼ਮੀਰ 'ਚ ਜਦੋਂ ਗਰੀਬ ਕਸ਼ਮੀਰੀਆਂ ਨਾਲ ਸੁਰੱਖਿਆ ਬਲ ਬਲਾਤਕਾਰ ਕਰਦੇ ਹਨ ਤਾਂ ਉਦੋਂ ਸੁਰੱਖਿਆ ਬਲਾਂ ਖ਼ਿਲਾਫ ਕੋਈ ਫਾਂਸੀ ਦੀ ਮੰਗ ਨਹੀਂ ਕਰਦਾ। ਜਦੋਂ ਕੋਈ ਉੱਚੀ ਜਾਤੀ ਦਾ ਆਦਮੀ ਦਲਿਤ ਨਾਲ ਬਲਾਤਕਾਰ ਕਰਦਾ ਹੈ ਤਾਂ ਵੀ ਕੋਈ ਉਸ ਲਈ ਫਾਂਸੀ ਦੀ ਮੰਗ ਨਹੀਂ ਕਰਦਾ।

ਬਲਾਤਕਾਰ ਘਿਨੌਣਾ ਅਪਰਾਧ ਹੈ, ਪਰ ਲੋਕ ਕੀ ਕਰਦੇ ਹਨ? ਜਿਸ ਕੁੜੀ ਨਾਲ ਬਲਾਤਕਾਰ ਹੋਇਆ, ਉਸ ਨੂੰ ਕੋਈ ਸਵੀਕਾਰ ਨਹੀਂ ਕਰਦਾ। ਕਿਹੋ ਜਿਹੇ ਸਮਾਜ 'ਚ ਰਹਿੰਦੇ ਹਾਂ ਅਸੀਂ? ਮੇਰੇ ਕੋਲ ਕੋਈ ਜਵਾਬ ਨਹੀਂ ਹੈ ਕਿ ਇਹ ਕਿਵੇਂ ਠੀਕ ਹੋਵੇਗਾ ਪਰ ਮਾਨਸਿਕਤਾ ਦੀ ਵੱਡੀ ਸਮੱਸਿਆ ਹੈ। ਸਮਾਜ 'ਚ ਬਹੁਤ ਜ਼ਿਆਦਾ ਹਿੰਸਾ ਹੈ।

ਵਿਰੋਧ ਹੋਣਾ ਚਾਹੀਦਾ ਹੈ ਪਰ ਚੁਣ-ਚੁਣ ਕੇ ਵਿਰੋਧ ਨਹੀਂ ਹੋਣਾ ਚਾਹੀਦਾ। ਹਰ ਔਰਤ ਦੇ ਬਲਾਤਕਾਰ ਦਾ ਵਿਰੋਧ ਹੋਣਾ ਚਾਹੀਦਾ ਹੈ।

# ਭਾਰਤ ਦਾ ਵਿਕਾਸ ਕੀਹਦੇ ਲਈ?

## ਭਾਰਤ ਵਿਚ ਲੋਕਤੰਤਰ ਕਿ ਕਾਰਪੋਰੇਟਤੰਤਰ

ਬੂਟਾ ਸਿੰਘ
ਫੋਨ:91-94634-74342

ਭਾਰਤ ਦੇ ਇਤਿਹਾਸ ਵਿਚ ਦੋ ਮਿਸਾਲਾਂ ਚੋਖੀਆਂ ਮਸ਼ਹੂਰ ਹਨ: 1757 ਦੀ ਪਲਾਸੀ ਦੀ ਲੜਾਈ 'ਚ ਮੀਰ ਜਾਫ਼ਰ-ਜਗਤ ਸੇਠ-ਓਮੀ ਚੰਦ ਵਰਗਿਆਂ ਦੀ ਭੂਮਿਕਾ ਅਤੇ 1840ਵਿਆਂ 'ਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖੇਰੂੰ-ਖੇਰੂੰ ਕਰਨ 'ਚ ਇਸ ਦੇ 'ਆਪਣਿਆਂ' ਦੀ ਭੂਮਿਕਾ। ਦੋਵੇਂ ਥਾਈਂ ਸਿੱਧੀ ਲੜਾਈ 'ਚ ਅੰਗਰੇਜ਼ ਬਸਤੀਵਾਦੀਏ, ਸਥਾਨਕ ਫ਼ੌਜਾਂ ਦੇ ਬੀਰਤਾਪੂਰਨ ਟਾਕਰੇ ਦਾ ਲੱਕ ਤੋੜਨ 'ਚ ਕਾਮਯਾਬ ਨਹੀਂ ਸੀ ਹੋ ਰਹੇ। ਇਹ ਦੋਵਾਂ ਰਾਜਾਂ ਦੇ 'ਘਰ ਦੇ ਭੇਤੀ' ਸਨ ਜਿਨ੍ਹਾਂ ਦੀ ਗ਼ੱਦਾਰੀ ਨੇ ਪਲਾਸੀ ਦੀ ਲੜਾਈ ਤੇ ਮੁਦਕੀ ਦੀ ਲੜਾਈ ਦਾ ਪਾਸਾ ਪਲਟ ਦਿੱਤਾ ਅਤੇ ਅੰਗਰੇਜ਼ਾਂ ਦੀ ਹਾਰ ਨੂੰ ਜਿੱਤ ਵਿਚ ਬਦਲ ਦਿੱਤਾ। ਪਹਿਲੀ ਮਿਸਾਲ 'ਚ ਬੰਗਾਲ ਦੇ ਨਵਾਬ ਸਿਰਾਜ ਉਦ-ਦੌਲਾ ਦੀ ਅਗਵਾਈ 'ਚ ਬਹਾਦਰੀ ਭਰੇ ਟਾਕਰੇ ਦਾ ਲੱਕ ਤੋੜ ਕੇ ਅੰਗਰੇਜ਼ ਸਲਤਨਤ ਦੀ ਬਸਤੀ ਬਣਾਇਆ ਗਿਆ ਅਤੇ ਮਗਰਲੀ ਲੜਾਈ ਪੰਜਾਬ 'ਤੇ ਕਬਜ਼ਾ ਕਰ ਕੇ ਅੰਗਰੇਜ਼ ਸਲਤਨਤ 'ਚ ਸ਼ਾਮਲ ਕਰਨ ਦਾ ਸਾਧਨ ਬਣੀ। ਅੱਜ ਜਦੋਂ ਬਹੁ-ਕੌਮੀ ਕੰਪਨੀਆਂ ਭਾਰਤ ਉੱਪਰ ਆਪਣੀ ਜਕੜ ਹੋਰ ਵਧਾਉਣ ਲਈ ਇਕ ਹੋਰ ਰੂਪ ਵਿਚ 'ਪਲਾਸੀ ਯੁੱਧ' ਲੜ ਰਹੀਆਂ ਹਨ ਤਾਂ ਮੁਲਕ ਦੀਆਂ ਮੁੱਖਧਾਰਾ ਪਾਰਟੀਆਂ ਵੱਲੋਂ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਬਣਾਉਣ 'ਚ ਨਿਭਾਈ ਜਾ ਰਹੀ ਭੂਮਿਕਾ ਇਸ ਸਚਾਈ 'ਤੇ ਮੋਹਰ ਲਾਉਂਦੀ ਕਿ ਮੀਰ ਜਾਫਰਾਂ ਅਤੇ ਲਾਲ ਸਿੰਘਾਂ-ਡੋਗਰਿਆਂ ਦੇ ਕਿਰਦਾਰ ਸਿਰਫ਼ ਅਤੀਤ ਦੇ ਵਰਤਾਰੇ ਤੇ ਇਤਿਹਾਸ ਦੀਆਂ ਮਿਸਾਲਾਂ ਨਹੀਂ ਹਨ, ਇਹ ਅੱਜ ਦੀ ਹਕੀਕਤ ਵੀ ਹਨ। ਤਰ੍ਹਾਂ-ਤਰ੍ਹਾਂ ਦੇ ਸਿਆਸੀ ਮਖੌਟਿਆਂ ਨਾਲ ਢਕੇ ਗਿਰਗਟੀ ਕਿਰਦਾਰ ਉੱਘੜ ਕੇ ਸਾਹਮਣੇ ਆ ਰਹੇ ਹਨ। ਯੂ.ਪੀ.ਏ. ਸਰਕਾਰ ਨਾਲ ਸੌਦੇਬਾਜ਼ੀ ਕਰ ਕੇ ਬਸਪਾ ਵਰਗੀਆਂ ਤਾਕਤਾਂ ਐਲਾਨੀਆ ਤੌਰ 'ਤੇ ਕਾਰਪੋਰੇਟ ਪੱਖੀ ਫ਼ੈਸਲਿਆਂ 'ਤੇ ਮੋਹਰ ਲਾ ਰਹੀਆਂ ਹਨ, ਜਦਕਿ ਸਮਾਜਵਾਦੀ ਪਾਰਟੀ ਜਿਹੀਆਂ ਤਾਕਤਾਂ ਵੋਟ ਨਾ ਦੇ ਕੇ ਇਨ੍ਹਾਂ ਫ਼ੈਸਲਿਆਂ ਦੇ ਅਮਲ ਨੂੰ ਰੈਲਾ ਬਣਾ ਰਹੀਆਂ ਹਨ। ਭਾਜਪਾ, ਤ੍ਰਿਣਮੂਲ, ਸੀ.ਪੀ.ਐੱਮ.-ਸੀ.ਪੀ.ਆਈ. ਵਰਗੀਆਂ ਤਾਕਤਾਂ ਵਲੋਂ ਐੱਫ.ਡੀ.ਆਈ. ਵਰਗੇ ਬਿੱਲਾਂ ਦਾ ਵਿਰੋਧ ਨਿਰਾ ਸਿਆਸੀ ਅਤੇ ਰਸਮੀ ਹੈ। ਸਿਧਾਂਤਕ ਤੌਰ 'ਤੇ ਇਹ ਖੁੱਲ੍ਹੀ ਮੰਡੀ ਦੇ ਵਿਕਾਸ ਮਾਡਲ ਦੇ ਖ਼ਿਲਾਫ਼ ਨਹੀਂ ਹਨ। ਇਸੇ ਕਾਰਨ ਇਨ੍ਹਾਂ ਦਾ ਵਿਰੋਧ ਸਮੁੱਚੇ ਨਵ-ਉਦਾਰਵਾਦੀ ਮਾਡਲ ਨੂੰ ਰੱਦ ਕਰ ਕੇ ਇਸ ਵਿਰੁੱਧ ਅਵਾਮੀ ਅੰਦੋਲਨ ਛੇੜਨ ਦੀ ਬਜਾਏ ਨੀਤੀ ਦੇ ਕਿਸੇ ਇੱਕਾ-ਦੁੱਕਾ ਪਹਿਲੂ ਵਿਰੁੱਧ ਸੰਸਦ ਅੰਦਰ ਵਿਰੋਧ ਦੀ ਕਵਾਇਦ ਤੱਕ ਸੀਮਤ ਹੈ।

ਇਨ੍ਹਾਂ ਕਿਰਦਾਰਾਂ ਦੀ ਮਦਦ ਨਾਲ ਆਲਮੀ ਕਾਰਪੋਰੇਟ ਸਰਮਾਏਦਾਰੀ ਨੇ ਹੁਣ ਭਾਰਤੀ ਲੋਕਾਂ ਵਿਰੁੱਧ ਜੰਗ ਵਿਚ ਇਕ ਮੋਰਚਾ ਹੋਰ ਫ਼ਤਿਹ ਕਰ ਲਿਆ ਹੈ। ਭਾਰਤੀ ਸੰਸਦ ਅਤੇ ਰਾਜ ਸਭਾ ਵਿਚ ਹੋਈ 'ਵੋਟਿੰਗ' ਵਿਚ ਬਹੁ-ਭਾਂਤੀ ਪ੍ਰਚੂਨ ਖੇਤਰ 'ਚ ਐੱਫ.ਡੀ.ਆਈ. (ਸਿੱਧੇ ਬਦੇਸ਼ੀ ਪੂੰਜੀ ਨਿਵੇਸ਼) ਲਈ ਮੁਲਕ ਦੇ ਦਰਵਾਜ਼ੇ ਖੋਲ੍ਹਣ ਵਾਲੀ ਯੂ.ਪੀ.ਏ. ਸਰਕਾਰ ਇਸ ਦੇ ਪੱਖ 'ਚ ਬਹੁਗਿਣਤੀ ਵੋਟਾਂ ਭੁਗਤਾਉਣ ਵਿਚ ਕਾਮਯਾਬ ਹੋ ਗਈ। ਜ਼ਮੀਨ ਪ੍ਰਾਪਤੀ ਬਿੱਲ ਨੂੰ ਯੂ.ਪੀ.ਏ. ਮੰਤਰੀ ਸਮੂਹ ਨੇ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦੋਵਾਂ ਨੇ ਜੇਤੂ ਅੰਦਾਜ਼ 'ਚ ਐਲਾਨ ਵੀ ਕਰ ਦਿੱਤਾ ਹੈ ਕਿ ਆਰਥਿਕ ਵਾਧੇ 'ਚ ਤੇਜ਼ੀ ਲਿਆਉਣ ਲਈ ਛੇਤੀ ਹੀ ਹੋਰ ਵੱਡੇ ਫ਼ੈਸਲੇ ਕੀਤੇ ਜਾਣਗੇ।

ਪਿਛਲੇ ਦੋ ਦਹਾਕਿਆਂ ਤੋਂ ਜਿਸ ਤਰ੍ਹਾਂ ਕਾਰਪੋਰੇਟਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਫ਼ੈਸਲੇ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਦੇਖਦਿਆਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿ ਮਨਮੋਹਨ-ਚਿਦੰਬਰਮ-ਮੌਂਟੇਕ ਤਿੱਕੜੀ ਵਲੋਂ ਚਲਾਈ ਜਾ ਰਹੀ ਸਰਕਾਰ ਦਾ ਇਕੋ ਇਕ ਏਜੰਡਾ ਮੁਲਕ ਦੇ ਵੱਧ ਤੋਂ ਵੱਧ ਵਸੀਲੇ ਬਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨਾ ਹੈ। ਪ੍ਰਚੂਨ ਵਪਾਰ ਖੇਤਰ ਉੱਪਰ ਵਾਲਮਾਰਟ, ਟੈਸਕੋ, ਮੈਟਰੋ ਤੇ ਕੇਅਰਫੋਰ ਵਰਗੀਆਂ 6 ਧੜਵੈਲ ਬਦੇਸ਼ੀ ਕੰਪਨੀਆਂ ਦਾ ਕਬਜ਼ਾ ਕਰਾਉਣ ਲਈ ਸ਼ਰੇਆਮ ਦਲਾਲਾਂ ਦੀ ਭੂਮਿਕਾ ਨਿਭਾਈ ਗਈ। ਬਹੁਗਿਣਤੀ ਹਾਸਲ ਕਰਨ ਲਈ ਅੰਦਰਖਾਤੇ ਪੂਰੀ ਗੰਢਤੁੱਪ ਅਤੇ ਸੌਦੇਬਾਜ਼ੀ ਕਰਕੇ ਵੋਟਿੰਗ ਦੀ ਕਵਾਇਦ ਕਰਵਾਈ ਗਈ। ਬਹੁਜਨ ਸਮਾਜ ਪਾਰਟੀ ਵਲੋਂ ਹੱਕ 'ਚ ਵੋਟ, ਸਮਾਜਵਾਦੀ ਪਾਰਟੀ ਦਾ ਵੋਟ ਨਾ ਪਾਉਣਾ ਅਤੇ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਦੀ ਕ੍ਰਾਸ ਵੋਟਿੰਗ ਸਾਰਾ ਕੁਝ ਯੂ.ਪੀ.ਏ. ਦੇ ਵੋਟ ਮੈਨੇਜਰਾਂ ਵਲੋਂ ਕੀਤੇ ਇੰਤਜ਼ਾਮਾਂ ਅਨੁਸਾਰ ਨੇਪਰੇ ਚੜ੍ਹਿਆ। 'ਚੁਣੇ ਹੋਏ' ਲੋਕ ਸਭਾ ਨੁਮਾਇੰਦਿਆਂ ਨੇ ਅੰਕਾਂ ਦੀ ਖੇਡ (ਪੱਖ 'ਚ 282 ਅਤੇ ਵਿਰੋਧ 'ਚ 224) ਦੇ ਆਧਾਰ 'ਤੇ ਮੁਲਕ ਦੀ ਭਵਿੱਖੀ ਹੋਣੀ ਦਾ ਫ਼ੈਸਲਾ ਕੀਤਾ। ਇਹੀ ਰਾਜ ਸਭਾ 'ਚ ਦੁਹਰਾਇਆ ਗਿਆ। ਐੱਫ.ਡੀ.ਆਈ. ਬਾਰੇ 'ਬਹਿਸ' ਉਸੇ ਘਿਨਾਉਣੇ ਜਾਬ੍ਹਾਂ ਦੇ ਭੇੜ ਦਾ ਹਿੱਸਾ ਹੈ ਜੋ ਪਿਛਲੇ ਦੋ ਦਹਾਕਿਆਂ ਤੋਂ, ਖ਼ਾਸ ਕਰ ਕੇ ਚਾਰ ਸਾਲਾਂ ਤੋਂ ਭ੍ਰਿਸ਼ਟਾਚਾਰ, ਮਹਿੰਗਾਈ, ਕਾਲਾ ਧਨ, ਪਰਮਾਣੂ ਸਮਝੌਤੇ ਵਰਗੇ ਅਹਿਮ ਮੁੱਦਿਆਂ ਉੱਪਰ ਚਲਦਾ ਰਿਹਾ ਹੈ ਜਿਸ ਦਾ ਨਿਬੇੜਾ ਹਮੇਸ਼ਾ ਕਾਰਪੋਰੇਟ ਪੱਖੀ ਫ਼ੈਸਲਿਆਂ ਦੇ ਰੂਪ 'ਚ ਹੀ ਹੋਇਆ ਹੈ।

ਭਾਰਤ ਦਾ ਲੋਕਤੰਤਰ ਹੁਣ ਮਹਿਜ਼ ਨਾਂ ਦਾ ਹੈ ਜਿਸ ਵਿਚ ਲੋਕਾਂ ਦੇ ਹਿੱਤ ਪੂਰੀ ਤਰ੍ਹਾਂ ਮਨਫ਼ੀ ਹਨ ਅਤੇ ਵੋਟ-ਪਾਰਟੀਆਂ ਦੇ ਨੁਮਾਇੰਦਿਆਂ ਦਾ ਤੰਤਰ 122 ਕਰੋੜ ਲੋਕਾਂ ਦੇ ਨਾਂ 'ਤੇ ਮੁਲਕ ਚਲਾ ਰਿਹਾ ਹੈ। ਜੇ ਅੰਕੜਿਆਂ ਦੇ ਲਿਹਾਜ਼ ਨਾਲ ਦੇਖਣਾ ਹੋਵੇ ਤਾਂ ਇਨ੍ਹਾਂ ਦੀ ਤਾਦਾਦ .0001 ਫ਼ੀ ਸਦੀ ਤੋਂ ਵੀ ਘੱਟ ਹੈ। ਮੁੱਦਿਆਂ ਦੇ ਲਿਹਾਜ਼ ਨਾਲ ਇਹ ਤੰਤਰ ਸਵਾ ਅਰਬ ਲੋਕਾਂ ਦੇ ਨਾਂ 'ਤੇ ਕੁਲ ਫ਼ੈਸਲੇ ਕਾਰਪੋਰੇਟ ਹਿੱਤਾਂ, ਰਾਜਸੀ ਗਿਣਤੀਆਂ-ਮਿਣਤੀਆਂ ਅਤੇ ਇਸ ਅਨੁਸਾਰੀ ਜੋੜਾਂ-ਤੋੜਾਂ ਮੁਤਾਬਿਕ ਕਰਦਾ ਹੈ। ਪਿਛਲੇ ਛੇ ਦਹਾਕਿਆਂ 'ਚ ਇਕ ਵੀ ਮੁੱਦਾ ਅਜਿਹਾ ਨਹੀਂ ਹੈ ਜਿਸ ਵਿਚ ਆਮ ਰਾਏ-ਸ਼ੁਮਾਰੀ ਕਰਾਈ ਗਈ ਹੋਵੇ। ਬਹਿਸ ਦੇ ਮੁੱਦੇ ਵੀ ਉਹ ਰਹੇ ਹਨ ਜੋ ਨੀਤੀਆਂ ਨੂੰ ਪੂਰੀ ਤਰ੍ਹਾਂ ਪੁੱਠਾ ਗੇੜਾ ਦੇਣ ਵਾਲੇ ਸਨ। ਇਸ ਦੀ ਸੰਸਦੀ ਕਵਾਇਦ 'ਚ ਅਵਾਮ ਆਪਣੇ ਮੁੱਦਿਆਂ ਤੇ ਹਿੱਤਾਂ ਪੱਖੋਂ ਵੀ ਮਨਫ਼ੀ ਹੈ ਅਤੇ ਵਿਚਾਰ-ਚਰਚਾ 'ਚ ਹਿੱਸੇਦਾਰੀ ਪੱਖੋਂ ਵੀ। ਲੋਕਾਂ ਦੇ ਹਿੱਤਾਂ ਨੂੰ ਸ਼ਾਮਲ ਕਰ ਕੇ ਆਰਥਿਕ ਵਾਧੇ (ਇਨਕਲੂਸਿਵ ਗ੍ਰੋਥ) ਦੇ ਦਾਅਵਿਆਂ ਦੇ ਬਾਵਜੂਦ ਇਸ ਵਿਚ ਆਮ ਆਦਮੀ ਲਈ ਸਾਧਨਾਂ ਦੀ ਨਿਆਂਪੂਰਨ ਵੰਡ ਅਤੇ ਤਰੱਕੀ ਦਾ ਹਿੱਸਾ ਕਿੱਥੇ ਹੈ? ਉਸ ਲਈ ਬਰਾਬਰੀ ਦਾ ਹੱਕ ਅਤੇ ਸੱਤਾ 'ਚ ਬਰਾਬਰੀ ਦੇ ਮੌਕੇ ਕਿੱਥੇ ਹਨ? ਲਫ਼ਜ਼ੀ ਮਾਅਨਿਆਂ 'ਚ ਇਸ ਦੀ ਪ੍ਰੀਭਾਸ਼ਾ ਦੇ ਦਾਅਵੇ ਕੁਝ ਵੀ ਹੋਣ, ਵਿਹਾਰਕ ਮਾਅਨਿਆਂ 'ਚ ਲੋਕਤੰਤਰ ਦਾ ਮਤਲਬ ਹੈ, ਚੁਣੇ ਹੋਏ ਸੱਤਾਧਾਰੀਆਂ ਦੇ ਵਿਸ਼ੇਸ਼ ਅਧਿਕਾਰਾਂ ਵਾਲਾ ਤੰਤਰ।

ਇਹ ਹਕੀਕਤ ਕਿਸੇ ਤੋਂ ਗੁੱਝੀ ਨਹੀਂ ਹੈ ਕਿ ਸੌ ਤੋਂ ਘੱਟ ਪਰਿਵਾਰਾਂ ਦੇ ਹੱਥ ਵਿਚ ਇਸ ਲੋਕਤੰਤਰ ਦੀ ਲਗਾਮ ਹੈ। ਲੋਕ ਸਭਾ ਦੇ ਮੌਜੂਦਾ 545 ਮੈਂਬਰਾਂ ਵਿਚੋਂ 80 ਭਾਵ 15 ਫ਼ੀ ਸਦੀ 'ਨੁਮਾਇੰਦੇ' ਅਜਿਹੇ ਹਨ ਜੋ ਜਾਂ ਤਾਂ ਕਿਸੇ ਵੱਡੇ ਆਗੂ ਦੇ ਪੁੱਤ-ਧੀ ਹਨ ਜਾਂ ਪਤਨੀਆਂ ਜਾਂ ਨੂੰਹਾਂ ਹਨ। ਇਨ੍ਹਾਂ ਖ਼ਾਨਦਾਨੀ 'ਨੁਮਾਇੰਦਿਆਂ' ਦਾ ਆਮ ਲੋਕਾਂ ਨਾਲ ਕੋਈ ਸਰੋਕਾਰ ਨਹੀਂ ਹੈ। (ਲੋਕ ਸਭਾ ਦੇ 30 ਫ਼ੀ ਸਦੀ ਅਤੇ ਰਾਜ ਸਭਾ ਦੇ 16 ਫ਼ੀ ਸਦੀ ਮੈਂਬਰਾਂ ਦਾ ਰਿਕਾਰਡ ਐਲਾਨੀਆ ਤੌਰ 'ਤੇ ਮੁਜਰਮਾਨਾ ਹੈ) ਸਰਕਾਰ ਦੇ ਆਪਣੇ ਅੰਕੜੇ ਕਹਿੰਦੇ ਹਨ ਕਿ ਮੁਲਕ ਦੇ 28, 650 ਟੱਬਰਾਂ ਕੋਲ ਕੁਲ ਜਾਇਦਾਦ ਦਾ 42 ਫ਼ੀ ਸਦੀ ਹੈ ਅਤੇ ਆਬਾਦੀ ਦੇ ਇਸ ਨਿੱਕੇ ਜਿਹੇ ਹਿੱਸੇ ਉੱਪਰ ਮੁਲਕ ਦੇ 19 ਫ਼ੀ ਸਦੀ ਤੋਂ ਵੱਧ ਵਸੀਲੇ ਖ਼ਰਚੇ ਜਾ ਰਹੇ ਹਨ। ਦੂਜੇ ਪਾਸੇ ਮੁਲਕ ਦੇ 110 ਕਰੋੜ ਲੋਕਾਂ ਕੋਲ ਮਹਿਜ਼ 42 ਫ਼ੀ ਸਦੀ ਆਰਥਿਕ ਸਾਧਨ ਹੀ ਹੈ। ਐਨੀ ਘੋਰ ਨਾਬਰਾਬਰੀ ਵਾਲੇ ਸਮਾਜ ਨੂੰ ਜਕੜੀ ਬੈਠੀ ਕੁਲੀਨ ਵਰਗੀ ਸੰਸਦੀ ਪ੍ਰਣਾਲੀ ਵਿਚ ਕਰੋੜਾਂ ਲੋਕਾਂ ਦੀ ਰੋਜ਼ੀ ਨਾਲ ਸਬੰਧਤ ਮੁੱਦਿਆਂ ਬਾਰੇ ਬਹਿਸ ਦਾ ਨਾਟਕ ਤਾਂ ਕੀਤਾ ਜਾ ਸਕਦਾ ਹੈ ਪਰ ਫ਼ੈਸਲੇ ਕੀਤੇ ਜਾਣਗੇ ਹੁਕਮਰਾਨ ਜਮਾਤਾਂ ਦੇ ਆਪਣੇ ਹਿੱਤਾਂ ਅਨੁਸਾਰ। ਇਸੇ ਸੰਸਦੀ ਬਹਿਸ ਵਿਚੋਂ ਪਾਸ ਹੋਈਆਂ ਨੀਤੀਆਂ ਪਹਿਲਾਂ ਹੀ ਨਵੀਂ ਭਰਤੀ ਖ਼ਤਮ ਕਰ ਕੇ ਇਕ ਕਰੋੜ 60 ਲੱਖ ਨੌਜਵਾਨਾਂ ਦੀ ਰੋਜ਼ੀ ਖੋਹ ਚੁੱਕੀਆਂ ਹਨ। 6 ਕਰੋੜ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰ ਚੁੱਕੀਆਂ ਹਨ, ਢਾਈ ਲੱਖ ਕਿਸਾਨਾਂ ਨੂੰ ਸਿਰਫ਼ ਇਕ ਦਹਾਕੇ 'ਚ ਖ਼ੁਦਕੁਸ਼ੀਆਂ ਲਈ ਮਜਬੂਰ ਕਰ ਚੁੱਕੀਆਂ ਹਨ। 9 ਕਰੋੜ ਕਾਮੇ ਮਨਰੇਗਾ (ਸਾਲ ਵਿਚ ਟੱਬਰ ਦੇ ਇਕ ਜੀਅ ਨੂੰ ਸਿਰਫ਼ 100 ਦਿਨ ਕੰਮ) ਦੇ ਮੁਥਾਜ ਹਨ। 42 ਕਰੋੜ ਦੀ ਜ਼ਿੰਦਗੀ ਮਹਿਜ਼ ਰਾਸ਼ਨ ਕਾਰਡ 'ਤੇ ਨਿਰਭਰ ਹੈ ਅਤੇ ਮੁੱਕਦੀ ਗੱਲ 77 ਫ਼ੀ ਸਦੀ ਆਬਾਦੀ ਦੇ ਟੱਬਰਾਂ ਦਾ ਗੁਜ਼ਾਰਾ ਮਹਿਜ਼ 20 ਰੁਪਏ 'ਚ ਹੁੰਦਾ ਹੈ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਇਹ ਕਹਿੰਦੇ ਵਕਤ ਸ਼ਰਮ ਮਹਿਸੂਸ ਨਹੀਂ ਕਰਦੀ ਕਿ ਇਕ ਟੱਬਰ ਦੇ ਗੁਜ਼ਾਰੇ ਲਈ ਮਹੀਨੇ ਦੇ 600 ਰੁਪਏ ਕਾਫ਼ੀ ਹਨ! ਅਜਿਹੇ ਰਾਜਸੀ ਵਤੀਰੇ ਵਾਲੇ ਨਿਜ਼ਾਮ 'ਚ ਜੇ ਲੋਕ ਸਭਾ ਤੇ ਰਾਜ ਸਭਾ 5 ਕਰੋੜ ਪ੍ਰਚੂਨ ਕਾਰੋਬਾਰੀਆਂ ਦੀ ਰੋਟੀ-ਰੋਜ਼ੀ ਦਾ ਵਸੀਲਾ ਖੋਹ ਕੇ ਇਹ ਕਾਰੋਬਾਰ ਬਦੇਸ਼ੀ ਕੰਪਨੀਆਂ ਦੇ ਹਵਾਲੇ ਕਰਨ ਦਾ ਫ਼ੈਸਲਾ ਵੋਟਾਂ ਦੀ ਗਿਣਤੀ ਨਾਲ ਲੈਂਦੀਆਂ ਹਨ ਤਾਂ ਇਸ 'ਤੇ ਬਹੁਤੀ ਹੈਰਾਨੀ ਨਹੀਂ ਹੋਣੀ ਚਾਹੀਦੀ। ਕੀ 'ਸੰਸਦੀ ਖੱਬੇ' ਖ਼ੁਦ ਨੂੰ ਇਹ ਸਵਾਲ ਕਰਨਗੇ ਕਿ ਲੋਕ ਹਿੱਤ ਦੇ ਇਹ ਅਹਿਮ ਮੁੱਦੇ ਸੰਸਦੀ ਜਾਬ੍ਹਾਂ ਦੇ ਭੇੜ ਦੇ ਰਹਿਮ 'ਤੇ ਛੱਡੇ ਜਾਣ ਵਾਲੇ ਹਨ, ਜੋ ਹੁਣ ਤੱਕ ਹੋ ਰਿਹਾ ਹੈ, ਜਾਂ ਤਿੱਖੇ ਰਾਜਨੀਤਕ ਅੰਦੋਲਨ ਦੀ ਅਵਾਮੀ ਤਾਕਤ ਨਾਲ ਹੱਲ ਕਰਾਏ ਜਾਣ ਦੀ ਮੰਗ ਕਰਦੇ ਹਨ?

ਹਾਲੇ ਦੋਵਾਂ ਸੰਸਦੀ ਸਦਨਾਂ ਦੇ ਫ਼ੈਸਲੇ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਵਾਲਮਾਰਟ ਵਲੋਂ ਇਕ ਪਾਸੇ ਆਪਣੇ ਪੱਖ 'ਚ ਜੋੜ-ਤੋੜ ਕਰਨ ਲਈ ਚਾਰ ਸਾਲਾਂ ਵਿਚ 125 ਕਰੋੜ ਰੁਪਏ ਖ਼ਰਚਣ ਅਤੇ ਦੂਜੇ ਪਾਸੇ ਬੰਗਲਾਦੇਸ਼ ਵਿਚ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਦੀਆਂ ਰਿਪੋਰਟਾਂ ਆ ਗਈਆਂ ਹਨ। 2008 ਤੋਂ ਲੈ ਕੇ ਵਾਲਮਾਰਟ ਕੰਪਨੀ ਸਾਡੇ ਮੁਲਕ ਦੇ ਬਹੁ-ਭਾਂਤੀ ਪ੍ਰਚੂਨ ਕਾਰੋਬਾਰ ਨੂੰ ਹਥਿਆਉਣ ਲਈ ਸਰਗਰਮੀ ਨਾਲ ਜੁੱਟੀ ਹੋਈ ਸੀ। ਇਹ ਸਿਰਫ਼ ਉਹ ਪੈਸਾ ਹੈ ਜੋ ਇਸ ਨੇ ਨਿਰੋਲ ਅਮਰੀਕੀ ਸੈਨੇਟ, ਅਮਰੀਕੀ ਪ੍ਰਤੀਨਿਧੀ ਸਦਨ, ਬਦੇਸ਼ ਮਹਿਕਮੇ ਅਤੇ ਅਮਰੀਕੀ ਵਪਾਰ ਪ੍ਰਤੀਨਿਧਾਂ ਨੂੰ ਆਪਣੇ ਪੱਖ 'ਚ ਕਰਨ ਲਈ ਖ਼ਰਚਿਆ ਹੈ (ਚੇਤੇ ਰਹੇ ਅਮਰੀਕੀ ਰਾਜ 'ਚ ਕਾਰਪੋਰੇਟ ਖੇਤਰ ਵਲੋਂ ਆਪਣੇ ਹਿੱਤਾਂ ਲਈ ਜੋੜ-ਤੋੜ ਮਾਨਤਾ ਪ੍ਰਾਪਤ ਹੈ)। ਸਪਸ਼ਟ ਹੈ ਕਿ ਇਸ ਵਿਚ ਅਮਰੀਕਾ ਤੋਂ ਬਾਹਰ ਸਾਡੇ ਮੁਲਕ 'ਚ ਲਗਾਏ ਜੁਗਾੜ ਦੇ ਖ਼ਰਚੇ ਸ਼ਾਮਲ ਨਹੀਂ ਹਨ। ਸੰਸਦ 'ਚ ਭਾਰੀ ਰੌਲੇ-ਰੱਪੇ ਤੋਂ ਬਾਅਦ ਹੀ ਯੂ.ਪੀ.ਏ. ਸਰਕਾਰ ਇਸ ਦੀ ਜਾਂਚ ਕਿਸੇ ਸੇਵਾ-ਮੁਕਤ ਜੱਜ ਤੋਂ ਕਰਾਉਣ ਲਈ ਸਹਿਮਤ ਹੋਈ ਹੈ। ਜਾਂਚ ਵਿਚੋਂ ਕੀ ਨਤੀਜੇ ਸਾਹਮਣੇ ਆਉਣਗੇ, ਇਸ ਬਾਰੇ ਫ਼ਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਹ ਤੈਅ ਹੈ ਕਿ ਵਾਲਮਾਰਟ ਵਰਗੀਆਂ ਕੰਪਨੀਆਂ ਦੇ ਪ੍ਰਚੂਨ ਕਾਰੋਬਾਰ ਉੱਪਰ ਕਾਬਜ਼ ਹੋਣ ਦੇ ਅਮਲ ਉੱਪਰ ਇਸ ਦਾ ਕੋਈ ਖ਼ਾਸ ਅਸਰ ਨਹੀਂ ਪਵੇਗਾ ਜਿਸ ਨੇ ਪਹਿਲਾਂ ਹੀ ਪੈਰ ਜਮਾ ਲਏ ਹਨ।

ਇਨ੍ਹਾਂ ਕਾਰਪੋਰੇਟ ਦਲਾਲਾਂ ਨੂੰ ਤਾਂ ਭਾਰਤ ਦੀ ਸੰਸਦੀ ਪ੍ਰਣਾਲੀ ਵਿਚ ਕੇਂਦਰੀ ਮੰਤਰੀ ਮੰਡਲ ਵਲੋਂ ਲਏ ਫ਼ੈਸਲਿਆਂ ਬਾਰੇ ਵੋਟ ਦੀ ਇਹ 'ਖੁੱਲ੍ਹ' ਵੀ ਬੇਲੋੜੀ ਅਤੇ ਵਿਕਾਸ ਦੇ ਰਾਹ 'ਚ ਅੜਿੱਕਾ ਜਾਪਦੀ ਹੈ। ਉਹ ਲਗਦੇ ਹੱਥ ਇਸ ਦਾ ਯੱਭ ਵੀ ਨਬੇੜ ਦੇਣਾ ਚਾਹੁੰਦੇ ਹਨ। ਕੁਝ ਹਫ਼ਤੇ ਪਹਿਲਾਂ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਵਲੋਂ ਵਿੱਤ ਮੰਤਰੀ, ਪ੍ਰਧਾਨ ਮੰਤਰੀ ਅਤੇ ਕਾਨੂੰਨ ਮੰਤਰੀ ਨੂੰ ਲੈ ਕੇ ਹਾਈ ਪਾਵਰ ਕੌਮੀ ਪੂੰਜੀ-ਨਿਵੇਸ਼ ਬੋਰਡ (ਐੱਨ.ਆਈ.ਬੀ.) ਬਣਾਉਣ ਦੀ ਤਜਵੀਜ਼ ਲਿਆਂਦੀ ਗਈ ਜਿਸ ਰਾਹੀਂ ਦਲਾਲ ਮੰਡਲੀ ਪੂੰਜੀ-ਨਿਵੇਸ਼ ਦੇ ਪ੍ਰੋਜੈਕਟਾਂ ਲਈ ਸਬੰਧਤ ਮੰਤਰਾਲੇ ਤੋਂ ਰਸਮੀ ਮਨਜ਼ੂਰੀ ਲੈਣ ਦੇ ਅਮਲ ਦਾ ਵੀ ਭੋਗ ਪਾਉਣਾ ਚਾਹੁੰਦੀ ਸੀ। ਇਸ ਦਾ ਤਿੱਖਾ ਵਿਰੋਧ ਹੋਇਆ ਖ਼ਾਸ ਕਰਕੇ ਵਾਤਾਵਰਣ ਮੰਤਰਾਲੇ ਵਲੋਂ। ਅੰਦਰੂਨੀ ਲੈ-ਦੇ ਹੋਈ ਅਤੇ ਓੜਕ ਇਸ ਦਾ ਨਾਂ ਬਦਲਕੇ ਪੂੰਜੀ-ਨਿਵੇਸ਼ ਬਾਰੇ ਕੈਬਨਿਟ ਕਮੇਟੀ (ਸੀ ਸੀ ਆਈ) ਰੱਖ ਦਿੱਤਾ ਗਿਆ ਅਤੇ ਇਸ ਵਿਚ ਹੁਣ ਬੁਨਿਆਦੀ ਢਾਂਚਾ ਖੇਤਰ ਦੇ ਸਾਰੇ ਮੰਤਰੀ ਲੈ ਲਏ ਗਏ ਹਨ। ਇਹ ਕਮੇਟੀ 1000 ਕਰੋੜ ਤੋਂ ਉੱਪਰਲੇ ਸਾਰੇ ਪ੍ਰੋਜੈਕਟਾਂ ਨੂੰ ਹਰੀ ਝੰਡੀ ਦੇਣ ਦੇ ਫ਼ੈਸਲੇ ਲਵੇਗੀ। ਜੇ ਸਬੰਧਤ ਮੰਤਰਾਲਾ ਪ੍ਰੋਜੈਕਟ ਨੂੰ ਮਨਜ਼ੂਰੀ ਨਹੀਂ ਦੇਵੇਗਾ ਤਾਂ ਪ੍ਰੋਜੈਕਟ ਲਾਉਣ ਵਾਲਾ ਸਰਮਾਏਦਾਰ ਸਿੱਧਾ ਸੀ.ਸੀ.ਆਈ. ਤੋਂ ਮਨਜ਼ੂਰੀ ਲੈ ਲਵੇਗਾ। ਕਮੇਟੀ ਵਲੋਂ ਮਨਜ਼ੂਰੀ ਦਿੱਤੇ ਜਾਣ 'ਤੇ ਕੋਈ ਮੰਤਰਾਲਾ ਇਸ 'ਤੇ ਉਂਗਲ ਨਹੀਂ ਉਠਾ ਸਕੇਗਾ। ਅਸਲ ਵਿਚ, ਇਹ ਕਮੇਟੀ ਵੱਡੇ ਪ੍ਰੋਜੈਕਟਾਂ ਉੱਪਰ ਬੇਰੋਕ-ਟੋਕ ਸਿੱਧੀ ਮੋਹਰ ਲਾਉਣ ਦਾ ਜ਼ਰੀਆ ਹੋਵੇਗੀ। ਮਸਲਨ, ਜੇ ਵਾਤਾਵਰਣ ਮੰਤਰਾਲਾ ਤਜਵੀਜ਼ਤ ਪ੍ਰੋਜੈਕਟ ਨੂੰ ਵਾਤਾਵਰਣ ਪ੍ਰਦੂਸ਼ਣ ਦੇ ਖ਼ਦਸ਼ੇ ਕਾਰਨ ਰੱਦ ਕਰ ਦੇਵੇ ਤਾਂ ਕਮੇਟੀ ਪ੍ਰਦੂਸ਼ਣ ਬਾਰੇ ਕੁਲ ਖ਼ਦਸ਼ਿਆਂ ਨੂੰ ਦਰਕਿਨਾਰ ਕਰ ਕੇ ਇਸ ਨੂੰ ਆਪਹੁਦਰੀ ਮਨਜ਼ੂਰੀ ਦੇ ਦੇਵੇਗੀ। ਫ਼ੈਸਲਿਆਂ ਦੀ ਇਸ ਲੜੀ ਦਾ ਸਿੱਧਾ ਸਬੰਧ ਤਾਜ਼ਾ ਦੋ ਬਿਆਨਾਂ ਨਾਲ ਜੁੜਦਾ ਹੈ: ਵਿੱਤ ਮੰਤਰੀ ਨੇ ਬਿਆਨ ਦਿੱਤਾ ਕਿ 100 ਤੋਂ ਵੱਧ ਐਸੇ ਪ੍ਰੋਜੈਕਟ ਸਰਕਾਰ ਕੋਲ ਮਨਜ਼ੂਰੀ ਲਈ ਆਏ ਹਨ ਜਿਨ੍ਹਾਂ ਵਿਚ 1000 ਕਰੋੜ ਜਾਂ ਇਸ ਤੋਂ ਵੱਧ ਪੂੰਜੀ-ਨਿਵੇਸ਼ ਕੀਤਾ ਜਾਣਾ ਹੈ। ਦੂਜਾ, ਸੰਨ 2013-17 ਲਈ 12ਵੀਂ ਪੰਜ ਸਾਲਾ ਯੋਜਨਾ ਦੀ ਤਜਵੀਜ਼ ਵਿਚ ਕੇਂਦਰੀ ਯੋਜਨਾ ਕਮਿਸ਼ਨ ਨੇ ਇਕੱਲੇ ਬੁਨਿਆਦੀ ਢਾਂਚਾ ਖੇਤਰ ਅੰਦਰ 56 ਲੱਖ 14,730 ਕਰੋੜ ਰੁਪਏ ਦੇ ਪੂੰਜੀ-ਨਿਵੇਸ਼ ਦੀ ਸੰਭਾਵਨਾ ਦਰਸਾਈ ਹੈ। ਜ਼ਾਹਿਰ ਹੈ ਕਿ ਸਾਰੇ ਫ਼ੈਸਲੇ ਕਾਰਪੋਰੇਟ ਪ੍ਰੋਜੈਕਟਾਂ ਨੂੰ ਫਟਾਫਟ ਲਾਗੂ ਕਰਨ ਲਈ ਕੀਤੇ ਜਾ ਰਹੇ ਹਨ।

ਉੜੀਸਾ ਵਿਧਾਨ ਸਭਾ ਵਲੋਂ ਲੰਘੇ ਅਗਸਤ ਮਹੀਨੇ ਬਿਨਾਂ ਬਹਿਸ ਪਾਸ ਕੀਤਾ ਸਨਅਤੀ ਸੁਰੱਖਿਆ ਫੋਰਸ ਬਿੱਲ ਵੀ ਇਸੇ ਦਿਸ਼ਾ 'ਚ ਇਕ ਹੋਰ ਵੱਡਾ ਕਦਮ ਹੈ ਇਸ ਦਾ ਇਕੋ ਇਕ ਉਦੇਸ਼ ਵੀ ਕਾਰਪੋਰੇਟ ਸਰਮਾਏਦਾਰੀ ਦੇ ਹੱਥ ਹੋਰ ਮਜ਼ਬੂਤ ਕਰਨਾ ਹੈ। ਕਿਸੇ ਸਨਅਤ ਦੇ ਮੰਗ ਕਰਨ 'ਤੇ ਇਹ ਵਿਸ਼ੇਸ਼ ਤਾਕਤ ਉਸ ਸਨਅਤ 'ਚ ਤਾਇਨਾਤ ਕੀਤੀ ਜਾਵੇਗੀ। ਬਿਨਾਂ ਅਦਾਲਤੀ ਹੁਕਮ ਜਾਂ ਵਾਰੰਟ ਗ੍ਰਿਫ਼ਤਾਰੀਆਂ ਜਾਂ ਤਲਾਸ਼ੀਆਂ ਦੇ ਬੇਥਾਹ ਜਾਬਰ ਅਧਿਕਾਰਾਂ ਵਾਲੀ ਇਹ ਤਾਕਤ ਅਸਲ ਵਿਚ ਫੈਕਟਰੀ ਮਾਲਕਾਂ ਦੀ ਕਾਨੂੰਨੀ ਨਿੱਜੀ ਫ਼ੌਜ ਹੋਵੇਗੀ। ਇਸ ਦਾ ਕੁਲ ਖ਼ਰਚਾ ਸਬੰਧਤ ਫ਼ੈਕਟਰੀ ਦੇਵੇਗੀ ਅਤੇ ਸਨਅਤ ਦੀ ਹਦੂਦ 'ਚ ਦਾਖ਼ਲ ਹੁੰਦੇ ਸਾਰ ਇਹ ਫੈਕਟਰੀ ਦੇ ਪ੍ਰਬੰਧਕੀ ਢਾਂਚੇ ਦੇ ਅਧੀਨ ਹੋ ਜਾਵੇਗੀ । ਸੂਬਾ ਸਰਕਾਰ ਦੀ ਮਨਜ਼ੂਰੀ ਲਏ ਬਗ਼ੈਰ ਅਦਾਲਤ ਇਸ ਵਿਰੁੱਧ ਜੁਰਮ ਦੇ ਮੁਕੱਦਮੇ ਪ੍ਰਵਾਨ ਨਹੀਂ ਕਰੇਗੀ।

ਹੁਕਮਰਾਨਾਂ ਦੇ ਇਹ ਸਾਰੇ ਕਦਮ ਉਸ ਵਿਕਾਸ ਮਾਡਲ ਖ਼ਿਲਾਫ਼ ਲੋਕਾਂ ਦੇ ਜਮਹੂਰੀ ਵਿਰੋਧ ਨੂੰ ਕੁਚਲਣ ਵਾਲੇ ਹਨ ਜਿਸ ਨੇ ਸਾਡੇ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀਆਂ ਜ਼ਿੰਦਗੀਆਂ 'ਚ ਤਬਾਹੀ ਮਚਾਈ ਹੋਈ ਹੈ, ਜਿਸ ਨੂੰ ਪ੍ਰਸਿੱਧ ਅਰਥ-ਸ਼ਾਸਤਰੀ ਅਮਿਤ ਭਾਦੁੜੀ ਨੇ 'ਵਿਕਾਸ ਦੀ ਦਹਿਸ਼ਤਗਰਦੀ' ਕਿਹਾ ਸੀ। ਖੁੱਲ੍ਹੀ ਮੰਡੀ ਦਾ ਇਹ ਵਿਕਾਸ ਮਾਡਲ ਦਿਨੋ-ਦਿਨ ਵਧ ਰਹੇ ਸਮਾਜੀ ਪਾੜੇ, ਸਾਧਨਾਂ ਦੀ ਹੋਰ ਵਧੇਰੇ ਕਾਣੀ ਵੰਡ ਅਤੇ ਸਮਾਜ ਦੇ ਵੱਡੇ ਹਿੱਸੇ ਦੇ ਹਾਸ਼ੀਏ 'ਤੇ ਧੱਕੇ ਜਾਣ ਦੀ ਮੂੰਹ ਜ਼ੋਰ ਹਕੀਕਤ ਨੂੰ ਆਰਥਿਕ ਵਾਧਾ ਦਰ ਦੇ ਬਨਾਉਟੀ ਮੁਲੰਮੇ ਨਾਲ ਢਕਣਾ ਚਾਹੁੰਦਾ ਹੈ। ਨਾਲ ਹੀ ਲੋਕਾਂ ਦੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਦਿਨੋ ਦਿਨ ਵਧੇਰੇ ਤੋਂ ਵਧੇਰੇ ਬੰਦਸ਼ਾਂ ਲਾ ਰਿਹਾ ਹੈ। ਚੋਟੀ ਦੇ ਸਾਬਕਾ ਆਈ.ਏ.ਐੱਸ. ਅਧਿਕਾਰੀ (ਆਰਥਕ ਮਾਮਲਿਆਂ ਦੇ ਸਾਬਕਾ ਸਕੱਤਰ) ਈ.ਏ.ਐੱਸ. ਸ਼ਰਮਾ ਨੇ ਇਸ ਹਾਲਤ ਦਾ ਨਿਚੋੜ ਇੰਵ ਕੱਢਿਆ ਹੈ: "ਖੱਬੇਪੱਖੀ ਅਤਿਵਾਦ ਦੋਮ ਮੁੱਦਾ ਹੈ। ਮੁੱਖ ਮੁੱਦਾ ਸਮਾਜੀ-ਆਰਥਿਕ ਅਨਿਆਂ ਦਾ ਹੈ।"

"ਸੰਨ 2013 ਨੀਤੀਆਂ ਅਤੇ ਰੈਗੂਲੇਸ਼ਨਾਂ ਪੱਖੋਂ ਗੇਮ ਚੇਂਜਰ ਬਣਨ ਜਾ ਰਿਹਾ ਹੈ, ਕਿਉਂਕਿ ਪਿਛਲੇ ਕੁਝ ਵਰ੍ਹਿਆਂ ਤੋਂ ਜੋ ਜ਼ਿਆਦਾਤਰ ਬਿੱਲ ਲਟਕੇ ਹੋਏ ਹਨ ਉਨ੍ਹਾਂ ਦੇ ਸੰਸਦ ਦੇ ਆਉਣ ਵਾਲੇ ਤਿਮਾਹੀ ਸੈਸ਼ਨਾਂ 'ਚ ਪਾਸ ਹੋਣ ਦੀ ਉਮੀਦ ਹੈ।... ...ਖ਼ਾਸ ਕਰ ਕੇ ਰੀਅਲ ਇਸਟੇਟ ਦੇ ਮਾਮਲੇ 'ਚ, ਰੀਅਲ ਇਸਟੇਟ ਰੈਗੂਲੇਸ਼ਨ ਬਿਲ ਅਤੇ ਜ਼ਮੀਨ ਗ੍ਰਹਿਣ ਬਿਲ ਦੋਵੇਂ ਅਹਿਮ ਬਿੱਲ ਪਾਸ ਹੋਣ ਨਾਲ ਉਨ੍ਹਾਂ ਸਾਰਿਆਂ ਦੇ ਉਤਸ਼ਾਹ ਨੂੰ ਹੁਲਾਰਾ ਮਿਲੇਗਾ ਜਿਨ੍ਹਾਂ ਦੇ ਇਸ ਖੇਤਰ 'ਚ ਹਿੱਤ ਹਨ।"

***-ਰੀਅਲ ਐਸਟੇਟ ਦੀ ਵਿਸ਼ਵ ਪ੍ਰਸਿੱਧ ਦਲਾਲ ਅਤੇ ਸਲਾਹਕਾਰ ਕੰਪਨੀ ਨਾਈਟ ਫਰੈਂਕ ਦੇ ਚੇਅਰਮੈਨ ਪ੍ਰਣਬ ਦੱਤਾ***

"ਸਰਕਾਰ ਦਾ ਵਿਕਾਸ ਬਾਰੇ ਬੋਧ ਅਤੇ ਦ੍ਰਿਸ਼ਟੀ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਨਾਲ ਐਨੇ ਬੇਮੇਲ ਕਿਉਂ ਹਨ ਜਿਨ੍ਹਾਂ ਦੇ ਵਿਕਾਸ ਦੀ ਇਹ ਗੱਲ ਕਰਦੀ ਹੈ।"

***ਭਾਰਤ ਦੀ ਸੁਪਰੀਮ ਕੋਰਟ ਦੀ ਟਿੱਪਣੀ (20 ਜੁਲਾਈ 2010)***

"ਪਰ, ਮੈਂ ਤੁਹਾਡੇ ਦਰਮਿਆਨ ਖੜ੍ਹਾ ਹੋ ਕੇ ਮੁੜ ਯਕੀਨ ਦਿਵਾਉਂਦਾ ਹਾਂ ਕਿ ਸਾਡੀ ਸਰਕਾਰ ਹਰ ਉਹ ਸੰਭਵ ਕਦਮ ਚੁੱਕਣ ਲਈ ਵਚਨਬੱਧ ਹੈ ਜਿਸ ਨਾਲ ਨੀਤੀਆਂ ਦਾ ਮਾਹੌਲ ਬਦਲਦਾ ਹੋਵੇ, ਆਰਥਿਕ ਵਾਧੇ 'ਚ ਤੇਜ਼ੀ ਆਵੇ ਅਤੇ ਆਰਥਿਕ ਵਾਧੇ ਦਾ ਅਮਲ ਸਮਾਜੀ ਤੇ ਖੇਤਰੀ ਪੱਖੋਂ ਵਧੇਰੇ ਲੋਕ ਹਿੱਤੂ ਬਣਦਾ ਹੋਵੇ।"

***ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਫਿਕੀ (ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ) ਦੇ 85ਵੇਂ ਸਾਲਾਨਾ ਆਮ ਸਮਾਗਮ (15 ਦਸੰਬਰ 2012) 'ਚ ਤਕਰੀਰ***


# ਧੀਆਂ ਦੀ ਸੁਰੱਖਿਆ ਦੇ ਸੰਸੇ

ਲੋਕਾਂ ਦਾ ਸਾਰਾ ਗੁੱਸਾ ਸਰਕਾਰ ਵੱਲ ਸੇਧਤ ਹੋ ਰਿਹਾ ਹੈ, ਹੋਰ ਤਾਂ ਹੋਰ ਮੁਜ਼ਾਹਰਾਕਾਰੀਆਂ ਨੇ ਆਪਣਾ ਮੰਗ ਪੱਤਰ ਗ੍ਰਹਿ ਮੰਤਰੀ ਜਾਂ ਪ੍ਰਧਾਨ ਮੰਤਰੀ ਜਾਂ ਸਰਕਾਰ ਦੇ ਹੋਰ ਕਿਸੇ ਨੁਮਾਇੰਦੇ ਨੂੰ ਦੇਣ ਦੀ ਥਾਂ ਰਾਸ਼ਟਰਪਤੀ ਭਵਨ ਵੱਲ ਵਹੀਰਾਂ ਘੱਤ ਲਈਆਂ। ਸਵਾਲ ਹੈ ਕਿ ਵਿਖਾਵਾਕਾਰੀਆਂ ਨੂੰ ਰਾਸ਼ਟਰਪਤੀ ਭਵਨ ਵੱਲ ਕੂਚ ਕਰਨ ਲਈ ਕਿਸੇ ਨੇ ਅਤੇ ਕਿਉਂ ਪ੍ਰੇਰਿਆ? ਇਸ ਨੁਕਤੇ ਉਤੇ ਜਾ ਕੇ ਸਰਕਾਰ, ਪ੍ਰਸ਼ਾਸਨ ਅਤੇ ਸਟੇਟ ਵਿਚਕਾਰ ਫਰਕ ਸਮਝਣ ਦਾ ਮਸਲਾ ਸਾਹਮਣੇ ਆਉਂਦਾ ਹੈ। ਜਬਰ ਜਨਾਹ ਦਾ ਮਾਮਲਾ ਸਿੱਧਾ ਸਮਾਜ ਨਾਲ ਜੁੜਿਆ ਹੋਇਆ ਹੈ। ਹਕੀਕਤ ਇਹ ਹੈ ਕਿ ਦੋਸ਼ੀ ਅਜਿਹਾ ਕੁਕਰਮ ਕਰ ਕੇ ਵੀ ਹੁੱਬਦਾ ਫਿਰਦਾ ਹੈ ਅਤੇ ਪੀੜਤ ਨੂੰ ਹਰ ਥਾਂ ਮੂੰਹ ਲਕੋਣਾ ਪੈਂਦਾ ਹੈ। ਇਸ ਬਾਰੇ ਕਿਸ ਨੇ ਅਤੇ ਕਦੋਂ ਸੋਚਣਾ ਹੈ? ਇਸੇ ਕਰ ਕੇ ਹੀ ਬਹੁਤੇ ਮਾਮਲੇ ਤਾਂ ਰਿਪੋਰਟ ਹੀ ਨਹੀਂ ਹੁੰਦੇ। ਜੇ ਅਜਿਹੀ ਸੂਰਤ ਬਰਕਰਾਰ ਰਹਿੰਦੀ ਹੈ ਤਾਂ ਅਜਿਹੇ ਮਾਮਲਿਆਂ ਨੂੰ ਠੱਲ੍ਹ ਕਿਵੇਂ ਪੈ ਸਕਦੀ ਹੈ ਭਲਾ?

ਇਸ ਮਾਮਲੇ ਵਿਚ ਸਾਰੀਆਂ ਸਿਆਸੀ ਪਾਰਟੀਆਂ ਦਾ ਰਵੱਈਆ ਵੀ ਨਾਂਹ-ਮੁਖੀ ਹੀ ਰਿਹਾ ਹੈ। ਸਾਰੀਆਂ ਪਾਰਟੀਆਂ ਨੇ ਆਪਣਾ ਨਿਸ਼ਾਨਾ ਦਿੱਲੀ ਦੀ ਸਰਕਾਰ ਨੂੰ ਬਣਾ ਲਿਆ ਹੈ। ਬਲਾਤਕਾਰੀਆਂ ਨੂੰ ਖੱਸੀ ਕਰਨ ਜਾਂ ਫਾਂਸੀ ਦੇਣ ਦੀਆਂ ਆਵਾਜ਼ਾਂ ਉੱਚੀਆਂ ਕੀਤੀਆਂ ਜਾ ਰਹੀਆਂ ਹਨ। ਮਸਲਾ ਤਾਂ ਸਾਡੇ ਘਰਾਂ, ਦਫ਼ਤਰਾਂ, ਵਿੱਦਿਅਕ ਸੰਸਥਾਵਾਂ ਅਤੇ ਹਰ ਥਾਈਂ ਔਰਤਾਂ ਨਾਲ ਹੋ ਰਹੀ ਹਿੰਸਾ ਦਾ ਹੈ। ਇਸ ਮਾਮਲੇ ਵਿਚ ਸਾਰੀਆਂ ਪਾਰਟੀਆਂ ਅਤੇ ਤਕਰੀਬਨ ਸਾਰੀਆਂ ਸੰਸਥਾਵਾਂ ਦੀ ਇਕੋ ਜਿਹੀ ਮਾਨਸਿਕਤਾ ਹੈ। ਜਦੋਂ ਤੱਕ ਇਸ ਮਾਨਸਿਕਤਾ ਵਿਚ ਤਬਦੀਲੀ ਨਹੀਂ ਆਉਂਦੀ, ਉਦੋਂ ਤੱਕ ਸਮਾਜ ਨਿਘਾਰ ਤੋਂ ਉੱਪਰ ਨਹੀਂ ਉੱਠ ਸਕਦਾ ਅਤੇ ਇਉਂ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਔਖੀ ਹੈ। ਅਜਿਹੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਸਭ ਤੋਂ ਪਹਿਲਾ ਕਦਮ ਔਰਤਾਂ ਵੱਲ ਨਜ਼ਰੀਏ ਵਿਚ ਤਬਦੀਲੀ ਕਰਨਾ ਹੈ।

# ਵਹਿਮਾਂ 'ਚ ਭਟਕਣ ਦੀ ਥਾਂ ਗਿਆਨ ਦਾ ਦੀਵਾ ਜਗਾਈਏ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਇਸ ਹਫਤੇ ਸੰਸਾਰ ਦੇ ਲੋਕ ਇਸ ਡਰ ਨਾਲ ਸਹਿਮੇ ਰਹੇ ਕਿ ਧਰਤੀ ਇੱਕੀ ਦਸੰਬਰ ਨੂੰ ਖਤਮ ਹੋ ਜਾਵੇਗੀ। ਅਸਲੋਂ ਮੂਰਖਾਂ ਵਾਲੀ ਇਸ ਸੋਚ ਦਾ ਕਾਰਨ ਮਾਇਆ ਸੱਭਿਅਤਾ ਦਾ ਕੋਈ ਕੈਲੰਡਰ ਦੱਸਿਆ ਗਿਆ ਹੈ। ਉਹ ਕੈਲੰਡਰ ਅਸੀਂ ਪੜ੍ਹਿਆ ਨਹੀਂ, ਤੇ ਇਹੋ ਜਿਹੇ ਫਾਲਤੂ ਕੰਮਾਂ ਲਈ ਸਮਾਂ ਜ਼ਾਇਆ ਕਰਨ ਦਾ ਇਰਾਦਾ ਵੀ ਨਹੀਂ, ਪਰ ਜੇ ਇਹੋ ਜਿਹਾ ਕੁਝ ਉਸ ਕੈਲੰਡਰ ਵਿਚ ਲਿਖਿਆ ਹੈ ਤਾਂ ਇਹ ਮੂਰਖਾਂ ਦੇ ਮੰਨਣ ਜੋਗੀ ਗੱਲ ਹੈ। ਇਸ ਦੀ ਕਾਟ ਦਾ ਸਭ ਤੋਂ ਪਹਿਲਾ ਤੇ ਠੋਸ ਕਾਰਨ ਇਹ ਹੈ ਕਿ ਜਦੋਂ ਦੁਨੀਆ ਇੱਕੀ ਦਸੰਬਰ ਨੂੰ ਖਤਮ ਹੋਣ ਦੀ ਗੱਲ ਲਿਖੀ ਗਈ, ਉਦੋਂ ਲਿਖਣ ਵਾਲੇ ਨੂੰ ਇਹ ਪਤਾ ਨਹੀਂ ਹੋਣਾ ਕਿ ਦੁਨੀਆਂ ਵਿਚ ਇੱਕੀ ਦਸੰਬਰ ਕਦੇ ਇੱਕੋ ਵੇਲੇ ਆਉਂਦੀ ਹੀ ਨਹੀਂ। ਜਦੋਂ ਜਾਪਾਨ ਦੇ ਲੋਕ ਇੱਕੀ ਦਸੰਬਰ ਵਿਚ ਦਾਖਲ ਹੋ ਗਏ, ਉਦੋਂ ਹਾਲੇ ਅਮਰੀਕਾ ਵਿਚ ਵੀਹ ਦਸੰਬਰ ਸੀ ਤੇ ਉਹ ਵੀਹ ਦਸੰਬਰ ਨੂੰ ਖਤਮ ਨਹੀਂ ਸੀ ਹੋ ਸਕਦੇ ਤੇ ਜਦੋਂ ਅਮਰੀਕਨਾਂ ਦੀ ਇੱਕੀ ਆਈ, ਉਦੋਂ ਨੂੰ ਜਾਪਾਨ ਦੀ ਬਾਈ ਹੋ ਗਈ; ਉਨ੍ਹਾਂ ਨੂੰ ਕਿਆਮਤ ਇੱਕੀ ਤੋਂ ਅਗਲਾ ਦਿਨ ਨਹੀਂ ਸੀ ਬਖਸ਼ ਸਕਦੀ। ਫਿਰ ਇੱਕੀ ਨੂੰ ਦੁਨੀਆਂ ਵਿਚ ਹਰ ਥਾਂ ਇਕੱਠਾ ਕਹਿਰ ਕਿਵੇਂ ਵਾਪਰ ਸਕਦਾ ਸੀ?***


ਅਖਬਾਰਾਂ ਨੇ ਇਹ ਖਬਰ ਛਾਪੀ ਹੈ ਕਿ ਪੰਜ ਨਵੇਂ ਗ੍ਰਹਿ ਲੱਭ ਗਏ ਹਨ ਜਿਹੜੇ ਇਸ ਧਰਤੀ ਦੇ ਬਹੁਤ ਨੇੜੇ ਹਨ। ਨੇੜੇ ਦਾ ਮਤਲਬ ਹੈ ਕਿ ਬਾਕੀ ਗ੍ਰਹਿਆਂ ਤੋਂ ਨੇੜੇ ਹੋ ਸਕਦੇ ਹਨ। ਜੇ ਉਹ ਬਹੁਤੇ ਹੀ ਨੇੜੇ ਹੁੰਦੇ ਤਾਂ ਉਨ੍ਹਾਂ ਦੀ ਖੋਜ ਤੱਕ ਇੱਕੀਵੀ ਸਦੀ ਦਾ ਪਹਿਲਾ ਦਹਾਕਾ ਨਹੀਂ ਸੀ ਗੁਜ਼ਰ ਗਿਆ ਹੋਣਾ। ਨਵੇਂ ਲੱਭੇ ਗ੍ਰਹਿਆਂ ਵਿਚੋਂ ਇੱਕ ਉੱਤੇ ਜੀਵਨ ਦੀ ਸੰਭਾਵਨਾ ਵੀ ਦਿਸ ਰਹੀ ਹੈ। ਉਸ ਗ੍ਰਹਿ ਦੇ ਘੇਰੇ ਵਿਚ ਪੰਜ ਗ੍ਰਹਿ ਵੀ ਘੁੰਮਦੇ ਹਨ, ਜਿਵੇਂ ਸਾਡੀ ਧਰਤੀ ਦੁਆਲੇ ਚੰਦ ਘੁੰਮਦਾ ਹੈ। ਖੋਜੀਆਂ ਨੇ ਦੱਸਿਆ ਹੈ ਕਿ ਇਹ ਨਵਾਂ ਗ੍ਰਹਿ ਕਿਸੇ ਸ਼ਰਾਬੀ ਵਾਂਗ ਥੋੜ੍ਹਾ ਰੁਕ ਕੇ ਝਟਕਾ ਦੇ ਕੇ ਅੱਗੇ ਤੁਰਦਾ ਹੈ ਤੇ ਇਸ ਤਰ੍ਹਾਂ ਇਸ ਦੀ ਚਾਲ ਵੀ ਅਸਥਿਰ ਜਿਹੀ ਹੈ। ਗਿਆਨ ਅਜੇ ਅਧੂਰਾ ਹੈ, ਅਗਲੇ ਸਾਲਾਂ ਵਿਚ ਇਸ ਬਾਰੇ ਹੋਰ ਖੋਜ ਹੋਈ ਤਾਂ ਸ਼ਾਇਦ ਕੁਝ ਚਿਰ ਤੱਕ ਹੈਰਾਨ ਕਰਨ ਵਾਲੇ ਕੁਝ ਹੋਰ ਸਿੱਟੇ ਵੀ ਪੇਸ਼ ਕਰ ਦੇਵੇ। ਇਸ ਦੀ ਆਸ ਕੀਤੀ ਜਾ ਸਕਦੀ ਹੈ।

ਵਿਗਿਆਨ ਬਾਰੇ ਮੇਰੀ ਜਾਣਕਾਰੀ ਬਹੁਤੀ ਨਹੀਂ, ਤੇ ਦਿਲਚਸਪੀ ਵੀ ਆਮ ਖਬਰਾਂ ਵਰਗੀ ਇੱਕ ਖਬਰ ਦੇ ਪੱਧਰ ਤੋਂ ਵੱਧ ਨਹੀਂ ਹੁੰਦੀ। ਇਹੋ ਜਿਹੀ ਖਬਰ ਮੈਂ ਉਦੋਂ ਪੜ੍ਹਦਾ ਹਾਂ, ਜਦੋਂ ਪੰਜਾਬ ਦੇ ਇੱਕ ਮੰਤਰੀ ਤੇ ਵਿਰੋਧੀ ਧਿਰ ਦੇ ਇੱਕ ਵਿਧਾਇਕ ਵੱਲੋਂ ਇੱਕ ਦੂਜੇ ਨੂੰ ਗਾਲ੍ਹ ਕੱਢਣ ਦੀ ਖਬਰ ਪੜ੍ਹ ਲੈਣ ਪਿੱਛੋਂ ਕੋਈ ਹੋਰ ਕੰਮ ਨਹੀਂ ਹੁੰਦਾ। ਜੇ ਉਸੇ ਵਕਤ ਮੈਨੂੰ ਇਹ ਪਤਾ ਲੱਗ ਜਾਵੇ ਕਿ ਚਸਕਾ ਪੂਰਾ ਕਰਨ ਖਾਤਰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬਰਿ ਸਿੰਘ ਬਾਦਲ ਨੇ ਇੱਕ ਪੱਤਰਕਾਰ ਬੀਬੀ ਅੱਗੇ ਇਹ ਮੰਗ ਰੱਖ ਦਿੱਤੀ ਹੈ ਕਿ ਉਹ ਮੰਤਰੀ ਵੱਲੋਂ ਕੱਢੀ ਗਾਲ੍ਹ ਦੁਹਰਾ ਕੇ ਸੁਣਾ ਦੇਵੇ ਤਾਂ ਕਿਸੇ ਨਵੇਂ ਲੱਭੇ ਗ੍ਰਹਿ ਵਾਲੀ ਖਬਰ ਤੋਂ ਪਹਿਲਾਂ ਮੈਨੂੰ ਇਹ ਖਬਰ, ਅਹਿਮ ਖਬਰ ਹੋਣ ਕਰ ਕੇ, ਪੜ੍ਹਨੀ ਪਵੇਗੀ। ਸੋਨੀਆ ਗਾਂਧੀ ਆਪਣੇ ਮੰਤਰੀ ਹੱਥੋਂ ਬਿੱਲ ਖੋਹ ਕੇ ਦੌੜ ਦੇ ਸਮਾਜਵਾਦੀ ਪਾਰਟੀ ਦੇ ਮੈਂਬਰ ਨੂੰ ਬਾਂਹੋਂ ਫੜਨ ਦਾ ਹੋਛਾਪਣ ਕਰ ਦੇਵੇ ਤਾਂ ਉਹ ਵੀ ਨਵੇਂ ਲੱਭੇ ਗ੍ਰਹਿ ਤੋਂ ਮੇਰੇ ਲਈ ਵੱਡੀ ਖਬਰ ਹੈ। ਦੂਜੇ ਗ੍ਰਹਿ ਜਦੋਂ ਲੱਭ ਜਾਣਗੇ, ਉਥੇ ਕੋਈ ਜੀਵਨ ਦਾ ਸਬੂਤ ਲੱਭ ਗਿਆ, ਉਸ ਦਿਨ ਇਹ ਮੇਰੇ ਲਈ ਸਭ ਤੋਂ ਵੱਡੀ ਖਬਰ ਹੋਵੇਗੀ, ਤੇ ਮੈਂ ਉਹ ਦਿਨ ਛੇਤੀ ਆਉਣ ਦੀ ਕਾਮਨਾ ਵੀ ਕਰਾਂਗਾ, ਪਰ ਕਿਉਂਕਿ ਇਸ ਵਿਚ ਮੇਰਾ ਯੋਗਦਾਨ ਕੋਈ ਨਹੀਂ ਹੋ ਸਕਦਾ, ਇਸ ਲਈ ਉਸ ਦਿਨ ਦੀ ਉਡੀਕ ਵਿਚ ਬਾਕੀ ਦੇ ਕੰਮ ਛੱਡ ਕੇ ਨਹੀਂ ਬੈਠ ਸਕਦਾ। ਵਿਸ਼ਵਾਸ ਜ਼ਰੂਰ ਹੈ ਕਿ ਮਨੁੱਖ ਨੂੰ ਖੋਜ ਜਿਵੇਂ ਚੰਦ ਤੱਕ ਲੈ ਗਈ ਹੈ, ਹੌਲੀ-ਹੌਲੀ ਬਾਕੀ ਪੈਂਡੇ ਗਾਹ ਲੈਣ ਵਿਚ ਵੀ ਅਗਵਾਈ ਦਿੰਦੀ ਰਹੇਗੀ।

ਜਦੋਂ ਮੈਂ ਮਨੁੱਖ ਦੀ ਖੋਜ ਦੀ ਗੱਲ ਕਰਦਾ ਹਾਂ ਤਾਂ ਇਹ ਗੱਲ ਉਨ੍ਹਾਂ ਮਨੁੱਖਾਂ ਬਾਰੇ ਕਹਿ ਰਿਹਾ ਹਾਂ ਜਿਹੜੇ ਕੁਝ ਕਰ ਕੇ ਵਿਖਾਉਣ ਦਾ ਹੌਸਲਾ ਕਰਦੇ ਹਨ। ਹੁਣ ਮਨੁੱਖ ਕੋਲ ਸੌ ਸਾਧਨ ਹਨ। ਜਦੋਂ ਕਦੇ ਦੂਰਬੀਨ ਵੀ ਨਹੀਂ ਸੀ ਹੁੰਦੀ, ਉਦੋਂ ਕੁਝ ਮਨੁੱਖਾਂ ਨੇ ਇਹ ਖੋਜ ਕਰ ਲਈ ਸੀ ਕਿ ਚੰਦ ਤੇ ਧਰਤੀ ਦੀ ਚਾਲ ਇੰਨੀ ਹੈ ਕਿ ਐਨੇ ਸੌ ਸਾਲ ਲੰਘਾ ਕੇ ਫਲਾਣੇ ਦਿਨ ਫਲਾਣੇ ਸਮੇਂ ਚੰਦ ਨੇ ਧਰਤੀ ਤੇ ਸੂਰਜ ਦੇ ਵਿਚਾਲੇ ਆ ਜਾਣਾ ਹੈ ਤੇ ਫਲਾਣੇ ਦਿਨ ਧਰਤੀ ਨੇ ਚੰਦ ਤੇ ਸੂਰਜ ਦੇ ਵਿਚਾਲੇ ਹੋਣਾ ਹੈ। ਇਸ ਮਕਸਦ ਲਈ ਉਹ ਖੋਜੀ ਬੰਦੇ ਸਾਰੀ-ਸਾਰੀ ਰਾਤ ਉੱਚੇ ਟਿੱਲਿਆਂ ਉੱਤੇ ਬੈਠ ਕੇ ਤਾਰਿਆਂ ਵੱਲ ਕਈ-ਕਈ ਸਾਲਾਂ ਤੱਕ ਝਾਕਦੇ ਰਹੇ ਹੋਣਗੇ ਤੇ ਦੂਜੇ ਲੋਕ 'ਵਿਹਲੀਆਂ ਖਾਣ ਵਾਲੇ' ਆਖ ਕੇ ਉਨ੍ਹਾਂ ਦਾ ਮਜ਼ਾਕ ਵੀ ਸ਼ਾਇਦ ਉਡਾਉਂਦੇ ਹੋਣਗੇ। ਅੱਜ ਦੀ ਹਰ ਖੋਜ ਜਾਂ ਪ੍ਰਾਪਤੀ ਵਿਚ ਉਨ੍ਹਾਂ ਦਾ ਵੀ ਯੋਗਦਾਨ ਹੈ। ਬਿਹਾਰ ਵਿਚ ਇੱਕ ਪਿੰਡ ਦਾ ਨਾਂ 'ਤਾਰੇ-ਗਨਾ' ਹੈ। ਜਦੋਂ ਕਦੀ ਮੁਕੰਮਲ ਗ੍ਰਹਿਣ ਲੱਗਣਾ ਹੋਵੇ, ਸੰਸਾਰ ਭਰ ਦੇ ਵਿਗਿਆਨੀ ਉਸ ਪਿੰਡ ਵਿਚ ਕਈ ਹਫਤੇ ਪਹਿਲਾਂ ਆ ਕੇ ਡੇਰੇ ਲਾ ਲੈਂਦੇ ਹਨ, ਕਿਉਂਕਿ ਉਸ ਪਿੰਡ ਨੂੰ ਇਸ ਖੋਜ ਲਈ ਸਭ ਤੋਂ ਵੱਧ ਅਹਿਮ ਮੰਨਿਆ ਜਾਂਦਾ ਹੈ। ਇਸ ਲਈ ਇਹ ਮੰਨਣ ਵਿਚ ਹਰਜ ਨਹੀਂ ਕਿ ਪਿੰਡ ਦਾ ਨਾਂ 'ਤਾਰੇ-ਗਨਾ' ਅਸਲ ਵਿਚ 'ਤਾਰੇ ਗਿਣਾਂ' ਵਰਗੀ ਖੋਜ ਤੋਂ ਪਿਆ ਹੋਵੇਗਾ। ਜਿਹੜੇ ਖੋਜੀਆਂ ਨੇ ਉਸ ਪਿੰਡ ਵਿਚ ਆਣ ਕੇ ਪਹਿਲਾ ਅੱਡਾ ਜਮਾਇਆ ਸੀ, ਉਨ੍ਹਾਂ ਦਾ ਚੇਤਾ ਸਾਡੇ ਲੋਕਾਂ ਨੂੰ ਕਦੇ ਨਹੀਂ ਆਉਂਦਾ, ਹੋਰ ਖਿਆਲ ਬਹੁਤ ਆਉਂਦੇ ਹਨ।

ਜਿਹੜੀਆਂ ਹੋਰ ਗੱਲਾਂ ਦੇ ਖਿਆਲ ਆਉਂਦੇ ਹਨ, ਉਨ੍ਹਾਂ ਵਿਚ ਇੱਕ ਇਹ ਹੈ ਕਿ ਇਸ ਹਫਤੇ ਸਾਰੇ ਸੰਸਾਰ ਦੇ ਲੋਕ ਇਸ ਡਰ ਨਾਲ ਸਹਿਮੇ ਰਹੇ ਕਿ ਧਰਤੀ ਇੱਕੀ ਦਸੰਬਰ ਨੂੰ ਖਤਮ ਹੋ ਜਾਵੇਗੀ। ਅਸਲੋਂ ਮੂਰਖਾਂ ਵਾਲੀ ਇਸ ਸੋਚ ਦਾ ਕਾਰਨ ਮਾਇਆ ਸੱਭਿਅਤਾ ਦਾ ਕੋਈ ਕੈਲੰਡਰ ਦੱਸਿਆ ਗਿਆ ਹੈ। ਉਹ ਕੈਲੰਡਰ ਅਸੀਂ ਪੜ੍ਹਿਆ ਨਹੀਂ, ਤੇ ਇਹੋ ਜਿਹੇ ਫਾਲਤੂ ਕੰਮਾਂ ਲਈ ਸਮਾਂ ਜ਼ਾਇਆ ਕਰਨ ਦਾ ਇਰਾਦਾ ਵੀ ਨਹੀਂ, ਪਰ ਜੇ ਇਹੋ ਜਿਹਾ ਕੁਝ ਉਸ ਕੈਲੰਡਰ ਵਿਚ ਲਿਖਿਆ ਹੈ ਤਾਂ ਇਹ ਮੂਰਖਾਂ ਦੇ ਮੰਨਣ ਜੋਗੀ ਗੱਲ ਹੈ। ਇਸ ਦੀ ਕਾਟ ਦਾ ਸਭ ਤੋਂ ਪਹਿਲਾ ਤੇ ਠੋਸ ਕਾਰਨ ਇਹ ਹੈ ਕਿ ਜਦੋਂ ਦੁਨੀਆ ਇੱਕੀ ਦਸੰਬਰ ਨੂੰ ਖਤਮ ਹੋਣ ਦੀ ਗੱਲ ਲਿਖੀ ਗਈ, ਉਦੋਂ ਲਿਖਣ ਵਾਲੇ ਨੂੰ ਇਹ ਪਤਾ ਨਹੀਂ ਹੋਣਾ ਕਿ ਦੁਨੀਆਂ ਵਿਚ ਇੱਕੀ ਦਸੰਬਰ ਕਦੇ ਇੱਕੋ ਵੇਲੇ ਆਉਂਦੀ ਹੀ ਨਹੀਂ। ਜਦੋਂ ਜਾਪਾਨ ਦੇ ਲੋਕ ਇੱਕੀ ਦਸੰਬਰ ਵਿਚ ਦਾਖਲ ਹੋ ਗਏ, ਉਦੋਂ ਹਾਲੇ ਅਮਰੀਕਾ ਵਿਚ ਵੀਹ ਦਸੰਬਰ ਸੀ ਤੇ ਉਹ ਵੀਹ ਦਸੰਬਰ ਨੂੰ ਖਤਮ ਨਹੀਂ ਸੀ ਹੋ ਸਕਦੇ ਤੇ ਜਦੋਂ ਅਮਰੀਕਨਾਂ ਦੀ ਇੱਕੀ ਆਈ, ਉਦੋਂ ਨੂੰ ਜਾਪਾਨ ਦੀ ਬਾਈ ਹੋ ਗਈ; ਉਨ੍ਹਾਂ ਨੂੰ ਕਿਆਮਤ ਇੱਕੀ ਤੋਂ ਅਗਲਾ ਦਿਨ ਨਹੀਂ ਸੀ ਬਖਸ਼ ਸਕਦੀ। ਫਿਰ ਇੱਕੀ ਨੂੰ ਦੁਨੀਆਂ ਵਿਚ ਹਰ ਥਾਂ ਇਕੱਠਾ ਕਹਿਰ ਕਿਵੇਂ ਵਾਪਰ ਸਕਦਾ ਸੀ?

ਧਰਤੀ ਦੀ ਹੋਂਦ ਬਾਰੇ ਹੀ ਨਹੀਂ, ਇਸ ਤੋਂ ਵੱਖਰੇ ਵੀ ਕਈ ਵਹਿਮ ਸਾਡੀ ਦੁਨੀਆਂ ਵਿਚ ਫੈਲੇ ਹੋਏ ਹਨ। ਅੱਜ ਜਦੋਂ ਇਹ ਗੱਲ ਸਾਫ ਹੋ ਚੁੱਕੀ ਹੈ ਕਿ ਧਰਤੀ ਅਤੇ ਸੂਰਜ ਦੇ ਵਿਚਾਲੇ ਚੰਦ ਆ ਜਾਵੇ ਤਾਂ ਸੂਰਜ-ਗ੍ਰਹਿਣ ਲੱਗ ਜਾਂਦਾ ਹੈ, ਉਦੋਂ ਵੀ ਬਥੇਰੇ ਕੁਚੱਜੇ ਲੋਕ ਇਹ ਮੰਨਣ ਨੂੰ ਆਖਦੇ ਹਨ ਕਿ ਸੂਰਜ ਨੂੰ ਕੋਈ ਰਾਖਸ਼ ਆਪਣੇ ਮੂੰਹ ਵਿਚ ਪਾ ਲੈਂਦਾ ਹੈ। ਕਈ ਪੜ੍ਹੇ-ਲਿਖੇ ਲੋਕ ਵੀ ਇਹ ਮੂਰਖ-ਮੱਤ ਮੰਨ ਕੇ ਉਸ ਦਿਨ ਨੂੰ ਪੁੰਨ-ਦਾਨ ਕਰਦੇ ਹਨ। ਤਰਕਸ਼ੀਲ ਸੁਸਾਈਟੀ ਵਾਲਾ ਜਗਸੀਰ ਜੀਦਾ ਗਾਉਂਦਾ ਹੈ: 'ਛੁੱਟੀ ਕਰ ਗਈ ਸਾਇੰਸ ਵਾਲੀ ਭੈਣ ਜੀ, ਕਰਵੇ ਦੇ ਵਰਤਾਂ ਲਈ।' ਸਾਇੰਸ ਵਾਲੀ ਜਿਸ ਟੀਚਰ ਬੀਬੀ ਨੂੰ ਪਤਾ ਹੈ ਕਿ ਕਰਵੇ ਦੇ ਵਰਤ ਨਾਲ ਪਤੀ ਦੀ ਉਮਰ ਦਾ ਕੋਈ ਸੰਬੰਧ ਨਹੀਂ, ਜੇ ਉਹ ਵੀ ਇਹ ਵਰਤ ਰੱਖਦੀ ਹੈ ਤਾਂ ਇਸ ਲਈ ਕਿ ਜਨਮ ਵੇਲੇ ਤੋਂ ਮਿਲੇ ਹੋਏ ਅੰਧ-ਵਿਸ਼ਵਾਸ ਦੇ ਪਰਾਗੇ ਨਾਲ ਝੋਲੀ ਇੰਨੀ ਭਰੀ ਹੋਈ ਹੁੰਦੀ ਹੈ ਕਿ ਅਕਲ ਦੀ ਗੱਲ ਉਸ ਵਿਚ ਪੈਣ ਦੀ ਬਜਾਏ ਉਤੋਂ ਦੀ ਉੱਛਲ ਕੇ ਪਾਸੇ ਜਾ ਡਿੱਗਦੀ ਹੈ। ਇਹ ਉਸ ਭਾਰਤ ਦੇਸ਼ ਵਿਚ ਹੋ ਜਾਣਾ ਸਾਧਾਰਨ ਗੱਲ ਹੈ ਜਿੱਥੇ ਇਸ ਗੱਲ ਦਾ ਠੀਕ ਮਾਣ ਕੀਤਾ ਜਾਂਦਾ ਹੈ ਕਿ ਸਾਡਾ ਉਪ-ਗ੍ਰਹਿ ਪੁਲਾੜ ਵਿਚ ਜਾ ਕੇ ਨਵੀਆਂ ਖੋਜਾਂ ਕਰੇਗਾ, ਪਰ ਛੱਡਣ ਤੋਂ ਪਹਿਲਾਂ ਉਸ ਦੇ ਸਫਲ ਹੋਣ ਦੀ ਗਾਰੰਟੀ ਲਈ ਨਾਰੀਅਲ ਤੋੜ ਕੇ ਸਲੋਕਾਂ ਦਾ ਉਚਾਰਨ ਕੀਤਾ ਜਾਂਦਾ ਹੈ। ਜਦੋਂ ਉਹ ਉੱਪ-ਗ੍ਰਹਿ ਪੰਧ ਉੱਤੇ ਪੈ ਜਾਂਦਾ ਹੈ ਤਾਂ ਸਾਇੰਸਦਾਨ ਇਸ ਗੱਲ ਲਈ ਸਰਬ ਸ਼ਕਤੀਮਾਨ ਈਸ਼ਵਰ ਦਾ ਧੰਨਵਾਦ ਕਰਦੇ ਹਨ।



*ਪਿਛਲੇ ਸਾਲ ਨਵੇਂ ਲੱਭੇ 50 ਗ੍ਰਹਿਆਂ 'ਚੋਂ ਇਕ ਜਿਹੜਾ ਐਨ ਸਾਡੀ ਧਰਤੀ ਵਰਗਾ ਹੈ*

ਦੋ ਜਣਿਆਂ ਦਾ ਝਗੜਾ ਹੋ ਜਾਵੇ ਤਾਂ ਪੁਲਿਸ ਜਿਹੜਾ ਕੇਸ ਬਣਾਉਂਦੀ ਹੈ, ਉਸ ਦੀ ਧਾਰਾ 107/151 ਹੁੰਦੀ ਹੈ ਤੇ ਆਮ ਬੋਲੀ ਵਿਚ ਇਸ ਨੂੰ 'ਸੱਤ-ਕਵੰਜਾ' ਕਿਹਾ ਜਾਂਦਾ ਹੈ। ਮੇਰੀ ਈਸ਼ਵਰ ਜਾਂ ਰੱਬ ਨਾਲ ਕਦੇ ਵੀ 'ਸੱਤ-ਕਵੰਜਾ' ਨਹੀਂ ਹੋਈ, ਪਰ ਇਹ ਮੰਨ ਲੈਣ ਅਤੇ ਕਹਿਣ ਵਿਚ ਕੋਈ ਹਰਜ ਮੈਂ ਨਹੀਂ ਸਮਝਦਾ ਕਿ ਈਸ਼ਵਰ ਦਾ ਅਧਿਕਾਰ ਖੇਤਰ ਉਥੋਂ ਤੱਕ ਹੈ, ਜਿੱਥੋਂ ਤੱਕ ਮਨੁੱਖ ਦੀ ਅਕਲ ਦੀ ਪਹੁੰਚ ਨਹੀਂ ਹੋਈ। ਤੁਸੀਂ ਕਿਸੇ ਪੜ੍ਹੇ-ਲਿਖੇ ਬੰਦੇ ਤੋਂ ਇਹ ਪੁੱਛ ਲਵੋ ਕਿ ਧਰਤੀ ਤੋਂ ਪਰ੍ਹੇ ਕੀ ਹੈ, ਤਾਂ ਉਹ ਚੰਦ, ਸੂਰਜ, ਮੰਗਲ, ਸ਼ੁੱਕਰ ਤੇ ਕੁਝ ਹੋਰ ਤਾਰਿਆਂ ਦੇ ਨਾਂ ਦੱਸਣ ਵੇਲੇ ਮਾਣ ਮਹਿਸੂਸ ਕਰੇਗਾ, ਪਰ ਜੇ ਉਸ ਤੋਂ ਅੱਗੇ ਬਾਰੇ ਪੁੱਛੋ ਤਾਂ ਕਹੇਗਾ, 'ਅੱਗੇ ਬਾਰੇ ਰੱਬ ਜਾਣਦਾ ਹੈ।' ਇਹ 'ਰੱਬ ਜਾਣਦਾ' ਵਾਲੀ ਗੱਲ ਉਸ ਨੇ ਪਹਿਲੇ ਸਵਾਲ ਉੱਤੇ ਨਹੀਂ ਸੀ ਆਖੀ ਅਤੇ ਚੰਦ, ਸੂਰਜ, ਮੰਗਲ ਜਾਂ ਸ਼ੁੱਕਰ ਦੇ ਨਾਂ ਇਸ ਲਈ ਗਿਣਾਉਂਦਾ ਰਿਹਾ ਸੀ ਕਿ ਉਸ ਨੂੰ ਇਸ ਬਾਰੇ ਪਤਾ ਲੱਗ ਚੁੱਕਾ ਸੀ। ਜੇ ਕੁਝ ਹੋਰ ਗ੍ਰਹਿਆਂ ਬਾਰੇ ਪਤਾ ਹੁੰਦਾ ਤਾਂ ਉਨ੍ਹਾਂ ਦੇ ਨਾਂ ਵੀ ਗਿਣਾ ਦੇਣ ਤੋਂ ਬਾਅਦ 'ਰੱਬ ਜਾਣਦਾ' ਕਹਿਣ ਦੀ ਲੋੜ ਪੈਣੀ ਸੀ। ਜਦੋਂ ਅਸੀਂ ਇਹ ਆਸ ਕਰਦੇ ਹਾਂ ਕਿ ਸਾਡੇ ਸਾਇੰਸਦਾਨ ਅਗਲੇ ਸਾਲਾਂ ਵਿਚ ਕੁਝ ਹੋਰ ਗ੍ਰਹਿਆਂ ਦਾ ਗਿਆਨ ਵੀ ਸਾਡੇ ਤੱਕ ਪਹੁੰਚਾ ਦੇਣਗੇ ਤਾਂ ਇਹ ਮੰਨਣਾ ਪਵੇਗਾ ਕਿ ਉਸ ਗਿਆਨ ਦੀ ਆਮਦ ਨਾਲ ਸਾਡੀ ਸੋਚ ਦਾ ਦਾਇਰਾ ਹੀ ਨਹੀਂ ਵਧਣਾ, ਰੱਬ ਦਾ ਅਧਿਕਾਰ-ਖੇਤਰ ਵੀ ਸੁੰਗੜਦਾ ਜਾਣਾ ਹੈ। ਮਨੁੱਖ ਦੀ ਕਾਮਯਾਬੀ ਵੀ ਇਸੇ ਵਿਚ ਲੁਕੀ ਹੋਈ ਹੈ।

ਬੀਤਿਆ ਹਫਤਾ ਕਈ ਉਨ੍ਹਾਂ ਲੋਕਾਂ ਨੇ ਵੀ ਰੱਬ-ਰੱਬ ਕਰ ਕੇ ਗੁਜ਼ਾਰਿਆ ਹੋਵੇਗਾ ਜਿਹੜੇ ਉਂਜ ਰੱਬ ਦੀ ਪੂਜਾ ਦਾ ਮੁਖਤਾਰਨਾਮਾ ਧਾਰਮਿਕ ਖੇਤਰ ਦੇ ਲੋਕਾਂ ਨੂੰ ਸੌਂਪ ਕੇ ਆਪ ਦੁਨਿਆਵੀ ਧੰਦਿਆਂ ਵਿਚ ਰੁੱਝੇ ਹੁੰਦੇ ਹਨ। ਹਫਤੇ ਦੇ ਅੰਤ ਉੱਤੇ ਜਦੋਂ ਧਰਤੀ ਦਾ ਅੰਤ ਨਹੀਂ ਹੋਇਆ ਤਾਂ ਇੱਕ ਦੂਜੇ ਨੂੰ ਉਹੋ ਗੱਲ ਕਹਿੰਦੇ ਹੋਣਗੇ ਜਿਸ ਬਾਰੇ ਸੰਸਾਰ ਭਰ ਦੇ ਵਿਗਿਆਨੀ ਕਹਿ ਰਹੇ ਸਨ ਕਿ ਇਹ ਸਿਰਫ ਭਰਮ ਹੈ, ਦੁਨੀਆ ਨੇ ਗਰਕਣਾ ਨਹੀਂ। ਲੋਕਾਂ ਦੀ ਮਾਨਸਿਕਤਾ ਇਹੋ ਜਿਹੀ ਹੋ ਗਈ ਹੈ ਕਿ ਉਹ ਹਰ ਵੇਲੇ ਕਿਸੇ ਵੀ ਭਰਮ ਨੂੰ ਆਪਣੇ ਮੱਥੇ ਦਾ ਤਿਲਕ ਬਣਾ ਲੈਣ ਲਈ ਤਿਆਰ ਹੋ ਜਾਂਦੇ ਹਨ। ਸੱਚ ਸਾਹਮਣੇ ਆਏ ਤੋਂ ਉਹ ਮੱਥੇ ਉੱਤੇ ਹੱਥ ਮਾਰ ਛੱਡਦੇ ਹਨ।

ਕੋਈ ਪੈਂਤੀ ਕੁ ਸਾਲ ਪਹਿਲਾਂ ਸਾਡੇ ਭਾਰਤ ਵਿਚ ਇੱਕ ਵਾਰੀ ਇਹ ਰੌਲਾ ਪੈ ਗਿਆ ਕਿ ਸਟੋਵ ਵਿਚ ਦੇਵਤਾ ਆ ਗਿਆ ਹੈ। ਹਰ ਪਾਸੇ ਸਟੋਵ ਦੇਵਤਾ ਦੀ ਪੂਜਾ ਹੋਣ ਲੱਗ ਪਈ। ਉਦੋਂ ਪਿੰਡਾਂ ਵਿਚ ਸਟੋਵ ਕਿਸੇ ਵਿਰਲੇ ਘਰ ਹੁੰਦਾ ਸੀ ਤੇ ਸਾਡੇ ਪਿੰਡ ਸਾਡੇ ਗਵਾਂਢ ਵਿਚ ਕੁਝ ਔਰਤਾਂ ਨੇ ਕਿਸੇ ਤੋਂ ਸਟੋਵ ਮੰਗ ਕੇ ਲਿਆਂਦਾ ਸੀ। ਕਈ ਚਿਰਾਂ ਤੋਂ ਜਿਸ ਸਟੋਵ ਉੱਤੇ ਕਿਸੇ ਨੇ ਟਾਕੀ ਨਹੀਂ ਸੀ ਫੇਰੀ, ਉਸ ਨੂੰ ਨਹਿਰ ਤੋਂ ਲਿਆਂਦੀ ਸੁੱਚੀ ਰੇਤ ਨਾਲ ਸਾਫ ਕਰ ਕੇ ਧੂਫ ਦੇਣ ਦੇ ਬਾਅਦ ਚਾਰ ਕੁਆਰੀਆਂ ਕੁੜੀਆਂ ਦੇ ਹੱਥ ਚਾਰ ਕੋਨਿਆਂ ਉੱਤੇ ਰੱਖਵਾ ਕੇ ਉਸ ਨੂੰ ਕੁਝ ਸਵਾਲ ਪੁੱਛੇ ਗਏ ਸਨ। ਉਦੋਂ ਇਹ ਕਿਹਾ ਜਾਂਦਾ ਸੀ ਕਿ ਜੇ ਸਟੋਵ ਦੇਵਤਾ ਨੇ ਸਵਾਲ ਦਾ ਜਵਾਬ 'ਹਾਂ' ਵਿਚ ਦੇਣਾ ਹੋਵੇ ਤਾਂ ਉਸ ਦੀ ਲੱਤ ਇੱਕ ਵਾਰੀ ਹਿੱਲੇਗੀ ਤੇ ਜੇ ਦੋ ਵਾਰੀ ਹਿੱਲ ਜਾਵੇ ਤਾਂ ਜਵਾਬ 'ਨਾਂਹ' ਵਿਚ ਹੈ। ਜਦੋਂ ਕੁੜੀਆਂ ਨੂੰ ਥਕੇਵਾਂ ਮਹਿਸੂਸ ਹੋਣ ਲੱਗਾ, ਉਦੋਂ ਇੱਕ ਅਮਲੀ ਨੇ ਸਵਾਲ ਪੁੱਛਣ ਦੀ ਇੱਛਾ ਰੱਖ ਦਿੱਤੀ ਅਤੇ ਸਵਾਲ ਇਹ ਪੁੱਛ ਲਿਆ: 'ਸਟੋਵ, ਤੂੰ ਦੇਵਤਾ ਵੀ ਹੈਂ ਕਿ ਨਹੀਂ?' ਕੁੜੀਆਂ ਕੁਝ ਥੱਕੀਆਂ ਪਈਆਂ ਸਨ, ਕੁਝ ਘਬਰਾ ਗਈਆਂ ਤੇ ਉਨ੍ਹਾਂ ਦੇ ਹੱਥ ਹਿੱਲਣ ਨਾਲ ਸਟੋਵ ਦੋ ਵਾਰੀ ਹਿੱਲ ਗਿਆ ਜਿਸ ਦਾ ਮਤਲਬ ਇਹ ਸੀ ਕਿ ਸਟੋਵ ਆਪ ਹੀ ਆਖ ਰਿਹਾ ਹੈ ਕਿ 'ਮੈਂ ਦੇਵਤਾ ਨਹੀਂ ਹਾਂ।'

ਹਾਲੇ ਥੋੜ੍ਹਾ ਚਿਰ ਪਹਿਲਾਂ ਭਾਰਤ ਵਿਚ ਉਸ ਗਣੇਸ਼ ਦੀਆਂ ਮੂਰਤੀਆਂ ਨੇ ਦੁੱਧ ਪੀਣਾ ਸ਼ੁਰੂ ਕਰ ਦਿੱਤਾ ਸੀ ਜਿਹੜਾ ਭਾਰਤੀ ਸੱਭਿਅਤਾ ਦੇ ਮੁੱਢਲੇ ਦਿਨਾਂ ਤੋਂ ਲੱਡੂਆਂ ਦਾ ਪ੍ਰਸ਼ਾਦਿ ਛਕਦਾ ਆਇਆ ਸੀ। ਲੋਕਾਂ ਨੇ ਲੱਖਾਂ ਮਣ ਦੁੱਧ ਕਿਸੇ ਨੂੰ ਪੀਣ ਲਈ ਦੇਣ ਦੀ ਥਾਂ ਮੂਰਤੀਆਂ ਦੇ ਉੱਤੋਂ ਵਗਾ ਕੇ ਨਾਲੀਆਂ ਦੇ ਰਾਹ ਸੀਵਰੇਜ ਵਿਚ ਪਾ ਛੱਡਿਆ ਸੀ। ਜੇ ਸਾਡੇ ਭਾਰਤ ਵਿਚ ਇਸ ਤਰ੍ਹਾਂ ਦੀਆਂ ਬੇਥਵੀਆਂ ਮੰਨੀਆਂ ਜਾ ਸਕਦੀਆਂ ਹਨ ਤਾਂ ਬਾਕੀ ਦੁਨੀਆਂ ਵੀ ਅਕਲ ਦੇ ਅੰਨ੍ਹਿਆਂ ਤੋਂ ਬਚੀ ਹੋਈ ਨਹੀਂ। ਚੀਨ ਨੂੰ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੱਲਦਾ ਹੋਣ ਕਾਰਨ ਅੱਜ ਦੇ ਯੁੱਗ ਵਿਚ ਵਿਗਿਆਨ ਦੇ ਪੱਖੋਂ ਕਈ ਦੇਸ਼ਾਂ ਤੋਂ ਅੱਗੇ ਮੰਨਿਆ ਜਾਂਦਾ ਹੈ। ਉਥੇ ਸਰਕਾਰ ਖੁਦ ਲੋਕਾਂ ਦੀ ਵਿਗਿਆਨਕ ਸੋਚ ਵਿਕਸਤ ਕਰਨ ਦੀ ਵਾਹ ਲਾਉਂਦੀ ਹੈ। ਇਸ ਵਾਰੀ ਦੁਨੀਆਂ ਦੇ ਤਬਾਹ ਹੋਣ ਦਾ ਡਰ ਉਥੇ ਵੀ ਇੰਨਾ ਜ਼ਿਆਦਾ ਮਹਿਸੂਸ ਕੀਤਾ ਗਿਆ ਕਿ ਸਰਕਾਰ ਨੂੰ ਪੰਜ ਸੌ ਤੋਂ ਵੱਧ ਲੋਕ, ਅਫਵਾਹਾਂ ਫੈਲਾਉਣ ਦੇ ਦੋਸ਼ਾਂ ਵਿਚ ਗ੍ਰਿਫਤਾਰ ਕਰਨੇ ਪਏ। ਦੁਨੀਆ ਅਜੇ ਵੀ ਕਾਇਮ ਦੀ ਕਾਇਮ ਹੈ ਤੇ ਇਹ ਉਦੋਂ ਤੱਕ ਕਾਇਮ ਹੀ ਰਹਿਣੀ ਹੈ, ਜਦੋਂ ਤੱਕ ਕੋਈ ਦੂਜਾ ਗ੍ਰਹਿ ਆਪਣੇ ਰਾਹ ਤੋਂ ਭਟਕ ਕੇ ਇਸ ਨੂੰ ਢੁੱਡ ਮਾਰਨ ਦੀ ਨੀਤ ਨਹੀਂ ਧਾਰ ਲੈਂਦਾ। ਸਾਰੀ ਦੁਨੀਆਂ ਦੇ ਸਾਇੰਸਦਾਨ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ ਕਿ ਕਈ ਅਰਬ ਸਾਲਾਂ ਤੱਕ ਹਾਲੇ ਇਹੋ ਜਿਹੀ ਡਰਨ ਵਾਲੀ ਗੱਲ ਵਾਪਰਨ ਦਾ ਕੋਈ ਅੰਦੇਸ਼ਾ ਨਹੀਂ ਤਾਂ ਫਿਰ ਡਰ ਕਾਹਦਾ? 'ਜੀਵੇ ਆਸਾ ਤੇ ਮਰੇ ਨਿਰਾਸਾ' ਦਾ ਮੁਹਾਵਰਾ ਸੁਣਨ ਦੇ ਬਾਵਜੂਦ ਜਿਨ੍ਹਾਂ ਨੇ ਜਿਉਂਦੇ ਜੀਅ ਵਹਿਮ ਨਾਲ ਮਰੇ ਰਹਿਣਾ ਹੈ, ਉਨ੍ਹਾਂ ਨੂੰ ਡਰ ਲੱਗਦਾ ਹੈ ਤਾਂ ਲੱਗੀ ਜਾਣ ਦਿਓ, ਆਪਾਂ ਹੱਥਲਾ ਸਮਾਂ ਗਿਆਨ ਦਾ ਕੋਈ ਅਗਲਾ ਦੀਵਾ ਜਗਾਉਣ ਵੱਲ ਲਾਈਏ ਤਾਂ ਵੱਧ ਠੀਕ ਰਹੇਗਾ।

# ਭਾਈ ਬਲਬੀਰ ਸਿੰਘ ਰਾਗੀ ਨੂੰ ਸੰਗੀਤ ਅਕਾਦਮੀ ਪੁਰਸਕਾਰ

**ਚੰਡੀਗੜ੍ਹ:** ਗੁਰਬਾਣੀ ਲਈ ਭਾਈ ਬਲਬੀਰ ਸਿੰਘ ਰਾਗੀ ਸਮੇਤ ਸੰਗੀਤ, ਨਾਚ, ਥੀਏਟਰ ਤੇ ਕਠਪੁਤਲੀ ਖੇਤਰ ਦੀਆਂ 36 ਸ਼ਖਸੀਅਤਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ 2012 ਲਈ ਚੁਣਿਆ ਗਿਆ ਹੈ। ਹਜ਼ੂਰੀ ਰਾਗੀ ਭਾਈ ਬਲਬੀਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਚ ਪੈਂਦੇ ਪਿੰਡ ਭਿੱਖੀਵਿੰਡ ਦੇ ਕੋਲ ਆਪਣੇ ਨਾਨਕੇ ਪਿੰਡ ਮ੍ਰਿਗਿੰਦਪੁਰਾ ਵਿਚ ਮਾਤਾ ਪ੍ਰਸਿੰਨ ਕੌਰ ਦੀ ਕੁੱਖੋਂ 23 ਮਾਰਚ, 1933 ਨੂੰ ਪੈਦਾ ਹੋਏ। ਭਾਈ ਬਲਬੀਰ ਸਿੰਘ ਚਾਰ ਭਰਾਵਾਂ ਵਿਚ ਸਭ ਤੋਂ ਵੱਡੇ ਹਨ। ਉਨ੍ਹਾਂ ਦੇ ਪਿਤਾ ਭਾਈ ਸੰਤਾ ਸਿੰਘ ਗੁਰੂ ਘਰ ਦੇ ਪਸਿੱਧ ਕੀਰਤਨੀਏ ਤੇ ਗੁਰਮਿਤ ਵਿਦਿਆਲਾ ਤਰਨ-ਤਾਰਨ ਦੇ ਨਾਮਵਰ ਉਸਤਾਦ ਸਨ।

ਉਨ੍ਹਾਂ ਨੇ ਸੱਤ ਸਾਲ ਦੀ ਉਮਰ ਵਿਚ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਵਿਖੇ ਦੋ ਸ਼ਬਦ ਪੜ੍ਹੇ ਤੇ ਸਦਾ ਲਈ ਰਾਗੀ ਬਣ ਗਏ। ਉਨ੍ਹਾਂ ਦੇ ਪਹਿਲੇ ਉਸਤਾਦ ਉਨ੍ਹਾਂ ਦੇ ਪਿਤਾ ਸਨ, ਦੂਸਰੇ ਉਸਤਾਦ ਪੰਡਤ ਨੱਥੂਰਾਮ ਤਰਨ-ਤਾਰਨ ਵਾਲੇ ਜਿਨ੍ਹਾਂ ਨੇ ਧਰੁਪਦ ਗਾਇਨ ਸਿਖਾਇਆ। ਉਸ ਤੋਂ ਬਾਅਦ ਉਨ੍ਹਾਂ ਨੂੰ ਤਾਇਆ ਭਾਈ ਸੋਹਣ ਸਿੰਘ ਰਾਗੀ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਨੇ ਕੀਰਤਨ ਦੇ ਤੌਰ ਤਰੀਕੇ ਸਮਝਾਏ ਜਿਸ ਸਦਕਾ ਉਨ੍ਹਾਂ ਨੇ 1955 ਤੋਂ ਲੈ ਕੇ 1991 ਤੱਕ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦੀ ਸੇਵਾ ਨਿਭਾਈ। ਉਨ੍ਹਾਂ ਨੂੰ ਗੁਰੂ ਜੀ ਦੀ ਬਾਣੀ ਦੇ 3000 ਸ਼ਬਦਾਂ ਨੂੰ 200 ਰਾਗਾਂ ਵਿਚ ਗਾਇਨ ਕਰਨ ਦੀ ਸਮਰੱਥਾ ਪ੍ਰਾਪਤ ਹੈ। ਉਨ੍ਹਾਂ ਨੂੰ ਹੁਣ ਤੱਕ ਕਰੀਬ 20 ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਉਹ 36 ਸਾਲ ਗੁਰੂ ਘਰ ਦੀ ਸੇਵਾ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ 1991 ਵਿਚ ਸੇਵਾ ਮੁਕਤ ਹੋਏ।

ਸਭਿਆਚਾਰ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੀ ਚੋਣ ਸੰਗੀਤ, ਨਾਚ ਤੇ ਡਰਾਮਾ ਦੀ ਕੌਮੀ ਅਕਾਦਮੀ, ਸੰਗੀਤ ਨਾਟਕ ਅਕਾਦਮੀ ਦੀ ਜਨਰਲ ਕੌਂਸਲ ਦੀ 21 ਦਸੰਬਰ ਨੂੰ ਹੋਈ ਮੀਟਿੰਗ ਵਿਚ ਕੀਤੀ ਗਈ। ਕੌਂਸਲ ਨੇ ਕਲਾ ਦੇ ਖੇਤਰ ਵਿਚ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਤਿੰਨ ਉੱਘੀਆਂ ਸ਼ਖਸੀਅਤਾਂ ਐਨ ਰਾਜਮ, ਟੀ. ਐਚ ਵਿਨੇਕਰਮ ਤੇ ਰਤਨ ਤਿਆਮ ਦੀ ਸੰਗੀਤ ਨਾਟਕ ਅਕਾਦਮੀ ਦੇ ਫੈਲੋ ਵਜੋਂ ਚੋਣ ਕੀਤੀ ਗਈ ਹੈ। ਅਕਾਦਮੀ ਦੀ ਫੈਲੋਸ਼ਿਪ ਬਹੁਤ ਹੀ ਵਕਾਰੀ ਤੇ ਵਿਲੱਖਣ ਸਨਮਾਨ ਹੈ ਜਿਹੜਾ ਸਿਰਫ ਗਿਣਤੀ ਦੀਆਂ ਸ਼ਖਸੀਅਤਾਂ ਨੂੰ ਦਿੱਤਾ ਗਿਆ ਹੈ। ਮੌਜੂਦਾ ਸਮੇਂ ਸੰਗੀਤ ਨਾਟਕ ਅਕਾਦਮੀ ਦੇ 40 ਫੈਲੋਜ਼ ਹਨ।

ਸੰਗੀਤ ਖੇਤਰ ਵਿਚ ਸੰਗੀਤ ਦੀਆਂ ਦੂਸਰੀਆਂ ਵੱਡੀਆਂ ਪ੍ਰੰਪਰਾਵਾਂ ਲਈ ਭਾਈ ਬਲਬੀਰ ਸਿੰਘ ਰਾਗੀ (ਗੁਰਬਾਣੀ) ਸਮੇਤ ਨੌਂ ਸ਼ਖਸੀਅਤਾਂ ਦੀ ਅਕਾਦਮੀ ਪੁਰਸਕਾਰ 2012 ਲਈ ਚੋਣ ਕੀਤੀ ਗਈ ਹੈ।

# ਲਕੀਰ ਦੇ ਫਕੀਰ ਦਾ ਸਟੋਰ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਜੰਗਲ ਦਾ ਬਾਦਸ਼ਾਹ ਮੰਨਿਆ ਜਾਂਦਾ ਸ਼ੇਰ ਸਾਰਾ ਦਿਨ ਹੀ ਮਾਰ-ਧਾੜ ਨਹੀਂ ਕਰਦਾ ਰਹਿੰਦਾ। ਉਸ ਦੇ ਮਨ-ਚਿੱਤ ਵਿਚ ਵੀ ਕੁਦਰਤ ਨੇ ਕੋਈ ਵਿਧੀ-ਵਿਧਾਨ ਵਸਾਇਆ ਹੋਇਆ ਹੈ। ਸ਼ਿਕਾਰੀਆਂ ਬਾਰੇ ਲਿਖੀ ਹੋਈ ਇਕ ਕਿਤਾਬ ਵਿਚ ਦਿੱਤੀ ਗਈ ਜਾਣਕਾਰੀ ਮੁਤਾਬਕ ਸ਼ੇਰ ਅਕਸਰ ਦਿਨ ਦਾ ਸਮਾਂ ਆਪਣੀ ਗੁਫ਼ਾ ਵਿਚ ਸੌਂ ਕੇ ਬਤੀਤ ਕਰਦਾ ਹੈ। ਸ਼ਾਮ ਪੈਂਦਿਆਂ ਉਹ ਗੁਫ਼ਾ 'ਚੋਂ ਬਾਹਰ ਆ ਕੇ ਸੁਸਤੀ ਦੇ ਮੈੜ ਭੰਨਦਿਆਂ ਭਬਕਾਰ ਮਾਰਦਾ ਹੈ। ਅਸਲ ਵਿਚ ਇਹ ਉਹਦੇ ਵੱਲੋਂ ਵਜਾਇਆ 'ਖ਼ਤਰੇ ਦਾ ਸਾਇਰਨ' ਹੀ ਹੁੰਦਾ ਹੈ। ਭਬਕਾਰਦਾ ਹੋਇਆ ਉਹ ਜੰਗਲੀ ਜਾਨਵਰਾਂ ਨੂੰ 'ਵਾਰਨਿੰਗ' ਹੀ ਦੇ ਰਿਹਾ ਹੁੰਦਾ ਹੈ ਕਿ ਫਿਰ ਨਾ ਕਿਹੋ ਦੱਸਿਆ ਨਹੀਂ, ਮੈਂ ਹੁਣ ਆਉਣ ਲੱਗਾ ਜੇ; ਹੋਸ਼ਿਆਰ ਖ਼ਬਰਦਾਰ!! ਇਸ ਤੋਂ ਬਾਅਦ ਫਿਰ ਵੀ ਜਿਹੜਾ ਕੋਈ ਜਨਵਰ ਦੁੜੰਗੇ ਮਾਰਦਾ ਫਿਰਦਾ ਹੋਵੇ, ਉਹ ਸਮਝੋ ਮੌਤ ਨੂੰ ਮਾਸੀ ਹੀ ਕਹਿ ਰਿਹਾ ਹੁੰਦਾ ਹੈ। ਉਸ ਨੂੰ ਢਿੱਡ 'ਚ ਪਾਉਣ ਲਈ ਸ਼ੇਰ ਦਾ ਪੂਰਾ ਹੱਕ ਬਣ ਜਾਂਦਾ ਹੈ।

ਕਹਿੰਦੇ ਨੇ, ਪੂਰੇ ਜੰਗਲ-ਬੇਲੇ ਵਿਚ ਨਗਾਰੇ ਵਾਂਗ ਗੂੰਜਦੀ ਸ਼ੇਰ ਦੀ ਭੁੱਬ ਸੁਣ ਕੇ ਲਗਭਗ ਸਾਰੇ ਜਨੌਰ ਆਪੋ-ਆਪਣੇ ਘੁਰਨਿਆਂ ਵਿਚ ਜਾ ਵੜਦੇ ਹਨ। ਕਿਸਮਤ ਮਾਰੇ ਇਕਾ-ਦੁੱਕਾ ਹੀ ਬਾਹਰ ਰਹਿ ਜਾਂਦੇ ਹੋਣਗੇ। ਇਸ ਜੰਗਲੀ ਜ਼ਾਬਤੇ ਦੇ ਉਲਟ 'ਮਨੁੱਖੀ ਜੰਗਲ' ਭਾਵ ਸਾਡੇ ਸਮਾਜ ਦਾ ਅਜੀਬ ਵਰਤਾਰਾ ਹੈ। ਇਥੇ ਸ਼ਿਕਾਰ ਕਰਨ ਵਾਲੇ ਸ਼ਾਮਾਂ ਨੂੰ ਨਹੀਂ ਉਡੀਕਦੇ। ਜਦ ਦਾਅ ਲੱਗਿਆ, ਉਦੋਂ ਹੀ ਝਪਟ ਪੈਂਦੇ ਹਨ। ਸ਼ਿਕਾਰ ਬਣਨ ਵਾਲਿਆਂ ਦੇ ਕੰਨਾਂ ਵਿਚ ਭਾਵੇਂ ਕਿਸੇ ਆਦਮਖੋਰ ਦੀ ਆਮਦ ਦਾ ਨਗਾਰਾ ਵੱਜਦਾ ਪਿਆ ਹੋਵੇ, ਪਰ ਉਸ ਦੀ ਖੁਰਾਕ ਬਣਨ ਵਾਲੇ ਚਾਈਂ ਚਾਈਂ ਉਹਦੇ ਵੱਲ ਭੱਜੇ ਜਾਂਦੇ ਹਨ। ਉਨ੍ਹਾਂ ਨੂੰ ਚਮੜੀ ਲੁਹਾਉਣ ਦਾ ਚਾਅ ਚੜ੍ਹ ਜਾਂਦਾ ਹੈ। ਮਿਸਾਲ ਵਜੋਂ ਕਈ ਦ੍ਰਿਸ਼ਟਾਂਤ ਦਿਖਾਏ ਜਾ ਸਕਦੇ ਹਨ, ਪਰ ਇਥੇ ਇਕ ਪੱਖ ਹੀ ਵਿਚਾਰ ਲਈਏ।

ਧਰਮ ਕਰਮ ਦੀ ਛੱਤਰ ਛਾਇਆ ਹੇਠ ਵਿਚਰਦੇ ਸੰਤ ਬਾਬਿਆਂ ਵੱਲ ਹੀ ਦੇਖ ਲਓ, ਜਿਨ੍ਹਾਂ ਦੀ ਗਿਣਤੀ ਆਕਾਸ਼ ਵਿਚਲੇ ਤਾਰਿਆਂ ਵਾਂਗ ਅਣਗਿਣਤ ਹੋ ਚੁੱਕੀ ਹੈ। ਵੱਡੇ ਵੱਡੇ ਢੌਂਗੀ ਬਾਬਿਆਂ ਦੇ ਢੋਲ ਦੇ ਪੋਲ ਰੋਜ਼ ਖੁੱਲ੍ਹਦੇ ਰਹਿੰਦੇ ਹਨ, ਜੰਗਲ ਦੇ ਸ਼ੇਰ ਦੀ ਭਬਕਾਰ ਵਾਂਗ ਪੂਰੇ ਸਮਾਜ ਵਿਚ ਇਨ੍ਹਾਂ ਦੇ ਕਾਰਨਾਮਿਆਂ ਦੀ ਗੂੰਜ ਪੈਂਦੀ ਹੈ, ਸਭ ਕੁਝ ਸੁਣਦਿਆਂ ਪੜ੍ਹਦਿਆਂ ਲੋਕੀਂ ਇਨ੍ਹਾਂ ਮੋਹਰੇ ਦੁੜੰਗੇ ਮਾਰਦੇ ਹੁੱਬ ਹੁੱਬ ਜਾਂਦੇ ਹਨ। ਐਸੀ ਹਾਲਤ ਵਿਚ ਕਸੂਰਵਾਰ ਇਨ੍ਹਾਂ ਨੂੰ ਨਿਗਲਣ ਵਾਲੇ ਨਹੀਂ, ਸਗੋਂ ਖ਼ਤਰੇ ਦਾ ਸਾਇਰਨ ਵੱਜਣ ਦੇ ਬਾਵਜੂਦ ਭੁੱਖੇ ਬਘਿਆੜਾਂ ਮੋਹਰੇ ਵਿਛ ਵਿਛ ਪੈਣ ਵਾਲੇ ਖ਼ੁਦ ਗੁਨਾਹਗਾਰ ਮੰਨੇ ਜਾਣੇ ਚਾਹੀਦੇ ਹਨ। ਇਸ ਕਿਸਮ ਦੇ ਅੰਧ-ਵਿਸ਼ਵਾਸੀ ਅਤੇ ਬੁੱਧੀ ਦੇ ਵੈਰੀ ਲੋਕਾਂ ਦਾ ਨਮੂਨਾ ਦਿਖਾਉਣ ਲਈ ਇਕ ਵਾਕਿਆਤ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ।

ਦੋ ਕੁ ਦਹਾਕੇ ਪੁਰਾਣੀ ਗੱਲ ਹੈ। ਮੇਰੇ ਇਕ ਜਾਣਕਾਰ ਨੇ ਸੇਵਾ ਮੁਕਤੀ ਤੋਂ ਬਾਅਦ ਆਪਣੇ ਪਿੰਡ ਦੇ ਲਾਗਲੇ ਸ਼ਹਿਰ ਵਿਚ ਸਰੀਆ-ਸੀਮਿੰਟ ਸਟੋਰ ਖੋਲ੍ਹਣ ਦੀ ਤਿਆਰੀ ਕਰ ਲਈ। ਵਾਜਬ ਜਿਹੇ ਕਿਰਾਏ 'ਤੇ ਬਾਜ਼ਾਰ ਵਿਚ ਦੁਕਾਨ ਵੀ ਥਾਂ ਸਿਰ ਹੀ ਮਿਲ ਗਈ। ਸਾਫ਼ ਸਫ਼ਾਈ ਕਰ ਕੇ ਉਸ ਨੇ ਸੀਮਿੰਟ ਦੇ ਥੋੜ੍ਹੇ ਜਿਹੇ ਬੋਰੇ ਵੀ ਸੁਟਵਾ ਲਏ। ਇਕ ਦਿਨ ਮੈਨੂੰ ਉਸ ਨੇ ਸੁਨੇਹਾ ਭੇਜਿਆ ਕਿ ਪਰਸੋਂ ਨੂੰ ਫਲਾਣੇ ਸੰਤਾਂ ਦੇ ਡੇਰੇ ਚੱਲਣਾ ਹੈ, ਸੰਤਾਂ ਨੂੰ ਪੁੱਛ ਕੇ ਸੀਮਿੰਟ ਸਟੋਰ ਦਾ ਨਾਂ ਰੱਖਣਾ ਹੈ। ਖਰੂਡ ਪਾਉਣ ਦੇ ਇਲਜ਼ਾਮ ਤੋਂ ਡਰਦਿਆਂ ਮੈਂ ਨਰਮ ਰੁਖ 'ਚ ਕਿਹਾ ਕਿ ਸੰਤਾਂ ਦਾ ਸੀਮਿੰਟ ਨਾਲ ਕੀ ਸਬੰਧ ਹੋਇਆ? ਆਪਾਂ ਸਲਾਹ ਕਰ ਕੇ ਆਪੇ ਹੀ ਕੋਈ ਢੁਕਵਾਂ ਜਿਹਾ ਨਾਂ ਰੱਖ ਲੈਂਦੇ ਹਾਂ। "ਓ ਨਹੀਂ ਨਹੀਂ, ਮਹਾਂਪੁਰਸ਼ਾਂ ਦਾ ਅਸ਼ੀਰਵਾਦ ਲੈ ਆਵਾਂਗੇ ਨਾਲੇ।" ਕਹਿੰਦਿਆਂ ਉਸ ਨੇ ਮੈਨੂੰ ਨਾਲੇ ਜਾਣ ਲਈ ਤਿਆਰ ਕਰ ਲਿਆ।

ਪਰਸੋਂ ਆ ਗਈ। ਅਸੀਂ ਚਾਰ ਜਣੇ ਸੰਤਾਂ ਦੇ ਡੇਰੇ ਚਲੇ ਗਏ। ਅੱਗੇ ਸੰਤ ਜੀ ਡੇਰੇ 'ਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਕੁਝ ਹਦਾਇਤਾਂ ਦੇ ਰਹੇ ਸਨ। ਅਸੀਂ ਦੋ ਜਣੇ ਤਾਂ ਸੰਤਾਂ ਨੂੰ 'ਸੁੱਕ-ਮ-ਸੁੱਕੀ' ਫਤਿਹ ਬੁਲਾ ਕੇ ਲਾਗੇ ਵਿਛੀ ਦਰੀ 'ਤੇ ਬਹਿ ਗਏ; ਦੂਜੇ ਦੋਹਾਂ ਨੇ ਸੰਤ ਜੀ ਦੇ ਪੈਰੀਂ ਹੱਥ ਲਾਇਆ। ਸਟੋਰ ਦਾ ਨਾਂ ਪੁੱਛਣ ਵਾਲੇ ਨੇ ਸੌ ਸੌ ਦੇ ਦੋ ਨੋਟ ਵੀ ਭੇਟ ਕੀਤੇ।

"ਕਿੱਦਾਂ ਆਏ ਓ ਭਾਈ ਗੁਰਮੁਖੋ?" ਸੰਤਾਂ ਨੇ ਇਹ ਸਵਾਲ ਤਾਂ ਭਾਵੇਂ ਸਾਨੂੰ ਚੌਹਾਂ ਨੂੰ ਕੀਤਾ ਸੀ ਪਰ ਉਨ੍ਹਾਂ ਆਪਣੀ ਨਜ਼ਰ ਪੈਰੀਂ ਪੈਣ ਵਾਲਿਆਂ 'ਤੇ ਹੀ ਕੇਂਦ੍ਰਿਤ ਰੱਖੀ। ਸੰਤਾਂ ਅੱਗੇ ਆਪਣਾ ਪ੍ਰਯੋਜਨ ਰੱਖਦਿਆਂ ਮੇਰੇ ਦੋਸਤ ਨੇ ਮਹਾਂਪੁਰਸ਼ਾਂ ਦੇ 'ਦਰਸ਼ਨਾਂ ਦੀ ਇੱਛਾ' ਵੀ ਨਾਲੇ ਜੋੜ ਦਿੱਤੀ। ਆਪਣੇ ਸੇਵਕ ਦਾ ਸਵਾਲ ਸੁਣ ਕੇ ਸੰਤ ਥੋੜ੍ਹਾ ਜਿਹਾ ਮੁਸਕਰਾਇਆ! 'ਜ਼ਰੂਰ ਸੋਚਦਾ ਹੋਣੈ ਕਿ ਇਹ ਕਿੱਡਾ ਕੁ ਭਾਰਾ ਕੰਮ ਸੀ ਜਿਹੜੇ ਚਾਰ ਜਣੇ ਪੁੱਛਣ ਆਏ ਐ।'

"ਗੁਰੂ ਨਾਨਕ ਪਾਤਸ਼ਾਹ ਦੇ ਨਾਮ 'ਤੇ ਰੱਖ ਲੈਣਾ ਸੀ ਦੁਕਾਨ ਦਾ ਨਾਂ?" ਸੰਤ ਜੀ ਨੇ ਫਰਮਾਇਆ।

"ਮਾ'ਰਾਜ ਇਸ ਨਾਂ ਵਾਲਾ ਇਕ ਹਾਰਡਵੇਅਰ ਸਟੋਰ ਪਹਿਲੋਂ ਈ ਉਸ ਬਾਜ਼ਾਰ ਵਿਚ ਚੱਲ ਰਿਹਾ ਹੈ।" ਹੱਥ ਜੋੜੀ ਬੈਠੇ ਮੇਰੇ ਦੋਸਤ ਨੇ ਅਰਜ਼ ਗੁਜ਼ਾਰੀ।

"ਫਿਰ ਦਸਵੇਂ ਗੁਰੂ ਜੀ ਦੇ ਨਾਂ 'ਤੇ ਰੱਖ ਲਉ?" ਸੰਤਾਂ ਨੇ ਦੂਜਾ ਸੁਝਾਅ ਦਿੱਤਾ।

"ਦਸਮੇਸ਼ ਜਨਰਲ ਸਟੋਰ ਤਾਂ ਬਿਲਕੁਲ ਸਾਡੇ ਨਾਲ ਹੀ ਖੁੱਲ੍ਹਿਆ ਹੋਇਐ।" ਇਹ ਜਵਾਬ ਸੁਣ ਕੇ ਸੰਤ ਜ਼ਰਾ ਝੁੰਜਲਾ ਗਿਆ।

"ਫਿਰ ਭਾਈ ਐਂ ਕਰੋ...!" ਸੰਤ ਜੀ ਨੇ ਹਾਲੇ ਅਧੂਰਾ ਵਾਕ ਹੀ ਉਚਾਰਿਆ ਸੀ ਕਿ ਕਾਹਲੇ ਪੈਰੀਂ ਤੁਰਦਾ ਆਇਆ ਇੱਕ ਸਿੱਧੜ ਜਿਹਾ ਸੇਵਾਦਾਰ ਚਮ ਚਮ ਕਰਦੀ ਕੁਟੀਆ (ਸੰਤ ਦਾ ਰਿਹਾਇਸ਼ੀ ਕਮਰਾ) ਵੱਲ ਇਸ਼ਾਰਾ ਕਰ ਕੇ ਹੌਲੀ ਜਿਹੀ ਬੋਲਿਆ, "ਜੀ ਬਰਨਾਲੇ ਆਲੇ ਬੀਬੀ ਜੀ ਆਏ ਐ...ਉਹ ਕਹਿੰਦੇ...!"

ਚਲਾਕ ਸੰਤ ਨੇ 'ਉਨ੍ਹਾਂ ਨੂੰ ਚਾਹ ਛਕਾਉ...ਚਾਹ ਛਕਾਉ' ਦਾ ਰੌਲਾ ਜਿਹਾ ਪਾ ਕੇ ਸੇਵਾਦਾਰ ਦਾ ਫਿਕਰਾ ਪੂਰਾ ਨਾ ਹੋਣ ਦਿੱਤਾ। ਮੁਮਕਿਨ ਹੈ ਜਿਸ ਦਾ ਅਗਲਾ ਹਿੱਸਾ 'ਉਹ ਕਹਿੰਦੇ ਐ ਸੰਤਾਂ ਨੂੰ ਬੁਲਾ ਲਿਆ' ਜਾਂ...'ਸੰਤਾਂ ਨੂੰ ਦੱਸ ਕੇ ਆ' ਹੀ ਹੋਵੇਗਾ।

ਸੇਵਦਾਰ ਉਥੋਂ ਹਾਲੇ ਤੁਰਨ ਹੀ ਲੱਗਾ ਸੀ ਕਿ ਹਫਲੇ ਹੋਏ ਸੰਤ ਨੇ ਉਸ ਦੀ ਡਿਊਟੀ ਸਾਡੇ 'ਤੇ ਲਾ ਦਿੱਤੀ, ਅਖੇ ਇਨ੍ਹਾਂ ਸਿੰਘਾਂ ਨੂੰ ਕੁਝ ਛਕਾ! ਆਪ ਉਹ ਦਗੜ ਦਗੜ ਕਰਦਾ ਕੁਟੀਆ ਵੱਲ ਇਉਂ ਤੁਰ ਪਿਆ ਜਿਵੇਂ ਠਾਣੇਦਾਰ ਦੇ ਦਫ਼ਤਰ ਵਿਚ ਕੋਈ ਵੱਡਾ ਅਫ਼ਸਰ ਅਚਾਨਕ ਆ ਗਿਆ ਹੋਵੇ। ਸੰਤ ਜੀ ਨੇ ਸੇਵਾਦਾਰ ਦੀ ਡਿਊਟੀ ਇਸ ਲਈ 'ਬਦਲ ਦਿੱਤੀ' ਹੋਵੇਗੀ ਕਿ ਤੂੰ ਇਨ੍ਹਾਂ ਸਿਧਰਿਆਂ ਨੂੰ ਚਾਹ ਛਕਾ, ਬਰਨਾਲੇ ਵਾਲੀ ਬੀਬੀ ਦੀ 'ਚਾਹ ਦਾ ਇੰਤਜ਼ਾਮ' ਮੈਂ ਖ਼ੁਦ ਕਰਦਾ ਹਾਂ!

ਤੁਰੇ ਜਾਂਦੇ ਨੂੰ ਹੀ ਸਟੋਰ ਦੇ ਨਾਮਕਰਨ ਵਾਲੀ 'ਪਾਣੀ 'ਚ ਮਧਾਣੀ' ਦਾ ਚੇਤਾ ਆ ਗਿਆ। ਤੁਰਿਆ ਜਾਂਦਾ ਹੀ ਉਹ ਹੁਕਮ ਕਰ ਗਿਆ, "ਓ ਭਾਈ ਸੱਜਣਾ, ਆਪਣੇ ਕਿਸੇ ਹਸਮੁਖ ਜਿਹੇ ਨਿਆਣੇ ਦੇ ਨਾਂ 'ਤੇ ਦੁਕਾਨ ਦਾ ਨਾਮ ਰੱਖ ਲਵੀਂ।"

ਹਮ੍ਰਾਤੜਾਂ ਦਾ 'ਫਾਹਾ ਵੱਢ ਕੇ' ਸੰਤ ਬਾਬਾ ਜੀ ਆਪਣੇ 'ਵੀ.ਵੀ.ਆਈ.ਪੀ. ਕਸਟਮਰ' ਕੋਲ ਚਲੇ ਗਏ।

ਖ਼ੈਰ! ਅਸੀਂ ਚਾਹ ਦੀਆਂ ਬਾਟੀਆਂ ਪੀ ਕੇ ਵਾਪਸ ਮੁੜ ਪਏ। ਰਾਹ ਵਿਚ ਆਉਂਦਿਆਂ ਪਹਿਲਾਂ ਤਾਂ ਅਸੀਂ ਕੁਟੀਆ 'ਚ ਆਈ ਬਰਨਾਲੇ ਵਾਲੀ ਬੀਬੀ ਅਤੇ ਉਸ ਦੀ ਆਮਦ 'ਤੇ ਸੰਤ ਬਾਬਾ ਜੀ ਦੀਆਂ ਅੱਖਾਂ 'ਚ ਆਈ ਚਮਕ ਬਾਰੇ ਹਾਸ-ਵਿਲਾਸ ਕਰਦੇ ਰਹੇ ਪਰ ਸਾਡਾ 'ਸਾਧ ਸ਼ਰਧਾਲੂ' ਮਿੱਤਰ ਇਸ ਗੱਲ ਨੂੰ ਆਮ ਸਹਿਜ ਵਰਤਾਰੇ ਵਜੋਂ ਹੀ ਲੈ ਰਿਹਾ ਸੀ। ਉਹਦੇ ਭਾਅ ਦੀ ਇਹ ਕੋਈ ਖ਼ਾਸ ਗੱਲ ਨਹੀਂ ਸੀ।

ਫਿਰ ਮੈਂ ਉਸ ਦੇ ਤਿੰਨ ਨਿਆਣਿਆਂ ਬਾਬਤ ਸੋਚਣ ਲੱਗ ਪਿਆ ਕਿ ਇਹ ਹੁਣ ਆਪਣੇ ਕਿਹੜੇ ਬੱਚੇ ਦੇ ਨਾਂ 'ਤੇ ਸਟੋਰ ਦਾ ਨਾਮ ਰੱਖੇਗਾ? 'ਸੰਤਾਂ' ਦੇ ਫਰਮਾਨ ਮੁਤਾਬਕ ਤਾਂ ਹਸਮੁਖ ਸੁਭਾਅ ਵਾਲੀ ਇਸ ਦੀ ਵੱਡੀ ਬੇਟੀ ਗੁਰਜੀਤ ਕੌਰ ਹੈ। ਦੂਜੇ ਦੋ ਮੁੰਡਿਆਂ ਵਿਚੋਂ ਇਕ ਬਿੱਕਰ ਸਿੰਹੁ ਦੇ ਮੱਥੇ ਉਪਰ ਸਦਾ ਤਿਊੜੀਆਂ ਪਈਆਂ ਰਹਿੰਦੀਆਂ ਨੇ। ਉਸ ਦੇ 'ਹਸਮੁਖ' ਹੋਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਤੀਜਾ ਬੇਟਾ ਹਾਲੇ ਅੰਞਾਣਾ ਹੋਣ ਕਰ ਕੇ ਮੈਨੂੰ ਉਹਦੇ ਸੁਭਾਅ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇਸ ਲਈ ਬੇਟੀ ਦੇ ਨਾਂ 'ਤੇ ਗੁਰਜੀਤ ਸੀਮਿੰਟ ਸਟੋਰ ਹੀ ਠੀਕ ਰਹੇਗਾ।

ਉਸੇ ਪਲ ਮੈਨੂੰ ਵਿਚਾਰ ਆਈ ਕਿ ਸਾਡੇ ਸੱਭਿਆਚਾਰ ਵਿਚ ਧੀਆਂ ਨੂੰ ਤਾਂ 'ਬੇਗਾਨਾ ਧਨ' ਹੀ ਆਖਿਆ ਜਾਂਦਾ ਹੈ। ਹੋ ਸਕਦਾ ਹੈ, ਇਹ ਕੁੜੀ ਦੇ ਨਾਮ ਨੂੰ ਨਾ ਮੰਨੇ। ਇਸ ਹਾਲਤ ਵਿਚ ਮੈਂ ਉਸ ਦੇ ਛੋਟੇ ਬੇਟੇ ਸੂਰਤ ਸਿੰਘ ਬਾਰੇ ਚਿਤਵਿਆ ਕਿ ਉਸ ਦੀ ਸੂਰਤ ਵੀ ਸੋਹਣੀ ਹੈ, ਜੇ ਉਸ ਦੇ ਨਾ 'ਤੇ ਸੂਰਤ ਸੀਮਿੰਟ ਸਟੋਰ ਬਣ ਜਾਏ ਤਾਂ ਇਹ ਥੋੜ੍ਹਾ ਕਾਵਿਕ ਜਿਹਾ ਹੋਣ ਕਰ ਕੇ ਜਚੇਗਾ ਵੀ। ਮਨ ਹੀ ਮਨ ਚਿਤਵੀ ਹੋਈ ਇਹ ਬਣਤ ਮੈਂ ਦੋਸਤ ਅੱਗੇ ਰੱਖਦਿਆਂ ਆਖਿਆ ਕਿ ਸੂਰਤ ਦਾ ਨਾਮ ਵਧੀਆ ਰਹੇਗਾ, ਤਿੰਨ 'ਸੱਸੇ' ਅੱਖਰ ਇਕੱਠੇ ਹੋ ਗਏ।

"ਊਂ...ਆਂ...ਹੂੰ" ਜਿਹੀ ਕਰਦਿਆਂ ਉਸ ਨੇ ਲਮਕਵਾਂ ਜਵਾਬ ਦਿੱਤਾ, "ਨ...ਹੀਂ... ਈਂ...ਈਂ, ਜੋ ਸੰਤਾਂ ਨੇ ਬਖ਼ਸ਼ਿਸ਼ ਕਰ ਦਿੱਤਾ, ਉਹਦੇ 'ਚ ਕਾਹਨੂੰ ਅਦਲਾ-ਬਦਲੀ ਕਰਨੀ ਐਂ।"

ਇਹ ਗੱਲ ਸੁਣ ਕੇ ਅਸੀਂ ਤਿੰਨੇ ਜਣੇ ਹੈਰਾਨੀ ਨਾਲ ਉਹਦੇ ਮੂੰਹ ਵੱਲ ਦੇਖਣ ਲੱਗੇ ਕਿ ਸੰਤਾਂ ਨੇ ਤਾਂ ਕੋਈ ਇਕ ਨਾਂ ਸੁਝਾਇਆ ਹੀ ਨਹੀਂ ਸੀ; ਉਨ੍ਹਾਂ ਤਾਂ ਕਿਸੇ ਹਸਮੁਖ ਜਿਹੇ ਬੱਚੇ ਦੇ ਨਾਮ ਬਾਰੇ ਕਿਹਾ ਸੀ।

ਲਓ ਜੀ ਕਰ ਲਓ ਗੱਲ! ਉਸ ਅੰਨ੍ਹੇ ਸ਼ਰਧਾਲੂ ਲਾਈਲੱਗ ਨੇ ਸੰਤਾਂ ਦੇ ਆਖੇ 'ਤੇ ਆਪਣੇ ਕਿਸੇ ਬੱਚੇ ਦੇ ਨਾਂ 'ਤੇ ਸਟੋਰ ਦਾ ਨਾਮ ਰੱਖਣ ਦੀ ਬਜਾਏ ਸੰਤ ਜੀ ਦੇ 'ਪਵਿੱਤਰ ਮੁਖਾਰਬਿੰਦ' ਤੋਂ ਉਚਰੇ ਹੋਏ ਸ਼ਬਦ 'ਹਸਮੁਖ' ਨੂੰ ਹੀ ਲੜ ਬੰਨ੍ਹ ਲਿਆ!! ਥੋੜ੍ਹੇ ਦਿਨਾਂ ਬਾਅਦ ਸਟੋਰ 'ਤੇ ਲਟਕਦੇ ਬੋਰਡ 'ਤੇ ਲਿਖਿਆ ਗਿਆ 'ਹਸਮੁਖ ਸੀਮਿੰਟ ਸਟੋਰ'।

ਮੈਂ ਜਦ ਵੀ ਉਸ ਸਟੋਰ ਮੋਹਰਿਉਂ ਲੰਘਦਾ ਹੁੰਦਾ ਸਾਂ ਤਾਂ ਮੇਰਾ ਦਿਲ ਕਰਦਾ ਹੁੰਦਾ ਸੀ ਕਿ ਬੋਰਡ ਉਤੇ ਮੋਟਾ ਕਰ ਕੇ ਲਿਖ ਦਿਆਂ 'ਲਕੀਰ ਦੇ ਫਕੀਰ ਦਾ ਸਟੋਰ'।

# ਗੁਰੂ ਘਰ ਦੀਆਂ ਲੜਾਈਆਂ: ਫੈਸਲਾ ਸੰਗਤ ਦੇ ਹੱਥ

ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਵਿਚ ਬੀਬੀ ਸੁਰਜੀਤ ਕੌਰ ਦਾ ਲਿਖਿਆ ਲੇਖ 'ਕਿੰਦਾਂ ਮੁੱਕਣ ਗੁਰੂ ਘਰ ਦੀਆਂ ਲੜਾਈਆਂ?' ਛਾਪ ਕੇ ਤੁਸੀਂ ਪੁੰਨ ਦਾ ਕੰਮ ਕੀਤਾ ਹੈ। ਸਮੁੱਚਾ ਸਿੱਖ ਭਾਈਚਾਰਾ ਗੁਰੂ ਘਰਾਂ ਵਿਚ ਹੁੰਦੀਆਂ ਲੜਾਈਆਂ ਤੋਂ ਬਹੁਤ ਤੰਗ ਹੈ। ਤੁਸੀਂ ਲੋਕਾਂ ਦੇ ਇਸ ਦਰਦ ਨੂੰ ਜ਼ੁਬਾਨ ਦਿੱਤੀ ਹੈ, ਇਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਬੀਬੀ ਸੁਰਜੀਤ ਕੌਰ ਨੇ ਗੁਰੂ ਘਰਾਂ ਵਿਚ ਮਾਇਆ ਨਾ ਚੜ੍ਹਾਉਣ ਦੀ ਜਿਹੜੀ ਗੱਲ ਕੀਤੀ ਹੈ, ਉਹ ਅਸਲ ਵਿਚ ਸਿਰੇ ਦੀ ਗੱਲ ਹੈ। ਕੀ ਇਸ ਕਰਕੇ ਫੈਸਲੇ ਤੋਂ ਬਿਨਾ ਲੜਾਈਆਂ ਦਾ ਕੋਈ ਹੱਲ ਨਹੀਂ? ਮੈਂ ਆਪ ਇਹ ਸੋਚਦਾ ਹਾਂ ਕਿ ਕਈ ਵਾਰ ਹਾਲਤ ਇੰਨੀ ਜ਼ਿਆਦਾ ਵਿਗੜ ਚੁੱਕੀ ਹੁੰਦੀ ਹੈ ਕਿ ਆਰ ਜਾਂ ਪਾਰ ਦਾ ਹੀ ਕੋਈ ਫੈਸਲਾ ਕਰਨਾ ਪੈਂਦਾ ਹੈ। ਕੀ ਗੁਰੂ ਘਰਾਂ ਦੀ ਲੜਾਈ ਉਸ ਸੀਮਾ ਤੱਕ ਪੁੱਜ ਚੁੱਕੀ ਹੈ?

ਮੈਨੂੰ ਤਾਂ ਜਾਪਦਾ ਹੈ ਕਿ ਗੁਰੂ ਘਰਾਂ ਦੀ ਸਾਰੀ ਲੜਾਈ ਅਸਲ ਵਿਚ ਸਿਆਸਤ ਦਾ ਹੀ ਨਤੀਜਾ ਹੈ। ਵੱਖ ਵੱਖ ਸਿਆਸੀ ਧੜੇ ਆਪੋ ਆਪਣੀ ਸਿਆਸਤ ਚਮਕਾਉਣ ਲਈ ਜ਼ੋਰ ਲਾ ਰਹੇ ਹਨ। ਇਨ੍ਹਾਂ ਨੇ ਸਿੱਖੀ ਦੇ ਧੁਰੇ-ਸੰਗਤ ਨੂੰ ਉਕਾ ਹੀ ਵਿਸਾਰ ਕੇ ਆਪੋ-ਆਪਣੀਆਂ ਗਰਜ਼ਾਂ ਲਈ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਹਨ।

ਬੀਬੀ ਸੁਰਜੀਤ ਕੌਰ ਦੇ ਦੱਸੇ ਨੁਸਖੇ ਮੁਤਾਬਕ ਇਸ ਦਾ ਇਕੋ ਇਕ ਤੋੜ ਸੰਗਤ ਦੇ ਹੀ ਪਾਸ ਹੈ ਕਿ ਗੁਰੂ ਘਰਾਂ ਵਿਚ ਮਾਇਆ ਚੜ੍ਹਾਉਣੀ ਬੰਦ ਕੀਤੀ ਜਾਵੇ। ਇਸ ਨਾਲ ਕਿਸੇ ਦੀ ਗੁਰੂ ਘਰ ਜਾਂ ਗੁਰੂ ਸਾਹਿਬਾਨ ਵਿਚ ਸ਼ਰਧਾ ਘਟ ਨਹੀਂ ਜਾਣੀ, ਪਰ ਬਹੁਤ ਛੇਤੀ ਹੀ ਅਸਲੀ ਅਤੇ ਨਕਲੀ ਸਿੱਖਾਂ ਦੀ ਪਛਾਣ ਜ਼ਰੂਰ ਹੋ ਜਾਵੇਗੀ। ਬਹੁਤ ਵਾਰ ਸਮਾਂ ਤੁਹਾਨੂੰ ਅਜਿਹੇ ਮੋੜ ਉਤੇ ਲਿਆ ਖਲਾਰਦਾ ਹੈ ਕਿ ਤੁਹਾਨੂੰ ਦੋ ਟੁੱਕ ਹੀ ਨਹੀਂ, ਬਲਕਿ ਇਕ ਟੁੱਕ ਫੈਸਲਾ ਕਰਨਾ ਪੈਂਦਾ ਹੈ। ਹੁਣ ਜਾਪਦਾ ਹੈ ਕਿ ਸੰਗਤ ਲਈ ਇਹ ਇਕ ਟੁੱਕ ਫੈਸਲਾ ਕਰਨ ਦਾ ਵੇਲਾ ਆ ਗਿਆ ਹੈ।

ਇਹ ਸ਼ਾਇਦ ਬਹੁਤ ਸਖਤ ਫੈਸਲਾ ਹੋਵੇਗਾ ਪਰ ਹੁਣ ਇਸ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਹੈ। ਗੁਰੂ ਘਰਾਂ ਵਿਚ ਸਿਆਸਤ ਦਾ ਜ਼ੋਰ ਇੰਨਾ ਜ਼ਿਆਦਾ ਹੋ ਗਿਆ ਹੈ ਕਿ ਸਿੱਖੀ ਅਤੇ ਸਿੱਖੀ ਦਾ ਪ੍ਰਚਾਰ ਪਾਸੇ ਹੀ ਰਹਿ ਗਿਆ ਹੈ। ਐਸ ਵੇਲੇ ਸਿੱਖੀ ਨੂੰ ਸਿੱਖ ਚਾਹੀਦੇ ਹਨ, ਸਿਆਸਤਦਾਨ ਨਹੀਂ।

ਸਿਆਸਤਦਾਨਾਂ ਨੇ ਸਿੱਖੀ ਦਾ ਜਿੰਨਾ ਨੁਕਸਾਨ ਕੀਤਾ ਹੈ, ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਇਸ ਲਈ ਮੇਰੀ ਵੀ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਬੀਬੀ ਸੁਰਜੀਤ ਕੌਰ ਦੀ ਸੁਹਿਰਦ ਸਲਾਹ ਮੰਨ ਕੇ ਗੁਰੂ ਘਰਾਂ ਵਿਚ ਕੁਝ ਸਮੇਂ ਲਈ ਚੜ੍ਹਾਵਾ ਬੰਦ ਕਰ ਦਿੱਤਾ ਜਾਵੇ। ਤੁਸੀਂ ਦੇਖੋਗੇ ਕਿ ਕੁਝ ਹੀ ਹਫਤਿਆਂ, ਮਹੀਨਿਆਂ ਵਿਚ ਸੱਚੇ ਸਿੱਖਾਂ ਦਾ ਨਿਤਾਰਾ ਹੋ ਜਾਵੇਗਾ।

-ਜਸਵੰਤ ਸਿੰਘ ਸੇਖੋਂ
ਨਿਊ ਯਾਰਕ।

Quick Stop 40, Oklahoma
Help Wanted
ਟਰੱਕ ਸਟਾਪ ਲਈ ਕੈਸ਼ੀਅਰ ਅਤੇ ਮੈਨੇਜਰ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ

## ਭਾਰਤ ਦੀ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਦੇ ਸੁਨੇਹੇ ਨੂੰ ਕਾਇਮ ਰੱਖਣ ਅਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜੀ ਰੱਖਣ ਲਈ ਸਰਗਰਮ ਸੰਸਥਾ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਸਮੂਹ ਮੈਂਬਰਾਂ ਅਤੇ ਹਮਦਰਦਾਂ ਵਲੋਂ

# ਸਭਨਾਂ ਨੂੰ ਸਾਲ 2013 ਮੁਬਾਰਕ

**ਅਸੀਂ ਕਾਮਨਾ ਕਰਦੇ ਹਾਂ ਕਿ ਨਵਾਂ ਸਾਲ ਸਮੂਹ ਲੋਕਾਈ ਲਈ ਅਮਨ, ਖੁਸ਼ਹਾਲੀ, ਬਰਾਬਰੀ ਅਤੇ ਨਿਆਂ ਭਰਿਆ ਸਾਬਤ ਹੋਵੇ। ਆਓ 2013 ਵਿਚ ਗਦਰ ਲਹਿਰ ਦੀ ਸ਼ਤਾਬਦੀ ਸਾਰੇ ਰਲ ਮਿਲ ਕੇ ਮਨਾਈਏ ਅਤੇ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਸੰਸਾਰ ਸਿਰਜਣ ਲਈ ਰਲ ਕੇ ਹੰਭਲਾ ਮਾਰੀਏ**

**ਬਿਲਾਨਾਗਾ ਪ੍ਰਕਾਸ਼ਨ ਦੇ 13 ਵਰ੍ਹੇ ਪੂਰੇ ਹੋਣ 'ਤੇ ਬੇਲਾਗ, ਬੇਬਾਕ ਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ**

## ਪੰਜਾਬ ਟਾਈਮਜ਼ ਨੂੰ ਬਹੁਤ ਬਹੁਤ ਵਧਾਈ




ਚਰਨ ਸਿੰਘ ਜੱਜ, ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਗੁਰਦੇਵ ਸਿੰਘ ਖੁਸ਼, ਜਰਨੈਲ ਸਿੰਘ ਮੁੰਡੇਰ, ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਜਨਕ ਰਾਜ ਸਿੰਧਰਾ, ਜਗਜੀਤ ਸਿੰਘ ਕੰਦੋਲਾ, ਸੁਖਵਿੰਦਰ ਸਿੰਘ ਕੰਬੋਜ, ਕੰਵਰ ਕਸ਼ਮੀਰ ਸਿੰਘ, ਬਲਕਾਰ ਸਿੰਘ ਨਿਊ ਟੈਕ, ਹਰਵਿੰਦਰ ਸਿੰਘ ਚੰਦੀ, ਨਿਰਮਲ ਸਿੰਘ ਚੰਦੀ, ਮੁਖਤਿਆਰ ਸਿੰਘ ਕੰਬੋਜ, ਪਰਸ਼ੋਤਮ ਸਿੰਘ ਕੰਬੋਜ, ਰਣਜੀਤ ਸਿੰਘ ਰਾਣਾ, ਲਖਵਿੰਦਰ ਸਿੰਘ ਲੱਖੀ, ਡਾ. ਦਲਜੀਤ ਸਿੰਘ, ਪ੍ਰਿਥੀਪਾਲ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਸ਼ ਸਿੰਘ ਮੋਮੀ, ਗੁਰਦੀਪ ਸਿੰਘ ਫਰਿਜ਼ਨੋ, ਬਲਵਿੰਦਰ ਸਿੰਘ, ਗੁਰਮੀਤ ਸਿੰਘ ਸ਼ਾਰਟਰ, ਸੁੱਚਾ ਸਿੰਘ ਕੰਬੋਜ, ਤਰਲੋਚਨ ਸਿੰਘ, ਕਰਨੈਲ ਸਿੰਘ ਲੰਮਾਪਿੰਡ, ਅਜੀਤ ਸਿੰਘ ਜੱਜ, ਅਮਰੀਕ ਸਿੰਘ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੁਲਹਿਰੀ, ਤਰਲੋਚਨ ਸਿੰਘ ਨਾਗਰਾ, ਗੁਰਇਕਬਾਲ ਸਿੰਘ ਕੰਗ, ਸਰਬਜੀਤ ਸਿੰਘ ਕੇ ਟੀ ਐਕਸ, ਬੋਲੀਨਾ ਬ੍ਰਦਰਜ਼, ਸੁਖਦੇਵ ਸਿੰਘ ਗਿੱਲ, ਬਲਰਾਜ ਸਿੰਘ ਪੰਨੂ ਕੋਜਿਵ ਗਰੋਜ਼, ਬਹਾਦਰ ਸਿੰਘ ਸੇਲਮ, ਦਿਲਜੀਤ ਸਿੰਘ ਸੇਲਮ, ਦਿਲਬਾਗ ਸਿੰਘ ਮਰੋਕ, ਗੁਲਜ਼ਾਰ ਸਿੰਘ ਐਵਰੈਟ, ਜਥੇਦਾਰ ਬਲਬੀਰ ਸਿੰਘ, ਹਰਪਾਲ ਸਿੰਘ ਮਾਨ, ਯਾਦਵਿੰਦਰ ਸਿੰਘ ਹੈਪੀ, ਸਤਿੰਦਰਪਾਲ ਸਿੰਘ ਸਰਹੱਦੀ, ਸਤਬੀਰ ਸਿੰਘ, ਅਵਤਾਰ ਸਿੰਘ ਡੋਡ, ਅਮਰੀਕ ਸਿੰਘ ਲੋਡਾਈ, ਸੁਖਦੇਵ ਸਿੰਘ ਗਿੱਲ, ਸਰਪੰਚ ਕੁਲਦੀਪ ਸਿੰਘ, ਕੁਲਵੰਤ ਸਿੰਘ, ਜਸਪਾਲ ਸਿੰਘ, ਸੰਤੋਖ ਜੱਜ, ਸੁਰਜੀਤ ਸਿੰਘ ਜੱਜ, ਦਵਿੰਦਰ ਸਿੰਘ, ਸੁਖਜਿੰਦਰ ਸਿੰਘ, ਮੱਖਣ ਸਿੰਘ ਜੱਜ, ਦੀਦਾਰ ਸਿੰਘ ਜੱਜ, ਬਲਬੀਰ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਮੋਹਣ ਸਿੰਘ ਖਿੰਡਾ, ਮਾਸਟਰ ਮੁਖਤਿਆਰ ਸਿੰਘ, ਜਰਨੈਲ ਸਿੰਘ ਮਨਟੀਕਾ, ਹਰੀ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ, ਅਜੀਤ ਸਿੰਘ, ਬਲਜਿੰਦਰ ਸਿੰਘ, ਬਖਸ਼ੀਸ਼ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਮੁੱਤੀ, ਪ੍ਰੋ. ਹਰਪਾਲ ਸਿੰਘ, ਪਾਲ ਸਿੰਘ ਘੁੰਮਣ-ਇੰਪੀਰੀਅਲ ਰੀਅਲ ਐਸਟੇਟ, ਉਜਾਗਰ ਸਿੰਘ-ਸਾਬਕਾ ਡੀ ਈ ਓ, ਹਰਜਿੰਦਰ ਸਿੰਘ ਸੇਲਮ, ਕੁਲਦੀਪ ਸਿੰਘ ਖਿੰਡਾ-ਰੈਡ ਬਲੱਫ, ਗੁਰਮੀਤ ਸਿੰਘ ਖਿੰਡਾ-ਰੈਡ ਬਲੱਫ, ਸੋਨੂ ਖਿੰਡਾ-ਰੈਡ ਬਲੱਫ, ਬਲਰਾਜ ਸਿੰਘ ਪੰਨੂ-ਕਾਟਿਜ਼ ਗਰੋਵ, ਗੁਰਮੀਤ ਸਿੰਘ ਸ਼ਾਫਟਰ, ਅਸ਼ੋਕ ਭੌਰਾ, ਪਰਮਜੀਤ ਸਿੰਘ ਠਲਾ ਅਤੇ ਕੁਲਵਿੰਦਰ ਸਿੰਘ ਸੰਨੀ।

## Ghadar Memorial Foundation of America, Sacramento

# A & I Trucking Co.

A&I WATSONVILLE, CA.

123 E Lee Rd Watsonville, CA Ph: 831-763-7805

A&I WATSONVILLE, CA.

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ

*ਪਰਮਾਤਮਾ ਕਰੇ ਸਭਨਾਂ ਲਈ ਸਾਲ 2013 ਭਾਗਾਂ ਭਰਿਆ ਚੜ੍ਹੇ ਤੇ ਖੁਸ਼ੀਆਂ ਖੇੜੇ ਲੈ ਕੇ ਆਵੇ*

*ਆਓ ਸਾਰੇ ਰਲ ਕੇ ਗੁਰੂ ਚਰਨਾਂ ਵਿਚ ਅਰਦਾਸ ਕਰੀਏ ਕਿ ਆਉਣ ਵਾਲਾ ਵਰ੍ਹਾ ਕੁਲ ਦੁਨੀਆਂ ਲਈ ਸੁੱਖਾਂ ਭਰਿਆ ਹੋਵੇ।*

31 ਦਸੰਬਰ ਦੀ ਸ਼ਾਮ ਗਾਖਲ ਪਰਿਵਾਰ ਅਤੇ ਸਲੀਨਸ ਦੀਆਂ ਸੰਗਤਾਂ ਵਲੋਂ ਗੁਰਦੁਆਰਾ ਸੈਨ ਹੋਜ਼ੇ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਰਾਜਾ ਸਵੀਟਸ ਵਲੋਂ ਗਰਮਾ-ਗਰਮ ਜਲੇਬੀਆਂ ਦਾ ਲੰਗਰ ਵੀ ਹੋਵੇਗਾ।


ਇਕਬਾਲ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਅਮੋਲਕ ਸਿੰਘ ਗਾਖਲ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਫੋਨ:1-888-664-4004**

Fax: 831-724-2010, e-mail: aa@aitruckingllc.com

**ਗਾਖਲ ਭਰਾਵਾਂ ਦੀ ਕੰਪਨੀ**

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- > ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- > 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

***Weekly Pay Roll***



# ਨਵੇਂ ਵਰ੍ਹੇ 2013 ਨੂੰ ਖੁਸ਼ਆਮਦੀਦ ਆਖਦਿਆਂ ਦੇਸ਼-ਵਿਦੇਸ਼ 'ਚ ਵੱਸਦੇ ਸਮੂਹ ਪੰਜਾਬੀ ਭਾਈਚਾਰੇ ਅਤੇ ਅਦਾਰਾ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵੇਂ ਸਾਲ ਦੀ ਲੱਖ ਲੱਖ ਵਧਾਈ



*Gurmit Singh Gill, Paramjit Singh Gill, Dalvir Singh Gill*

ਦਲਬੀਰ ਸਿੰਘ ਗਿੱਲ ਫੋਨ:530-713-4256

ਪਰਮਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਗਿੱਲ

ਗਿੱਲ ਬ੍ਰਦਰਜ਼ ਫਾਰਮਸ, ਯੂਬਾ ਸਿਟੀ (ਕੈਲੀਫੋਰਨੀਆ)

# ਸਭਨਾਂ ਨੂੰ ਨਵਾਂ ਸਾਲ 2013 ਬਹੁਤ ਬਹੁਤ ਮੁਬਾਰਕ!

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸਾਲ 2013 ਸਮੂਹ ਲੋਕਾਈ ਲਈ ਅਮਨ ਤੇ ਖੁਸ਼ਹਾਲੀ ਭਰਿਆ ਚੜ੍ਹੇ



ਖੱਬਿਓਂ: ਜਸ ਥਿਆੜਾ, ਹਰਮਨ ਥਿਆੜਾ, ਜੂਨੀਅਰ ਥਿਆੜਾ, ਸਰਬਜੀਤ (ਸਰਬ) ਥਿਆੜਾ ਅਤੇ ਸ. ਮਹਿੰਦਰ ਸਿੰਘ ਥਿਆੜਾ

ਵਲੋਂ

**ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ (530) 682-5861**
**ਜਸਪ੍ਰੀਤ ਸਿੰਘ ਥਿਆੜਾ (530) 682-5863 ਅਤੇ ਸਮੂਹ ਪਰਿਵਾਰ**
**(ਯੂਬਾ ਸਿਟੀ, ਕੈਲੀਫੋਰਨੀਆ)**

# S & J Royal Inc.

## Golden Valley Fruit Packing

# ਸ਼ਾਇਰਾ ਸੁਰਜੀਤ ਅਤੇ ਡਾ. ਸਵਿੰਦਰ ਸਿੰਘ ਛੀਨਾ ਨਾਲ ਸਾਹਿਤਕ ਮੁਲਾਕਾਤ


**ਫਰੀਮਾਂਟ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਵਲੋਂ ਦਲਵੀਰ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਇਥੇ ਇੰਡੀਆ ਕਿਚਨ ਵਿਚ ਬੀਤੇ ਦਿਨੀਂ ਸ਼ਾਇਰਾ ਸੁਰਜੀਤ ਨਾਲ ਇਕ ਸਾਹਿਤਕ ਮਿਲਣੀ ਕਰਵਾਈ ਗਈ। ਇਸ ਮਿਲਣੀ ਦੇ ਅਰੰਭ ਵਿਚ ਮਰਹੂਮ ਸਿਤਾਰਵਾਦਕ ਰਵੀ ਸ਼ੰਕਰ ਅਤੇ ਅਮਰੀਕਾ ਦੇ ਕੁਨੈਕਟੀਕਟ ਸਕੂਲ ਵਿਚ ਗੋਲੀ ਨਾਲ ਮਾਰੇ ਗਏ ਬੱਚਿਆਂ ਦੀ ਆਤਮਿਕ ਸ਼ਾਂਤੀ ਲਈ ਮੌਨ ਧਾਰਿਆ ਗਿਆ। ਸਭਾ ਦੇ ਸਾਬਕਾ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਇਸ ਮਿਲਣੀ ਦੇ ਮੰਤਵ ਅਤੇ ਪੰਜਾਬੀ ਸਾਹਿਤ ਸਭਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੁਰਜੀਤ ਅਤੇ ਉਸ ਦੇ ਪਤੀ ਪਿਆਰਾ ਸਿੰਘ ਕੁੱਦੋਵਾਲ ਸਾਡੇ ਸਾਹਿਤਕ ਪਰਿਵਾਰ ਦੇ ਮੈਂਬਰ ਹਨ ਅਤੇ ਉਸ ਨੂੰ ਜੀ ਆਇਆਂ ਕਹਿਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਅਸੀਂ ਉਨ੍ਹਾਂ ਵਲੋਂ ਸਭਾ ਲਈ ਨਿਭਾਈ ਗਈ ਭੂਮਿਕਾ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ।

ਮਿਲਣੀ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਸੁਰਜੀਤ, ਡਾ. ਸਵਿੰਦਰ ਸਿੰਘ ਛੀਨਾ (ਭਾਰਤ), ਪ੍ਰੋ. ਸੁਰਿੰਦਰ ਸਿੰਘ ਸੀਰਤ, ਸ. ਕੁਲਦੀਪ ਸਿੰਘ ਢੀਂਡਸਾ ਅਤੇ ਸ੍ਰੀਮਤੀ ਬਖ਼ਸੀ ਸੰਧੂ ਨੇ ਕੀਤੀ। ਸੁਰਜੀਤ ਨਾਲ ਰੂਬਰੂ ਸੈਸ਼ਨ ਵਿਚ ਬੋਲਦਿਆਂ ਡਾ. ਸਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਵਿਦੇਸ਼ਾਂ ਵਿਚ ਚਿਰਾਂ ਤੋਂ ਵਸ ਰਹੇ ਪੰਜਾਬੀ ਮਾਂ ਬੋਲੀ ਅਤੇ ਸਭਿਆਚਾਰ ਦੀ ਉਨਤੀ ਲਈ ਯਤਨਸ਼ੀਲ ਹਨ। ਪ੍ਰੋ. ਅਮਰਜੀਤ ਕੌਰ ਪਨੂੰ ਨੇ ਕਿਹਾ ਕਿ ਸੁਰਜੀਤ ਉਸ ਦੀ ਵਿਦਿਆਰਥਣ ਰਹੀ ਹੈ ਅਤੇ ਉਹ ਸੁਰਜੀਤ ਨੂੰ ਪਿਛਲੇ 40 ਸਾਲਾਂ ਤੋਂ ਜਾਣਦੀ ਹੈ, ਅਮਰੀਕਾ ਵਿਚ ਆ ਕੇ ਸੁਰਜੀਤ ਨਾਲ ਉਸ ਦੀ ਸਾਂਝ ਪੀਡੀ ਹੋਈ ਹੈ। ਜਦੋਂ 'ਸ਼ਿਕਸਤ ਰੰਗ' ਕਾਵਿ ਸੰਗ੍ਰਿਹ ਵਿਚਲੀ ਨਜ਼ਮ 'ਵਿਰਾਟ' ਸੁਰਜੀਤ ਨੇ ਉਸ ਦੇ ਅਨੁਭਵ ਨੂੰ ਆਧਾਰ ਬਣਾ ਕੇ ਲਿਖ ਕੇ ਉਸ ਨੂੰ ਸੁਣਾਈ ਤਾਂ ਉਹ ਦੰਗ ਰਹਿ ਗਈ ਸੀ।

ਨੀਲਮ ਸੈਣੀ ਨੇ ਕਿਹਾ ਕਿ 1994 ਵਿਚ ਪੰਜਾਬੀ ਸਾਹਿਤ ਸਭਾ ਦੀਆਂ ਮਾਸਿਕ ਮਿਲਣੀਆਂ ਦੀਆਂ ਖ਼ਬਰਾਂ ਉਹ ਪੰਜਾਬ ਵਿਚ 'ਰੋਜ਼ਾਨਾ ਅਜੀਤ' ਵਿਚ ਪੜ੍ਹਦੀ ਸੀ ਅਤੇ 1997 ਵਿਚ ਇਥੇ ਆ ਕੇ ਉਸ ਨੇ ਰੇਡੀਓ ਗੀਤ ਸੰਗੀਤ ਰਾਹੀਂ ਸੁਰਜੀਤ ਅਤੇ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਨੂੰ ਲੱਭਿਆ ਸੀ। ਸੁਰਜੀਤ ਉਸ ਨੂੰ ਪੰਜਾਬੀ ਸਾਹਿਤ ਸਭਾ ਵਿਚ ਸਰਗਰਮ ਕਰਕੇ ਪੰਜ ਸਾਲ ਪਹਿਲਾਂ









ਕੈਨੇਡਾ ਚਲੀ ਗਈ ਸੀ, ਜਿੱਥੇ ਉਸ ਨੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ। ਪ੍ਰੋ. ਸੁਰਿੰਦਰ ਸੀਰਤ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸੁਰਜੀਤ ਨੇ ਪੰਜਾਬੀ ਸਾਹਿਤ ਸਭਾ 'ਚ ਮਹੱਤਵਪੂਰਨ ਰੋਲ ਨਿਭਾਇਆ ਹੈ, ਉਹ ਸਾਹਿਤ ਸਕੱਤਰ ਵਜੋਂ ਵਿਸਥਾਰ ਸਹਿਤ ਰਿਪੋਰਟਾਂ ਲਿਖਦੀ ਸੀ। ਤਾਰਾ ਸਿੰਘ ਸਾਗਰ ਨੇ ਕਿਹਾ ਕਿ ਉਨ੍ਹਾਂ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਿਹ 'ਰੇਤ ਮਹਿਲ' ਵੀ ਇਸ ਪੰਜਾਬੀ ਸਾਹਿਤ ਸਭਾ ਦੀ ਹੀ ਦੇਣ ਹੈ। ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ ਨੇ ਸਾਹਿਤ ਦੇ ਇਸ ਬੂਟੇ ਨੂੰ ਰੱਜ ਕੇ ਪਾਣੀ ਲਾਇਆ ਸੀ।

ਐਸ. ਅਸ਼ੋਕ ਭੌਰਾ, ਨਵਨੀਤ ਪਨੂੰ, ਮੱਖਣ ਲੁਹਾਰ, ਸੁਰਿੰਦਰ ਸਿੰਘ ਧਨੋਆ, ਬਖ਼ਸ਼ੀ ਸੰਧੂ, ਕੁਲਦੀਪ ਸਿੰਘ ਧਾਲੀਵਾਲ ਅਤੇ ਕੁਲਦੀਪ ਸਿੰਘ ਢੀਂਡਸਾ ਆਦਿ ਨੇ ਵੀ ਇਸ ਸੈਸ਼ਨ ਨੂੰ ਸੰਬੋਧਨ ਕੀਤਾ। ਸੁਰਜੀਤ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਦੀਆਂ ਮੀਟਿੰਗਾਂ ਵਿਚ ਹਰ ਵਾਰੀ ਨਵੀਂ ਕਵਿਤਾ ਪੜ੍ਹਦਿਆਂ ਉਸ ਨੇ 'ਸ਼ਿਕਸਤ ਰੰਗ' ਕਾਵਿ ਸੰਗ੍ਰਿਹ ਲਿਖਿਆ ਅਤੇ 'ਹੇ ਸਖੀ' ਕੈਨੇਡਾ ਵਿਚ ਉਸ ਦੇ ਅਧਿਆਤਮਕ ਸਫ਼ਰ ਦੀ ਕਵਿਤਾ ਹੈ। ਉਹ ਸਿਰਜਣਹਾਰੀ ਬਲਾਗ ਰਾਹੀਂ ਸਿਰਫ਼ ਔਰਤਾਂ ਦੀ ਸ਼ਾਇਰੀ, ਜੋ ਉਸ ਨੂੰ ਪਸੰਦ ਆਉਂਦੀ ਹੈ, ਇੰਟਰਨੈਟ 'ਤੇ ਪ੍ਰਕਾਸ਼ਿਤ ਕਰਦੀ ਹੈ। ਪੰਜਾਬੀ ਰਸਾਲੇ 'ਸਾਂਵਲ' ਦਾ ਵਿਸ਼ੇਸ਼ ਅੰਕ ਉਸ ਦੇ ਨਾਮ ਹੋਣਾ ਉਸ ਲਈ ਮਾਣ ਵਾਲੀ ਗੱਲ ਹੈ। ਉਸ ਨੇ ਇਹ ਵੀ ਕਿਹਾ ਕਿ ਅੱਜ ਤਾਂ ਮੈਂ ਸਾਹਿਤ ਦੀ ਜਾਗੋ ਵਿਚ ਤੇਲ ਪਾਉਣ ਆਈ ਹਾਂ॥ ਸੁਰਜੀਤ ਅਤੇ ਡਾ. ਸਵਿੰਦਰ ਸਿੰਘ ਛੀਨਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸਾਹਿਤ ਸਭਾ ਵਲੋਂ ਸੁਰਜੀਤ ਨੂੰ ਇਕ ਸ਼ਾਲ ਵੀ ਭੇਟ ਕੀਤਾ ਗਿਆ। ਇਸ ਸੈਸ਼ਨ ਦਾ ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ। ਦੂਜੇ ਸੈਸ਼ਨ ਵਿਚ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਸੁਰਜੀਤ, ਡਾ. ਸਵਿੰਦਰ ਸਿੰਘ, ਸੁਰਿੰਦਰ ਸਿੰਘ ਸੀਰਤ, ਤਾਰਾ ਸਿੰਘ ਸਾਗਰ ਅਤੇ ਦਲਵੀਰ ਦਿਲ ਨਿੱਜਰ ਸ਼ਾਮਿਲ ਹੋਏ। ਕਵੀ ਦਰਬਾਰ ਵਿਚ ਪਰਮਿੰਦਰ ਸਿੰਘ ਪਰਵਾਨਾ, ਕੁਲਦੀਪ ਸਿੰਘ ਢੀਂਡਸਾ, ਗੁਰਮੀਤ ਸਿੰਘ ਬਰਸਾਲ, ਈਸ਼ਰ ਸਿੰਘ ਮੋਮਨ, ਜੀਵਨ ਰੱਤੂ, ਨੀਲਮ ਸੈਣੀ, ਦਲਵੀਰ ਦਿਲ ਨਿੱਜਰ, ਚਰਨਜੀਤ ਸਿੰਘ ਪਨੂੰ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਜਯੋਤੀ ਸਿੰਘ, ਹਰਭਜਨ ਢਿੱਲੋਂ, ਮੇਜਰ ਭੁਪਿੰਦਰ ਦਲੇਰ, ਕੁਲਵਿੰਦਰ, ਰਿਸ਼ੀ ਭੰਡਾਲ ਆਦਿ ਨੇ ਭਾਗ ਲਿਆ। ਸੁਲਤਾਨ ਅਖ਼ਤਰ ਅਤੇ ਹਰਜੀਤ ਜੀਤੀ ਨੇ ਗਜ਼ਲ ਅਤੇ ਦੋ ਗਾਣੇ ਪੇਸ਼ ਕਰਕੇ ਸੰਗੀਤਕ ਰੰਗ ਬੰਨ੍ਹਿਆ। ਮੰਚ ਸੰਚਾਲਨ ਇੰਦਰਜੀਤ ਗਰੇਵਾਲ ਨੇ ਕੀਤਾ।

ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਐਮ.ਏ., ਪ੍ਰੋ. ਜਸਪਾਲ ਸੈਣੀ, ਸੁਖਵਿੰਦਰ ਕੰਬੋਜ, ਜਸਵਿੰਦਰ ਧਨੋਆ, ਜਤਿੰਦਰ ਜਰਗੀਆ, ਪ੍ਰਿੰ. ਹਜ਼ੂਰਾ ਸਿੰਘ, ਡਾ. ਕਪਿਲ, ਦਲਜੀਤ ਸੂਦ, ਮਨਜੀਤ ਕੌਰ ਸੇਖੋਂ, ਅਮਰਜੀਤ ਦਰਦੀ, ਗੁਰਬਚਨ ਸਿੰਘ ਚੋਪੜਾ, ਗੁਰਸ਼ਰਨ ਸਿੰਘ ਸੇਖ਼ੋਂ, ਪਰਮਿੰਦਰ ਗੁਰੀ, ਅਸ਼ੋਕ ਟਾਂਗਰੀ, ਅਮਰੀਕ ਜੌਹਲ, ਅਮਰਜੀਤ ਜੌਹਲ, ਅਮਰਜੀਤ ਬੱਲ, ਗੁਰਪਿੰਦਰ ਗੋਰਾਇਆ ਅਤੇ ਕੁਲਵਿੰਦਰ ਕੌਰ ਆਦਿ ਨੇ ਭਾਗ ਲਿਆ।



# ਲਾਲੀ ਨਿੱਜਰ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ੍ਰੀ ਲਾਲੀ ਰਨਵੀਰ ਸਿੰਘ ਨਿੱਜਰ ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦੇ ਸਾਲ 2013 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਹਨ। ਉਹ ਪਹਿਲੇ ਪ੍ਰਧਾਨ ਸ੍ਰੀ ਰਛਪਾਲ ਸਿੰਘ ਖੰਗੂੜਾ ਦੀ ਥਾਂ ਲੈਣਗੇ। ਸੰਸਥਾ ਵਲੋਂ ਇਹ ਫੈਸਲਾ ਬੀਤੇ ਦਿਨੀਂ ਆਪਣੀ ਇਕ ਮੀਟਿੰਗ ਵਿਚ ਲਿਆ ਗਿਆ। ਇਸ ਦੇ ਨਾਲ ਹੀ ਸ੍ਰੀ ਜਿੰਦਰ ਬੈਨੀਪਾਲ ਨੂੰ ਮੀਡੀਆ ਇੰਚਾਰਜ ਅਤੇ ਸ੍ਰੀ ਦੀਪਾ ਬੰਦੇਸ਼ਾ ਤੇ ਸ੍ਰੀ ਚਮਨ ਲਾਲ ਨੂੰ ਖਜ਼ਾਨਚੀ ਬਣਾਇਆ ਗਿਆ ਹੈ। ਬਾਕੀ ਅਹੁਦੇਦਾਰ ਪਿਛਲੇ ਸਾਲ ਵਾਲੇ ਹੀ ਰਹਿਣਗੇ।



*ਲਾਲੀ ਰਨਵੀਰ ਸਿੰਘ ਨਿੱਝਰ*

ਇਹ ਜਾਣਕਾਰੀ ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਦਿੰਦਿਆਂ ਦੱਸਿਆ ਗਿਆ ਹੈ ਕਿ ਇਸ ਵਲੋਂ ਆਪਣਾ ਸਾਲਾਨਾ ਖੇਡ ਮੇਲਾ 2013 ਵਿਚ ਲੇਬਰ ਡੇਅ ਵੀਕਐਂਡ ਉਤੇ ਪਹਿਲੀ ਸਤੰਬਰ, ਐਤਵਾਰ ਨੂੰ ਪਿਛਲੇ ਸਾਲ ਵਾਲੇ ਥਾਂ ਯਾਨਿ ਬਸੀ ਵੁਡਜ਼, ਐਲਕ ਗਰੂਵ ਵਿਚ ਹੀ ਕਰਵਾਇਆ ਜਾਵੇਗਾ। ਪਿਛਲੇ ਸਾਲ ਦੇ ਪ੍ਰਧਾਨ ਸ੍ਰੀ ਰਛਪਾਲ ਖੰਗੂੜਾ ਨੇ ਸੰਸਥਾ ਦੇ ਸਮੂਹ ਅਹੁਦੇਦਾਰਾਂ ਅਤੇ ਖੇਡ ਪ੍ਰੇਮੀਆਂ ਵਲੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

ਨਵੇਂ ਚੁਣੇ ਗਏ ਪ੍ਰਧਾਨ ਸ੍ਰੀ ਲਾਲੀ ਨਿੱਜਰ ਨੇ ਸਮੂਹ ਸੰਸਥਾਵਾਂ ਨੂੰ ਬੇਨਤੀ ਕੀਤੀ ਹੈ ਕਿ ਭਾਈਚਾਰੇ ਲਈ ਰਲ ਕੇ ਕੰਮ ਕੀਤਾ ਜਾਵੇ, ਇਕ ਦੂਜੇ ਤੋਂ ਸਹਿਯੋਗ ਲਿਆ ਜਾਵੇ ਅਤੇ ਦਿੱਤਾ ਜਾਵੇ। ਸ੍ਰੀ ਲਾਲੀ ਨਿੱਜਰ ਨਾਲ ਸੰਪਰਕ ਫੋਨ 815-405-8073 ਰਾਹੀਂ ਕੀਤਾ ਜਾ ਸਕਦਾ ਹੈ।

## ਕੋਲੀ ਨੂੰ ਇਕ ਹੋਰ ਕੇਸ ਵਿਚ ਫਾਂਸੀ ਦੀ ਸਜ਼ਾ

**ਗਾਜ਼ੀਆਬਾਦ:** ਨਿਠਾਰੀ ਹੱਤਿਆ ਕਾਂਡ (2006) ਦੇ ਅਹਿਮ ਦੋਸ਼ੀ ਸੁਰਿੰਦਰ ਕੋਲੀ ਨੂੰ ਅਦਾਲਤ ਨੇ ਪੰਜਵੇਂ ਕੇਸ ਵਿਚ ਵੀ ਫਾਂਸੀ ਦੀ ਸਜ਼ਾ ਸੁਣਾਈ ਹੈ। ਉਸ ਨੂੰ ਪੰਜ ਸਾਲਾ ਲੜਕੀ ਨਾਲ ਬਲਾਤਕਾਰ ਕਰਕੇ ਉਸ ਦੀ ਹੱਤਿਆ ਕਰਨ ਦੇ ਕੇਸ ਵਿਚ ਦੋਸ਼ੀ ਪਾਇਆ ਗਿਆ ਹੈ। ਕੋਲੀ ਨੂੰ ਚਾਰ ਵੱਖ-ਵੱਖ ਬਲਾਤਕਾਰ ਤੇ ਹੱਤਿਆਵਾਂ ਦੇ ਕੇਸ ਵਿਚ ਪਹਿਲਾਂ ਫਰਵਰੀ 2009, ਸਤੰਬਰ 2009, ਮਈ 2010 ਤੇ ਦਸੰਬਰ 2010 ਵਿਚ ਵੀ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ। ਸੀ.ਬੀ.ਆਈ. ਨੇ ਅਜਿਹੇ 19 ਕੇਸ ਦਰਜ ਕੀਤੇ ਸਨ ਜਿਨ੍ਹਾਂ ਵਿਚੋਂ 16 ਕੇਸਾਂ ਵਿਚ ਦੋਸ਼ ਆਇਦ ਕੀਤੇ ਗਏ। ਤਿੰਨ ਕੇਸ ਸਬੂਤਾਂ ਦੀ ਘਾਟ ਕਾਰਨ ਬੰਦ ਕਰ ਦਿੱਤੇ ਗਏ ਸਨ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 5 ਜਨਵਰੀ 2013 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-45



*ਪੋਹ ਮਹੀਨਾ ਚੜ੍ਹਿਆ ਯਾਰੋ ਪਾਲੇ ਕਹਿਰ ਕਮਾਇਆ ਏ।*
*ਮਾਲਕ ਦੀ ਜੁੱਤੀ ਵਿਚ ਘੁਸ ਕੇ ਨਿੱਘ ਬੜਾ ਹੀ ਆਇਆ ਏ!*

## ਕੈਪਸ਼ਨ ਮੁਕਾਬਲਾ-43



ਸਾਂਭ ਕੇ ਰੱਖ ਆਪਣੇ ਜਜ਼ਬੇ ਨੂੰ
ਘਰ ਕੋਠੇ ਨਾ ਢਾਹਵੀਂ।
ਢਿੱਡੋਂ ਭੁੱਖੇ ਤਨ ਤੋਂ ਨੰਗੇ
ਨਾ ਬੇਘਰ ਬਣਾਵੀਂ।
ਸਭ ਦੇ ਤਨ ਮਨ ਦੇ ਗੰਦ ਧੋਂਦਾ
ਤੇਰਾ ਨਿਰਮਲ ਪਾਣੀ।
ਤਾਹੀਉਂ ਪਾਣੀ ਪਿਤਾ ਜਗਤ ਦਾ
ਅਚਰਜ ਬੜੀ ਕਹਾਣੀ।
ਤੂੰ ਪਾਵਨ ਹੈਂ, ਤੂੰ ਪਵਿੱਤਰ ਹੈਂ,
ਤੂੰ ਹੈਂ ਸਦਾ ਹੀ ਨਿਰਮਲ।
ਮੈਂ 'ਸੁਰਜੀਤ' ਕਰਾਂ ਪਈ ਦੁਆਵਾਂ
ਹੌਲੀ-ਹੌਲੀ ਚਲ।

***-ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

ਸਦੀਆਂ ਤੋਂ ਮੈਂ ਪਾਣੀ ਢੋਵਾਂ,
ਬੰਦੇ ਨੇ ਪਰ ਕਦਰ ਨਾ ਪਾਈ।
ਪਿਤਾ ਸਮਾਨ ਸੀ ਕਹਿੰਦਾ ਜਿਸ ਨੂੰ,
ਉਸ ਵਿਚ ਜ਼ਹਿਰ ਰਲਾਈ।
ਦੇਖ ਭਾਲ ਨਾ ਕੋਈ ਕਰਦਾ,
ਕਿਨਾਰੇ ਕੱਚੇ ਖੁਰ ਗਏ ਸਾਰੇ।
ਜਦ ਨਾ ਰਿਹਾ ਕੋਈ ਸਹਾਰਾ,
ਟੇਢੇ ਹੋ ਗਏ ਬਿਰਖ ਵਿਚਾਰੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

ਮੈਂ ਆਪਣੇ ਵਹਿਣੀ ਰਿੜ੍ਹਦੀ ਜਾਵਾਂ,
ਕਿਸੇ ਦੇ ਡੱਕਿਆਂ ਨਾ ਡੱਕੀ ਜਾਵਾਂ।
ਜਦ ਦਿਲ ਕਰੇ ਮੈਂ ਸ਼ਾਂਤ ਵਗਾਂ,
ਜਦ ਚੜ੍ਹ ਜਾਏ ਮਸਤੀ, ਖੌਰੂ ਪਾਵਾਂ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਚਿੱਕੜ-ਰੰਗੀ ਨਦੀ ਦੇਖ ਕੇ
ਪੁੱਛਣ ਨੂੰ ਦਿਲ ਕਰਦੈ,
'ਪਵਣੁ ਗੁਰੂ ਪਾਣੀ ਪਿਤਾ'
ਏਥੇ ਈ ਗਾਇਆ ਜਾਂਦੈ?

***-ਫਕੀਰ ਚੰਦ 'ਸੈਂਪਲਾ'***
***ਐਲ.ਏ.***

---

ਕੁਦਰਤ ਦਾ ਪੰਜਾਬ ਨੂੰ ਤੋਹਫਾ
ਮਿਲਿਆ ਹੋਇਐ ਪਾਣੀ।
ਇਹ ਵੀ ਉਸ ਤੋਂ ਲੁੱਟੀ ਜਾਂਦੇ
ਕਰ ਕਰ ਕੇ ਵੰਡ ਕਾਣੀ!
ਨਹਿਰ ਭਾਖੜੇ ਦਾ ਇਹ ਪਾਣੀ
ਐਵੇਂ ਨਹੀਂ ਏ ਗਹਿਰਾ।
ਦੱਸ ਰਿਹਾ ਏ ਹਾਕਮ ਬਾਰੇ
ਹੈ ਉਹ ਅੰਨ੍ਹਾ ਬਹਿਰਾ!

***-ਖੁਸ਼ਹਾਲ ਸਿੰਘ ਖਾਨਪੁਰੀਆ***
***ਕੈਲੀਫੋਰਨੀਆ***

---

ਧੱਕੇ ਨਾਲ ਪਾਣੀ ਛੱਡਦੇ,
ਕੀ ਰੱਖਾਂ ਲੋਕਾਂ ਦਾ ਖਿਆਲ।
ਸ਼ਹਿਰਾਂ ਦਾ ਪਾ ਗੰਦਾ ਪਾਣੀ,
ਕਰਦੇ ਮੇਰਾ ਬੁਰਾ ਹਾਲ।
ਜਦੋਂ ਮੈਂ ਪਿੰਡ ਦੇ ਪਿੰਡ ਰੋੜ੍ਹਦੀ,
ਦਿਲ ਦੁਖੇ ਮੇਰਾ ਵੀ ਜ਼ਰੂਰ।
ਮੈਂ ਬੰਦੀ ਉਸ ਸਰਕਾਰ ਦੀ,
ਮੈਨੂੰ ਮੰਨਣੀ ਪੈਂਦੀ ਜ਼ਰੂਰ।

***-ਗੋਰਾ ਪ੍ਰਜਾਪਤ***
***ਨਿਊ ਯਾਰਕ।***
***ਫੋਨ: 646-721-1964***

PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

MANTECA
1381 E. Yosemite Ave
Manteca, CA 95336
(off 99 & 120 Hwy - beside Dollar Tree store)

Call (510) 677-5200
(209) 679-8025

E-mail: indiavisa123@yahoo.com • Fax: (510) 279-7624


# ਜੌਹਨ ਕੈਰੀ ਬਣੇ ਅਮਰੀਕਾ ਦੇ ਵਿਦੇਸ਼ ਮੰਤਰੀ

**ਵਾਸ਼ਿੰਗਟਨ:** ਸੀਨੀਅਰ ਸੈਨੇਟ ਮੈਂਬਰ ਜੌਹਨ ਕੈਰੀ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕਾ ਦੇ ਅਗਲਾ ਵਿਦੇਸ਼ ਮੰਤਰੀ ਨਿਯੁਕਤ ਕੀਤਾ ਹੈ। ਸ੍ਰੀ ਕੈਰੀ ਸਬੰਧ ਸਥਾਪਤ ਕਰਨ ਦੀ ਆਪਣੀ ਮੁਹਾਰਤ ਲਈ ਵਿਸ਼ੇਸ਼ ਤੌਰ 'ਤੇ ਜਾਣੇ ਜਾਂਦੇ ਹਨ। ਸ੍ਰੀ ਓਬਾਮਾ ਨੇ ਵਾਈਟ ਹਾਊਸ ਵਿਚ ਇਸ ਬਾਰੇ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਕੈਰੀ ਦਾ ਅਮਰੀਕਾ ਦੇ ਅਗਲੇ ਵਿਦੇਸ਼ ਮੰਤਰੀ ਵਜੋਂ ਨਾਂ ਐਲਾਨ ਕਰਨ ਮੌਕੇ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ।

ਇਹ ਐਲਾਨ ਕਰਨ ਮੌਕੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਦੇ ਨਾਲ ਉਪ ਰਾਸ਼ਟਰਪਤੀ ਜੋਅ ਬਿਡੇਨ ਤੇ ਸ੍ਰੀ ਜੌਹਨ ਕੇਰੀ ਵੀ ਖੜ੍ਹੇ ਸਨ। ਵਿਦੇਸ਼ ਮੰਤਰੀ ਦੇ ਅਹੁਦੇ ਲਈ ਸ੍ਰੀ ਕੇਰੀ ਨੂੰ ਓਬਾਮਾ ਨੇ ਸਹੀ ਚੋਣ ਦੱਸਿਆ। 69 ਸਾਲਾ ਸ੍ਰੀ ਕੈਰੀ ਇਸ ਮੌਕੇ ਸੈਨੇਟ ਦੀ ਸ਼ਕਤੀਸ਼ਾਲੀ ਵਿਦੇਸ਼ੀ ਸਬੰਧਾਂ ਬਾਰੇ ਕਮੇਟੀ ਦੇ ਚੇਅਰਮੈਨ ਹਨ। ਉਹ ਵਿਦੇਸ਼ ਨੀਤੀਗਤ ਮਾਮਲਿਆਂ ਬਾਰੇ ਸ੍ਰੀ ਓਬਾਮਾ ਦੇ ਬੇਹੱਦ ਵਿਸ਼ਵਾਸਪਾਤਰਾਂ ਵਿਚੋਂ ਇਕ ਹਨ।

ਉਨ੍ਹਾਂ ਕੋਲ ਵਿਦੇਸ਼ ਨੀਤੀ ਬਾਰੇ ਕਈ ਦਹਾਕਿਆਂ ਦਾ ਤਜਰਬਾ ਹੈ ਜਿਸ ਕਰਕੇ ਅਕਸਰ ਵਿਰੋਧੀ ਰੀਪਬਲਿਕਨ ਵੀ ਉਨ੍ਹਾਂ ਦੀ ਤਾਰੀਫ਼ ਕਰਦੇ ਹਨ। ਸ੍ਰੀ ਕੇਰੀ, ਸ੍ਰੀਮਤੀ ਹਿਲੇਰੀ ਕਲਿੰਟਨ ਦੀ ਥਾਂ ਲੈਣਗੇ ਜੋ ਆਪਣੇ ਪੇਟ ਦੇ ਰੋਗ ਕਾਰਨ ਬਿਮਾਰ ਹਨ। ਸ੍ਰੀ ਕੈਰੀ ਮੈਸਾਚੂਸੈਟਸ ਤੋਂ ਸੈਨੇਟ ਮੈਂਬਰ ਹਨ ਤੇ 2004 'ਚ ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਨਾਮਜ਼ਦ ਉਮੀਦਵਾਰ ਵੀ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਸੈਨੇਟ ਤੋਂ ਵੀ ਜਲਦੀ ਹੀ ਮਾਨਤਾ ਮਿਲ ਜਾਵੇਗੀ ਕਿਉਂਕਿ ਉਨ੍ਹਾਂ ਦੇ ਆਪਣੇ ਵਿਰੋਧੀਆਂ ਰਿਪਬਲਿਕਨਾਂ ਨਾਲ ਵੀ ਗੂੜ੍ਹੇ ਸਬੰਧ ਹਨ। ਆਪਣੇ ਅਹੁਦੇ ਦੀ ਦੂਜੀ ਮਿਆਦ ਲਈ ਓਬਾਮਾ ਪ੍ਰਸ਼ਾਸਨ ਲਈ ਸ੍ਰੀ ਕੇਰੀ ਪਹਿਲੇ ਅਹੁਦੇਦਾਰ ਹਨ।


SPECIAL OFFER
4 CAMERAS WITH 4 CH DVR
LED MONITOR INCLUDED
~~$1449~~ $1349 +Tax

SPECIAL OFFER
8 CAMERAS INSTALLATION INCLUDED
LED MONITOR INCLUDED
~~$2849~~ $2349 +Tax

SPECIAL OFFER
12 CAMERAS INSTALLATION INCLUDED
LED MONITOR INCLUDED
~~$4249~~ $3749 +Tax

Vista CCTV TECHNOLOGY



COMMERCIAL GRADE PRODUCT

HIGH BRAND REPUTATION
16 YEARS HISTORY IN CCTV
TRAINED TECHNICAL STAFF
PROFESSIONAL INSTALLATION

2 Years Warranty

QUALITY & RESOLUTION BUILD BY TECHNOLOGY NOT BY THE PRICE

Buy Online : www.ezchase.com
Email : commvision@sbcglobal.net
Customer Service : 1-800-235-1319

Call Sukhpal 661-586-5080





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 3,000 Minutes
$50 • $100 Available

✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ !

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

800-914-1013 • 408-726-6103



Noble Dental Care



Shital Shah, DDS

Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign



Starting at $2,950*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



The Anu Attorney Immigration Law Firm
Law offices of Anu Peshawaria

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing



Visa: Students, Athletes, Musicians, Journalists, Nurses, Teachers, Cooks, Religious & other professionals

Woman of the year award 1991 – India
US acclaimed extraordinary ability
Awarded for outstanding community service

Anu Peshawaria
Attorney at Law

Licensed to practice Immigration & Bankruptcy in all 50 states.
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com

# ਪੁਰਾਤਨ ਬੇਰੀਆਂ ਦੀ ਸੰਭਾਲ ਲਈ ਕੁਦਰਤ ਨੂੰ ਪਹਿਲ

**ਅੰਮ੍ਰਿਤਸਰ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਮਾਹਰਾਂ ਦੀਆਂ ਸਿਫਾਰਸ਼ਾਂ ਤਹਿਤ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਸਥਾਪਤ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਤਹਿਤ ਦੁੱਖ ਭੰਜਨੀ ਬੇਰੀ ਦੇ ਆਲੇ-ਦੁਆਲੇ ਬਣਾਏ ਹੋਏ ਮਿੱਟੀ ਦੇ ਘੇਰੇ ਨੂੰ ਹੋਰ ਵੱਡਾ ਕੀਤਾ ਜਾ ਰਿਹਾ ਹੈ।ਇਨ੍ਹਾਂ ਬੇਰੀਆਂ ਨੂੰ ਲਾਖ ਦਾ ਕੀੜਾ ਲੱਗਣ

**'ਬੇਰ ਬਾਬਾ ਬੁੱਢਾ ਸਾਹਿਬ' ਪੰਜਾਬ ਦੀ ਸਭ ਤੋਂ ਪੁਰਾਤਨ ਬੇਰੀ**

ਕਾਰਨ ਤੇ ਸਾਂਭ-ਸੰਭਾਲ ਦੀ ਘਾਟ ਕਾਰਨ ਇਹ ਬੂਟੇ ਮਰ ਰਹੇ ਸਨ ਜਿਸ ਨੂੰ ਦੇਖਦੇ ਹੋਏ ਯੂਨੀਵਰਸਿਟੀ ਮਾਹਰਾਂ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਲਈ ਯਤਨ ਸ਼ੁਰੂ ਕੀਤੇ ਗਏ ਹਨ।

ਇਹ ਮਾਹਰ ਹਰ ਵਰ੍ਹੇ ਇਨ੍ਹਾਂ ਬੇਰੀਆਂ ਦੀ ਨਾ ਸਿਰਫ ਕਟਾਈ ਕਰਦੇ ਹਨ ਸਗੋਂ ਲਾਖ ਦੇ ਕੀੜੇ ਨੂੰ ਖ਼ਤਮ ਕਰਨ ਲਈ ਦਵਾਈ ਦਾ



ਛਿੜਕਾਅ ਵੀ ਕੀਤਾ ਜਾਂਦਾ ਹੈ। ਇਨ੍ਹਾਂ ਦੇ ਯਤਨਾਂ ਸਦਕਾ ਸਭ ਤੋਂ ਪੁਰਾਤਨ ਬੇਰੀ 'ਬੇਰ ਬਾਬਾ ਬੁੱਢਾ ਸਾਹਿਬ' ਨੂੰ ਮੁੜ ਤੋਂ ਫਲ ਲੱਗਣੇ ਸ਼ੁਰੂ ਹੋ ਗਏ ਹਨ। ਬੇਰ ਬਾਬਾ ਬੁੱਢਾ ਸਾਹਿਬ ਬਾਰੇ ਮਾਹਰਾਂ ਦਾ ਦਾਅਵਾ ਹੈ ਕਿ ਇਹ ਬੇਰੀ ਇਸ ਵੇਲੇ ਪੰਜਾਬ ਵਿਚ ਸਭ ਤੋਂ ਪੁਰਾਤਨ ਤੇ ਵੱਧ ਉਮਰ ਦੀ ਹੈ ਜਿਸ ਦੀ ਉਮਰ ਤਕਰੀਬਨ 450 ਸਾਲ ਹੈ।


ਇਨ੍ਹਾਂ ਮਾਹਰਾਂ ਨੇ ਪ੍ਰਬੰਧਕਾਂ ਨੂੰ ਇਸ ਵਾਰ ਸਿਫਾਰਸ਼ ਕੀਤੀ ਸੀ ਕਿ ਇਨ੍ਹਾਂ ਪੁਰਾਤਨ ਬੇਰੀਆਂ 'ਬੇਰ ਬਾਬਾ ਬੁੱਢਾ ਸਾਹਿਬ', ਦੁੱਖ ਭੰਜਨੀ ਬੇਰੀ, ਲਾਚੀ ਬੇਰੀ ਤੇ ਅੱਠ ਸੱਠ ਤੀਰਥ ਨੇੜੇ ਸਥਾਪਤ ਬੇਰੀ ਦੀ ਵਧੇਰੇ ਸਾਂਭ-ਸੰਭਾਲ ਲਈ ਇਨ੍ਹਾਂ ਦੇ ਆਲੇ-ਦੁਆਲੇ ਮਿੱਟੀ ਦਾ ਘੇਰਾ ਵਧਾਉਣ ਦੀ ਲੋੜ ਹੈ। ਇਸ ਤੋਂ ਇਲਾਵਾ ਇਨ੍ਹਾਂ ਨੂੰ ਸ਼ਰਧਾਲੂਆਂ ਵੱਲੋਂ ਕੜਾਹ ਪ੍ਰਸ਼ਾਦ ਵਾਲੇ ਲਾਏ ਜਾਂਦੇ ਹੱਥਾਂ ਤੋਂ ਬਚਾਉਣ ਤੇ ਇਨ੍ਹਾਂ ਦੇ ਨੇੜੇ ਪ੍ਰਸ਼ਾਦ ਸੁੱਟਣ ਤੋਂ ਰੋਕਣ ਦੀ ਲੋੜ ਹੈ। ਇਸ ਦੇ ਆਲੇ-ਦੁਆਲੇ ਪਹਿਲਾਂ ਬਣੇ ਮਿੱਟੀ ਦੇ ਘੇਰੇ ਦੀ ਮੁੜ ਖੁਦਾਈ ਕੀਤੀ ਗਈ ਹੈ ਤੇ ਪੱਥਰ ਆਦਿ ਬਾਹਰ ਕੱਢ ਦਿੱਤੇ ਗਏ ਹਨ। ਹੁਣ ਇਸ ਦਾ ਘੇਰਾ ਵਧਾਉਣ ਮਗਰੋਂ ਇਸਦੇ ਆਲੇ-ਦੁਆਲੇ ਕੁਝ ਉਚਾਈ ਤੱਕ ਸ਼ੀਸ਼ਾ ਲਾ ਦਿੱਤਾ ਜਾਵੇਗਾ ਤਾਂ ਜੋ ਸ਼ਰਧਾਲੂ ਪ੍ਰਸ਼ਾਦ ਵਾਲੇ ਹੱਥ ਨਾ ਲਾ ਸਕਣ ਤੇ ਨਾ ਹੀ ਪ੍ਰਸਾਦ ਆਦਿ ਇਥੇ ਸੁੱਟ ਸਕਣ।ਇਸੇ ਤਰ੍ਹਾਂ ਬੇਰ ਬਾਬਾ ਬੁੱਢਾ ਸਾਹਿਬ ਤੇ ਲਾਚੀ ਬੇਰ ਦੇ ਆਲੇ-ਦੁਆਲੇ ਦੀ ਵੀ ਸਫਾਈ ਕੀਤੀ ਜਾਵੇਗੀ ਤੇ ਸ਼ੀਸ਼ਾ ਲਾਇਆ ਜਾਵੇਗਾ। ਅੱਠ ਸੱਠ ਤੀਰਥ ਤੇ ਦੁੱਖ ਭੰਜਨੀ ਬੇਰੀ ਦੇ ਵਿਚਾਲੇ ਵਾਲੀ ਥਾਂ 'ਤੇ ਸਥਾਪਤ ਪੁਰਾਤਨ ਬੇਰੀ ਦਾ ਹੇਠਲਾ ਹਿੱਸਾ ਜੋ ਇਸ ਵੇਲੇ ਇਥੇ ਬਣੇ ਥੜ੍ਹੇ ਹੇਠ ਦੱਬਿਆ ਹੋਇਆ ਹੈ, ਨੂੰ ਵੀ ਬਾਹਰ ਕੱਢਣ ਦੀ ਯੋਜਨਾ ਹੈ।

## ਸੰਗਤਾਂ ਲਈ ਖੁੱਲ੍ਹੇਗਾ ਹਰਿਮੰਦਰ ਸਾਹਿਬ ਅੰਦਰ ਸੱਜਾ ਰਸਤਾ

**ਅੰਮ੍ਰਿਤਸਰ:** ਸ਼ਰਧਾਲੂਆਂ ਦੀ ਸਹੂਲਤ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੱਜੇ ਪਾਸੇ ਦਾ ਰਸਤਾ ਵੀ ਛੇਤੀ ਖੋਲ੍ਹਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਅਪਾਹਜ, ਬਜ਼ੁਰਗ ਤੇ ਅਹਿਮ ਸ਼ਖ਼ਸੀਅਤਾਂ ਦੇ ਦਰਸ਼ਨ ਕਰਨ ਲਈ ਵਿਸ਼ੇਸ਼ ਰਸਤਾ ਬਣਾਏ ਜਾਣ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ। ਇਸ ਰਸਤੇ ਨੂੰ ਜੰਗਲੇ ਲਾ ਕੇ ਬੰਦ ਕੀਤਾ ਗਿਆ ਹੈ। ਕਿਸੇ ਵੇਲੇ ਇਸ ਸਥਾਨ 'ਤੇ ਸ੍ਰੀ ਕੜਾਹ ਪ੍ਰਸ਼ਾਦਿ ਭੇਟ ਕਰਨ ਮੌਕੇ ਭੋਗ ਲਾਇਆ ਜਾਂਦਾ ਸੀ ਤੇ ਕੜਾਹ ਪ੍ਰਸ਼ਾਦਿ ਨੂੰ ਭੋਗ ਲਾਉਣ ਦਾ ਸਥਾਨ ਬਦਲ ਕੇ ਬਾਹਰ ਲਿਆਉਣ ਪਿਛੋਂ ਇੱਥੇ ਸ਼ਰਧਾਲੂ ਸਿਰੋਪਾਓ ਦੀ ਸੇਵਾ ਕਰਦੇ ਸਨ। ਹੁਣ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਸਿਰੋਪਾਓ ਦੇਣਾ ਬੰਦ ਕਰਕੇ 'ਪਿੰਨੀ ਪ੍ਰਸ਼ਾਦ' ਵਾਲੇ ਸਥਾਨ ਤੋਂ ਦਿੱਤੇ ਜਾਣ ਪਿੱਛੋਂ ਇਹ ਸਥਾਨ ਖ਼ਾਲੀ ਹੋ ਗਿਆ ਸੀ। ਸੰਗਤਾਂ ਦੇ ਮੱਥਾ ਟੇਕ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਚੋਂ ਬਾਹਰ ਆਉਣ ਦਾ ਇਕ ਰਸਤਾ ਹੋਣ ਕਰਕੇ ਸੱਚਖੰਡ ਅੰਦਰ ਬਹੁਤ ਭੀੜ ਹੋ ਜਾਂਦੀ ਹੈ ਤੇ ਮੱਥਾ ਟੇਕਣ ਲਈ ਵਧੇਰੇ ਸਮਾਂ ਲੱਗਦਾ ਹੈ। ਸ਼ਰਧਾਲੂਆਂ ਦੀ ਸਹੂਲਤ ਲਈ ਸੱਜੇ ਪਾਸੇ ਦੇ ਜੰਗਲੇ ਹਟਾ ਕੇ ਮੱਥਾ ਟੇਕ ਕੇ ਬਾਹਰ ਆਉਣ ਦੇ ਦੂਜੇ ਰਸਤੇ ਨੂੰ ਖੋਲ੍ਹਿਆ ਜਾ ਰਿਹਾ ਹੈ।

# ਸੱਜਣ ਕੁਮਾਰ ਦੀ ਅਪੀਲ 'ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਹੇਠਲੀ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ 1984 ਦੇ ਸਿੱਖ ਕਤਲ-ਏ-ਆਮ ਵਿਚ ਛੇ ਵਿਅਕਤੀਆਂ ਦੀ ਹੱਤਿਆ ਦੇ ਮਾਮਲੇ ਬਾਰੇ ਦੋਸ਼ ਆਇਦ ਕਰਨ ਦੇ ਹੁਕਮ ਉਪਰ ਦਿੱਲੀ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ। ਇਸ ਕਾਂਗਰਸੀ ਆਗੂ, ਸਹਿ-ਮੁਲਜ਼ਮ ਵੇਦ ਪ੍ਰਕਾਸ਼ ਉਰਫ ਵੇਦੂ ਪ੍ਰਧਾਨ ਤੇ ਬ੍ਰਹਮਾਨੰਦ ਗੁਪਤਾ ਨੇ ਹੇਠਲੀ ਅਦਾਲਤ ਵੱਲੋਂ ਛੇ ਸਿੱਖਾਂ ਦੇ ਕਤਲ ਬਾਰੇ ਦੋਸ਼ ਆਇਦ ਕਰਨ ਖਿਲਾਫ਼ ਹਾਈ ਕੋਰਟ ਵਿਚ ਪਟੀਸ਼ਨ ਪਾਈ ਹੈ।




ਜਸਟਿਸ ਸੁਰੇਸ਼ ਕੈਤ ਨੇ ਸ਼ਿਕਾਇਤਕਰਤਾ ਸ਼ੀਲਾ ਕੌਰ ਦੇ ਵਕੀਲ ਐਚ.ਐਸ. ਫੂਲਕਾ ਤੇ ਮੁਲਜ਼ਮਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਕਿਹਾ ਕਿ ਇਹ ਫੈਸਲਾ ਲਿਆ। ਸ਼ਿਕਾਇਤਕਰਤਾ ਸ਼ੀਲਾ ਕੌਰ ਨੇ ਹਾਈ ਕੋਰਟ ਵਿਚ ਇਕ ਹੋਰ ਅਪੀਲ ਪਾ ਕੇ ਸੱਜਣ ਕੁਮਾਰ ਤੇ ਚਾਰ ਹੋਰ ਮੁਲਜ਼ਮਾਂ ਖਿਲਾਫ਼ ਅਪਰਾਧਕ ਸਾਜ਼ਿਸ਼ ਦੀ ਧਾਰਾ ਜੋੜਨ ਦੀ ਮੰਗ ਵੀ ਕੀਤੀ ਹੈ। ਸੁਣਵਾਈ ਦੌਰਾਨ ਸ. ਫੂਲਕਾ ਨੇ ਕਿਹਾ ਕਿ ਸ਼ਿਕਾਇਤਕਰਤਾ ਤੇ ਹੋਰਾਂ ਗਵਾਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ ਹੈ।

ਜੁਲਾਈ 2010 ਵਿਚ ਹੇਠਲੀ ਅਦਾਲਤ ਨੇ ਦਿੱਲੀ ਦੇ ਸੁਲਤਾਨਪੁਰੀ ਵਿਖੇ ਚੁਰਾਸੀ ਸਿੱਖ ਕਤਲ-ਏ-ਆਮ ਦੌਰਾਨ ਛੇ ਸਿੱਖਾਂ ਦੀ ਹੱਤਿਆ ਬਾਰੇ ਸੱਜਣ ਕੁਮਾਰ, ਬ੍ਰਹਮਾਨੰਦ, ਪੀਰੂ, ਖ਼ੁਸ਼ਹਾਲ ਸਿੰਘ ਤੇ ਵੇਦ ਪ੍ਰਕਾਸ਼ ਖਿਲਾਫ਼ ਦੋਸ਼ ਆਇਦ ਕੀਤੇ ਸਨ। ਇਨ੍ਹਾਂ 'ਤੇ ਕਤਲ ਤੇ ਦੰਗਿਆਂ ਦੇ ਨਾਲ-ਨਾਲ ਦੋ ਫਿਰਕਿਆਂ ਵਿਚ ਨਫ਼ਰਤ ਫੈਲਾਉਣ ਦੇ ਦੋਸ਼ ਲਾਏ ਸਨ।

# ਨਈਅਰ ਨੇ ਨਹੀਂ ਹਟਾਈਆਂ ਇਤਰਾਜ਼ਯੋਗ ਟਿੱਪਣੀਆਂ

**ਅੰਮ੍ਰਿਤਸਰ:** ਕੁਝ ਸਿੱਖ ਜਥੇਬੰਦੀਆਂ ਦੇ ਰੋਸ ਪਿੱਛੋਂ ਉੱਘੇ ਪੱਤਰਕਾਰ ਤੇ ਲੇਖਕ ਕੁਲਦੀਪ ਨਈਅਰ ਦੀ ਸਵੈ-ਜੀਵਨੀ ਬਾਰੇ ਪੁਸਤਕ 'ਬੀਓਂਡ ਦਾ ਲਾਈਨ' ਦੇ ਨਵੇਂ ਆਏ ਤੀਜੇ ਐਡੀਸ਼ਨ ਵਿਚੋਂ ਦਲ ਖਾਲਸਾ ਤੇ ਭਾਈ ਅਮਰੀਕ ਸਿੰਘ ਬਾਰੇ ਇਤਰਾਜ਼ਯੋਗ ਟਿੱਪਣੀਆਂ ਹਟਾ ਦਿੱਤੀਆਂ ਗਈਆਂ ਹਨ ਪਰ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਮਰਹੂਮ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਬਾਰੇ ਟਿੱਪਣੀਆਂ ਅਜੇ ਵੀ ਮੌਜੂਦ ਹਨ। ਸ੍ਰੀ ਨਈਅਰ ਦੀ ਇਹ ਪੁਸਤਕ ਇਸੇ ਵਰ੍ਹੇ ਜੁਲਾਈ ਵਿਚ ਮਾਰਕੀਟ ਵਿਚ ਆਈ ਸੀ ਤੇ ਇਸ ਵਿਚ ਦਲ ਖਾਲਸਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਬਾਰੇ ਦਰਜ ਟਿੱਪਣੀਆਂ ਕਾਰਨ ਸਿੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਗਟਾਇਆ ਗਿਆ ਸੀ। ਪੁਸਤਕ ਦੇ ਪਹਿਲੇ ਸੰਸਕਰਣ ਵਿਚ ਦਲ ਖਾਲਸਾ ਨੂੰ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ




ਸਿੰਘ ਦਾ ਅਸ਼ੀਰਵਾਦ ਪ੍ਰਾਪਤ ਜਥੇਬੰਦੀ ਤੇ ਫੈਡਰੇਸ਼ਨ ਆਗੂ ਭਾਈ ਅਮਰੀਕ ਸਿੰਘ ਜੋ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋ ਗਏ ਸਨ, ਨੂੰ ਖੁਫੀਆ ਏਜੰਸੀ ਆਈ.ਬੀ. ਦਾ ਏਜੰਟ ਦੱਸਿਆ ਗਿਆ ਸੀ। ਇਸੇ ਤਰ੍ਹਾਂ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਕਾਂਗਰਸ ਦੀ ਦੇਣ ਦੱਸਿਆ ਗਿਆ ਸੀ।

ਇਸ ਮਾਮਲੇ 'ਤੇ ਕਈ ਸਿੱਖ ਜਥੇਬੰਦੀਆਂ ਨੇ ਰੋਸ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਨਈਅਰ ਨੂੰ ਦਿੱਤਾ ਪੁਰਸਕਾਰ ਵਾਪਸ ਲੈਣ ਲਈ ਆਖਿਆ ਸੀ। ਦਲ ਖਾਲਸਾ ਨੇ ਸ੍ਰੀ ਨਈਅਰ ਵੱਲੋਂ ਲਾਏ ਗਏ ਦੋਸ਼ਾਂ ਨੂੰ ਰੱਦ ਕਰਦਿਆਂ ਮੰਗ ਕੀਤੀ ਸੀ ਕਿ ਉਹ ਬਿਨਾਂ ਸ਼ਰਤ ਮੁਆਫ਼ੀ ਮੰਗ ਕੇ ਪੁਸਤਕ ਵਿਚ ਦਰਜ ਇਤਰਾਜ਼ਯੋਗ ਟਿੱਪਣੀਆਂ ਹਟਾਉਣ ਜਾਂ ਆਪਣੇ ਲੇਖ ਬਾਰੇ ਸਬੂਤ ਪੇਸ਼ ਕਰਨ।

ਪੁਸਤਕ ਦੇ ਤੀਜੇ ਐਡੀਸ਼ਨ ਵਿਚ ਦਲ ਖਾਲਸਾ ਤੇ ਅਮਰੀਕ ਸਿੰਘ ਬਾਰੇ ਇਤਰਾਜ਼ਯੋਗ ਟਿੱਪਣੀਆਂ ਤਾਂ ਹਟਾ ਦਿੱਤੀਆਂ ਹਨ ਪਰ ਸੰਤ ਭਿੰਡਰਾਂਵਾਲੇ ਬਾਰੇ ਟਿੱਪਣੀਆਂ ਦਰਜ ਹਨ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਤਰਾਜ਼ਯੋਗ ਟਿੱਪਣੀਆਂ ਵਿਚੋਂ ਅੱਧਾ ਹਿੱਸਾ ਹਾਲੇ ਵੀ ਮੌਜੂਦ ਹੈ ਜਿਸ ਕਾਰਨ ਦਮਦਮੀ ਟਕਸਾਲ ਤੇ ਸੰਤ ਭਿੰਡਰਾਂਵਾਲਿਆਂ ਦੀ ਸਾਖ ਨੂੰ ਢਾਅ ਲੱਗੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਮੁੜ ਦਬਾਅ ਬਣਾਇਆ ਜਾਵੇਗਾ।

# ਦਿੱਲੀ ਕਮੇਟੀ ਕਰਵਾਏਗੀ ਲਾਹੌਰ 'ਚ ਕਾਰ ਸੇਵਾ

**ਅੰਮ੍ਰਿਤਸਰ:** ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਦੀ ਇਮਾਰਤ ਦੇ ਨਵੀਨੀਕਰਨ ਦੀ ਕਾਰ ਸੇਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ ਹੈ ਤੇ ਇਹ ਕਾਰ ਸੇਵਾ ਆਗਾਮੀ ਜਨਵਰੀ ਮਹੀਨੇ ਵਿਚ ਆਰੰਭ ਹੋ ਜਾਵੇਗੀ। ਪਾਕਿਸਤਾਨ ਦੌਰੇ ਤੋਂ ਵਤਨ ਪਰਤੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪਾਕਿ ਔਕਾਫ ਬੋਰਡ ਦੇ ਸਰਾਵਾਂ ਬਾਰੇ ਡਿਪਟੀ ਸਕੱਤਰ ਸਈਅਦ ਫਰਾਜ਼ ਅੱਬਾਸ ਵੱਲੋਂ ਜਾਰੀ ਪੱਤਰ ਦਿਖਾਉਂਦਿਆਂ ਦੱਸਿਆ ਕਿ ਬੋਰਡ ਦੇ ਚੇਅਰਮੈਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਇਮਾਰਤ ਦੀ ਕਾਰ ਸੇਵਾ ਦਿੱਲੀ ਕਮੇਟੀ ਨੂੰ ਸੌਂਪੀ ਹੈ।



ਇਸ ਤੋਂ ਇਲਾਵਾ ਸਿਆਲਕੋਟ ਸਥਿਤ ਗੁਰਦੁਆਰਾ ਬਾਬੇ ਦੀ ਬੇਰੀ ਦੀ ਇਮਾਰਤ ਦੀ ਉਸਾਰੀ ਤੇ ਨਵੀਨੀਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਗੁਰਦੁਆਰਾ ਡੇਹਰਾ ਸਾਹਿਬ ਦੀ ਇਮਾਰਤ ਦੀ ਪਹਿਲੀ ਉਸਾਰੀ ਵੰਡ ਤੋਂ 20-25 ਸਾਲ ਪਹਿਲਾਂ ਦੀ ਹੈ ਤੇ ਹੁਣ ਇਹ ਇਮਾਰਤ ਨੂੰ ਮੁਰੰਮਤ ਦੀ ਲੋੜ ਹੈ। ਇਸ ਬਾਰੇ ਪਾਕਿਸਤਾਨ ਸਰਕਾਰ ਤੇ ਬੋਰਡ ਨਾਲ ਗੱਲਬਾਤ ਹੋਈ ਸੀ ਜਿਸ ਦੇ ਆਧਾਰ 'ਤੇ ਉਨ੍ਹਾਂ ਇਸ ਇਤਿਹਾਸਕ ਗੁਰਦੁਆਰੇ ਦੀ ਕਾਰ ਸੇਵਾ ਦਿੱਲੀ ਕਮੇਟੀ ਨੂੰ ਸੌਂਪੀ ਹੈ। ਇਹ ਕਾਰ ਸੇਵਾ ਬਾਬਾ ਜਗਤਾਰ ਸਿੰਘ ਦੇ ਜਥੇ ਕੋਲੋਂ ਕਰਵਾਈ ਜਾਵੇਗੀ ਇਸ ਤੋਂ ਪਹਿਲਾਂ ਵੀ ਦਿੱਲੀ ਕਮੇਟੀ ਵੱਲੋਂ ਲਾਹੌਰ ਦੀ ਚੂਨਾ ਮੰਡੀ ਸਥਿਤ ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਅਸਥਾਨ, ਗੁਰਦੁਆਰਾ ਤੰਬੂ ਸਾਹਿਬ ਦੀ ਸਰਾਂ ਤੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸਰੋਵਰ ਦੀ ਸੇਵਾ ਕਰਵਾਈ ਜਾ ਚੁੱਕੀ ਹੈ।

ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਭ੍ਰਿਸ਼ਟਾਚਾਰ ਦੇ ਲਾਏ ਜਾ ਰਹੇ ਦੋਸ਼ਾਂ ਬਾਰੇ ਉਨ੍ਹਾਂ ਆਖਿਆ ਕਿ ਦੋਸ਼ ਲਾਉਣ ਵਾਲੇ ਇਹ ਸਾਬਤ ਕਰਨ। ਜੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆ ਕੇ ਭ੍ਰਿਸ਼ਟਾਚਾਰ ਦੇ ਦੋਸ਼ ਸਾਬਤ ਕਰ ਦਿੰਦੇ ਹਨ ਤਾਂ ਉਹ ਅਸਤੀਫ਼ਾ ਦੇ ਦੇਣਗੇ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਧੱਕੇਸ਼ਾਹੀ ਨਹੀਂ ਚੱਲਣ ਦੇਣਗੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪ੍ਰਸਤਾਵਿਤ ਸੋਧ ਦੇ ਕੀਤੇ ਜਾ ਰਹੇ ਵਿਰੋਧ ਬਾਰੇ ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਇਕ ਪਾਸੇ ਰਾਜਾਂ ਨੂੰ ਵਧੇਰੇ ਹੱਕਾਂ ਦੀ ਮੰਗ ਕਰਦਾ ਹੈ ਤੇ ਦੂਜੇ ਪਾਸੇ ਆਪ ਵਧੇਰੇ ਹੱਕ ਦੇਣ ਦਾ ਵਿਰੋਧੀ ਹੈ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਦਾ ਸੰਵਿਧਾਨ ਵੱਖਰਾ ਹੈ ਜਿਸ ਤਹਿਤ ਸਹਿਜਧਾਰੀਆਂ ਤੇ ਪਤਿਤ ਸਿੱਖਾਂ ਨੂੰ ਵੋਟਾਂ ਪਾਉਣ ਦਾ ਹੱਕ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਕਾਂਗਰਸ ਨਾਲ ਸਾਂਝ ਦੇ ਲਾਏ ਜਾਂਦੇ ਦੋਸ਼ਾਂ ਬਾਰੇ ਸ. ਸਰਨਾ ਨੇ ਆਖਿਆ ਕਿ ਉਨ੍ਹਾਂ ਦੀ ਸਾਂਝ ਕਾਂਗਰਸ ਨਾਲ ਨਹੀਂ ਸਗੋਂ ਦਿੱਲੀ ਦੀ ਮੁੱਖ ਮੰਤਰੀ ਨਾਲ ਹੈ। ਇਸ ਅਹੁਦੇ 'ਤੇ ਜੋ ਵੀ ਵਿਅਕਤੀ ਹੋਵੇਗਾ, ਉਹ ਉਸ ਨਾਲ ਜ਼ਰੂਰ ਸਾਂਝ ਰੱਖਣਗੇ।

# ਨਾਨਕਸ਼ਾਹੀ ਕੈਲੰਡਰ ਬਾਰੇ ਮੁੜ ਵਿਚਾਰ 'ਤੇ ਜ਼ੋਰ


**ਚੰਡੀਗੜ੍ਹ:** ਤਕਰੀਬਨ ਦੋ ਸਾਲ ਪਹਿਲਾਂ 2010 ਵਿਚ ਬਦਲਿਆ ਕੈਲੰਡਰ ਸਿੱਖ ਸੰਗਤਾਂ ਲਈ ਦੁਚਿੱਤੀ ਦਾ ਵੱਡਾ ਕਾਰਨ ਬਣ ਰਿਹਾ ਹੈ ਜਿਸ ਨੂੰ ਲੈ ਕੇ ਸਿੱਖ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਨੂੰ ਕੈਲੰਡਰ ਮੁੱਦੇ 'ਤੇ ਮੁੜ ਵਿਚਾਰ ਤੇ ਪੱਕੀਆਂ ਤਾਰੀਖਾਂ ਦਾ ਐਲਾਨ ਕਰਨ ਦੀ ਮੰਗ ਉਠਾਈ ਜਾ ਰਹੀ ਹੈ। 2003 ਵਿਚ ਸ੍ਰੀ ਅਕਾਲ ਤਖ਼ਤ ਤੇ ਸੰਸਾਰ ਭਰ ਦੇ ਸਿੱਖਾਂ ਵੱਲੋਂ ਪ੍ਰਵਾਨ ਕੀਤੇ ਜਾ ਚੁੱਕੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਗੁਰਪੁਰਬ ਪੱਕੀਆਂ ਤਾਰੀਖਾਂ 'ਤੇ ਆਉਂਦੇ ਸਨ ਜਦਕਿ ਹੁਣ ਬਿਕਰਮੀ ਕੈਲੰਡਰ ਦੇ ਪ੍ਰਭਾਵ ਤਹਿਤ ਕੀਤੀਆਂ ਤਬਦੀਲੀਆਂ ਕਾਰਨ ਗੁਰਪੁਰਬ ਬਦਲਵੀਆਂ ਤਾਰੀਖਾਂ ਨੂੰ ਆਉਂਦੇ ਹਨ। ਇਸ ਕਾਰਨ ਸਿੱਖ ਨਾ ਤਾਂ ਖੁਸ਼ ਹਨ ਤੇ ਨਾ ਹੀ ਸੋਧੇ ਹੋਏ ਕੈਲੰਡਰ ਨਾਲ ਸਹਿਮਤ ਹਨ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਭਾਈ ਹਰਦੀਪ ਸਿੰਘ ਤੇ ਹੋਰ ਸਿੱਖ ਸੰਸਥਾਵਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਹਿੰਦੂ ਬਿਕਰਮੀ ਕੈਲੰਡਰ ਤੇ ਰਾਸ਼ੀਆਂ ਦੇ ਪ੍ਰਭਾਵ ਤੋਂ ਮੁਕਤ ਸਿੱਖਾਂ ਦਾ ਵੱਖਰਾ ਕੈਲੰਡਰ ਹੋਣਾ ਚਾਹੀਦਾ ਹੈ। ਈਸਾਈਆਂ ਦਾ ਅੰਗਰੇਜ਼ੀ ਕੈਲੰਡਰ, ਹਿੰਦੂਆਂ ਦਾ ਬਿਕਰਮੀ




ਕੈਲੰਡਰ ਤੇ ਮੁਸਲਮਾਨਾਂ ਦਾ ਹਿਜਰੀ ਕੈਲੰਡਰ ਵੱਖੋ-ਵੱਖਰਾ ਹੈ। ਸਿੱਖ ਸੰਗਤ ਦਾ ਕਹਿਣਾ ਹੈ ਕਿ ਬਿਕਰਮੀ ਕੈਲੰਡਰ ਮੁਤਾਬਕ ਮਹੀਨਾ ਆਰੰਭ ਹੋਣ ਦੀਆਂ ਤਾਰੀਖਾਂ ਬਦਲਦੀਆਂ ਰਹਿੰਦੀਆਂ ਹਨ ਜੋ ਭੁਲੇਖੇ ਦਾ ਵੱਡਾ ਕਾਰਨ ਹੈ। ਤਾਰੀਖਾਂ ਦੀ ਤਬਦੀਲੀ ਕੌਮ ਵਿਚ ਦੁਵਿਧਾ ਪੈਦਾ ਕਰਦੀ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 18 ਜਨਵਰੀ ਨੂੰ ਮਨਾਇਆ ਜਾਵੇਗਾ ਪਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਤੈਅ ਤਾਰੀਖ ਪੰਜ ਜਨਵਰੀ ਨੂੰ ਪ੍ਰਕਾਸ਼ ਪੁਰਬ ਬਾਰੇ ਕੇਂਦਰੀ ਸਮਾਗਮ ਕੀਤੇ ਜਾਣਗੇ ਤੇ ਸੰਗਤ ਨੂੰ ਜਾਗਰੂਕ ਕੀਤਾ ਜਾਵੇਗਾ। ਬਦਲੇ ਗਏ ਕੈਲੰਡਰ ਨੂੰ ਨਾ ਤਾਂ ਸਾਰੇ ਜਥੇਦਾਰਾਂ ਨੇ ਮੰਨਿਆ, ਨਾ ਹੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਸਰਬ ਪ੍ਰਵਾਨਤ ਹੋ ਸਕਿਆ ਹੈ ਤੇ ਨਾ ਹੀ ਸੰਸਾਰ ਭਰ ਦੀਆਂ ਸਿੱਖ ਜਥੇਬੰਦੀਆਂ ਨੂੰ ਪ੍ਰਵਾਨ ਹੋਇਆ ਹੈ। ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀਆਂ ਸਮੇਂ ਸ਼੍ਰੋਮਣੀ ਕਮੇਟੀ ਨੇ ਦਲੀਲ ਦਿੱਤੀ ਸੀ ਕਿ ਇਹ ਤਬਦੀਲੀਆਂ ਕੌਮ ਵਿਚ ਇਕਸਾਰਤਾ ਕਰਨ ਲਈ ਕੀਤੀਆਂ ਜਾ ਰਹੀਆਂ ਹਨ ਪਰ ਵਖਰੇਵਾਂ ਘਟਣ ਦੀ ਥਾਂ ਵਧਿਆ ਹੈ।

# ਮੋਦੀ ਨੇ ਗੁਜਰਾਤ ਦੀ ਤੀਜੀ ਵਾਰ ਸੰਭਾਲੀ ਕਮਾਨ

**ਨਵੀਂ ਦਿੱਲੀ:** ਗੁਜਰਾਤ ਵਿਚ ਚੰਗਾ ਪ੍ਰਦਰਸ਼ਨ ਜਾਰੀ ਰੱਖਦਿਆਂ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਲਗਾਤਾਰ ਤੀਜੀ ਵਾਰ ਸੱਤਾ 'ਤੇ ਕਾਬਜ਼ ਹੋ ਗਈ ਹੈ। ਗੁਜਰਾਤ ਵਿਚ ਕੁਲ 182 ਸੀਟਾਂ ਵਿਚੋਂ ਭਾਜਪਾ ਨੂੰ 115 ਤੇ ਕਾਂਗਰਸ ਨੂੰ 61 ਸੀਟਾਂ ਮਿਲੀਆਂ। 2007 ਦੀਆਂ



*ਨਰਿੰਦਰ ਮੋਦੀ*

ਚੋਣਾਂ ਦੇ ਮੁਕਾਬਲੇ ਭਾਜਪਾ ਨੂੰ ਦੋ ਸੀਟਾਂ ਦਾ ਨੁਕਸਾਨ ਤੇ ਕਾਂਗਰਸ ਨੂੰ ਦੋ ਸੀਟਾਂ ਦਾ ਲਾਭ ਹੋਇਆ ਹੈ। ਐਨ.ਸੀ.ਪੀ. ਨੂੰ ਦੋ ਤੇ ਜਨਤਾ ਦਲ (ਯੂ) ਨੂੰ ਇਕ ਜਦਕਿ ਕੇਸ਼ੂਭਾਈ ਪਟੇਲ ਦੀ ਗੁਜਰਾਤ ਪਰਿਵਰਤਨ ਪਾਰਟੀ (ਜੀ.ਪੀ.ਪੀ.) ਨੂੰ ਤਿੰਨ ਸੀਟਾਂ 'ਤੇ ਸਬਰ ਕਰਨਾ ਪਿਆ।

ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਝੰਡਾ ਗੱਡਣ ਵਾਲੇ ਤੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਸੰਭਾਵੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਪਾਰਟੀ ਮੁੜ ਛਾ ਗਈ। ਸ੍ਰੀ ਮੋਦੀ ਨੇ ਆਪਣੇ ਹਲਕੇ ਮਨੀਨਗਰ ਵਿਚ ਕਾਂਗਰਸੀ ਉਮੀਦਵਾਰ ਸ਼ਵੇਤਾ ਭੱਟ ਨੂੰ 86,373 ਵੋਟਾਂ ਨਾਲ ਹਰਾਇਆ। 62 ਸਾਲਾ ਇਸ ਆਗੂ ਨੇ ਆਪਣੀ ਜਿੱਤ ਛੇ ਕਰੋੜ ਗੁਜਰਾਤੀਆਂ ਤੇ ਦੇਸ਼ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਸਮਰਪਿਤ ਕੀਤੀ ਜੋ ਉਨ੍ਹਾਂ ਦੇ ਚੰਗੇ ਪ੍ਰਸ਼ਾਸਨ ਤੇ ਵਿਕਾਸ ਦੀ ਪ੍ਰਸ਼ੰਸਾ ਕਰਦੇ ਹਨ।

2002 ਦੇ ਗੋਧਰਾ ਕਾਂਡ ਮਗਰੋਂ ਹੋਏ ਦੰਗਿਆਂ ਲਈ ਮੁਆਫੀ ਮੰਗਣ ਤੋਂ ਇਨਕਾਰ ਕਰਨ ਵਾਲੇ ਮੁੱਖ ਮੰਤਰੀ ਨੇ ਜਿੱਤ ਮਗਰੋਂ ਕਿਹਾ ਕਿ ਜੇਕਰ ਉਨ੍ਹਾਂ ਤੋਂ ਕੋਈ ਗਲਤੀ ਹੋਈ ਹੋਵੇ ਤਾਂ ਇਸ ਲਈ ਉਹ ਪ੍ਰਦੇਸ਼ ਦੇ ਛੇ ਕਰੋੜ ਗੁਜਰਾਤੀਆਂ ਤੋਂ ਮੁਆਫੀ ਮੰਗਦੇ ਹਨ। ਜਿੱਤ ਮਗਰੋਂ 45 ਮਿੰਟ ਤੱਕ ਦਿੱਤੇ ਭਾਸ਼ਨ ਵਿਚ ਉਨ੍ਹਾਂ ਆਪਣੇ ਸਮਰਥਕਾਂ ਨੂੰ ਕਿਹਾ ਕਿ ਗਲਤੀ ਨਾਲ ਵੀ ਭਵਿੱਖ ਵਿਚ ਕੋਈ ਗਲਤੀ ਨਹੀਂ ਹੋਵੇਗੀ। ਉਨ੍ਹਾਂ ਭਵਿੱਖ ਦੀ ਰਾਜਨੀਤਕ ਯੋਜਨਾ ਬਾਰੇ ਕੋਈ ਸੰਕੇਤ ਨਹੀਂ ਦਿੱਤਾ।

## *ਹਿਮਾਚਲ ਵਿਚ ਕਾਂਗਰਸ ਦੀ ਵਾਪਸੀ*

ਉਧਰ, ਸੀਨੀਅਰ ਆਗੂ ਵੀਰਭੱਦਰ ਸਿੰਘ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਬਾਵਜੂਦ ਸੱਤਾ ਵਿਰੋਧੀ ਲਹਿਰ 'ਤੇ ਸਵਾਰ ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ 68 ਸੀਟਾਂ ਵਿਚੋਂ 36 'ਤੇ ਜਿੱਤ ਪ੍ਰਾਪਤ ਕਰਕੇ ਭਾਜਪਾ ਤੋਂ ਸੱਤਾ ਖੋਹ ਲਈ। ਹਿਮਾਚਲ ਪ੍ਰਦੇਸ਼ ਵਿਚ ਜ਼ਬਰਦਸਤ ਟੱਕਰ ਹੋਣ ਦੀਆਂ ਕਿਆਸਅਰਾਈਆਂ ਨੂੰ ਗਲਤ ਸਾਬਤ ਕਰਦਿਆਂ ਕਾਂਗਰਸ ਨੇ ਰਾਜ ਦੀਆਂ 68 ਸੀਟਾਂ ਵਿਚੋਂ 36 'ਤੇ ਜਿੱਤ ਦਰਜ ਕਰਕੇ ਬਹੁਮਤ ਹਾਸਲ ਕਰ ਲਿਆ। ਇਸ ਦੇ ਨਾਲ ਹੀ ਰਾਜ ਦਾ 1977 ਮਗਰੋਂ ਹੁਣ ਤੱਕ ਕਿਸੇ ਵੀ ਪਾਰਟੀ ਵੱਲੋਂ ਲਗਾਤਾਰ ਦੂਜੀ ਵਾਰ ਸਰਕਾਰ ਨਾ ਬਣ ਸਕਣ ਦਾ ਰਿਕਾਰਡ ਬਰਕਰਾਰ ਰਿਹਾ।

ਸੱਤਾਧਾਰੀ ਭਾਜਪਾ ਨੂੰ ਇਸ ਵਾਰ 26 ਸੀਟਾਂ ਮਿਲੀਆਂ ਜਦਕਿ ਹਿਮਾਚਲ ਲੋਕਹਿਤ ਪਾਰਟੀ ਨੇ ਇਕ ਤੇ ਆਜ਼ਾਦ ਦੇ ਖਾਤੇ ਵਿਚ ਪੰਜ ਸੀਟਾਂ ਗਈਆਂ ਹਨ। ਇਨ੍ਹਾਂ ਵਿਚੋਂ ਬਹੁਤੇ ਕਾਂਗਰਸ ਤੇ ਭਾਜਪਾ ਦੇ ਬਾਗੀ ਹਨ। ਉਂਜ ਕਾਂਗਰਸ ਪਿਛਲੀਆਂ ਚੋਣਾਂ ਵਿਚ ਉਸ ਨੂੰ ਬੇਦਖਲ ਕਰਨ ਵਾਲੀ ਭਾਜਪਾ ਦੇ ਰਿਕਾਰਡ ਦੀ ਬਰਾਬਰੀ ਨਹੀਂ ਕਰ ਸਕੀ। 2007 ਦੀਆਂ ਚੋਣਾਂ ਵਿਚ ਭਾਜਪਾ ਨੂੰ 41 ਤੇ ਕਾਂਗਰਸ ਨੂੰ 23 ਸੀਟਾਂ ਮਿਲੀਆਂ ਸਨ। ਰਾਜ ਵਿਚ ਕਿਸੇ ਪਾਰਟੀ ਜਾਂ ਗਠਜੋੜ ਨੂੰ ਸਰਕਾਰ ਬਣਾਉਣ ਲਈ 35 ਸੀਟਾਂ ਦੀ ਲੋੜ ਹੈ।

ਪੰਜ ਵਾਰ ਹਿਮਾਚਲ ਦੇ ਮੁੱਖ ਮੰਤਰੀ ਰਹੇ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ 78 ਸਾਲਾ ਵੀਰਭੱਦਰ ਸਿੰਘ ਸ਼ਿਮਲਾ (ਦੇਹਾਤੀ) ਸੀਟ 'ਤੇ ਆਪਣੇ ਨੇੜਲੇ ਵਿਰੋਧੀ ਭਾਜਪਾ ਦੇ ਈਸ਼ਵਰ ਰੋਹਨ ਨੂੰ 20 ਹਜ਼ਾਰ ਵੋਟਾਂ ਨਾਲ ਹਰਾ ਕੇ ਜਿੱਤ ਗਏ ਹਨ। ਚੋਣ ਨਤੀਜੇ ਤੋਂ ਸਾਫ ਹੈ ਕਿ ਉਨ੍ਹਾਂ 'ਤੇ ਸੀਡੀ ਕਾਂਡ ਦਾ ਕੋਈ ਅਸਰ ਨਹੀਂ ਹੋਇਆ ਜਿਸ ਕਾਰਨ ਉਨ੍ਹਾਂ ਨੂੰ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇਣਾ ਪਿਆ ਸੀ।

## *ਮੋਦੀ ਨੇ ਨਵੇਂ ਦਫ਼ਤਰ 'ਤੇ ਡੇਢ ਸੌ ਕਰੋੜ ਖਰਚਿਆ*

**ਅਹਿਮਦਾਬਾਦ:** ਗੁਜਰਾਤ ਵਿਚ ਹੈਟ੍ਰਿਕ ਲਾਉਣ ਵਾਲੇ ਨਰਿੰਦਰ ਮੋਦੀ ਨੇ ਆਪਣੇ ਲਈ ਰਾਜਧਾਨੀ ਗਾਂਧੀਨਗਰ ਵਿਚ ਨਵਾਂ ਦਫ਼ਤਰ ਬਣਾਇਆ ਹੈ ਜਿਸ 'ਤੇ ਕਰੀਬ 150 ਕਰੋੜ ਰੁਪਏ ਖਰਚੇ ਗਏ ਹਨ।

ਇਸ ਦਫ਼ਤਰ ਨੂੰ 'ਪੰਚਮੂਰਤੀ' ਦਾ ਨਾਂ ਦਿੱਤਾ ਗਿਆ ਹੈ। ਇਹ ਚਾਰ ਮੰਜ਼ਲਾ ਦਫ਼ਤਰ 35 ਹਜ਼ਾਰ ਵਰਗ ਫੁੱਟ ਵਿਚ ਫੈਲਿਆ ਹੈ। ਇਸ ਦਾ ਡਿਜ਼ਾਈਨ ਅਹਿਮਦਾਬਾਦ ਦੇ ਇਕ ਆਰਕੀਟੈਕਟ ਨੇ ਤਿਆਰ ਕੀਤਾ। ਇਸ ਆਰਕੀਟੈਕਟ ਨੇ ਹੀ ਹਾਈ ਕੋਰਟ, ਅਮਲ ਡੇਅਰੀ ਸਮੇਤ ਕਾਰਪੋਰੇਟ ਦਫ਼ਤਰਾਂ ਨੂੰ ਡਿਜ਼ਾਈਨ ਕੀਤਾ ਸੀ। ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਦਫ਼ਤਰ ਦੇ ਦਰਵਾਜ਼ਿਆਂ ਤੇ ਖਿੜਕੀਆਂ ਵਿਚ ਬੁਲਟ ਪਰੂਫ ਸ਼ੀਸ਼ਿਆਂ ਦਾ ਇਸਤੇਮਾਲ ਕੀਤਾ ਗਿਆ ਹੈ। ਪੂਰੀ ਤਰ੍ਹਾਂ ਏ.ਸੀ. ਵਾਲੇ ਇਸ ਦਫ਼ਤਰ ਵਿਚ ਇਕ ਪਾਸੇ ਕਮਰਾ ਬਣਾਇਆ ਗਿਆ ਹੈ ਜਿਸ ਵਿਚ ਕੈਬਨਿਟ ਦੀਆਂ ਬੈਠਕਾਂ ਹੋਣਗੀਆਂ। ਇਸ ਕਮਰੇ ਵਿਚ ਸੀ.ਸੀ.ਟੀ.ਵੀ. ਕੈਮਰੇ ਲਾਏ ਗਏ ਹਨ। ਮੋਦੀ ਦਾ ਦਫ਼ਤਰ ਸਿੱਧਾ ਵਿਧਾਨ ਸਭਾ ਦੀ ਪਹਿਲੀ ਮੰਜ਼ਲ ਨਾਲ ਜੁੜਿਆ ਹੋਵੇਗਾ।

# ਕੈਨੇਡਾ ਨੇ ਹੁਨਰਮੰਦ ਕਾਮਿਆਂ ਲਈ ਦਰ ਖੋਲ੍ਹੇ

**ਟਰਾਂਟੋ:** ਕੈਨੇਡਾ ਦੇ ਆਵਾਸ ਮਹਿਕਮੇ ਨੇ ਨਵੇਂ ਕੇਂਦਰੀ ਨਿਪੁੰਨ ਕਾਮਾ ਪ੍ਰੋਗਰਾਮ ਨੂੰ ਮੁੜ ਖੋਲ੍ਹਣ ਦਾ ਐਲਾਨ ਕੀਤਾ ਹੈ। ਮੁਲਕ ਦੇ ਆਵਾਸ ਮੰਤਰੀ ਜੇਸਨ ਕੈਨੀ ਨੇ ਦੱਸਿਆ ਕਿ ਇਸ ਸੋਧੇ




ਹੋਏ ਪ੍ਰੋਗਰਾਮ ਤਹਿਤ ਅਗਲੇ ਸਾਲ ਚਾਰ ਮਈ ਤੋਂ ਮੁੜ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁਲਕ ਦੀ ਮਜ਼ਬੂਤ ਆਰਥਿਕਤਾ , ਤਰੱਕੀ ਤੇ ਵਧੇਰੇ ਨੌਕਰੀਆਂ ਪੈਦਾ ਕਰਨਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਮੰਤਵ ਹੈ। ਇਸ ਨਵੇਂ ਸਿਸਟਮ ਰਾਹੀਂ ਕੈਨੇਡਾ ਦੀ ਕਿਰਤ ਮੰਡੀ ਦੇ ਹਾਣ ਦੇ ਕਾਮੇ ਸੱਦਣੇ ਸੁਖਾਲੇ ਹੋ ਜਾਣਗੇ। ਇਸ ਤਹਿਤ ਭਾਸ਼ਾ ਦੀ ਮੁਹਾਰਤ ਤੇ ਚੜ੍ਹਦੀ ਉਮਰ ਨੂੰ ਵੱਧ ਪੁਆਇੰਟ ਮਿਲਣਗੇ।

ਹਾਸਲ ਜਾਣਕਾਰੀ ਮੁਤਾਬਕ ਸਰਕਾਰੀ ਭਾਸ਼ਾ ਦੀ ਮੁਹਾਰਤ ਨੂੰ ਵੱਧ ਨੰਬਰ, ਨੌਜਵਾਨ ਆਵਾਸੀਆਂ ਨੂੰ ਵਧੇਰੇ ਮੌਕੇ, ਐਜੂਕੇਸ਼ਨਲ ਕਰੈਡੈਂਸ਼ਲ ਅਸੈਸਮੈਂਟ ਰਾਹੀਂ ਕੈਨੇਡੀਅਨ ਕਿਰਤ ਮੰਡੀ ਲਈ ਢੁਕਵੇਂ ਉਮੀਦਵਾਰ ਨੂੰ ਨੰਬਰ ਪ੍ਰਦਾਨ ਕਰਨ ਤੋਂ ਇਲਾਵਾ ਕੰਪਨੀਆਂ ਤੇ ਲੋੜਵੰਦ ਕਾਰੋਬਾਰੀਆਂ ਨੂੰ ਅਰਜ਼ੀਕਰਤਾ ਨੂੰ ਜਲਦੀ ਭਰਤੀ ਕਰਨ ਲਈ ਉਤਸ਼ਾਹਤ ਕਰਨਾ ਤੇ ਅਰਜ਼ੀਕਰਤਾ ਦੀ ਜੀਵਨ ਸਾਥੀ ਦੀ ਭਾਸ਼ਾ ਵਿਚ ਮੁਹਾਰਤ ਦੇ ਵੀ ਨੰਬਰ ਦਿੱਤੇ ਜਾਣਗੇ। ਮੰਤਰੀ ਨੇ ਕਿਹਾ ਕਿ ਬਹੁਤ ਸਾਰੇ ਆਵਾਸੀਆਂ ਨੂੰ ਉਨ੍ਹਾਂ ਦੀ ਮੁਹਾਰਤ ਦੇ ਹਿਸਾਬ ਨਾਲ ਕੰਮ ਨਹੀਂ ਮਿਲ ਰਹੇ ਪਰ ਹੁਣ ਇਹ ਨਵਾਂ ਪ੍ਰੋਗਰਾਮ ਇਸ ਪਾਸੇ ਕੇਂਦਰਤ ਹੋਵੇਗਾ। ਅਰਜ਼ੀਕਰਤਾ ਦੀ ਇਸ ਚੋਣ ਵਿਚ ਦੋ ਮੁੱਢਲੀਆਂ ਸ਼ਰਤਾਂ ਇਹ ਹਨ ਕਿ ਮੰਤਰਾਲੇ ਵੱਲੋਂ ਥਾਪੀਆਂ ਗਈਆਂ ਏਜੰਸੀਆਂ ਤੋਂ ਅੰਗਰੇਜ਼ੀ ਜਾਂ ਫਰੈਂਚ ਬੋਲਣ ਦਾ ਸਰਟੀਫਿਕੇਟ ਲੈਣਾ ਹੋਵੇਗਾ। ਅਰਜ਼ੀਕਰਤਾ ਦੇ ਦਸਤਾਵੇਜ਼ਾਂ ਦਾ ਮੁਲਾਂਕਣ ਕੈਨੇਡਾ ਆਉਣ ਤੋਂ ਪਹਿਲਾਂ ਹੀ ਕੀਤਾ ਜਾਵੇਗਾ। ਇਸ ਕੰਮ ਲਈ ਪ੍ਰਮਾਣਤ ਮੁਲਾਂਕਣ ਸੰਸਥਾਵਾਂ ਦੀ ਸੂਚੀ ਅਗਲੇ ਸਾਲ ਜਨਵਰੀ ਵਿਚ ਜਾਰੀ ਕੀਤੀ ਜਾਵੇਗੀ। ਇਸ ਨਾਲ ਕੈਨੇਡਾ ਆਉਣ ਵਾਲੇ ਨੂੰ ਇਥੋਂ ਦੀ ਕਿਰਤ ਮੰਡੀ ਦੇ ਹਿਸਾਬ ਦੀ ਮੁਹਾਰਤ ਜਾਂ ਕੋਰਸ ਲੈਣ ਲਈ ਸਮਾਂ ਮਿਲੇਗਾ।

# ਹੈਨਰੀ ਦੀ ਨਾਗਰਿਕਤਾ ਬਾਰੇ ਹੋਵੇਗੀ ਜਾਂਚ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਨੂੰ ਹਦਾਇਤ ਦਿੱਤੀ ਹੈ ਕਿ ਸਾਬਕਾ ਮੰਤਰੀ ਅਵਤਾਰ



ਹੈਨਰੀ ਦੀ ਨਾਗਰਿਕਤਾ ਬਾਰੇ ਜਾਂਚ ਕੀਤੀ ਜਾਵੇ ਤੇ ਜੇ ਮਾਮਲਾ ਮੁੱਢਲੇ ਤੌਰ 'ਤੇ ਸਹੀ ਜਾਪਦਾ ਹੈ ਤਾਂ ਐਫ.ਆਈ.ਆਰ. ਦਰਜ ਕੀਤੀ ਜਾਵੇ। ਇਹ ਹੁਕਮ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਅਰਜਨ ਕੁਮਾਰ ਸੀਕਰੀ ਤੇ ਜਸਟਿਸ ਰਾਕੇਸ਼ ਕੁਮਾਰ ਜੈਨ ਦੇ ਬੈਂਚ ਨੇ ਆਰ.ਟੀ.ਆਈ. ਕਾਰਕੁਨ ਅਜੈ ਕੁਮਾਰ ਸਹਿਗਲ ਵੱਲੋਂ ਹੈਨਰੀ ਖ਼ਿਲਾਫ਼ 27 ਸਤੰਬਰ, 2012 ਨੂੰ ਦਾਇਰ ਸ਼ਿਕਾਇਤ ਦੇ ਆਧਾਰ 'ਤੇ ਸੁਣਾਏ।

ਅਦਾਲਤ ਨੇ ਜਾਂਚ ਪੂਰੀ ਕਰਨ ਲਈ ਦੋ ਹਫ਼ਤੇ ਦਾ ਸਮਾਂ ਮਿਥਿਆ ਹੈ। ਸ੍ਰੀ ਸਹਿਗਲ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸ੍ਰੀ ਹੈਨਰੀ ਨੇ 1969 ਵਿਚ ਹੀ ਅਵਤਾਰ ਸਿੰਘ ਦੇ ਨਾਂ ਉੱਤੇ ਬਰਤਾਨੀਆ ਦੀ ਨਾਗਰਿਕਤਾ ਹਾਸਲ ਕਰਕੇ ਉੱਥੋਂ ਦਾ ਪਾਸਪੋਰਟ ਬਣਾ ਲਿਆ ਸੀ। ਇਸ ਪਿੱਛੋਂ ਉਹ ਬਰਤਾਨਵੀ ਪਾਸਪੋਰਟ ਉਤੇ ਹੀ ਭਾਰਤ ਆਏ ਤੇ ਇਥੇ ਭਾਰਤੀ ਪਾਸਪੋਰਟ ਹਾਸਲ ਕਰ ਲਿਆ ਤੇ ਸਮੇਂ-ਸਮੇਂ 'ਤੇ ਇਸ ਨੂੰ ਨਵਿਆਉਂਦੇ ਵੀ ਰਹੇ।

# ਫਰਾਂਸ ਵੱਲੋਂ ਦਸਤਾਰ ਦੇ ਮਾਮਲੇ ਵਿਚ ਠੋਸ ਕਾਰਵਾਈ

**ਨਵੀਂ ਦਿੱਲੀ:** ਫਰਾਂਸ ਨੇ ਭਾਰਤ ਨੂੰ ਕਿਹਾ ਹੈ ਕਿ ਉਸ ਨੇ ਇਹ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ ਹਨ ਕਿ ਸਰਹੱਦੀ ਚੈੱਕਪੋਸਟਾਂ 'ਤੇ ਸਿੱਖਾਂ ਨੂੰ ਤਲਾਸ਼ੀ ਦੌਰਾਨ ਦਸਤਾਰਾਂ ਨਾ ਉਤਾਰਨੀਆਂ ਪੈਣ। ਇਹ ਤਲਾਸ਼ੀਆਂ ਟੋਹ ਕੇ ਨਹੀਂ ਲਈਆਂ ਜਾਣਗੀਆਂ ਬਲਕਿ ਬੌਡੀਸਕੈਨ ਦੀ ਵਰਤੋਂ ਕੀਤੀ ਜਾਵੇਗੀ। ਇਹ ਮਾਮਲਾ ਫਰਾਂਸੀਸੀ ਵਿਦੇਸ਼ ਮੰਤਰਾਲੇ ਦੇ ਧਾਰਮਿਕ ਮਾਮਲਿਆਂ ਬਾਰੇ ਸਫ਼ੀਰ ਦੀ ਅਗਵਾਈ ਹੇਠਲੇ ਫਰਾਂਸੀਸੀ ਵਫ਼ਦ ਤੇ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਦਰਮਿਆਨ ਗੱਲਬਾਤ ਦੌਰਾਨ ਖੁੱਲ੍ਹ ਕੇ ਵਿਚਾਰਿਆ ਗਿਆ।

ਸਰਕਾਰੀ ਸੂਤਰਾਂ ਅਨੁਸਾਰ ਫਰਾਂਸ ਵੱਲੋਂ ਦਸਤਾਰ ਨਾਲ ਜੁੜੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸੰਜੀਦਗੀ ਨਾਲ ਯਤਨ ਕੀਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਇਸ ਵਿਚਾਰ ਵਟਾਂਦਰੇ ਦੌਰਾਨ ਫਰਾਂਸੀਸੀ ਵਫ਼ਦ ਨੂੰ ਦਸਤਾਰ ਦੇ ਮਹੱਤਵ ਬਾਰੇ ਜਾਗ੍ਰਿਤ ਕਰਨ ਦਾ ਮੌਕਾ ਵੀ ਮਿਲਿਆ। ਵਫ਼ਦ ਨੇ ਦੱਸਿਆ ਕਿ ਫਰਾਂਸ ਵੱਲੋਂ ਯੂਰਪੀਨ ਸੰਘ ਦੇ ਜ਼ਰੀਏ ਕਈ ਕਾਰਗਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਵਿਦੇਸ਼ ਮੰਤਰੀ ਵੀ ਦਸਤਾਰ ਤੇ ਸਿੱਖ ਸੰਵੇਦਨਾਵਾਂ ਨਾਲ ਜੁੜੇ ਮੁੱਦੇ ਫਰਾਂਸੀਸੀ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਕੋਲ ਉਠਾ ਚੁੱਕੇ ਹਨ।




Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।
ਫੋਨ: 209-547-9210
ਫੈਕਸ: 209-547-9211

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।
ਫੋਨ: 209-982-9996
ਫੈਕਸ: 209-982-9997



Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ
Stockton ਵਿਚ Highway 4 ਦੇ ਬਿਲਕੁਲ ਨਜ਼ਦੀਕ
1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



Manitpal Singh

# ਭਾਰਤ-ਚੀਨ ਰਿਸ਼ਤਿਆਂ ਵਿਚ ਘੁਲੀ ਮਿਠਾਸ



**ਪੇਇਚਿੰਗ:** ਸਰਹੱਦੀ ਮਸਲਿਆ ਨੂੰ ਲੈ ਕੇ ਅਕਸਰ ਉਲਝੇ ਰਹਿੰਦੇ ਭਾਰਤ ਤੇ ਚੀਨ ਸਬੰਧਾਂ ਵਿਚ 2012 ਵਿਚ ਕੁਝ ਮਿਠਾਸ ਆਈ ਹੈ। ਇਸ ਸਾਲ ਹੀ ਚੀਨ ਦੀ ਸੱਤਾਧਾਰੀ ਸੀਪੀਸੀ ਦੀ ਲੀਡਰਸ਼ਿਪ ਵਿਚ ਤਬਦੀਲੀ ਆਈ ਜੋ ਦਹਾਕੇ ਵਿਚ ਇਕ ਵਾਰ ਹੀ ਹੁੰਦੀ ਹੈ। ਇਸ ਸਾਲ ਹੀ ਏਸ਼ੀਆ ਦੇ ਦੋਵੇਂ ਵੱਡੇ ਦੇਸ਼ ਸਰਹੱਦੀ ਵਿਵਾਦ ਦੇ ਹੱਲ ਵਾਸਤੇ ਗੱਲਬਾਤ ਦੇ 15 ਗੇੜਾਂ ਪਿੱਛੋਂ ਆਪਣੀ ਸਹਿਮਤੀ 'ਤੇ ਪਹੁੰਚ ਗਏ।

ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਤੇ ਚੀਨ ਦੇ ਵਿਸ਼ੇਸ਼ ਨੁਮਾਇੰਦੇ ਦਾਈ ਬਿੰਗੋ ਵਿਚਾਲੇ ਦਸੰਬਰ ਦੇ ਸ਼ੁਰੂ ਵਿਚ ਹੋਈ ਵਾਰਤਾ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਸਰਹੱਦੀ ਵਿਵਾਦ ਦੇ ਹੱਲ ਲਈ ਸਹਿਮਤੀ ਪ੍ਰਗਟਾਈ। ਹੁਣ ਦੋਵੇਂ ਦੇਸ਼ਾਂ ਦੇ ਆਗੂਆਂ ਵੱਲੋਂ ਮਨਜ਼ੂਰੀ ਮਿਲਣ ਪਿੱਛੋਂ ਸਰਹੱਦੀ ਵਿਵਾਦ ਦੇ ਹੱਲ ਲਈ ਬੁਨਿਆਦੀ ਢਾਂਚਾ ਤਿਆਰ ਕੀਤਾ ਜਾਵੇਗਾ ਤੇ ਇਸ ਦੇ ਆਖਰੀ ਗੇੜ ਵਿਚ ਸਰਹੱਦ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ।

ਸ੍ਰੀ ਮੈਨਨ ਤੇ ਸ੍ਰੀ ਦਾਈ ਨੂੰ ਸਰਹੱਦੀ ਵਾਰਤਾ ਵਾਸਤੇ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤਾ ਗਿਆ ਸੀ। ਚੀਨ ਵਿਚ ਲੀਡਰਸ਼ਿਪ ਦੀ ਤਬਦੀਲੀ ਤੋਂ ਪਹਿਲਾਂ 3 ਤੇ 4 ਦਸੰਬਰ ਨੂੰ ਦੋਹਾਂ ਆਗੂਆਂ ਨੇ ਦੁਵੱਲੇ ਸਬੰਧਾਂ ਬਾਰੇ ਗ਼ੈਰਰਸਮੀ ਵਿਚਾਰ-ਵਟਾਂਦਰਾ ਕੀਤਾ ਸੀ। ਪਿਛਲੇ 10 ਸਾਲਾਂ ਵਿਚ ਅਜਿਹਾ ਪਹਿਲੀ ਵਾਰ ਹੋਵੇਗਾ ਕਿ ਚੀਨ ਵੱਲੋਂ 2013 ਵਿਚ ਸਰਹੱਦੀ ਵਿਵਾਦ 'ਤੇ ਵਾਰਤਾ ਲਈ ਨਵਾਂ ਨੁਮਾਇੰਦਾ ਨਿਯੁਕਤ ਕੀਤਾ ਜਾਵੇਗਾ ਕਿਉਂਕਿ ਸ੍ਰੀ ਦਾਈ ਵੀ ਰਾਸ਼ਟਰਪਤੀ ਹੂ ਚਿਨਤਾਓ ਤੇ ਪ੍ਰਧਾਨ ਮੰਤਰੀ ਵੇਨ ਚਿਆਬੋ ਦੇ ਨਾਲ ਹੀ ਅਹੁਦੇ ਤੋਂ ਮੁਕਤ ਹੋ ਰਹੇ ਹਨ।

ਪਿਛਲੇ 10 ਸਾਲਾਂ ਵਿਚ ਚੀਨ ਦੇ ਆਗੂਆਂ ਨੇ ਭਾਰਤ ਨਾਲ ਸਰਹੱਦੀ ਵਿਵਾਦ ਸੁਲਝਾਉਣ ਲਈ ਜਿਹੜੇ ਯਤਨ ਕੀਤੇ ਹਨ, ਉਨ੍ਹਾਂ ਦੇ ਦੁਵੱਲੇ ਸਬੰਧਾਂ ਨੂੰ ਨਵੀਂ ਤੇ ਉਸਾਰੂ ਦਿਸ਼ਾ ਦਿੱਤੀ ਹੈ। ਹੁਣ ਤੱਕ ਦੋਵਾਂ ਦੇਸ਼ਾਂ ਦਰਮਿਆਨ ਜੋ ਵੀ ਸਹਿਮਤੀ ਬਣੀ ਹੈ, ਉਸ ਬਾਰੇ ਸਥਿਤੀ ਅਗਲੇ ਸਾਲ ਮਾਰਚ ਤੋਂ ਬਾਅਦ ਸਪਸ਼ਟ ਹੋਣ ਦੀ ਆਸ ਹੈ ਕਿਉਂਕਿ ਚੀਨ ਵੱਲੋਂ ਆਪਣੇ ਨਵੇਂ ਨੁਮਾਇੰਦੇ ਦਾ ਐਲਾਨ ਉਦੋਂ ਹੀ ਕੀਤਾ ਜਾਵੇਗਾ। ਅਗਲਾ ਸਾਲ 2013 ਭਾਰਤ-ਚੀਨ ਦੇ ਦੁਵੱਲੇ ਵਪਾਰ ਵਾਸਤੇ ਚੰਗਾ ਰਹਿਣ ਦੀ ਉਮੀਦ ਹੈ ਕਿਉਂਕਿ ਪੇਇਚਿੰਗ ਨੇ ਵਪਾਰ ਘਟਣ ਬਾਰੇ ਭਾਰਤ ਦੀਆਂ ਚਿੰਤਾਵਾਂ ਦੂਰ ਕਰਨ ਦਾ ਵਾਅਦਾ ਕੀਤਾ ਹੈ। ਇਸ ਸਾਲ ਦੇ ਪਹਿਲੇ 10 ਮਹੀਨਿਆਂ ਵਿਚ ਭਾਰਤ ਨੂੰ 23 ਅਰਬ ਅਮਰੀਕੀ ਡਾਲਰ ਦਾ ਘਾਟਾ ਹੋਇਆ ਸੀ। ਭਾਰਤ ਚਾਹੁੰਦਾ ਹੈ ਕਿ ਉਹ ਚੀਨ ਦੇ ਬਾਜ਼ਾਰ ਵਿਚ ਆਈਟੀ, ਫਾਰਮਾਸਿਊਟੀਕਲ ਤੇ ਖੇਤੀ ਵਸਤਾਂ ਵੱਡੇ ਪੱਧਰ 'ਤੇ ਉਤਾਰੇ।

# ਚੀਨ ਵਿਚ ਇਕਲੌਤੀ ਔਲਾਦ ਤੋਂ ਵਾਂਝੇ ਹੋਏ ਮਾਪਿਆਂ ਨੂੰ ਦੂਜੇ ਬੱਚੇ ਦੀ ਖੁੱਲ੍ਹ

**ਪੇਇਚਿੰਗ:** ਪਰਿਵਾਰ ਨਿਯੋਜਨ ਵਿਭਾਗ ਵੱਲੋਂ ਚੀਨ ਦੇ ਸਭ ਤੋਂ ਵੱਡੇ ਸ਼ਹਿਰ ਸ਼ੰਘਈ 'ਚ ਵਿਆਹੁਤਾ ਜੋੜਿਆਂ ਨੂੰ ਦੂਜਾ ਬੱਚਾ ਵੀ ਪੈਦਾ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਪਰਿਵਾਰਾਂ ਨੂੰ ਰਾਹਤ ਦਿੱਤੀ ਜਾ ਸਕੇ ਜੋ ਆਪਣੀ ਇਕਲੌਤੀ ਔਲਾਦ ਤੋਂ ਕਿਸੇ ਕਾਰਨ ਵਾਂਝੇ ਹੋ ਜਾਂਦੇ ਹਨ। ਸ਼ੰਘਾਈ ਵਿਚ ਇਕਲੌਤੀ ਔਲਾਦ ਵਾਲੇ ਜੋੜਿਆਂ ਨੂੰ ਦੂਜਾ ਬੱਚਾ ਪੈਦਾ ਕਰਨ ਦੀ ਖੁੱਲ੍ਹ ਮਿਲੇਗੀ।

ਸ਼ਹਿਰ ਦੀ ਵਸੋਂ ਤੇ ਪਰਿਵਾਰ ਨਿਯੋਜਨ ਕਮੇਟੀ ਦੀ ਡਾਇਰੈਕਟਰ ਹੁਆਂਗ ਹੋਂਗ ਮੁਤਾਬਕ ਇਕ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਇਥੇ ਵਿਆਹੁਤਾ ਜੋੜਿਆਂ ਦੀ ਗਿਣਤੀ ਦੇ ਮੁਕਾਬਲੇ ਬੱਚਿਆਂ ਦੀ ਗਿਣਤੀ ਘੱਟ ਹੈ। ਆਰਥਕ ਸਥਿਤੀ, ਪਰਿਵਾਰਕ ਮਾਹੌਲ, ਕੰਮ ਦਾ ਬੋਝ ਤੇ ਜਣਨ ਸ਼ਕਤੀ ਅਜਿਹੇ ਕੁਝ ਮੁੱਖ ਕਾਰਨ ਹਨ ਜਿਨ੍ਹਾਂ ਦੇ ਆਧਾਰ 'ਤੇ ਮਾਪੇ ਦੂਜਾ ਬੱਚਾ ਪੈਦਾ ਕਰਨ ਜਾਂ ਨਾ ਕਰਨ ਬਾਰੇ ਫੈਸਲਾ ਲੈਂਦੇ ਹਨ। ਸ਼ੰਘਾਈ ਵਿਚ ਸੱਤ ਹਜ਼ਾਰ ਅਜਿਹੇ ਪਰਿਵਾਰ ਹਨ ਜੋ ਆਪਣੀ ਇਕਲੌਤੀ ਔਲਾਦ ਦੀ ਮੌਤ ਦੇ ਕਾਰਨ ਦੁਖ ਹੰਢਾ ਰਹੇ ਹਨ।

ਇਨ੍ਹਾਂ ਨੂੰ ਸਮਾਜਕ ਸੁਰੱਖਿਆ, ਬੁਢਾਪੇ 'ਚ ਸੰਭਾਲ ਤੇ ਮੈਡੀਕਲ ਸੇਵਾਵਾਂ ਲੈਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਦੀ ਮਿਉਂਸਪਲ ਕਾਰਪੋਰੇਸ਼ਨ ਵੱਲੋਂ ਇਨ੍ਹਾਂ ਪਰਿਵਾਰਾਂ ਦੀ ਸਹਾਇਤਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਚੀਨ ਦੇ ਹੋਰ ਸ਼ਹਿਰਾਂ ਵਾਂਗ ਸ਼ੰਘਾਈ ਵਿਚ ਵੀ ਬਜ਼ੁਰਗਾਂ ਦੀ ਗਿਣਤੀ ਵਧ ਰਹੀ ਹੈ।

ਸ਼ੰਘਾਈ ਦੀ ਵਸੋਂ 142.1 ਕਰੋੜ ਹੈ ਜਿਸ ਵਿਚੋਂ 24.5 ਫੀਸਦੀ ਦੀ ਉਮਰ 60 ਸਾਲ ਜਾਂ ਇਸ ਤੋਂ ਵੱਧ ਹੈ। ਇਕ ਅਨੁਮਾਨ ਮੁਤਾਬਕ 2015 ਤੱਕ ਇਥੇ 30 ਫੀਸਦੀ ਵਸੋਂ ਬਿਰਧ ਅਵਸਥਾ ਵਿਚ ਪਹੁੰਚ ਜਾਵੇਗੀ। ਚੀਨ ਨੇ 1970ਵਿਆਂ ਦੇ ਅਖੀਰ ਵਿਚ ਵਧਦੀ ਜਨਸੰਖਿਆ 'ਤੇ ਕਾਬੂ ਪਾਉਣ ਲਈ ਪਰਿਵਾਰ ਨਿਯੋਜਨ ਦੀ ਨੀਤੀ ਲਾਗੂ ਕੀਤੀ ਸੀ। ਇਸ ਤਹਿਤ ਵਿਆਹ ਵੱਡੀ ਉਮਰ 'ਚ ਕਰਵਾਉਣ, ਸ਼ਹਿਰੀ ਖੇਤਰਾਂ 'ਚ ਇਕ ਹੀ ਬੱਚਾ ਪੈਦਾ ਕਰਨ ਤੇ ਪੇਂਡੂ ਖੇਤਰਾਂ 'ਚ ਪਹਿਲਾ ਬੱਚਾ ਲੜਕੀ ਹੋਣ ਦੀ ਸੂਰਤ 'ਚ ਦੂਜਾ ਬੱਚਾ ਪੈਦਾ ਕਰਨ ਦੀ ਆਗਿਆ ਸੀ।

## ਚਾਰ ਪਤਨੀਆਂ ਵਾਲਾ ਚੀਨੀ ਗ੍ਰਿਫ਼ਤਾਰ

**ਪੇਇਚਿੰਗ:** ਚੀਨ ਵਿਚ ਚਾਰ ਔਰਤਾਂ ਤੇ 10 ਬੱਚੇ ਰੱਖਣ ਦੇ ਦੋਸ਼ ਵਿਚ ਇਕ 43 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਲੀ ਜੁਨਵੇਨ ਨਾਮੀਂ ਇਹ ਵਿਅਕਤੀ ਚੀਨੀ ਕਮਿਊਨਿਸਟ ਪਾਰਟੀ ਦਾ ਵੀ ਸਰਗਰਮ ਆਗੂ ਰਿਹਾ ਹੈ। ਉਹ ਸਿਆਓਦਿਆਨ ਜ਼ਿਲ੍ਹੇ ਦੀ ਪੀਪਲਜ਼ ਕਾਂਗਰਸ ਵਿਚ ਤਾਇਯੂਆਨ ਸ਼ਹਿਰ ਦਾ ਸਾਬਕਾ ਡਿਪਟੀ ਤੇ ਸੀਕੂਅਨ ਪਿੰਡ ਦਾ ਮੁਖੀ ਰਹਿ ਚੁੱਕਾ ਹੈ। ਉਸ ਨੂੰ ਆਪਣੇ ਵਿਆਹ ਸਰਟੀਫਿਕੇਟ ਵਿਚ ਹੇਰਾਫੇਰੀ ਦੇ ਦੋਸ਼ਾਂ ਹੇਠ ਕਾਬੂ ਕੀਤਾ ਗਿਆ ਹੈ। ਇਸ ਬਾਰੇ 14 ਉਨ੍ਹਾਂ ਅਫਸਰਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਗਈ ਹੈ ਜਿਨ੍ਹਾਂ ਨੇ ਲੀ ਦੇ ਇਨ੍ਹਾਂ ਗੈਰ-ਕਾਨੂੰਨੀ ਕੰਮਾਂ ਵਿਚ ਉਸ ਦੀ ਮਦਦ ਕੀਤੀ। ਇਨ੍ਹਾਂ ਤੋਂ ਜਾਂ ਤਾਂ ਤਰੱਕੀ ਵਾਪਸ ਲੈ ਲਈ ਗਈ ਹੈ ਜਾਂ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਇਨ੍ਹਾਂ ਵਿਚ ਚੀਨੀ ਕਮਿਊਨਿਸਟ ਪਾਰਟੀ ਦੇ ਸੀਵੇਨਜੂਆਂਗ ਟਾਊਨਸ਼ਿਪ ਦਾ ਸਕੱਤਰ, ਟਾਊਨਸ਼ਿਪ ਦੇ ਪੁਲਿਸ ਥਾਣੇ ਦਾ ਮੁਖੀ ਤੇ ਪਰਿਵਾਰ ਭਲਾਈ ਨਾਲ ਸਬੰਧਤ ਹੋਰ ਅਧਿਕਾਰੀ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਚੀਨ ਵਿਚ ਇਕ ਤੋਂ ਵੱਧ ਲੋਕਾਂ ਨਾਲ ਵਿਆਹ ਕਰਾਉਣ ਦੀ ਮਨਾਹੀ ਹੈ ਤੇ ਇਕ ਬੱਚੇ ਦੀ ਨੀਤੀ ਮੁਤਾਬਕ ਦੂਜੇ ਬੱਚੇ ਦੀ ਇਜਾਜ਼ਤ ਬਹੁਤ ਖ਼ਾਸ ਹਾਲਤਾਂ ਵਿਚ ਹੀ ਦਿੱਤੀ ਜਾਂਦੀ ਹੈ।

# ਭਾਰਤ 'ਚੋਂ ਖਰਬਾਂ ਡਾਲਰ ਕਾਲੇ ਧਨ ਦਾ ਨਿਕਾਸ



ਵਾਸ਼ਿੰਗਟਨ: ਭਾਰਤ ਨੇ 2001 ਤੋਂ 2010 ਤੱਕ ਦੇ ਦਹਾਕੇ ਦੌਰਾਨ ਕਾਲੇ ਧਨ ਦੇ ਰੂਪ ਵਿਚ 123 ਅਰਬ ਡਾਲਰ ਦੀ ਰਕਮ ਗੁਆਈ ਹੈ। ਅਮਰੀਕਾ ਦੀ ਇਕ ਰਿਸਰਚ ਤੇ ਐਡਵੋਕੇਸੀ ਸੰਸਥਾ ਨੇ ਆਪਣੀ ਹਾਲੀਆ ਰਿਪੋਰਟ ਵਿਚ ਕਿਹਾ ਹੈ ਕਿ ਕਾਲਾ ਧਨ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਣ ਦੇ ਵਰਤਾਰੇ ਤੋਂ ਪੀੜਤ ਭਾਰਤ ਅੱਠਵਾਂ ਵੱਡਾ ਮੁਲਕ ਹੈ।

ਭਾਵੇਂ ਭਾਰਤ ਲਈ 123 ਅਰਬ ਡਾਲਰ ਰਾਸ਼ੀ ਬਹੁਤ ਮਾਅਨੇ ਰੱਖਦੀ ਹੈ ਪਰ ਇਹ ਹੋਰ ਮੁਲਕਾਂ ਦੇ ਹੋਏ ਅਜਿਹੇ ਨੁਕਸਾਨ ਨਾਲੋਂ ਕਿਤੇ ਘੱਟ ਹੈ। ਕਾਲੇ ਧਨ ਦੇ ਵਿਦੇਸ਼ਾਂ ਵਿਚ ਵਹਾਅ ਦੇ ਮਾਮਲੇ ਵਿਚ ਪਹਿਲੇ ਨੰਬਰ 'ਤੇ ਚੀਨ (2.74 ਖਰਬ ਡਾਲਰ), ਫਿਰ ਮੈਕਸਿਕੋ (476 ਅਰਬ ਡਾਲਰ), ਮਲੇਸ਼ੀਆ (285 ਅਰਬ ਡਾਲਰ), ਸਾਊਦੀ ਅਰਬ (201 ਅਰਬ ਡਾਲਰ), ਰੂਸ (152 ਅਰਬ), ਫਿਲਪੀਨਜ਼ (138 ਅਰਬ) ਤੇ ਨਾਇਜੀਰੀਆ (129 ਅਰਬ ਡਾਲਰ) ਹਨ। ਕਾਲੇ ਧਨ ਦੇ ਰੂਪ ਵਿਚ ਹੁੰਦੇ ਵੱਡੇ ਨੁਕਸਾਨ ਦੇ ਰੂਪ ਵਿਚ ਪੀੜਤ ਹੋਣ ਵਾਲਾ ਭਾਰਤ ਅੱਠਵਾਂ ਵੱਡਾ ਮੁਲਕ ਹੈ। ਗਲੋਬਲ ਫਾਇਨੈਂਸ਼ੀਅਲ ਇੰਟੈਗਰਿਟੀ (ਜੀਐਫਆਈ) ਵੱਲੋਂ ਜਾਰੀ 'ਵਿਕਾਸਸ਼ੀਲ ਮੁਲਕਾਂ ਤੋਂ ਗੈਰ-ਕਾਨੂੰਨੀ ਢੰਗ ਨਾਲ ਧਨ ਦਾ ਵਹਾਅ 2001-2010' ਰਿਪੋਰਟ ਵਿਚ ਭਾਰਤ ਇਕੋ-ਇਕ ਦੱਖਣ ਏਸ਼ੀਆਈ ਮੁਲਕ ਹੈ ਜੋ ਚੋਟੀ ਦੇ 20 ਮੁਲਕਾਂ ਦੀ ਸੂਚੀ ਵਿਚ ਸ਼ੁਮਾਰ ਹੈ। ਸਿਰਫ਼ 2010 ਦੌਰਾਨ ਹੀ ਭਾਰਤੀ ਆਰਥਿਕਤਾ ਨੂੰ ਕਾਲੇ ਧਨ ਕਾਰਨ 1.6 ਅਰਬ ਡਾਲਰ ਦਾ ਖੋਰਾ ਲੱਗਿਆ ਸੀ। ਰਿਪੋਰਟ ਮੁਤਾਬਕ ਭਾਰਤੀ ਆਰਥਿਕਤਾ ਲਈ 123 ਅਰਬ ਡਾਲਰ ਬਹੁਤ ਵੱਡੀ ਰਾਸ਼ੀ ਹੈ। ਭਾਰਤ ਦੇ ਲੋਕਾਂ ਲਈ ਇਹ ਰਕਮ ਬੜੇ ਮਾਅਨੇ ਰੱਖਦੀ ਸੀ।

ਉਨ੍ਹਾਂ ਕਿਹਾ ਕਿ 100 ਅਰਬ ਡਾਲਰ ਤੋਂ ਵੱਧ ਇਹ ਰਕਮ ਸਿੱਖਿਆ, ਸਿਹਤ ਸੰਭਾਲ ਤੇ ਦੇਸ਼ ਦੇ ਬੁਨਿਆਦੀ ਢਾਂਚੇ ਦੀ ਬਿਹਤਰੀ ਲਈ ਖ਼ਰਚੀ ਜਾ ਸਕਦੀ ਸੀ। ਬੇਸ਼ੱਕ ਪਿਛਲੇ ਸਾਲਾਂ ਵਿਚ ਭਾਰਤ ਨੇ ਬੜੀ ਤਰੱਕੀ ਕੀਤੀ ਹੈ ਪਰ ਇਸ ਦਾ ਵੱਡੀ ਮਾਤਰਾ 'ਚ ਧਨ ਕਾਲੇ ਧਨ ਦੇ ਰੂਪ ਵਿਚ ਬਾਹਰ ਜਾਣਾ ਜਾਰੀ ਹੈ।

# ਕਸਾਬ ਦੀ ਸੁਰੱਖਿਆ 'ਤੇ 31.40 ਕਰੋੜ ਖਰਚੇ




**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਤੇ ਮੁੰਬਈ ਹਮਲਿਆਂ ਦੇ ਦੋਸ਼ੀ ਅਜਮਲ ਕਸਾਬ ਜਿਸ ਨੂੰ ਲੰਘੇ ਮਹੀਨੇ ਫਾਂਸੀ ਦੇ ਦਿੱਤੀ ਗਈ, ਦੀ ਸੁਰੱਖਿਆ 'ਤੇ 31.40 ਕਰੋੜ ਰੁਪਏ ਖਰਚ ਕੀਤੇ। ਗ੍ਰਹਿ ਰਾਜ ਮੰਤਰੀ ਆਰ.ਪੀ.ਐਨ ਸਿੰਘ ਮੁਤਾਬਕ ਮਹਾਰਾਸ਼ਟਰ ਸਰਕਾਰ ਤੇ ਇੰਡੋ-ਤਿੱਬਤਨ ਬਾਰਡਰ ਪੁਲਿਸ ਵੱਲੋਂ ਦਿੱਤੀਆਂ ਸੂਚਨਾਵਾਂ ਅਨੁਸਾਰ 23 ਨਵੰਬਰ, 2012 ਤੱਕ ਅਜਮਲ ਕਸਾਬ ਨੂੰ ਸੁਰੱਖਿਅਤ ਸੰਭਾਲ ਕੇ ਰੱਖਣ 'ਤੇ 31,39,02,589 ਰੁਪਏ ਖਰਚੇ ਗਏ। ਇਹ ਜਾਣਕਾਰੀ ਉਨ੍ਹਾਂ ਨੇ ਰਾਜ ਸਭਾ ਵਿਚ ਦਿੰਦਿਆਂ ਦੱਸਿਆ ਕਿ ਮਹਾਰਾਸ਼ਟਰ ਸਰਕਾਰ ਨੇ 1.50 ਕਰੋੜ ਅਤੇ ਆਈਟੀਬੀਪੀ ਨੇ 29.88 ਕਰੋੜ ਰੁਪਏ ਖਰਚੇ। ਕਸਾਬ ਉਸ 10 ਮੈਂਬਰੀ ਗਰੋਹ ਦਾ ਮੈਂਬਰ ਸੀ ਜਿਸ ਨੇ 26/11 ਦੇ ਹਮਲੇ ਕਰਦਿਆਂ 160 ਵਿਅਕਤੀਆਂ ਦੀ ਜਾਨ ਲੈ ਲਈ ਸੀ। ਕਸਾਬ ਨੂੰ 21 ਨਵੰਬਰ ਨੂੰ ਪੂਣੇ ਦੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਸੀ। ਇਸ ਤੋਂ ਪਹਿਲਾਂ 2008 ਵਿਚ ਗ੍ਰਿਫਤਾਰੀ ਤੋਂ ਲੈ ਕੇ ਆਖਰੀ ਦਿਨ ਤੱਕ ਉਸ ਨੂੰ ਆਈਟੀਬੀਪੀ ਦੀ ਸੁਰੱਖਿਆ ਹੇਠ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚ ਰੱਖਿਆ ਗਿਆ ਸੀ।

# ਭਾਰਤ ਵੱਲੋਂ ਅਤਿਵਾਦ ਦੀ ਪਰਿਭਾਸ਼ਾ ਮੋਕਲੀ

**ਨਵੀਂ ਦਿੱਲੀ:** ਗੈਰ ਕਾਨੂੰਨੀ ਸਰਗਰਮੀਆਂ (ਰੋਕੂ) ਸੋਧ ਬਿੱਲ 2012 ਰਾਜ ਸਭਾ ਵਿਚ ਜ਼ੁਬਾਨੀ ਵੋਟਾਂ ਨਾਲ ਪਾਸ ਹੋ ਗਿਆ। ਇਸ ਬਿੱਲ ਵਿਚ ਅਤਿਵਾਦੀ ਕਾਰਵਾਈਆਂ ਦੀ ਪਰਿਭਾਸ਼ਾ ਮੋਕਲੀ ਕਰਨ ਦੀ ਮੰਗ ਕੀਤੀ ਗਈ ਸੀ। ਹਾਲਾਂਕਿ ਖੱਬੀਆਂ ਪਾਰਟੀਆਂ ਜਨਤਾ ਦਲ-ਯੂ ਤੇ ਰਾਸ਼ਟਰੀ ਜਨਤਾ ਦਲ ਨੇ ਇਸ ਮੌਕੇ ਵਾਕਆਊਟ ਕਰ ਦਿੱਤਾ। ਇਸ ਬਿੱਲ ਵਿਚ ਦੇਸ਼ ਦੀ ਆਰਥਿਕ ਸੁਰੱਖਿਆ ਨੂੰ ਖਤਰਾ ਖੜ੍ਹਾ ਕਰਨ ਵਾਲੇ ਜੁਰਮਾਂ ਨੂੰ ਨਵੀਂ ਪਰਿਭਾਸ਼ਾ ਵਿਚ ਸ਼ਾਮਲ ਕੀਤਾ ਗਿਆ ਹੈ।

ਇਸ ਵਿਚ ਇਹ ਵੀ ਪ੍ਰਬੰਧ ਕੀਤਾ ਗਿਆ ਹੈ ਕਿ ਕਿਸੇ ਜਥੇਬੰਦੀ 'ਤੇ ਪਾਬੰਦੀ ਦੀ ਮਿਆਦ ਦੋ ਸਾਲ ਤੋਂ ਪੰਜ ਸਾਲ ਤੱਕ ਵਧਾਈ ਜਾ ਸਕਦੀ ਹੈ। ਲੋਕ ਸਭਾ ਵੱਲੋਂ ਇਹ ਬਿੱਲ ਪਹਿਲਾਂ ਹੀ ਪਾਸ ਕੀਤਾ ਜਾ ਚੁੱਕਾ ਹੈ। ਗ੍ਰਹਿ ਰਾਜ ਮੰਤਰੀ ਆਰ.ਪੀ. ਐਨ ਸਿੰਘ ਨੇ ਬਹਿਸ ਦੌਰਾਨ ਦੱਸਿਆ ਕਿ ਇਸ ਸੋਧੇ ਬਿੱਲ ਮੁਤਾਬਕ ਹਥਿਆਰਾਂ ਦੀ ਖਰੀਦ ਕਰਨ, ਅਤਿਵਾਦੀ ਕਾਰਵਾਈਆਂ ਲਈ ਫੰਡ ਇਕੱਠੇ ਕਰਨ ਤੇ ਜਾਅਲੀ ਕਰੰਸੀ ਚਲਾਉਣ ਨੂੰ ਅਤਿਵਾਦ ਦੀਆਂ ਕਾਰਵਾਈਆਂ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸੋਧੇ ਬਿੱਲ ਦੀ ਦੁਰਵਰਤੋਂ ਨਹੀਂ ਹੋਵੇਗੀ। ਇਹ ਬਿੱਲ ਅਤਿਵਾਦ ਤੇ ਅਤਿਵਾਦੀਆਂ ਦੇ ਖ਼ਿਲਾਫ਼ ਹੈ। ਅਤਿਵਾਦ ਸਿਰਫ਼ ਬੰਦੂਕਾਂ 'ਤੇ ਹੀ ਆਧਾਰਤ ਨਹੀਂ ਸਗੋਂ ਦੇਸ਼ ਦੀ ਆਰਥਿਕਤਾ 'ਤੇ ਹਮਲਾ ਵੀ ਇਸ ਦੀ ਇਕ ਵੰਨਗੀ ਹੈ।

# ਮੁੰਬਈ ਵਿਸ਼ਵ ਦਾ ਸਭ ਤੋਂ ਗੰਦਾ ਸ਼ਹਿਰ


**ਵਾਸ਼ਿੰਗਟਨ:** ਭਾਰਤ ਦੀ ਆਰਥਕ ਰਾਜਧਾਨੀ ਮੁੰਬਈ ਨੂੰ ਇਕ ਸਰਵੇਖਣ ਵਿਚ ਸੰਸਾਰ ਦਾ ਸਭ ਤੋਂ ਗੰਦਾ ਸ਼ਹਿਰ ਦੱਸਿਆ ਗਿਆ ਹੈ। ਸੰਸਾਰ ਦੇ 40 ਮੁੱਖ ਸੈਰ-ਸਪਾਟੇ ਵਾਲੇ ਸ਼ਹਿਰਾਂ ਦੇ



ਕੀਤੇ ਗਏ ਇਸ ਸਰਵੇਖਣ ਦੇ ਸਾਫ ਸੜਕਾਂ ਵਾਲੇ ਵਰਗ ਵਿਚ ਮੁੰਬਈ ਨੂੰ ਸਭ ਤੋਂ ਅਖੀਰਲੀ ਥਾਂ ਮਿਲੀ ਹੈ। ਟ੍ਰਿਪਐਡਵਾਈਜ਼ਰ ਨਾਮੀਂ ਕੰਪਨੀ ਵੱਲੋਂ ਕੀਤੇ ਗਏ ਸ਼ਹਿਰਾਂ ਦੇ ਇਸ ਸਰਵੇ ਵਿਚ ਜਾਪਾਨ ਦੀ ਰਾਜਧਾਨੀ ਟੋਕੀਓ ਨੂੰ ਪਹਿਲੀ ਥਾਂ ਹਾਸਲ ਹੋਈ ਹੈ। ਘੁੰਮਣ-ਫਿਰਨ ਵਿਚ ਸੌਖ ਵਾਲੇ ਵਰਗ ਵਿਚ ਵੀ ਮੁੰਬਈ ਫਾਡੀ ਰਿਹਾ ਤੇ ਜਰਮਨੀ ਦਾ ਸ਼ਹਿਰ ਜ਼ਿਊਰਿਖ ਅੱਵਲ ਰਿਹਾ। ਇਸ ਸਰਵੇਖਣ ਤੋਂ ਮਾੜੇ ਸਥਾਨਕ ਵਾਸੀਆਂ, ਗੰਦੀਆਂ ਸੜਕਾਂ ਤੇ ਮਾੜੀਆਂ ਦੁਕਾਨਾਂ ਵਾਲੇ ਸ਼ਹਿਰਾਂ ਦਾ ਪਤਾ ਲੱਗਾ ਹੈ। ਦੋਸਤਾਨਾ ਸ਼ਹਿਰ ਵਾਸੀਆਂ ਦੇ ਵਰਗ ਵਿਚ ਸਭ ਤੋਂ ਫਾਡੀ ਰੂਸ ਦੀ ਰਾਜਧਾਨੀ ਮਾਸਕੋ ਰਹੀ ਹੈ। ਇਹ ਸ਼ਹਿਰ ਕਈ ਹੋਰ ਵਰਗਾਂ ਵਿਚ ਵੀ ਫਾਡੀ ਰਿਹਾ। ਦੂਜੇ ਪਾਸੇ ਟੋਕੀਓ ਕਈ ਵਰਗਾਂ ਵਿਚ ਸਭ ਤੋਂ ਵਧੀਆ ਸ਼ਹਿਰ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਵਰਗਾਂ ਵਿਚ ਵਧੀਆ ਟੈਕਸੀ ਸੇਵਾਵਾਂ, ਸਭ ਤੋਂ ਵੱਧ ਦੋਸਤਾਨਾ ਟੈਕਸੀ ਡਰਾਈਵਰ, ਬਿਹਤਰੀਨ ਜਨਤਕ ਟਰਾਂਸਪੋਰਟੇਸ਼ਨ, ਸਭ ਤੋਂ ਸਾਫ ਸੜਕਾਂ ਤੇ ਸੁਰੱਖਿਆ ਸ਼ਾਮਲ ਹੈ। ਸ਼ਾਪਿੰਗ ਪੱਖੋਂ ਨਿਊਯਾਰਕ ਨੂੰ ਪਹਿਲੀ ਥਾਂ ਮਿਲੀ ਪਰ ਸਾਫ ਸੜਕਾਂ ਵਾਲੇ ਵਰਗ ਵਿਚ ਇਹ ਵੀ ਕਾਫੀ ਪਿਛੇ ਭਾਵ 28ਵੇਂ ਨੰਬਰ ਉਤੇ ਰਿਹਾ। ਇਸ ਸਰਵੇ ਵਿਚ 75 ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ।

# ਵਿਸ਼ਵ ਵਿਚ ਇਸਾਈਆਂ ਦੀ ਸਰਦਾਰੀ

**ਵਾਸ਼ਿੰਗਟਨ:** ਆਬਾਦੀ ਪੱਖੋਂ ਵਿਸ਼ਵ ਵਿਚ ਇਸਾਈਆਂ ਦੀ ਸਰਦਾਰੀ ਹੈ। ਇਕ ਤਾਜ਼ਾ ਅਧਿਐਨ ਮੁਤਾਬਕ ਇਸਲਾਮ ਤੇ ਈਸਾਈ ਧਰਮ ਪਿੱਛੋਂ ਹਿੰਦੂ ਵਿਸ਼ਵ ਦਾ ਤੀਜਾ ਵੱਡਾ ਧਰਮ ਹੈ।



ਇਸ ਮੁਤਾਬਕ 97 ਫੀਸਦੀ ਹਿੰਦੂ ਸਿਰਫ਼ ਤਿੰਨ ਮੁਲਕਾਂ ਭਾਰਤ, ਨੇਪਾਲ ਤੇ ਮਾਰੀਸ਼ਸ਼ ਵਿਚ ਰਹਿੰਦੇ ਹਨ। ਪੇਵ ਰਿਸਰਚ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਵੇਲੇ ਵਿਸ਼ਵ ਵਿਚ ਸਭ ਤੋਂ ਵੱਡਾ ਧਰਮ ਇਸਾਈ ਹੈ। ਤਕਰੀਬਨ 2500 ਮਰਦਮਸ਼ੁਮਾਰੀਆਂ, ਸਰਵੇਖਣਾਂ ਤੇ ਆਬਾਦੀ ਰਜਿਸਟਰਾਂ 'ਤੇ ਆਧਾਰਤ ਪੇਵ ਅਧਿਐਨ ਮੁਤਾਬਕ 2010 ਦੌਰਾਨ ਵਿਸ਼ਵ ਵਿਚ 2.2 ਅਰਬ ਈਸਾਈ (ਵਿਸ਼ਵ ਦੀ ਵਸੋਂ ਦਾ 32 ਫੀਸਦੀ), 1.6 ਅਰਬ ਮੁਸਲਮਾਨ (ਵਿਸ਼ਵ ਦੀ ਆਬਾਦੀ ਦਾ 23 ਫੀਸਦੀ), ਇਕ ਅਰਬ ਹਿੰਦੂ (ਵਿਸ਼ਵ ਦੀ ਆਬਾਦੀ ਦਾ 15 ਫੀਸਦੀ), 50 ਕਰੋੜ ਬੋਧੀ (7 ਫੀਸਦੀ) ਤੇ 1.4 ਕਰੋੜ ਯਹੂਦੀ (0.2 ਫੀਸਦੀ) ਧਰਮਾਂ ਦੇ ਲੋਕਾਂ ਦੀ ਵਸੋਂ ਸੀ। ਇਸ ਤੋਂ ਇਲਾਵਾ 40 ਕਰੋੜ ਲੋਕ (ਵਿਸ਼ਵ ਦੀ ਆਬਾਦੀ ਦਾ 6 ਫੀਸਦੀ) ਵੱਖ-ਵੱਖ ਸਭਿਆਚਾਰਾਂ, ਰਵਾਇਤੀ ਧਰਮਾਂ ਤੇ ਕਬੀਲਿਆਂ ਦੇ ਹਨ। ਇਕ ਅੰਦਾਜ਼ੇ ਮੁਤਾਬਕ 5.8 ਕਰੋੜ ਲੋਕ (ਵਿਸ਼ਵ ਦੀ ਆਬਾਦੀ ਦਾ ਇਕ ਫੀਸਦੀ ਤੋਂ ਵੀ ਘੱਟ), ਜੈਨ, ਸਿੱਖ, ਸ਼ਿਨਤੋ, ਤਾਓ, ਵਿਕਾ ਤੇ ਹੋਰ ਧਰਮਾਂ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਵਿਸ਼ਵ ਵਿਚ ਸਿੱਖਾਂ ਦੀ ਆਬਾਦੀ ਨਾਂ-ਮਾਤਰ ਹੀ ਹੈ।ਇਸ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਹਿੰਦੂ ਤੇ ਈਸਾਈ ਲੋਕ ਬਹੁ-ਗਿਣਤੀ ਵਾਲੇ ਦੇਸ਼ਾਂ ਵਿਚ ਰਹਿ ਰਹੇ ਹਨ। ਤਕਰੀਬਨ 97 ਫੀਸਦੀ ਹਿੰਦੂ ਵਿਸ਼ਵ ਦੇ ਤਿੰਨ ਹਿੰਦੂ ਬਹੁ-ਗਿਣਤੀ ਵਾਲੇ ਦੇਸ਼ਾਂ ਭਾਰਤ, ਮਾਰੀਸ਼ਸ਼ ਤੇ ਨੇਪਾਲ ਵਿਚ ਰਹਿ ਰਹੇ ਹਨ ਜਦੋਂਕਿ 87 ਫੀਸਦੀ ਇਸਾਈ ਵਿਸ਼ਵ ਦੇ 157 ਈਸਾਈ ਬਹੁ-ਗਿਣਤੀ ਵਾਲੇ ਮੁਲਕਾਂ ਵਿਚ ਰਹਿ ਰਹੇ ਹਨ।

# ਇਕਪਾਸੜ ਰਹੇ ਕਬੱਡੀ ਵਿਸ਼ਵ ਕੱਪ ਦੇ ਮੈਚ

**ਲੇਖਾ-ਜੋਖਾ**

ਭਾਰਤ ਦੀ ਟੀਮ ਕਬੱਡੀ ਵਿਸ਼ਵ ਕੱਪ ਜਿੱਤਣ ਵਿਚ ਹੈਟ ਟ੍ਰਿਕ ਤਾਂ ਮਾਰ ਗਈ ਪਰ ਮੈਚ ਕਾਂਟੇਦਾਰ ਨਹੀਂ ਹੋ ਸਕੇ। ਪੰਜਾਬੀ ਖਿਡਾਰੀਆਂ ਨਾਲ ਲੈਸ ਭਾਰਤੀ ਟੀਮ ਨੇ ਲਗਾਤਾਰ ਤੀਜੀ ਵਾਰ ਕੱਪ ਜਿੱਤਿਆ। ਵਿਸ਼ਵ ਕੱਪ ਦੇ ਬਹੁਤੇ ਮੈਚਾਂ ਦਾ ਪੱਧਰ ਮਸੀਂ ਪਿੰਡਾਂ ਦੇ ਟੂਰਨਾਮੈਂਟਾਂ ਵਰਗਾ ਰਿਹਾ। ਕਈ ਟੀਮਾਂ ਬੇਹੱਦ ਕਮਜ਼ੋਰ ਸਨ। ਫਾਈਨਲ ਮੈਚ ਤਾਂ ਹਰ ਵਾਰ ਹੀ ਇਕਪਾਸੜ ਹੋਏ। ਪਹਿਲੇ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤੀ ਟੀਮ ਨੇ




**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਪਾਕਿਸਤਾਨ ਦੀ ਟੀਮ ਨੂੰ 58-24 ਅੰਕਾਂ ਨਾਲ ਹਰਾਇਆ ਸੀ। ਦੂਜੇ ਕੱਪ ਦੇ ਫਾਈਨਲ ਵਿਚ ਉਸ ਨੇ ਕੈਨੇਡਾ ਦੀ ਟੀਮ ਨੂੰ 59-25 ਅੰਕਾਂ ਨਾਲ ਅਤੇ ਤੀਜੇ ਕੱਪ ਵਿਚ ਪਾਕਿਸਤਾਨ ਦੀ ਟੀਮ ਨੂੰ ਫਿਰ 59-22 ਅੰਕਾਂ ਦੇ ਵੱਡੇ ਫਰਕ ਨਾਲ ਹਰਾਇਆ। ਦਰਸ਼ਕ ਇਸ ਆਸ ਨਾਲ ਲੁਧਿਆਣੇ ਜਾਂਦੇ ਰਹੇ ਕਿ ਫਾਈਨਲ ਮੈਚ ਬੜਾ ਫਸਵਾਂ ਤੇ ਕਾਂਟੇਦਾਰ ਹੋਵੇਗਾ। ਦੇਸ਼ ਵਿਦੇਸ਼, ਖ਼ਾਸ ਕਰ ਪਾਕਿਸਤਾਨ ਦੇ ਦਰਸ਼ਕ ਵੱਡੀ ਗਿਣਤੀ ਵਿਚ ਟੀ. ਵੀ. ਰਾਹੀਂ ਜੁੜਦੇ ਰਹੇ ਕਿ ਵੇਖੀਏ ਪਾਕਿਸਤਾਨ ਭਾਰਤ ਨੂੰ ਹਰਾਉਂਦਾ ਹੈ ਜਾਂ ਨਹੀਂ? ਪਰ ਹਰ ਵਾਰ ਸ਼ੁਰੂ ਵਿਚ ਹੀ ਭਾਰਤੀ ਟੀਮ ਨੂੰ ਚੋਖੇ ਅੰਕ ਮਿਲਣ ਸਦਕਾ ਫਾਈਨਲ ਮੈਚਾਂ ਦਾ ਸੁਆਦ ਮਾਰਿਆ ਜਾਂਦਾ ਰਿਹਾ। ਖੇਡ ਕੋਈ ਵੀ ਹੋਵੇ ਜਦੋਂ ਤਕ ਮੁਕਾਬਲਾ ਬਰਾਬਰ ਦਾ ਨਾ ਹੋਵੇ ਦਰਸ਼ਕਾਂ ਨੂੰ ਮੈਚ ਵੇਖਣ ਦਾ ਅਨੰਦ ਨਹੀਂ ਆਉਂਦਾ।

2010 ਵਿਚ ਹੋਏ ਪਹਿਲੇ ਕਬੱਡੀ ਵਿਸ਼ਵ ਕੱਪ ਵਿਚ 9 ਟੀਮਾਂ ਸ਼ਾਮਲ ਹੋਈਆਂ ਸਨ। ਉਨ੍ਹਾਂ ਨੇ 8 ਥਾਂਵਾਂ 'ਤੇ 20 ਮੈਚ ਖੇਡੇ ਸਨ ਪਰ ਬਰਾਬਰ ਦੇ ਕਾਂਟੇਦਾਰ ਮੈਚ ਸਿਰਫ਼ 2 ਹੀ ਹੋਏ ਸਨ। ਅੰਮ੍ਰਿਤਸਰ ਵਿਚ ਖੇਡਿਆ ਇਟਲੀ ਤੇ ਅਮਰੀਕਾ ਦਾ ਮੈਚ ਸਭ ਤੋਂ ਫਸਵਾਂ ਰਿਹਾ ਸੀ ਜੋ ਇਟਲੀ ਨੇ 45-43 ਅੰਕਾਂ ਨਾਲ ਜਿੱਤਿਆ ਸੀ। ਇਕ ਹੋਰ ਮੈਚ ਵਿਚ ਇਟਲੀ ਦੀ ਟੀਮ ਨੇ ਆਸਟ੍ਰੇਲੀਆ ਦੀ ਟੀਮ ਨੂੰ 47-43 ਅੰਕਾਂ ਨਾਲ ਹਰਾਇਆ ਸੀ। ਤਕੜੀਆਂ ਟੀਮਾਂ ਵਿਰੁਧ ਬਾਕੀ ਮੈਚ ਇਕਤਰਫ਼ਾ ਹੀ ਰਹੇ ਸਨ।

2011 ਵਿਚ ਖੇਡੇ ਗਏ ਦੂਜੇ ਕੱਪ ਵਿਚ 14 ਮੁਲਕਾਂ ਦੀਆਂ ਟੀਮਾਂ ਸ਼ਾਮਲ ਹੋਈਆਂ ਸਨ। ਉਨ੍ਹਾਂ ਨੇ 16 ਥਾਂਵਾਂ ਉਤੇ 44 ਮੈਚ ਖੇਡੇ ਸਨ ਪਰ ਗਹਿਗੱਡਵਾਂ ਮੈਚ ਪਾਕਿਸਤਾਨ ਬਨਾਮ ਅਮਰੀਕਾ ਦਾ ਹੀ ਹੋਇਆ ਸੀ ਜੋ ਅਮਰੀਕਾ ਦੀ ਟੀਮ ਨੇ 43-41 ਅੰਕਾਂ ਨਾਲ ਜਿੱਤਿਆ ਸੀ। ਫਿਰ ਅਮਰੀਕਾ ਦੀ ਟੀਮ ਡੋਪ ਟੈਸਟਾਂ ਵਿਚ ਫਸ ਗਈ ਤੇ ਟੂਰਨਾਮੈਂਟ ਤੋਂ ਬਾਹਰ ਹੋ ਗਈ। ਮੁਕਾਬਲੇ ਦਾ ਇਕ ਹੋਰ ਮੈਚ ਪਾਕਿਸਤਾਨ ਬਨਾਮ ਕੈਨੇਡਾ ਦੀਆਂ ਟੀਮਾਂ ਵਿਚਕਾਰ ਹੋਇਆ ਸੀ ਜੋ ਕੈਨੇਡਾ ਨੇ ਜਿੱਤਿਆ। ਪਿੱਛੋਂ ਕੈਨੇਡਾ ਦੀ ਟੀਮ ਵੀ ਡੋਪ ਟੈਸਟਾਂ ਦੇ ਅੜਿੱਕੇ ਆ ਗਈ। ਇੰਗਲੈਂਡ ਦੀ ਟੀਮ ਦੇ ਤਾਂ 10 ਖਿਡਾਰੀ ਡੋਪ ਟੈਸਟਾਂ ਵਿਚ ਫੇਲ੍ਹ ਹੋਏ। ਭਾਰਤ ਦੇ 20 ਖਿਡਾਰੀ ਟੀਮ ਚੁਣਨ ਵੇਲੇ ਡੋਪੀ ਨਿਕਲੇ ਤੇ ਇਕ ਖਿਡਾਰੀ ਕੱਪ ਖੇਡਦਿਆਂ ਡਰੱਗੀ ਨਿਕਲਿਆ। 3 ਟੀਮਾਂ ਨੂੰ ਛੱਡ ਕੇ 13 ਟੀਮਾਂ ਨੂੰ ਡੋਪ ਦੀ ਮਾਰ ਪਈ। ਉਨ੍ਹਾਂ ਨੂੰ ਲਗਭਗ ਸਵਾ ਕਰੋੜ ਰੁਪਏ ਦੇ ਜੁਰਮਾਨੇ ਹੋਏ। ਲੜਕੀਆਂ ਦੀਆਂ 4 ਟੀਮਾਂ ਨੇ 7 ਮੈਚ ਖੇਡੇ ਸਨ। ਭਾਰਤੀ ਟੀਮ ਵਧੇਰੇ ਤਕੜੀ ਤੇ ਬਾਕੀ ਦੀਆਂ ਟੀਮਾਂ ਕਾਫੀ ਕਮਜ਼ੋਰ ਹੋਣ ਕਾਰਨ ਮੈਚ ਇਕਤਰਫ਼ਾ ਹੀ ਰਹੇ ਸਨ ਤੇ ਭਾਰਤੀ ਟੀਮ ਚੋਖੇ ਨੰਬਰਾਂ ਦੇ ਫਰਕ ਨਾਲ ਕੱਪ ਜਿੱਤੀ ਸੀ।

ਪਹਿਲੀ ਦਸੰਬਰ ਤੋਂ 15 ਦਸੰਬਰ ਤਕ ਹੋਏ



ਤੀਜੇ ਕਬੱਡੀ ਵਿਸ਼ਵ ਕੱਪ ਵਿਚ ਮਰਦਾਂ ਦੀਆਂ ਟੀਮਾਂ ਭਾਵੇਂ 15 ਸਨ ਪਰ 13 ਥਾਂਵਾਂ ਉਤੇ ਮੈਚ 25 ਹੀ ਖੇਡੇ ਗਏ। ਉਨ੍ਹਾਂ ਵਿਚੋਂ ਅਮਰੀਕਾ ਤੇ ਇਰਾਨ ਦਾ ਮੈਚ ਹੀ ਕਾਂਟੇਦਾਰ ਹੋਇਆ ਜੋ ਇਰਾਨ ਦੀ ਟੀਮ ਨੇ 45-41 ਅੰਕਾਂ ਨਾਲ ਜਿੱਤਿਆ। ਇਰਾਨ ਬਨਾਮ ਕੈਨੇਡਾ ਦਾ ਮੈਚ ਖਹਿਵਾਂ ਹੋਣ ਦੀ ਆਸ ਸੀ ਪਰ ਉਹ ਮੀਂਹ ਨੇ ਖਰਾਬ ਕਰ ਦਿੱਤਾ। ਉਹ ਮੈਚ ਕੈਨੇਡਾ ਨੇ 51-35 ਅੰਕਾਂ ਦੇ ਫਰਕ ਨਾਲ ਜਿੱਤਿਆ। ਬਾਕੀ ਮੈਚ ਇਕਪਾਸੜ ਹੀ ਸਿੱਧ ਹੋਏ। ਇਹੋ ਕਾਰਨ ਹੈ ਕਿ ਕੁਝ ਥਾਂਵਾਂ ਉਤੇ ਓਨੇ ਦਰਸ਼ਕ ਨਹੀਂ ਜੁੜੇ ਜਿੰਨੇ ਜੁੜਨੇ ਚਾਹੀਦੇ ਸਨ। ਕਈ ਥਾਂਈਂ ਦਰਸ਼ਕ 'ਕੱਠੇ ਕਰਨ ਲਈ 'ਜੁਗਾੜ' ਵੀ ਕਰਨਾ ਪਿਆ ਜਿਵੇਂ ਸਿਆਸੀ ਰੈਲੀਆਂ ਲਈ ਕੀਤਾ ਜਾਂਦਾ ਹੈ। ਸਿਆਸੀ ਨੇਤਾਵਾਂ ਦੀਆਂ ਡਿਊਟੀਆਂ ਲੱਗੀਆਂ, ਪਈ ਦੋ-ਦੋ ਹਜ਼ਾਰ ਬੰਦੇ ਲਾਜ਼ਮੀ ਲਿਆਓ!

ਲੜਕੀਆਂ ਦੀਆਂ 7 ਟੀਮਾਂ ਦੇ 13 ਮੈਚ ਸਨ ਪਰ ਮੁਕਾਬਲੇ ਦਾ ਮੈਚ ਇਕ ਅੱਧਾ ਹੀ ਹੋ ਸਕਿਆ। ਭਾਰਤ ਤੇ ਭਾਰਤੀ ਕੁੜੀਆਂ ਨਾਲ ਲੈਸ ਮਲੇਸ਼ੀਆ ਦੀਆਂ ਟੀਮਾਂ ਏਨੀਆਂ ਤਕੜੀਆਂ ਸਨ ਕਿ ਹੋਰ ਟੀਮਾਂ ਉਨ੍ਹਾਂ ਦੇ ਨੇੜ ਤੇੜੇ ਵੀ ਨਹੀਂ ਸਨ। ਭੇਤ ਦੀ ਗੱਲ ਇਹ ਹੈ ਕਿ ਜਗਤਪੁਰ ਅਕੈਡਮੀ ਦੀਆਂ ਜਿਹੜੀਆਂ ਕੁੜੀਆਂ ਭਾਰਤ ਦੀ ਟੀਮ ਵਿਚ ਆਉਣ ਜੋਗੀਆਂ ਨਹੀਂ ਸਨ ਉਹ ਮਲੇਸ਼ੀਆ ਵੱਲੋਂ ਖਿਡਾ ਲਈਆਂ ਗਈਆਂ ਕਿ ਦੂਜਾ ਇਨਾਮ ਕਿਤੇ ਵਿਦੇਸ਼ੀ ਟੀਮ ਨੂੰ ਨਾ ਚਲਾ ਜਾਵੇ। ਇਹ ਟੀਮਾਂ ਬਾਕੀ ਟੀਮਾਂ ਨੂੰ ਜਾਣ ਬੁੱਝ ਕੇ ਰਿਆਇਤੀ ਅੰਕ ਦਿੰਦੀਆਂ ਵੇਖੀਆਂ ਗਈਆਂ! ਸਿਰਫ਼ ਇੰਗਲੈਂਡ ਤੇ ਡੈਨਮਾਰਕ ਦੀਆਂ ਮੇਮਾਂ ਦਾ ਮੈਚ ਹੀ ਮੁਕਾਬਲੇ ਦਾ ਹੋ ਸਕਿਆ ਜੋ ਡੈਨਮਾਰਕ ਨੇ ਇੰਗਲੈਂਡ ਨੂੰ 36-28 ਅੰਕਾਂ ਨਾਲ ਹਰਾ ਕੇ ਜਿੱਤਿਆ। ਭਾਰਤ ਦੀ ਟੀਮ ਡੈਨਮਾਰਕ ਨੂੰ 60-17, ਕੈਨੇਡਾ ਨੂੰ 62-16, ਇੰਗਲੈਂਡ ਨੂੰ 56-7 ਤੇ ਮਲੇਸ਼ੀਆ ਨੂੰ 72-12 ਅੰਕਾਂ ਦੇ ਵੱਡੇ ਫਰਕ ਨਾਲ ਹਰਾ ਕੇ ਦੂਜੀ ਵਾਰ ਵਿਸ਼ਵ ਕੱਪ ਜਿੱਤੀ।

ਭਾਰਤ ਦੇ ਮੁੰਡਿਆਂ ਦੀ ਟੀਮ ਇੰਗਲੈਂਡ ਦੀ ਟੀਮ ਨੂੰ 57-28, ਅਫ਼ਗ਼ਾਨਿਸਤਾਨ ਨੂੰ 73-24, ਡੈਨਮਾਰਕ ਨੂੰ 73-28 ਤੇ ਇਰਾਨ ਨੂੰ 72-23 ਅੰਕਾਂ ਨਾਲ ਹਰਾ ਕੇ ਫਾਈਨਲ ਵਿਚ ਪੁੱਜੀ ਸੀ। ਉਹ ਚਾਹੁੰਦੀ ਤਾਂ ਅੰਕਾਂ ਦਾ ਏਦੂੰ ਵੀ ਵੱਡਾ ਫਰਕ ਪਾ ਸਕਦੀ ਸੀ। ਤਕੜੇ ਖਿਡਾਰੀ ਪਹਿਲਾਂ ਖਿਡਾਏ ਹੀ ਨਹੀਂ ਗਏ। ਫਾਈਨਲ ਵਿਚ ਉਸ ਨੇ ਪਾਕਿਸਤਾਨ ਦੀ ਉਸ ਟੀਮ ਨੂੰ 59-22 ਅੰਕਾਂ ਨਾਲ ਹਰਾ ਦਿੱਤਾ ਜਿਹੜੀ ਸੀਅਰਾ ਲਿਓਨ ਦੀ ਟੀਮ ਨੂੰ 55-12, ਸਕਾਟਲੈਂਡ ਨੂੰ 61-21, ਇਟਲੀ ਨੂੰ 66-20 ਤੇ ਕੈਨੇਡਾ ਨੂੰ 53-27 ਅੰਕਾਂ ਨਾਲ ਹਰਾ ਕੇ ਫਾਈਨਲ ਵਿਚ ਪੁੱਜੀ ਸੀ। ਪਹਿਲੇ ਮੈਚਾਂ ਵਿਚ ਪਾਕਿਸਤਾਨੀ ਸ਼ੁਗਲੇ ਕਰਦੇ ਰਹੇ ਸਨ ਪਰ ਫਾਈਨਲ ਵਿਚ ਭਾਰਤੀ ਖਿਡਾਰੀਆਂ ਵਿਰੁਧ ਝੱਗ ਵਾਂਗ ਬਹਿ ਗਏ!

ਪ੍ਰਬੰਧਕ ਜੋ ਮਰਜ਼ੀ ਕਹੀ ਜਾਣ ਕਿ ਵੇਖ ਲਓ ਕਿੰਨੇ ਮੁਲਕਾਂ ਦੀਆਂ ਕਬੱਡੀ ਟੀਮਾਂ ਵਿਸ਼ਵ ਕੱਪ ਖੇਡਣ ਆਈਆਂ? ਪਰ ਅਸਲੀਅਤ ਇਹ ਹੈ ਕਿ ਵਿਸ਼ਵ ਕੱਪ ਖੇਡਣ ਲਈ ਤਕੜੀਆਂ ਮਿਆਰੀ ਟੀਮਾਂ ਅਜੇ ਉਂਗਲਾਂ 'ਤੇ ਗਿਣਨ ਜੋਗੀਆਂ ਵੀ ਨਹੀਂ ਬਣੀਆਂ। ਕਿਹਾ ਜਾ ਰਿਹੈ ਕਿ ਅਗਲੇ ਕਬੱਡੀ ਵਿਸ਼ਵ ਕੱਪ ਵਿਚ 25 ਮੁਲਕਾਂ ਦੀਆਂ ਟੀਮਾਂ ਖਿਡਾਈਆਂ ਜਾਣਗੀਆਂ। ਜੇ ਉਨ੍ਹਾਂ ਦੇ ਮੈਚ ਪਹਿਲੇ ਵਿਸ਼ਵ ਕੱਪਾਂ ਵਾਂਗ ਇਕਤਰਫ਼ਾ ਹੀ ਹੋਣੇ ਹਨ ਤਾਂ ਬਹੁਤੀਆਂ ਟੀਮਾਂ ਦਾ ਕਿਰਾਇਆ ਭਾੜਾ ਪੱਟਣ ਦੀ ਲੋੜ ਨਹੀਂ। ਵਿਸ਼ਵ ਕੱਪ ਭਾਵੇਂ ਅੱਠ ਟੀਮਾਂ ਦਾ ਹੀ ਹੋਵੇ ਪਰ ਮੈਚ ਮੁਕਾਬਲੇ ਦੇ ਹੋਣ ਜਿਨ੍ਹਾਂ ਨੂੰ ਦਰਸ਼ਕ ਰੂਹ ਨਾਲ ਵੇਖਣ। ਫਿਰ 'ਕੱਠ ਕਰਨ ਲਈ ਕੋਈ ਹੋਰ 'ਜੁਗਾੜ' ਨਹੀਂ ਕਰਨਾ ਪਵੇਗਾ। ਨਾ ਅਕਸ਼ੈ ਕੁਮਾਰ ਸੱਦਣਾ ਪਵੇਗਾ, ਨਾ ਕੈਟਰੀਨਾ ਕੈਫ ਨਚਾਉਣੀ ਪਵੇਗੀ। ਮੁਕਾਬਲੇ ਦੇ ਮੈਚਾਂ ਵਿਚ ਖੁਦ ਏਨੀ ਖਿੱਚ ਹੋਵੇਗੀ ਕਿ ਦਰਸ਼ਕ ਆਪੇ ਭੱਜੇ ਆਉਣਗੇ। ਸਮਾਂ ਆ ਗਿਆ ਹੈ ਕਿ ਕਬੱਡੀ ਦੇ ਵਿਸ਼ਵ ਕੱਪ ਭਾਵੇਂ ਦੋਂਹ ਸਾਲੀਂ ਹੋਣ ਪਰ ਕਬੱਡੀ ਦੀ ਵਿਸ਼ਵ ਲੀਗ ਹਰ ਸਾਲ ਹੋਵੇ ਤੇ ਲੀਗ ਸ਼ੁਰੂ ਕਰਨ ਲਈ ਸੁਹਿਰਦ ਕਬੱਡੀ ਮਾਹਿਰਾਂ ਨੂੰ ਭਰੋਸੇ ਵਿਚ ਲਿਆ ਜਾਵੇ।

# ਨਿਥਾਂਵੇਂ ਬੱਚਿਆਂ ਦੀ ਜ਼ਿੰਦਗੀ ਬਦਲਣ ਲਈ ਖੁਸ਼ਬੂ ਨੇ ਕਮਰ ਕੱਸੀ

**ਕੁਲਦੀਪ ਭੁੱਲਰ**

ਨਵੀਂ ਦਿੱਲੀ ਦੇ ਰੇਲਵੇ ਸਟੇਸ਼ਨ 'ਤੇ ਰੇਲਵੇ ਪਲੈਟਫਾਰਮ 'ਤੇ ਰਹਿੰਦੇ ਬੱਚਿਆਂ ਨਾਲ ਇਕ ਖੂੰਜੇ ਵਿਚ ਬੈਠੀ ਉਨ੍ਹਾਂ ਨਾਲ ਗੱਲਾਂ ਵਿਚ ਮਗਨ ਇੱਕ ਨੌਜਵਾਨ ਲੜਕੀ ਤੁਸੀਂ ਅਕਸਰ ਦੇਖ ਸਕਦੇ ਹੋ। ਇਹ ਲੜਕੀ ਖੁਸ਼ਬੂ ਜੈਨ ਕਿਸੇ ਜਥੇਬੰਦੀ ਨਾਲ ਜੁੜੀ ਉਸ ਦੀ ਕੋਈ ਸਰਗਰਮ ਕਾਰਕੁਨ ਨਹੀਂ ਹੈ। ਇਥੇ ਰੇਲਵੇ ਪਲੈਟਫਾਰਮ 'ਤੇ ਰਹਿਣ ਵਾਲੇ ਬੱਚੇ ਉਸ ਨਾਲ ਬੇਝਿਜਕ ਤੇ ਬਿਨਾਂ ਕਿਸੇ ਡਰ ਦੇ ਗੱਲਬਾਤ ਕਰਦੇ ਹਨ। ਉਹ ਬੱਚਿਆਂ ਨਾਲ ਰੋਜ਼ਾਨਾ ਵਾਪਰਦੀਆਂ ਘਟਨਾਵਾਂ ਦੇ ਕਿੱਸਿਆਂ ਨੂੰ ਸੁਣਦੀ ਅਤੇ ਉਨ੍ਹਾਂ ਦੇ ਦੁੱਖ ਦਰਦ ਵਿਚ ਸ਼ਰੀਕ ਹੁੰਦੀ ਹੈ। ਖੁਸ਼ਬੂ ਦੀ ਆਸਾਨੀ ਨਾਲ ਬੱਚਿਆਂ ਨਾਲ ਘੁਲਮਿਲ ਜਾਣ ਦੀ ਅਸਲ ਵਜ੍ਹਾ ਇਹ ਹੈ ਕਿ ਉਸ ਵਿਚ ਬੱਚਿਆਂ ਦੇ ਅਨੁਭਵਾਂ ਨੂੰ ਸਮਝਣ ਲਈ ਉਨ੍ਹਾਂ ਦੇ ਬਰਾਬਰ ਦੀ ਹੋ ਕੇ ਸੁਣਨ ਦੀ ਕਲਾ ਹੈ। ਪਿਛਲੇ ਸਾਲ ਅਪਰੈਲ ਤੋਂ ਬਾਅਦ ਉਸ ਲਈ ਬੱਚਿਆਂ ਦੀ ਪਲੈਟਫਾਰਮ ਵਾਲੀ ਜ਼ਿੰਦਗੀ ਸਿਰਫ ਅਕਾਦਮਿਕ ਵਿਸ਼ਾ ਵਸਤੂ ਨਹੀਂ ਰਿਹਾ। ਇਸ ਵਿਚ ਉਸ ਦੀ ਦਿਲਚਸਪੀ ਹੋਰ ਵਧ ਗਈ ਹੈ। ਉਹ ਬੱਚਿਆਂ ਦੇ ਘਰੋਂ ਭੱਜਣ ਦੇ ਅਸਲ ਕਾਰਨਾਂ ਬਾਰੇ ਖੋਜ ਕਰਨਾ ਚਾਹੁੰਦੀ ਸੀ। ਪਰ 4 ਅਪਰੈਲ 2011 ਨੂੰ ਰੇਲਵੇ ਸਟੇਸ਼ਨ 'ਤੇ ਵਾਪਰੇ ਇਕ ਹਾਦਸੇ ਨੇ ਉਸ ਦੀ ਇਸ ਵਿਸ਼ੇ ਬਾਰੇ ਪਹੁੰਚ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ।

ਉਸ ਦਿਨ ਪੀਤੂ ਨਾਂ ਦਾ ਇਕ ਲੜਕਾ, ਜਿਸ ਦੀ ਉਮਰ ਮੁਸ਼ਕਲ ਨਾਲ 10 ਸਾਲਾਂ ਦੀ ਹੋਵੇਗੀ, ਇਕ ਚਲਦੀ ਗੱਡੀ ਹੇਠ ਆ ਕੇ ਦਮ ਤੋੜ ਗਿਆ। ਉਹ ਆਪਣੀ ਰੋਟੀ ਰੋਜ਼ੀ ਲਈ ਰੋਜ਼ਾਨਾ ਪਲੈਟਫਾਰਮ ਤੋਂ ਬੋਤਲਾਂ ਅਤੇ ਹੋਰ ਰੱਦੀ ਦੀਆਂ ਵਸਤਾਂ ਇਕੱਠੀਆਂ ਕਰਦਾ ਸੀ। ਉਸ ਦਿਨ ਉਹ ਵੇਚੀਆਂ ਜਾਣ ਵਾਲੀਆਂ ਰੱਦੀ ਦੀਆਂ ਚੀਜ਼ਾਂ ਇਕੱਠੀਆਂ ਕਰ ਰਿਹਾ ਸੀ ਕਿ ਇਕ ਰੇਲ ਗੱਡੀ ਦੇ ਹੇਠ ਆ ਗਿਆ। ਉਸ ਦੀ ਟੁਕੜੇ ਟੁਕੜੇ ਹੋਈ ਲਾਸ਼ ਰੇਲ ਪਟੜੀ 'ਤੇ ਪਈ ਸੀ ਪਰ ਕੋਈ ਮਦਦ ਲਈ ਅੱਗੇ ਨਹੀਂ ਆ ਰਿਹਾ ਸੀ। ਖੁਸ਼ਬੂ ਤੇ ਹੋਰਨਾਂ ਨੇ ਸਹਾਇਤਾ ਲਈ ਚੀਖ਼ ਪੁਕਾਰ ਕੀਤੀ ਪਰ ਪੁਲਿਸ ਆਪਣੀ ਮਰਜ਼ੀ ਨਾਲ ਹੀ ਵਾਰਦਾਤ ਵਾਲੀ ਥਾਂ 'ਤੇ ਪੁੱਜੀ। ਇਹ ਦੇਖ ਕੇ ਖੁਸ਼ਬੂ ਦਾ ਮਨ ਹੋਰ ਵੀ ਦੁਖੀ ਹੋ ਰਿਹਾ ਸੀ ਕਿ ਮੁਸਾਫਰ ਆਮ ਵਾਂਗ ਰੇਲ ਗੱਡੀਆਂ ਵਿਚ ਸਵਾਰ ਹੋ ਰਹੇ ਸਨ ਅਤੇ ਅਧਿਕਾਰੀ ਚਾਰਜ ਲੈਣ ਵਿਚ ਸਮਾਂ ਵਿਹਾ ਰਹੇ ਸਨ। ਖੁਸ਼ਬੂ ਨੇ ਰੇਲ ਪਟੜੀ ਵੱਲ ਹੱਥ ਕਰਕੇ ਦੱਸਿਆ ਕਿ ਉਥੇ ਪੀਤੂ ਦੀ ਲਾਸ਼ ਪਈ ਸੀ ਅਤੇ ਇਹ ਉਹ ਵੇਲਾ ਸੀ ਜਦੋਂ ਉਹ ਬਿਲਕੁਲ ਸਤੰਭ ਬਣ ਕੇ ਰਹਿ ਗਈ। ਉਸ ਨੇ ਉਸ ਦਿਨ ਇਹ ਜ਼ਰੂਰ ਮਹਿਸੂਸ ਕੀਤਾ ਕਿ ਕਾਗਜ਼ੀ ਮੱਥਾਪਚੀ ਤਾਂ ਬਹੁਤ ਕੀਤੀ ਜਾਂਦੀ ਹੈ ਪਰ ਰੇਲਵੇ ਪਲੈਟਫਾਰਮ 'ਤੇ ਰਹਿਣ ਵਾਲੇ ਬੱਚਿਆਂ ਦੀ ਸੁਰੱਖਿਆ ਬਾਰੇ ਕੋਈ ਕਾਨੂੰਨ ਨਹੀਂ ਜਿਹੜਾ ਉਨ੍ਹਾਂ ਦੀਆਂ ਜ਼ਿੰਦਗੀਆਂ ਬਚਾਅ ਸਕੇ।

ਪੀਤੂ ਦੀ ਮੌਤ ਤੋਂ ਬਾਅਦ ਖੁਸ਼ਬੂ ਅੰਦਰ ਇਕ ਗੁਸੈਲ ਕਾਰਕੁਨ ਦੀ ਰੂਹ ਪ੍ਰਵੇਸ਼ ਕਰ ਗਈ। ਇਸ ਸਾਲ ਅਗਸਤ ਵਿਚ ਉਸ ਨੇ ਦਿੱਲੀ ਹਾਈ ਕੋਰਟ ਵਿਚ ਇਕ ਜਨਹਿਤ ਪਟੀਸ਼ਨ ਦਾਇਰ ਕਰ ਦਿੱਤੀ ਜਿਸ ਵਿਚ ਉਸ ਨੇ ਰੇਲਵੇ ਪਲੈਟਫਾਰਮ ਬਾਰੇ ਆਪਣੇ ਸਾਰੇ ਤਜਰਬੇ ਬਿਆਨ ਕੀਤੇ ਹਨ ਅਤੇ ਮੰਗ ਕੀਤੀ ਕਿ ਰੇਲਵੇ ਪਲੈਟਫਾਰਮਾਂ 'ਤੇ ਜੀਵਨ ਬਸਰ ਕਰਨ ਵਾਲੇ ਬੱਚਿਆਂ ਨੂੰ ਮੁਸੀਬਤ ਵੇਲੇ ਬਿਨਾਂ ਕਿਸੇ ਦੇਰੀ ਅਤੇ ਕਾਨੂੰਨੀ ਅੜਚਣਾਂ ਤੋਂ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ ਜਾਵੇ। ਖੁਸ਼ਬੂ ਜੈਨ ਨੇ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਬਣੇ ਕੌਮੀ ਕਮਿਸ਼ਨ ਵੱਲੋਂ ਤਿਆਰ ਰੇਲਵੇ ਪਲੈਟਫਾਰਮਾਂ ਦੇ ਬੱਚਿਆਂ ਲਈ ਦਿਸ਼ਾ ਨਿਰਦੇਸ਼ ਮੌਜੂਦ ਹਨ। ਇਸ ਜਨਹਿਤ ਪਟੀਸ਼ਨ ਵਿਚ ਉਸ ਨੇ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ। ਖੁਸ਼ਬੂ ਆਪਣੀ ਪਟੀਸ਼ਨ ਲਈ ਨਿਯਮਿਤ ਤੌਰ 'ਤੇ ਦਿੱਲੀ ਹਾਈ ਕੋਰਟ ਜਾ ਰਹੀ ਹੈ ਅਤੇ ਉਸ ਅਨੁਸਾਰ ਅਦਾਲਤ ਦਾ ਆਉਣ ਵਾਲਾ ਫੈਸਲਾ ਜ਼ਰੂਰ ਬੱਚਿਆਂ ਲਈ ਕਾਰਗਰ ਸਾਬਤ ਹੋਵੇਗਾ।

ਰੇਲਵੇ ਪਲੈਟਫਾਰਮਾਂ 'ਤੇ ਜੀਵਨ ਬਸਰ ਕਰਨ ਵਾਲੇ ਬੱਚਿਆਂ ਦੀ ਜ਼ਿੰਦਗੀ ਬਚਾਉਣਾ ਖੁਸ਼ਬੂ ਦਾ ਟੀਚਾ ਬਣ ਗਿਆ ਹੈ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਆਪਣੀ ਜ਼ਿੰਦਗੀ ਵਿਚ ਅਜਿਹਾ ਰਸਤਾ ਚੁਣੇਗੀ। ਇਕ ਖੁਸ਼ਹਾਲ ਪਰ ਰੂੜ੍ਹੀਵਾਦੀ ਪਰਿਵਾਰ ਵਿਚ ਜਨਮੀ ਖੁਸ਼ਬੂ ਦਾ ਬਚਪਨ ਨੇਪਾਲ ਵਿਚ ਬੀਤਿਆ ਅਤੇ ਸਕੂਲੀ ਪੜ੍ਹਾਈ ਹਿਸਾਰ ਵਿਚ ਮੁਕੰਮਲ ਹੋਈ ਜਿਥੇ ਉਸ ਨੂੰ ਬੋਸੀਦਾ ਕਿਸਮ ਦੀਆਂ ਸਮਾਜਕ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਜਿਹਾ ਕਿ ਅਜਿਹੇ ਪਰਿਵਾਰਾਂ ਵਿਚ ਅਕਸਰ ਹੁੰਦਾ ਹੈ, ਛੇਤੀ ਵਿਆਹ ਕਰਵਾਓ, ਬੱਚੇ ਪੈਦਾ ਕਰੋ ਅਤੇ ਘਰ ਬਾਰ ਸੰਭਾਲੋ ਪਰ ਖੁਸ਼ਬੂ ਨੇ ਆਪਣੇ ਮਾਪਿਆਂ ਨੂੰ ਕਿਹਾ ਕਿ ਉਹ ਪੜ੍ਹਨਾ ਚਾਹੁੰਦੀ ਹੈ। ਉਸ ਨੇ ਕਾਮਰਸ ਵਿਚ ਗਰੈਜੂਏਸ਼ਨ ਕੀਤੀ। ਸਾਲ 2004 ਵਿਚ ਮਾਪਿਆਂ ਦੀ ਗੱਲ ਨਾਲ ਰਜ਼ਾਮੰਦ ਹੁੰਦਿਆਂ ਉਸ ਨੇ ਵਿਆਹ ਤਾਂ ਕਰਵਾ ਲਿਆ ਪਰ ਉਸ ਨੇ ਆਪਣੇ ਅੱਗੇ ਪੜ੍ਹਨ ਦੇ ਸੁਫਨੇ ਨੂੰ ਬਰਕਰਾਰ ਰੱਖਿਆ। ਉਸ ਨੇ ਪੋਸਟ ਗਰੈਜੂਏਸ਼ਨ ਕਰਨ ਤੋਂ ਬਾਅਦ ਐਮ ਫਿਲ ਲਈ ਆਪਣਾ ਨਾਂ ਦਰਜ ਕਰਵਾਇਆ।

ਰੇਲਵੇ ਪਲੈਟਫਾਰਮਾਂ ਤੇ ਜ਼ਿੰਦਗੀ ਬਸਰ ਕਰਨ ਵਾਲੇ ਬੱਚਿਆਂ ਦੇ ਘਰੋਂ ਭੱਜਣ ਦੇ ਸਵਾਲ ਦੀ ਸੱਚਾਈ ਜਾਣਨ ਲਈ ਉਹ ਦੇਸ਼ ਦੇ ਕਈ ਰੇਲਵੇ ਸਟੇਸ਼ਨਾਂ 'ਤੇ ਗਈ ਹੈ। ਉਸ ਨੇ ਦੱਸਿਆ ਇਕ ਗੱਲ ਤਾਂ ਬੜੀ ਸਪਸ਼ਟ ਹੈ ਕਿ ਘਰੋਂ ਭੱਜਣ ਦਾ ਜੋ ਇਕੋ ਇਕ ਕਾਰਨ ਗਰੀਬੀ ਸਮਝਿਆ ਜਾਂਦਾ ਹੈ, ਉਹ ਪੂਰੀ ਤਰ੍ਹਾਂ ਠੀਕ ਨਹੀਂ। ਇਸ ਤੋਂ ਇਲਾਵਾ ਵੀ ਕਈ ਕਾਰਨ ਹਨ ਜਿਵੇਂ ਬੱਚਿਆਂ ਨੂੰ ਕੰਮ ਕਾਰ ਦਿਵਾਉਣ ਬਹਾਨੇ ਸ਼ਹਿਰਾਂ ਵਿਚ ਲਿਆਂਦਾ ਜਾਂਦਾ ਹੈ, ਮਾਪਿਆਂ ਅਤੇ ਅਧਿਆਪਕਾਂ ਦੀ ਕੁੱਟ ਕਾਰਨ ਵੀ ਕਈ ਬੱਚੇ ਘਰੋਂ ਭੱਜ ਜਾਂਦੇ ਹਨ। ਉਸ ਨੇ ਕਿਹਾ ਕਿ ਕਈ ਭਾਵਨਾਤਮਕ ਮੁੱਦੇ ਹਨ ਜੋ ਇਸ ਵਿਸ਼ੇ ਨਾਲ ਜੁੜੇ ਹੋਏ ਹਨ। ਉਸ ਨੇ ਕਿਹਾ ਕਿ ਉਹ ਇਹ ਸਾਰੇ ਪਹਿਲੂ ਜਾਣਨ ਦੀ ਚਾਹਵਾਨ ਹੈ ਅਤੇ ਉਹ ਚਾਹੁੰਦੀ ਹੈ ਕਿ ਲੋਕ ਵੀ ਉਸ ਦੀ ਇਸ ਭਾਵਨਾ ਨੂੰ ਸਮਝਣ।

#



ਦਿੱਲੀ ਪਲੈਟਫਾਰਮ 'ਤੇ ਬੱਚਿਆਂ ਨਾਲ ਰੁੱਝੀ ਹੋਈ ਖੁਸ਼ਬੂ

## ਜ਼ਮੀਨ ਦੇ ਝਗੜੇ 'ਚ ਪਿਓ-ਪੁੱਤ ਦੀ ਮੌਤ

**ਫ਼ਿਰੋਜ਼ਪੁਰ:** ਮਮਦੋਟ ਪੁਲਿਸ ਥਾਣਾ ਦੇ ਪਿੰਡ ਲੱਖਾ ਸਿੰਘ ਵਾਲਾ ਉਤਾੜ ਵਿਚ ਜ਼ਮੀਨੀ ਕਬਜ਼ੇ ਨੂੰ ਲੈ ਕੇ ਚੱਲੀ ਗੋਲੀ ਵਿਚ ਪਿਓ-ਪੁੱਤਰ ਦੀ ਮੌਤ ਹੋ ਗਈ ਤੇ ਇਕ ਔਰਤ ਸਣੇ 4 ਬੰਦੇ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਮਾਮਲੇ 'ਚ ਭਾਜਪਾ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਰਾਕੇਸ਼ ਧਵਨ ਤੋਂ ਇਲਾਵਾ ਡੇਢ ਦਰਜਨ ਤੋਂ ਵਧੇਰੇ ਸ਼ਾਮਲ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

ਹਾਸਲ ਜਾਣਕਾਰੀ ਅਨੁਸਾਰ ਪਿੰਡ ਲੱਖਾ ਸਿੰਘ ਵਾਲਾ ਵਿਚ ਢਾਈ ਏਕੜ ਜ਼ਮੀਨ ਉਪਰ ਕੁਲਮੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਲੱਖਾ ਸਿੰਘ ਵਾਲਾ ਨੇ ਫਸਲ ਬੀਜੀ ਹੋਈ ਹੈ ਜਿਸ ਵਿਚੋਂ 8 ਕਨਾਲਾਂ ਜ਼ਮੀਨ ਦਾ ਝਗੜਾ ਲਵਕੇਸ਼ ਕੁਮਾਰ ਤੇ ਇੰਦਰਜੀਤ ਸਿੰਘ ਪੁੱਤਰ ਓਮ ਪ੍ਰਕਾਸ਼ ਵਾਸੀ ਮਮਦੋਟ ਹਾਲ ਆਬਾਦ ਭਿੱਖੀਵਿੰਡ ਨਾਲ ਚਲਦਾ ਸੀ। ਘਟਨਾ ਵਿਚ ਜ਼ਖ਼ਮੀ ਹੋਏ ਕੁਲਮੀਤ ਸਿੰਘ ਨੇ ਦੱਸਿਆ ਕਿ ਇਸ ਜਗ੍ਹਾ 'ਤੇ ਉਨ੍ਹਾਂ ਦਾ 50-60 ਸਾਲ ਤੋਂ ਕਬਜ਼ਾ ਹੈ ਜਦਕਿ ਦੂਜੀ ਧਿਰ ਮਾਲ ਵਿਭਾਗ ਦੇ ਰਿਕਾਰਡ ਮੁਤਾਬਕ ਇਸ ਜਗ੍ਹਾ ਦੇ ਆਪਣੇ-ਆਪ ਨੂੰ ਮਾਲਕ ਦੱਸਦੇ ਹੋਏ ਜ਼ਮੀਨ ਨਾ ਛੱਡਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਰਹਿੰਦੇ ਸਨ। ਕਾਗਜ਼ੀ ਮਾਲਕਾਂ ਨੇ ਅੱਠ ਕਨਾਲ ਜ਼ਮੀਨ ਦਾ ਬਿਆਨਾਂ ਕੁਝ ਦਿਨ ਪਹਿਲਾਂ ਭਾਜਪਾ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਰਾਕੇਸ਼ ਧਵਨ, ਮਹਿਤਾਬ ਸਿੰਘ ਤੇ ਗੁਰਬਚਨ ਸਿੰਘ ਪੁੱਤਰਾਨ ਬਾਜ ਸਿੰਘ ਵਾਸੀਅਨ ਮਮਦੋਟ ਦੇ ਨਾਂ ਕਰ ਦਿੱਤਾ ਸੀ। ਲੰਘੇ ਦਿਨ ਮਹਿਤਾਬ ਸਿੰਘ ਜ਼ਮੀਨ 'ਤੇ ਕਬਜ਼ਾ ਕਰਨ ਲਈ ਆਏ ਤਾਂ ਕਾਬਜ਼ ਧਿਰ ਵੱਲੋਂ ਨਾਕਾਮ ਬਣਾਉਣ ਦੀ ਕੋਸ਼ਿਸ ਕੀਤੀ ਗਈ।

ਇਸ ਮੌਕੇ ਚੱਲੀ ਗੋਲੀ ਵਿਚ ਜੋਗਿੰਦਰ ਸਿੰਘ ਤੇ ਉਸ ਦੇ ਪੁੱਤਰ ਬਗੀਚਾ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਕੁਲਮੀਤ ਸਿੰਘ, ਸੋਹਣ ਸਿਘ, ਬਿਮਲਾ ਰਾਣੀ, ਚੰਨਣ ਸਿੰਘ ਗੋਲੀਆਂ ਲੱਗਣ ਨਾਲ ਗੰਭੀਰ ਜ਼ਖਮੀ ਹੋ ਗਏ। ਪੁਲਿਸ ਥਾਣਾ ਮਮਦੋਟ ਨੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਮੀਡੀਆ ਇੰਚਾਰਜ ਰਾਕੇਸ਼ ਧਵਨ, ਮਹਿਤਾਬ ਸਿੰਘ, ਗੁਰਬਚਨ ਸਿੰਘ, ਲਵਕੇਸ਼ ਕੁਮਾਰ, ਇੰਦਰਜੀਤ ਸਿੰਘ, ਸੋਨੂੰ ਡਰਾਇਵਰ, ਕੇਸ਼ਾ, ਜੋਨੀ ਫਾਇਨਾਂਸਰ, ਜਿੰਦੂ, ਸਾਜਨ ਚੋਪੜਾ, ਸੂਰਜ ਚੋਪੜਾ, ਜੋਗਿੰਦਰ ਸਿੰਘ ਤੇ ਰਾਜੂ ਚੋਪੜਾ 7-8 ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ।

ਸ਼ਰਧਾਂਜਲੀ

# ਦਸਮੇਸ਼ ਪਬਲਿਕ ਸਕੂਲ ਵਾਲਾ ਦਲਬੀਰ ਚੇਤਨ

ਵਿੱਦਿਆ ਨੂੰ ਜਿਨ੍ਹਾਂ ਘਰਾਂ ਨੇ 'ਜੀ ਆਇਆਂ' ਕਿਹਾ ਹੈ, ਉਨ੍ਹਾਂ ਦੇ ਘਰ ਚਾਨਣ ਨਾਲ ਭਰ ਗਏ। ਜਿਨ੍ਹਾਂ ਕੌਮਾਂ ਨੇ ਇਹ ਸੋਚ ਲਿਆ ਕੇ ਇਸ ਤੋਂ ਬਗੈਰ ਗੁਜ਼ਾਰਾ ਨਹੀਂ, ਇਸ ਨੂੰ ਅਪਨਾਉਣਾ ਹੀ ਪੈਣਾ ਹੈ, ਉਨ੍ਹਾਂ ਕੌਮਾਂ ਦੇ ਸਿਰ ਉਚੇ ਹੋਣ ਲੱਗ ਪਏ। ਜਿਨ੍ਹਾਂ ਦੇਸ਼ਾਂ ਨੇ ਇਸ ਨੂੰ ਬਹੁਤ ਪਹਿਲਾਂ ਹੀ ਗਲੇ ਨਾਲ ਲਾ ਲਿਆ, ਉਹ ਅੱਜ ਦੀ ਤਰੀਕ

**ਪਰਸ਼ਿੰਦਰ ਸਿੰਘ**
ਫੋਨ: 469-335-2263


ਵਿਚ ਚੰਦਰਮਾ ਨੂੰ ਛੂਹ ਚੁੱਕੇ ਹਨ। ਇਸ ਤੋਂ ਅਗਲੇ ਗ੍ਰਹਿਆਂ ਤੱਕ ਵੀ ਉਨ੍ਹਾਂ ਦੀ ਪਹੁੰਚ ਹੈ।

ਕਹਾਣੀਕਾਰ ਪ੍ਰੇਮ ਗੋਰਖੀ ਨੇ ਕਿਤੇ ਲਿਖਿਆ ਏ ਕਿ ਦਲਬੀਰ ਚੇਤਨ ਨੂੰ ਸੁਪਨੇ ਵੇਖਣ ਦਾ ਬੜਾ ਖਬਤ ਸੀ; ਨਾਲ ਹੀ ਉਹ ਕਹਿੰਦਾ ਏ ਕਿ ਦਲਬੀਰ ਸਿਰਫ਼ ਸੁਪਨੇ ਵੇਖਦਾ ਹੀ ਨਹੀਂ, ਪੂਰੇ ਵੀ ਕਰਦਾ ਹੈ। ਇਸ ਦੀ ਹਾਮੀ ਮੈਂ ਵੀ ਭਰਦਾ ਹਾਂ। ਉਹਦੇ ਕੁਝ ਸੁਪਨੇ ਜੋ ਉਹਨੇ ਵੇਖੇ, ਉਹਨੂੰ ਉਸ ਪੂਰਾ ਵੀ ਕੀਤਾ। ਦਲਬੀਰ ਚੇਤਨ ਗਿਆਰਵੀਂ ਪਾਸ ਕਰ ਕੇ ਹੀ ਹਵਾਈ ਸੈਨਾ ਵਿਚ ਭਰਤੀ ਹੋ ਗਿਆ। ਅਸੀਂ ਤਿੰਨ ਭਰਾ ਤੇ ਇਕ ਭੈਣ ਹਾਂ। ਚੇਤਨ ਘਰ ਵਿਚੋਂ ਸਭ ਤੋਂ ਵੱਡਾ ਅਤੇ ਮੈਂ ਘਰ ਵਿਚ ਸਭ ਤੋਂ ਛੋਟਾ। ਸ਼ਾਇਦ ਵੱਡੇ ਦੇ ਸਿਰ 'ਤੇ ਕੁਝ ਜ਼ਿਆਦਾ ਜ਼ਿੰਮੇਵਾਰੀ ਹੋਣ ਕਰ ਕੇ ਉਹ ਪੜ੍ਹਨਾ ਚਾਹੁੰਦਾ ਹੋਇਆ ਵੀ ਹੋਰ ਪੜ੍ਹ ਨਾ ਸਕਿਆ ਪਰ ਪੜ੍ਹਨ ਦੀ ਲਗਨ ਉਸ ਵਿਚ ਬਹੁਤ ਸੀ। ਸੈਨਾ ਦੀ ਨੌਕਰੀ ਕਰਦਿਆਂ ਹੀ ਕੁਝ ਸਾਲ ਬਾਅਦ ਉਹਨੇ ਦੁਬਾਰਾ ਪੜ੍ਹਨਾ ਸ਼ੁਰੂ ਕੀਤਾ ਤੇ ਹੌਲੀ-ਹੌਲੀ ਉਹ ਪੰਜਾਬੀ ਦੀ ਐਮ.ਏ. ਕਰ ਗਿਆ। ਜਦ ਪੰਜਾਬੀ ਦੀ ਐਮ.ਏ. ਸ਼ੁਰੂ ਕੀਤੀ ਤਾਂ ਉਸ ਨੇ ਕਈਆਂ ਕੋਲੋਂ ਪੁੱਛ ਪੜਤਾਲ ਕੀਤੀ ਜਿਨ੍ਹਾਂ ਨੇ ਪੰਜਾਬੀ ਦੀ ਐਮ.ਏ. ਕੀਤੀ ਸੀ। ਉਹ ਇਹੀ ਦੱਸਦੇ ਸਨ ਕਿ ਇਸ ਇਮਤਿਹਾਨ ਵਿਚ ਲਿਖਣਾ ਬਹੁਤ ਪੈਂਦਾ, ਤੇ ਤੁਹਾਡੀ ਲਿਖਣ ਦੀ ਰਫ਼ਤਾਰ ਬਹੁਤ ਹੋਣੀ ਚਾਹੀਦੀ ਏ। ਫੌਜ ਵਿਚੋਂ ਉਹ ਇਮਤਿਹਾਨਾਂ ਦੇ ਨਜ਼ਦੀਕ ਘਰ ਆਉਂਦਾ ਤੇ ਇਮਤਿਹਾਨ ਦੇ ਕੇ ਵਾਪਸ ਚਲਾ ਜਾਂਦਾ। ਲਿਖਣ ਦੀ ਇਹੋ ਜਿਹੀ ਰਫ਼ਤਾਰ ਬਣਾਈ ਕਿ ਬਾਅਦ ਵਿਚ ਆਦਤ ਹੀ ਬਣ ਗਈ। ਉਹ ਜਿੱਥੇ ਵੀ ਬੈਠਦਾ, ਪੈਨ ਕੱਢ ਕੇ ਲਿਖਦਾ ਰਹਿੰਦਾ। ਕੋਈ ਅਖ਼ਬਾਰ, ਪੇਪਰ ਜਾਂ ਲਿਫ਼ਾਫ਼ਾ; ਜਿਥੇ ਵੀ ਉਹਨੂੰ ਜਗ੍ਹਾ ਮਿਲਦੀ, ਉਹ ਕਾਗਜ਼ ਨੂੰ ਬਖ਼ਸ਼ਦਾ ਨਾ। ਕੁਝ ਨਾ ਹੁੰਦਾ ਤਾਂ ਆਪਣੇ ਦਸਤਖ਼ਤ ਹੀ ਕਰੀ ਜਾਂਦਾ।

ਐਮ.ਏ. ਦੇ ਆਖ਼ਰੀ ਸਾਲ ਵਿਚ ਉਹ ਅੰਮ੍ਰਿਤਸਰ ਕਿਸੇ ਪ੍ਰੋਫੈਸਰ ਕੋਲ ਕੁਝ ਹਫਤੇ ਪੜ੍ਹਨ ਗਿਆ। ਆਖ਼ਰੀ ਦਿਨ ਜਦ ਚੇਤਨ ਨੇ ਵਿਦਾਇਗੀ ਲਈ ਹੱਥ ਜੋੜ ਕੇ ਕਿਹਾ ਕਿ 'ਪ੍ਰੋਫੈਸਰ ਸਾਹਿਬ, ਮੈਂ ਤੁਹਾਡੀ ਕੀ ਸੇਵਾ ਕਰਾਂ', ਤਾਂ ਪ੍ਰੋਫੈਸਰ ਨੇ ਚੇਤਨ ਦਾ ਮੋਢਾ ਥਾਪੜਦਿਆਂ ਕਿਹਾ ਕਿ 'ਦਲਬੀਰ, ਤੂੰ ਥੋੜ੍ਹਾ ਬਹੁਤ ਲਿਖਦਾ ਵੀ ਏਂ, ਮੈਂ ਚਾਹੁੰਦਾਂ ਕਿ ਤੂੰ ਪੰਜਾਬੀ ਦਾ ਵਧੀਆ ਕਹਾਣੀਕਾਰ ਬਣੇਂ। ਮੈਨੂੰ ਤਾਂ ਜੋ ਆਉਂਦਾ ਸੀ, ਮੈਂ ਤੈਨੂੰ ਪੜ੍ਹਾ ਦਿੱਤਾ ਏ, ਪਰ ਇਕ ਗੱਲ ਯਾਦ ਰੱਖੀਂ-ਕਿਤੇ ਜ਼ਿੰਦਗੀ ਵਿਚ ਮੌਕਾ ਮਿਲਿਆ ਤਾਂ ਇਹ ਵਿਦਿਆ ਅੱਗੇ ਹੋਰਨਾਂ ਨੂੰ ਪੜ੍ਹਾ ਛੱਡੀਂ; ਬਸ ਇਹੀ ਮੇਰੀ ਸੇਵਾ ਏ।'

ਉਹਨੇ ਉਸਤਾਦ ਦੀ ਇਹ ਗੱਲ ਪੱਲੇ ਬੰਨ੍ਹ ਲਈ ਅਤੇ ਇਹੀ ਸੁਪਨਾ ਲੈਣ ਲੱਗਾ। 1977 ਦੇ ਸ਼ੁਰੂ ਵਿਚ ਉਹਨੇ ਆਪਣੇ ਪੰਦਰਾਂ ਸਾਲ ਹਵਾਈ ਸੈਨਾ ਦੇ ਪੂਰੇ ਕਰ ਲੈਣੇ ਸਨ। ਮੈਂ ਉਨ੍ਹਾਂ ਦਿਨਾਂ ਵਿਚ ਆਸਾਮ ਵਿਚ ਟਰਾਂਸਪੋਰਟ ਦੇ ਕੰਮ ਵਿਚ ਸੀ ਜਿਸ ਦਾ ਭਾਈਵਾਲ ਮੇਰੇ ਚਾਚੇ ਦਾ ਪੁੱਤ ਵੀ ਸੀ। ਉਹ ਘਰੋਂ ਵਾਪਸ ਆਇਆ ਤਾਂ ਕਹਿਣ ਲੱਗਾ, "ਪਰਿਵਾਰ ਤੈਨੂੰ ਯਾਦ ਕਰਦਾ ਏ। ਚੇਤਨ ਨੇ ਕਿਹਾ ਏ ਕਿ ਜਾ ਕੇ ਉਹਨੂੰ ਘਰ ਜ਼ਰੂਰ ਭੇਜੀਂ।" ਮੈਂ ਉਸੇ ਹੀ ਹਫ਼ਤੇ ਘਰ ਪਹੁੰਚ ਗਿਆ। ਚੇਤਨ ਨੇ ਆਖ਼ਰੀ ਤਿੰਨ ਸਾਲ ਪੰਜਾਬ ਵਿਚ ਹੀ ਗੁਜ਼ਾਰੇ ਆਦਮਪੁਰ ਹਵਾਈ ਅੱਡੇ 'ਤੇ; ਔਰ ਉਥੋਂ ਹੀ ਉਹ ਸੇਵਾ ਮੁਕਤ ਹੋਇਆ। ਉਹ ਸ਼ੁੱਕਰਵਾਰ ਨੂੰ ਘਰ ਆ ਜਾਂਦਾ ਤੇ ਸੋਮਵਾਰ ਤੜਕੇ ਫਿਰ ਚਲਾ ਜਾਂਦਾ। ਐਤਕੀਂ ਫ਼ਤਵਾਰੀ ਘਰ ਪਹੁੰਚਣ 'ਤੇ ਰਾਤੀਂ ਉਹਨੇ ਦੱਸਿਆ ਕਿ ਉਹ ਅਗਲੇ ਮਹੀਨੇ ਪੱਕੇ ਤੌਰ ਉਤੇ ਘਰ ਆ ਰਿਹਾ ਏ, ਤੇ ਇਸੇ ਕਰ ਕੇ ਸੁਨੇਹਾ ਭੇਜ ਕੇ ਤੈਨੂੰ ਸੱਦਿਆ ਏ। ਫਿਰ ਕਹਿਣ ਲੱਗਾ, "ਮੈਂ ਚਾਹੁੰਦਾਂ ਕਿ ਘਰ ਆ ਕੇ ਆਪਣੇ ਇਲਾਕੇ ਵਿਚ ਵਧੀਆ ਸਕੂਲ ਖੋਲ੍ਹਾਂ ਜਿਸ ਦੀ ਆਪਣੇ ਪਿੰਡਾਂ ਨੂੰ ਬੜੀ ਜ਼ਰੂਰਤ ਏ।" ਇਹ ਗੱਲ ਮੈਨੂੰ ਬਹੁਤ ਵਧੀਆ ਲੱਗੀ। ਸਾਡਾ ਪਿੰਡ ਤਾਰਾਗੜ੍ਹ ਤਲਾਵਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦਾ ਹੈ, ਇਹ ਜੰਡਿਆਲਾ ਗੁਰੂ ਤੋਂ ਤਿੰਨ ਕਿਲੋਮੀਟਰ ਦੱਖਣ ਵੱਲ ਹੈ। ਸਾਡੇ ਪਿੰਡ ਨੂੰ ਮੇਨ ਸੜਕ ਨਹੀਂ ਪੈਂਦੀ। ਅਸੀਂ ਜੀ.ਟੀ. ਰੋਡ ਅਤੇ ਜੰਡਿਆਲੇ ਗੁਰੂ, ਖਡੂਰ ਸਾਹਿਬ ਜਾਣ ਵਾਲੀ ਸੜਕ ਦੇ ਵਿਚਕਾਰ ਪੈਂਦੇ ਹਾਂ। ਸੋ, ਸਾਡੀ ਸੋਚ ਇਹ ਸੀ ਕਿ ਸਕੂਲ ਮੇਨ ਸੜਕ 'ਤੇ ਹੋਣਾ ਚਾਹੀਦਾ ਅਤੇ ਸਕੂਲ ਲਈ ਜਗ੍ਹਾ ਵੀ ਕਾਫ਼ੀ ਖੁੱਲ੍ਹੀ ਹੋਣੀ ਚਾਹੀਦੀ ਏ। ਸਾਡੇ ਪਿੰਡ ਦੇ ਨਾਲ ਦਾ ਗੁਆਂਢੀ ਪਿੰਡ ਧਾਰੜ ਹੈ, ਇਹ ਵੀ ਜੰਡਿਆਲੇ ਗੁਰੂ ਤੋਂ ਖਡੂਰ ਸਾਹਿਬ ਵਾਲੀ ਸੜਕ 'ਤੇ ਹੈ ਅਤੇ ਉਸ ਪਿੰਡ ਦੀ ਹੱਦ ਵੀ ਸਾਡੀ ਜ਼ਮੀਨ ਨਾਲ ਲਗਦੀ ਏ।

ਅਸੀਂ ਬੈਠਿਆਂ ਨੇ ਹੀ ਇਹ ਸਲਾਹ ਕਰ ਲਈ ਕਿ ਪਿੰਡ ਧਾਰੜ ਹੀ ਸਕੂਲ ਲਈ ਢੁੱਕਵੀਂ ਜਗ੍ਹਾ ਹੈ ਅਤੇ ਉਸ ਦੇ ਲਾਗੇ 10-12 ਪਿੰਡ ਵੀ ਪੈਂਦੇ ਹਨ। ਹਰ ਹਫ਼ਤੇ ਚੇਤਨ ਘਰ ਆਉਂਦਾ ਤਾਂ ਪਹਿਲਾਂ ਇਹੀ ਸਵਾਲ ਹੁੰਦਾ ਕਿ 'ਜਗ੍ਹਾ ਦੀ ਗੱਲ ਬਣੀ?' ਮੈਂ ਅੱਗਿਓਂ ਹੱਸ ਕੇ ਕਹਿ ਛੱਡਦਾ, 'ਜਦ ਤੂੰ ਆਪਣਾ ਫੌਜੀਆਂ ਵਾਲਾ ਟਰੰਕ ਤੇ ਬਿਸਤਰਾ ਲੈ ਕੇ ਆਏਂਗਾ, ਬਸ ਸਿੱਧਾ ਤੈਨੂੰ ਸਕੂਲੇ ਹੀ ਲੈ ਜਾਣਾ।' ਧਾਰੜ ਪਿੰਡ ਦੇ ਕਈ ਸੱਜਣਾਂ ਨਾਲ ਮੇਰੀ ਜਾਣ-ਪਛਾਣ ਸੀ ਅਤੇ ਸਾਡੀ ਮਾਸੀ ਦੀ ਲੜਕੀ ਵੀ ਇਸੇ ਪਿੰਡ ਵਿਆਹੀ ਹੋਈ ਏ। ਵੈਸੇ ਵੀ ਭਾਈਏ ਨਾਲ ਯਾਰੀ-ਦੋਸਤੀ ਵਾਲਾ ਰਿਸ਼ਤਾ ਏ। ਉਹਨੂੰ ਮਿਲਣ 'ਤੇ ਪਤਾ ਲੱਗਾ ਕਿ ਇਕ ਜਗ੍ਹਾ ਬਿਲਕੁਲ



ਦਲਬੀਰ ਚੇਤਨ

ਸੜਕ ਦੇ ਉਪਰ ਹੈ। ਵੱਡਾ ਸਾਰਾ ਲੋਹੇ ਦਾ ਗੇਟ ਲੱਗਾ ਹੋਇਆ ਹੈ। ਮਾਲਕ ਜਿਸ ਦਾ ਪਿੰਡ ਵਿਚ ਸ਼ਾਹ ਨਾਮ ਵੱਜਦਾ ਏ, ਉਹ ਆਪ ਤਾਂ ਇਥੇ ਨਹੀਂ ਰਹਿੰਦਾ, ਤੁਹਾਡੇ ਵਾਂਗ ਉਹ ਵੀ ਟਰੱਕਾਂ ਦਾ ਕੰਮ ਕਰਦਾ ਏ, ਉਹ ਅਤੇ ਉਹਦਾ ਸਾਰਾ ਪਰਿਵਾਰ ਬੰਬਈ ਹੀ ਰਹਿੰਦਾ ਏ ਪਰ ਉਹਦਾ ਭਰਾ ਇਸੇ ਹੀ ਪਿੰਡ ਵਿਚ ਹੈ। ਅਸੀਂ ਉਸ ਦੇ ਭਰਾ ਨੂੰ ਮਿਲੇ ਤਾਂ ਪਤਾ ਲੱਗਾ ਕਿ ਸ਼ਾਹ ਦੇ ਮੁੰਡੇ ਦਾ ਵਿਆਹ ਹੈ ਅਤੇ ਉਹ ਸਾਰਾ ਪਰਿਵਾਰ ਹੀ ਦੋ ਹਫ਼ਤਿਆਂ ਤੱਕ ਆ ਰਹੇ ਹਨ। ਸਾਨੂੰ ਉਸ ਨੇ ਜਗ੍ਹਾ ਵੀ ਵਿਖਾ ਦਿੱਤੀ। ਉਹ ਜਗ੍ਹਾ ਅੰਦਰੋਂ ਬਹੁਤ ਖੁੱਲ੍ਹੀ ਸੀ। ਸ਼ੁਰੂਆਤ ਵਿਚ ਸਕੂਲ ਲਈ ਬਹੁਤ ਵਧੀਆ ਸੀ ਅਤੇ ਉਹਨੇ ਸਾਨੂੰ 'ਹਾਂ' ਵੀ ਕਰ ਦਿੱਤੀ ਪਰ ਪੱਕੀ ਗੱਲ ਸ਼ਾਹ ਦੇ ਆਉਣ 'ਤੇ ਹੋਣੀ ਸੀ।

ਪਤਾ ਨਹੀਂ ਵਿਆਹ ਵਾਲੇ ਮੁੰਡੇ ਨੂੰ ਵਿਆਹ ਵਾਲੇ ਦਿਨ ਦੀ ਕਿੰਨੀ ਕੁ ਉਡੀਕ ਹੋਵੇਗੀ ਪਰ ਸਾਨੂੰ ਉਸ ਤੋਂ ਵੀ ਜ਼ਿਆਦਾ ਸੀ। ਵਿਆਹ ਤੋਂ ਤਿੰਨ ਕੁ ਦਿਨ ਬਾਅਦ ਹੀ ਅਸੀਂ ਉਸ ਦੇ ਭਰਾ ਨੂੰ ਨਾਲ ਲੈ ਕੇ ਸ਼ਾਹ ਜੀ ਨੂੰ ਘਰੇ ਫਤਿਹ ਜਾ ਬੁਲਾਈ। ਸਾਰੀ ਗੱਲਬਾਤ ਹੋਈ ਤੇ ਸ਼ਾਹ ਨੇ ਜਗ੍ਹਾ ਲਈ ਹਾਂ ਕਰ ਦਿੱਤੀ। ਕਹਿਣ ਲੱਗਾ, "ਇਹ ਤਾਂ ਨੇਕੀ ਵਾਲਾ ਕੰਮ ਏ। ਅਸੀਂ ਤਾਂ ਇਥੇ ਉਸ ਤਰ੍ਹਾਂ ਨਹੀਂ ਆਉਂਦੇ। ਜੋ ਕੁਝ ਬਣਿਆ ਏ, ਢਾਹੁਣਾ ਨਹੀਂ...ਜੇ ਲੋੜ ਹੋਵੇ ਤਾਂ ਤੁਸੀਂ ਹੋਰ ਵੀ ਕਮਰੇ ਬਣਾ ਲੈਣਾ।"

ਮੈਂ ਭਾਈਏ ਦੇ ਕੰਨ 'ਚ ਫੂਕ ਮਾਰੀ ਕਿ ਇਹਦਾ ਹਿਸਾਬ ਵੀ ਸ਼ਾਹ ਜੀ ਨੂੰ ਪੁੱਛ ਲਏ। ਸ਼ਾਹ ਕਹਿਣ ਲੱਗਾ, "ਆਪਣੇ ਪਿੰਡਾਂ ਦੇ ਸੱਜਣ ਮਿੱਤਰ ਨੇ, ਨੇਕੀ ਦਾ ਕੰਮ ਕੋਈ ਕੋਈ ਕਰਦਾ। ਇਕ ਸਾਲ ਤੱਕ ਇਨ੍ਹਾਂ ਕੋਲੋਂ ਕੁਝ ਨਹੀਂ ਲੈਣਾ, ਬਾਅਦ ਵਿਚ ਆਹ ਕੁਝ ਮੇਰੇ ਭਰਾ ਨੂੰ ਦੇ ਦਿਆ ਕਰਿਓ।"

ਅਸੀਂ ਫਤਿਹ ਬੁਲਾ ਕੇ ਬਾਹਰ ਆ ਗਏ। ਬਾਹਰ ਆਉਂਦਿਆਂ ਹੀ ਚੇਤਨ ਨੇ ਮੈਨੂੰ ਤੇ ਭਾਈਏ ਨੂੰ ਜੱਫੀ 'ਚ ਲੈ ਕੇ ਕਿਹਾ, "ਤੁਸੀਂ ਅੱਜ ਮੇਰਾ ਸੁਪਨਾ ਪੂਰਾ ਕਰ ਦਿੱਤਾ।" ਵੱਡੇ ਸਾਰੇ ਗੇਟ 'ਤੇ ਜਦ ਅਸੀਂ ਝਾਤੀ ਮਾਰੀ ਤਾਂ ਦਸਮੇਸ਼ ਪਿਤਾ ਜੀ ਦੀ ਸੰਗਮਰਮਰ ਦੀ ਫੋਟੋ ਜੋ ਆਮ ਵੱਡੇ ਗੇਟਾਂ ਉਪਰ ਲਾਈਦੀ ਹੈ, ਲੱਗੀ ਹੋਈ ਸੀ। ਚੇਤਨ ਨੇ ਉਥੇ ਹੀ ਖੜ੍ਹੇ ਨੇ ਸਕੂਲ ਦਾ ਨਾਮ ਰੱਖ ਲਿਆ ਤੇ ਕਹਿਣ ਲੱਗਾ, "ਦਸਮੇਸ਼ ਪਿਤਾ ਜੀ ਦੀ ਫੋਟੋ ਥੱਲੇ ਆਪਾਂ ਬੋਰਡ ਲਗਾ ਦੇਵਾਂਗੇ" ਤੇ ਸਕੂਲ ਦਾ ਨਾਂ ਦਸਮੇਸ਼ ਪਬਲਿਕ ਸਕੂਲ ਹੋ ਗਿਆ। ਖ਼ੁਸ਼ੀ ਨਾਲ ਚੇਤਨ ਨੇ ਕਿਹਾ, "ਸ਼ਾਹ ਨੇ ਸ਼ਾਹਾਂ ਵਾਲੀ ਕਰ ਕੇ ਦਿਖਾਈ ਏ ਸਾਡੇ ਨਾਲ।"

ਜਗ੍ਹਾ ਦੀ ਸਮੱਸਿਆ ਹੱਲ ਹੋ ਗਈ ਸੀ। ਹੁਣ ਚੇਤਨ ਦੀ ਸਮੱਸਿਆ ਸ਼ੁਰੂ ਹੋ ਗਈ ਸੀ। ਸਕੂਲ ਦਾ ਪ੍ਰਿੰਸੀਪਲ ਜਾਂ ਵਧੀਆ ਅਧਿਆਪਕ ਕਿਸ ਤਰ੍ਹਾਂ ਬਣਿਆ ਜਾਏ? ਡਾਕਟਰ ਦੀ ਗਲਤੀ ਕਫ਼ਨ ਵਿਚ ਦਫ਼ਨ ਹੋ ਜਾਂਦੇ, ਇੰਜੀਨੀਅਰ ਦੀ ਕੁਤਾਹੀ ਸੀਮੈਂਟ ਬਜਰੀ ਵਿਚ ਰਲ ਜਾਂਦੀ ਹੈ। ਵਕੀਲ ਦੀ ਬੇਨਿਯਮੀ ਫਾਇਲਾਂ ਵਿਚ ਸਿਰ ਛੁਪਾ ਲੈਂਦੀ ਹੈ ਪਰ ਅਧਿਆਪਕ ਦੀ ਭੁੱਲ ਸਾਰੇ ਸਮਾਜ ਨੂੰ ਲੈ ਡੁੱਬਦੀ ਹੈ।

ਅਧਿਆਪਕ ਨੂੰ ਸਾਡੇ ਸਮਾਜ ਵਿਚ 'ਗੁਰੂ' ਵੀ ਕਿਹਾ ਜਾਂਦਾ ਹੈ। ਗੁਰੂ, ਰੱਬ ਦਾ ਭੇਜਿਆ ਪੈਗੰਬਰ ਹੁੰਦਾ ਹੈ ਜਿਸ ਦੇ ਹਿੱਸੇ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਂਜ, ਅਧਿਆਪਕ ਵੀ ਸਮਾਜੀ ਜੀਵ ਹੈ। ਹੋਰਨਾਂ ਵਾਂਗ ਉਹ ਵੀ ਸਮਾਜ ਤੋਂ ਹੀ ਹਾਸਲ ਕਰਦਾ ਹੈ ਪਰ ਉਹਦੀ ਵੱਖਰੀ ਨੁਹਾਰ ਉਦੋਂ ਬਣਦੀ ਹੈ, ਜਦੋਂ ਉਹ ਆਪਣੇ ਤਜਰਬੇ ਨੂੰ, ਗ੍ਰਹਿਣ ਕੀਤੇ ਗਿਆਨ ਵਿਚ ਰਲਾ ਕੇ ਅੱਗੇ ਤੋਰਦਾ ਹੈ।

ਸਕੂਲ ਤਿਆਰ ਹੋ ਚੁੱਕਾ ਸੀ, ਲਾਗਲੇ ਲਾਗਲੇ ਪਿੰਡਾਂ ਵਿਚ ਮੈਂ ਆਪ ਜਾ ਕੇ ਇਸ਼ਤਿਹਾਰ ਲਾ ਆਇਆ ਸੀ ਅਤੇ ਟਾਂਗੇ ਉਤੇ ਸਪੀਕਰ ਰੱਖ ਕੇ ਸਕੂਲ ਦੀ ਮਸ਼ਹੂਰੀ ਵੀ ਕਰ ਆਇਆ ਸੀ। ਬਸ, ਪਹਿਲੇ ਮਹੀਨੇ ਹੀ ਚੇਤਨ ਦੀ ਆਸ ਤੋਂ ਜ਼ਿਆਦਾ ਬੱਚੇ ਦਾਖ਼ਲ ਹੋ ਗਏ। ਸਕੂਲ ਦੀਆਂ ਕੰਧਾਂ ਉਤੇ ਸਾਹਿਤਕ ਲਾਇਨਾਂ ਵਾਲੇ ਬੈਨਰ ਲਿਖੇ ਹੋਏ ਸਨ। ਇਕ ਦੋ ਤਾਂ ਮੈਨੂੰ ਅਜੇ ਵੀ ਯਾਦ ਨੇ, "ਹਮੇਸ਼ਾ ਚਮਕਣਾ, ਹਰ ਥਾਂ ਚਮਕਣਾ, ਇਹੋ ਸੂਰਜ ਦਾ ਉਦੇਸ਼ ਹੈ ਤੇ ਮੇਰਾ ਵੀ।" "ਮਿਹਨਤ ਕਰਨ ਵਾਲੇ ਹੱਥ ਪਾਠ ਕਰਨ ਵਾਲੇ ਬੁਲ੍ਹਾਂ ਨਾਲੋਂ ਵੀ ਪਵਿੱਤਰ ਹੁੰਦੇ ਹਨ।"

ਸਕੂਲ ਦੇ ਬੱਚਿਆਂ ਨੂੰ ਤੋਹਫੇ ਵਜੋਂ ਕਿਤਾਬਾਂ ਦਿੱਤੀਆਂ ਜਾਂਦੀਆਂ ਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਬਾਬੇ ਨਾਨਕ ਅਤੇ ਨਾਵਲਕਾਰ ਨਾਨਕ ਸਿੰਘ ਵਿਚ ਕੀ ਫਰਕ ਏ! ਜਸਬੀਰ ਭੁੱਲਰ ਲਿਖਦਾ ਏ ਕਿ ਚੇਤਨ ਦਾ ਸਕੂਲ ਸਿੱਖਿਆ ਤਾਂ ਵੰਡਦਾ ਹੀ ਹੈ, ਨਾਲ ਦੀ ਨਾਲ ਬੱਚਿਆਂ ਨੂੰ ਸਾਹਿਤਕ ਮੱਸ ਵੀ ਲਾਉਂਦਾ ਹੈ। ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੇ ਉਸ ਸਕੂਲ ਵਿਚ ਸਿਰਫ਼ ਚਰਨ ਹੀ ਨਹੀਂ ਪਾਏ, ਸਗੋਂ ਹਰ ਪ੍ਰੋਗਰਾਮ 'ਤੇ ਪੁੱਜ ਕੇ ਬੱਚਿਆਂ ਨੂੰ ਇਨਾਮ ਆਪਣੇ ਹੱਥੀਂ ਦਿੱਤੇ।

1977 ਦਾ ਚੱਲਿਆ ਸਕੂਲ ਜਦੋਂ ਜਵਾਨੀ ਦੀ ਪੌੜੀ ਚੜ੍ਹਨ ਲੱਗਾ ਤਾਂ ਪੰਜਾਬ 'ਤੇ ਛਾਈ ਕਾਲੀ ਹਨੇਰੇ ਨੇ ਉਹਨੂੰ ਵੀ ਕਾਲਾ ਕਰ ਦਿੱਤਾ। 1989 ਵਿਚ ਜਦ ਏ.ਕੇ. ਅਸਾਲਟਾਂ ਦਾ ਜ਼ੋਰ ਹੁੰਦਾ ਸੀ, ਉਸ ਸਕੂਲ 'ਤੇ ਵੀ ਇਨ੍ਹਾਂ ਦਾ ਸਾਇਆ ਪਿਆ। ਏ.ਕੇ. ਅਸਾਲਟਾਂ ਦੀਆਂ ਬੜ੍ਹਕਾਂ ਨੇ ਸਕੂਲ ਦਾ ਦਰਵਾਜ਼ਾ ਬੰਦ ਕਰਵਾ ਦਿੱਤਾ। ਉਸ ਦਿਨ ਚੇਤਨ ਮੇਰੇ ਗਲ ਨਾਲ ਲੱਗ ਕੇ ਭੁੱਬਾਂ ਮਾਰ ਕੇ ਰੋਇਆ, "ਮੈਨੂੰ ਮਾਰ ਦਿੰਦੇ ਤਾਂ ਚੰਗਾ ਸੀ, ਪਰ ਮੇਰਾ ਸਕੂਲ...।"

ਸਕੂਲ ਬੰਦ ਹੋਣ ਦੀ ਕਹਾਣੀ ਪਾਠਕਾਂ ਨਾਲ ਕਦੀ ਫਿਰ ਸਾਂਝੀ ਕਰਾਂਗੇ। ਅੱਜ ਉਸ ਸ਼ਖ਼ਸੀਅਤ ਨੂੰ ਗਿਆਂ 10 ਸਾਲ ਹੋ ਗਏ ਹਨ। ਉਸ ਦਾ ਪਰਿਵਾਰ, ਦੋਸਤ ਅਤੇ ਪਾਠਕ ਉਸ ਨੂੰ ਯਾਦ ਕਰਦੇ ਹੀ ਰਹਿੰਦੇ ਹਨ। ਉਸ ਤੁਰ ਗਈ ਰੂਹ ਦਾ ਵੱਡਾ ਸੁਪਨਾ ਸਕੂਲ ਸੀ ਜੋ ਉਸ ਨੇ ਪੂਰਾ ਕੀਤਾ।

ਦੁਖਦੀ ਰਗ

# ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ

ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵਿਚ ਐਤਵਾਰ 15 ਦਸੰਬਰ ਦੀ ਸ਼ਾਮ ਨੂੰ ਇਕ ਸਕੂਲ ਦੀ ਪ੍ਰਾਈਵੇਟ ਬੱਸ ਵਿਚ ਇਕ ਨੌਜਵਾਨ ਲੜਕੀ ਨਾਲ ਛੇ ਵਹਿਸ਼ੀ ਦਰਿੰਦਿਆਂ ਨੇ ਬਲਾਤਕਾਰ ਕਰ ਕੇ ਉਸ ਨੂੰ ਚਲਦੀ ਬੱਸ ਵਿਚੋਂ ਥੱਲੇ ਸੁੱਟ ਦਿੱਤਾ। ਇਸ ਵੇਲੇ ਦਿੱਲੀ ਵਿਚ ਤਹਿਲਕਾ ਮਚਿਆ ਪਿਆ ਹੈ। ਰਾਜ ਸਭਾ ਅਤੇ ਲੋਕ



**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
ਫੋਨ: 916-687-3536

ਸਭਾ ਵਿਚ ਇਸ ਘਿਨਾਉਣੇ ਜ਼ੁਲਮ ਨੂੰ ਲੈ ਕੇ ਦੁਹਾਈ ਪੈ ਰਹੀ ਹੈ। ਹਜ਼ਾਰਾਂ ਦੀ ਤਾਦਾਦ ਵਿਚ ਲੋਕ ਇਨਸਾਫ਼ ਲਈ ਬੈਨਰ ਚੁੱਕੀ ਸੜਕਾਂ 'ਤੇ ਆ ਗਏ ਹਨ ਅਤੇ ਦੇਸ਼ ਭਰ ਵਿਚੋਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਲਈ ਲੋਕ ਦੁਹਾਈ ਪਾ ਰਹੇ ਹਨ। ਪੈਰਾ ਮੈਡੀਕਲ ਦੀ ਪੜ੍ਹਾਈ ਕਰ ਰਹੀ ਇਹ ਲੜਕੀ ਅਤੇ ਉਸ ਦਾ ਇੰਜੀਨੀਅਰ ਦੋਸਤ ਲੜਕਾ-ਦੋਵੇਂ ਫਿਲਮ ਦੇਖ ਕੇ ਨਿਕਲੇ ਅਤੇ ਮੁਨੀਰਕਾ ਤੋਂ ਦਵਾਰਕਾ ਜਾਣ ਵਾਲੀ ਬੱਸ ਦੀ ਅੱਡੇ ਵਿਚ ਖੜ੍ਹੇ ਉਡੀਕ ਕਰ ਰਹੇ ਸਨ ਕਿ ਇਕ ਪ੍ਰਾਈਵੇਟ ਬੱਸ ਆ ਕੇ ਰੁਕੀ ਅਤੇ ਉਨ੍ਹਾਂ ਦੋਵਾਂ ਨੂੰ ਬੱਸ ਵਿਚ ਚੜ੍ਹਨ ਲਈ ਆਵਾਜ਼ ਦਿੱਤੀ ਕਿ ਬੱਸ ਦਵਾਰਕਾ ਜਾ ਰਹੀ ਹੈ। ਉਹ ਦੋਵੇਂ ਬੱਸ ਵਿਚ ਸਵਾਰ ਹੋ ਗਏ ਅਤੇ ਵਹਿਸ਼ਿਪੁਣੇ ਦੀ ਕਹਾਣੀ ਸ਼ੁਰੂ ਹੋ ਗਈ।

ਕਿਸੇ ਪ੍ਰਾਈਵੇਟ ਕੰਪਨੀ ਦੀ ਇਹ ਬੱਸ ਜੋ ਨੋਇਡਾ ਦੇ ਇਕ ਨਾਮਵਰ ਸਕੂਲ ਦੇ ਬੱਚਿਆਂ ਨੂੰ ਹਰ ਰੋਜ਼ ਘਰਾਂ ਤੋਂ ਚੁਕਦੀ ਤੇ ਫਿਰ ਘਰੀਂ ਛੱਡ ਕੇ ਆਉਂਦੀ ਹੈ। ਬੱਸ ਦੇ 33 ਸਾਲਾ ਡਰਾਈਵਰ ਰਾਮ ਸਿੰਘ ਤੇ ਉਹਦੇ ਭਰਾ ਮੁਕੇਸ਼ ਨੇ ਐਤਵਾਰ ਦੀ ਸ਼ਾਮ ਆਪਣੇ ਚਾਰ ਦੋਸਤਾਂ ਨਾਲ ਬੱਸ ਨੂੰ ਲੰਮੀ ਡਰਾਈਵ 'ਤੇ ਲੈ ਕੇ ਜਾਣ, ਖਾਣ-ਪੀਣ ਤੇ ਮਨੋਰੰਜਨ ਦਾ ਪ੍ਰੋਗਰਾਮ ਬਣਾਇਆ। ਦੱਸਿਆ ਜਾ ਰਿਹਾ ਹੈ ਕਿ ਰਾਮ ਸਿੰਘ ਤੇ ਉਹਦਾ ਭਰਾ ਮੁਕੇਸ਼ ਤਕੜੇ ਨਸ਼ੇੜੀ ਹਨ। ਰਾਮ ਸਿੰਘ ਤੇ ਉਹਦੇ ਚਾਰ ਸਾਥੀ ਤਾਂ ਬੱਸ ਵਿਚ ਸ਼ਰਾਬ ਪੀ ਰਹੇ ਸਨ ਤੇ ਉਹ ਦਾ ਭਰਾ ਮੁਕੇਸ਼ ਬੱਸ ਚਲਾ ਰਿਹਾ ਸੀ। ਬੱਸ ਦੇ ਸ਼ੀਸ਼ੇ ਕਾਲੇ ਸਨ ਅਤੇ ਭਾਰੀ ਭਰਕਮ ਪਰਦੇ ਵੀ ਲੱਗੇ ਹੋਏ ਸਨ। ਬੱਸ ਦਿੱਲੀ ਦੀਆਂ ਸੜਕਾਂ 'ਤੇ ਦੌੜਦੀ ਉਸ ਇਲਾਕੇ ਵਿਚ ਜਾ ਵੜੀ, ਜਿਥੇ ਬਦਕਿਸਮਤ ਲੜਕੀ ਤੇ ਉਸ ਦਾ ਦੋਸਤ ਦਵਾਰਕਾ ਜਾਣ ਲਈ ਬੱਸ ਦੀ ਉਡੀਕ ਕਰ ਰਹੇ ਸਨ। ਸ਼ਰਾਬੀ ਰਾਮ ਸਿੰਘ ਤੇ ਉਹਦੇ ਸਾਥੀਆਂ ਨੇ ਉਨ੍ਹਾਂ ਨੂੰ ਆਵਾਜ਼ ਦੇ ਕੇ ਬੱਸ ਵਿਚ ਬਿਠਾ ਲਿਆ ਤੇ ਉਨ੍ਹਾਂ ਕੋਲੋਂ ਦਸ-ਦਸ ਰੁਪਏ ਕਿਰਾਇਆ ਵੀ ਵਸੂਲ ਕਰ ਲਿਆ। ਉਪਰੰਤ ਚੰਦ ਮਿੰਟਾਂ ਵਿਚ ਹੀ ਵਹਿਸ਼ੀ ਗੁੰਡਿਆਂ ਨੇ ਦੋਵਾਂ ਨੂੰ ਲੋਹੇ ਦੀਆਂ ਰਾਡਾਂ ਨਾਲ ਮਾਰਿਆ ਕੁਟਿਆ ਤੇ ਫਿਰ ਉਸ ਲੜਕੇ ਨੂੰ ਬੰਨ੍ਹ ਕੇ ਲੜਕੀ ਨਾਲ ਬਲਾਤਕਾਰ ਕੀਤਾ। ਜਦ ਪਾਪੀਆਂ ਦਾ ਮਨ ਭਰ ਗਿਆ ਤਾਂ ਦੱਖਣੀ ਦਿੱਲੀ ਦੇ ਮਹੀਪਾਲਪੁਰ ਨੇੜੇ ਵਸੰਤ ਵਿਹਾਰ ਦੇ ਇਲਾਕੇ ਵਿਚ ਗੁੰਡੇ ਚਲਦੀ ਬੱਸ ਵਿਚੋਂ ਦੋਵਾਂ ਨੂੰ ਥੱਲੇ ਸੁੱਟ ਕੇ ਦੌੜ ਗਏ, ਉਥੇ ਫਿਰਦੇ ਕੁਝ ਲੋਕਾਂ ਨੇ ਪੁਲਿਸ ਨੂੰ ਫੋਨ ਕੀਤਾ ਤੇ ਪੁਲਿਸ ਨੇ ਆ ਕੇ ਅੱਧ-ਮਰੀ ਲੜਕੀ ਤੇ ਲੜਕੇ ਨੂੰ ਸਫਦਰਗੰਜ ਹਸਪਤਾਲ ਪਹੁੰਚਾਇਆ, ਜਿਥੇ ਬਦਕਿਸਮਤ ਲੜਕੀ ਦੇ ਪੰਜ ਅਪ੍ਰੇਸ਼ਨ ਹੋ ਚੁੱਕੇ ਹਨ ਅਤੇ ਉਸ ਦੀ ਹਾਲਤ ਅਤਿ ਚਿੰਤਾਜਨਕ ਹੈ।

ਦੋਸ਼ੀ ਡਰਾਈਵਰ ਰਾਮ ਸਿੰਘ, ਉਹਦਾ ਭਰਾ ਮੁਕੇਸ਼, ਦੋ ਦੋਸਤ-ਪਵਨ ਅਤੇ ਵਿਨਯ ਚਾਰੇ ਫੜੇ ਜਾ ਚੁੱਕੇ ਹਨ ਅਤੇ ਦੋ ਦੋਸ਼ੀ ਅਜੇ ਫਰਾਰ ਹਨ। ਫੜੇ ਗਏ ਬਲਾਤਕਾਰੀਆਂ ਵਿਚੋਂ ਵਿਨਯ ਨਾਮ ਦਾ ਵਹਿਸ਼ੀ ਆਖ ਰਿਹਾ ਹੈ, ਮੈਂ ਦੋਸ਼ੀ ਹਾਂ ਮੈਨੂੰ ਫਾਂਸੀ ਦਿਉ ਤੇ ਬਾਕੀ ਵੀ ਆਪਣਾ ਗੁਨਾਹ ਮੰਨੀ ਬੈਠੇ ਹਨ। ਉਧਰ ਹਿੰਦੋਸਤਾਨ ਦਾ ਬੱਚਾ-ਬੱਚਾ ਆਖ ਰਿਹਾ ਹੈ ਕਿ ਬਿਨਾਂ ਕਿਸੇ ਇੰਤਜ਼ਾਰ ਤੇ ਜਾਂਚ ਦੇ ਇਨ੍ਹਾਂ ਨੂੰ ਜਲਦੀ ਤੋਂ ਵੀ ਪਹਿਲਾਂ ਫਾਂਸੀ 'ਤੇ ਲਟਕਾ ਦਿੱਤਾ ਜਾਣਾ ਚਾਹੀਦਾ ਹੈ।

ਅੱਜ ਜਿਸ ਤਰ੍ਹਾਂ ਦੇ ਆਸਾਰ ਹਿੰਦੋਸਤਾਨ ਜਾਂ ਪੰਜਾਬ ਵਿਚ ਬਣ ਰਹੇ ਹਨ ਅਤੇ ਬਲਾਤਕਾਰ ਦੇ ਕੇਸਾਂ ਦੇ ਜੋ ਅੰਕੜੇ ਵਿਖਾਏ ਜਾ ਰਹੇ ਹਨ, ਇਹ ਸਰਕਾਰ ਲਈ ਸੋਚਣ ਦਾ ਸਮਾਂ ਨਹੀਂ ਹੈ, ਕੁਝ ਕਰਨ ਦਾ ਵੇਲਾ ਹੈ। ਬੰਦਾ ਵਹਿਸ਼ੀ ਹੁੰਦਾ ਜਾ ਰਿਹਾ ਹੈ ਕਿਉਂਕਿ ਸਾਡਾ ਕਾਨੂੰਨ ਅਤਿ ਕਮਜ਼ੋਰ ਤੇ ਕੀੜੀ ਦੀ ਤੋਰ ਤੁਰਨ ਵਾਲਾ ਹੈ। ਅੱਜ ਬਲਾਤਕਾਰੀ ਇਹ ਪਹਿਲਾਂ ਸੋਚਦਾ ਹੈ, 'ਜੋ ਮਰਜ਼ੀ ਕਰ ਲਵੋ ਕਾਨੂੰਨ ਕੋਲੋਂ ਕੁਝ ਵੀ ਨਹੀਂ ਹੋਣਾ' ਤੇ ਜਦੋਂ ਬੰਦਾ ਇੰਜ ਸੋਚੇਗਾ ਤਾਂ ਕਿਉਂ ਨਾ ਸ਼ਰ੍ਹੇਆਮ ਔਰਤਾਂ, ਜਵਾਨ ਕੁੜੀਆਂ ਤੇ ਦੋ-ਦੋ ਸਾਲ ਦੀਆਂ ਬੱਚੀਆਂ ਦੇ ਬਲਾਤਕਾਰ ਹੋਣਗੇ? ਜਦੋਂ ਤੱਕ ਸਮਾਜ ਵਿਚ ਵਿਚਰ ਰਹੇ ਪਸ਼ੂ ਬਿਰਤੀ ਵਾਲੇ ਬੰਦਿਆਂ ਦੇ ਗਲਾਂ ਵਿਚ ਫਾਂਸੀ ਦੇ ਰੱਸੇ ਪੈਣ ਦਾ ਡਰ ਸਾਹਮਣੇ ਨਹੀਂ ਹੈ, ਵਹਿਸ਼ੀ ਬੰਦਿਆਂ ਨੂੰ ਮੌਤ ਦੀਆਂ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਬਲਾਤਕਾਰ ਹੱਟ ਹੀ ਨਹੀਂ ਸਕਦੇ।

ਅੱਜ ਦੇਸ਼ ਦੇ ਹਰ ਵਰਗ ਨੇ ਅੱਗੇ ਹੋ ਕੇ ਉਸ ਪੀੜਤ ਦੀ ਪੀੜ ਨੂੰ ਮਹਿਸੂਸ ਕੀਤਾ ਹੈ, ਕਿਉਂਕਿ ਧੀਆਂ-ਧੀਆਂ ਹਨ, ਦੇਸ਼ ਦੇ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਆਪਣੇ ਬਿਆਨ ਵਿਚ ਆਖਿਆ ਹੈ ਕਿ ਬਲਾਤਕਾਰਾਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਤੇਜ਼ੀ ਨਾਲ ਅੱਗੇ ਆਉਣਾ ਚਾਹੀਦਾ ਹੈ ਤੇ ਇਹੋ ਜਿਹੇ ਕੇਸਾਂ ਨੂੰ ਮਹੀਨਿਆਂ ਵਿਚ ਨਹੀਂ, ਦਿਨਾਂ ਵਿਚ ਹੀ ਨਿਪਟਾ ਕੇ ਸਜ਼ਾਵਾਂ ਦਿੱਤੀਆਂ ਜਾਣ। ਜਿਵੇਂ ਦੇਸ਼ ਦੇ ਸਾਰੇ ਬਲਾਤਕਾਰੀ ਘਰਾਂ 'ਚੋਂ ਬਾਹਰ ਨਿਕਲ ਆਏ ਹਨ, 90-90 ਸਾਲ ਦੀਆਂ ਬਜ਼ੁਰਗ ਔਰਤਾਂ ਤੋਂ ਲੈ ਕੇ ਦੋ-ਦੋ ਸਾਲ ਦੀਆਂ ਨਿੱਕੀਆਂ-ਨਿੱਕੀਆਂ ਗੁੱਡੀਆਂ ਦੇ ਬਲਤਕਾਰ ਹੋ ਰਹੇ ਹਨ, ਕਿਤੇ ਬਾਪ ਆਪਣੀ ਧੀ ਦਾ, ਕਿਤੇ ਸਕਾ ਚਾਚਾ ਆਪਣੀ ਮਸੂਮ ਧੀ ਦਾ, ਕਿਤੇ ਸਹੁਰਾ ਆਪਣੀ ਨੂੰਹ ਦਾ ਬਲਾਤਕਾਰ ਕਰ ਰਿਹਾ ਹੈ ਤੇ ਕਿਤੇ ਗੁਆਂਢੀ ਹੀ ਮੌਕਾ ਵੇਖ ਕੇ ਗੁਆਂਢੀਆਂ ਦੇ ਘਰ ਜਾ ਵੜਦਾ ਹੈ। ਇਸ ਵੇਲੇ ਸਰਕਾਰ ਦੀ ਪਹਿਲੀ ਡਿਊਟੀ ਹੈ ਕਿ ਦੇਸ਼ ਦੇ ਕਾਨੂੰਨ ਅਤੇ ਪੁਲਿਸ ਦੋਵਾਂ 'ਤੇ ਸਖ਼ਤੀ ਨਾਲ ਇਹ ਚੀਜ਼ ਲਾਗੂ ਕੀਤੀ ਜਾਵੇ ਕਿ ਉਹ ਫੌਰਨ ਕਾਰਵਾਈ ਕਰਨ, ਅਦਾਲਤਾਂ ਬਲਾਤਕਾਰ ਦੇ ਕੇਸਾਂ ਵਿਚ 'ਫਾਸਟ ਟਰੈਕ ਕੋਰਟ' ਦੇ ਤਰੀਕੇ ਫੈਸਲੇ ਲੈਣ ਤੇ ਅਪਰਾਧੀਆਂ ਨੂੰ ਫਾਂਸੀ ਦੀ ਸਜ਼ਾ ਦੇ ਕੇ ਲੁਟੇ-ਪੁਟੇ ਗਏ ਲੋਕਾਂ ਨੂੰ ਇਨਸਾਫ਼ ਦੇਵੇ।

ਪੰਜਾਬ ਦੇ ਨੰਨ੍ਹੀਆਂ ਛਾਂਵਾਂ ਵਾਲੇ ਬੀਬੀ ਜੀ ਤੁਹਾਡੇ ਆਪਣੇ ਪੇਕਾ ਇਲਾਕੇ ਦੀ ਰੋਬਨਜੀਤ ਵੀ ਤੁਹਾਡੇ ਤੋਂ ਇਨਸਾਫ਼ ਦੀ ਮੰਗ ਕਰ ਰਹੀ ਹੈ, ਸ਼ਰੁਤੀ ਵੀ ਆਪਣੀ ਬਰਬਾਦੀ ਦੇ ਵੈਣ ਪਾ ਰਹੀ ਹੈ, ਮੇਰੀ ਲੁਟੇ ਹੋਏ ਲੋਕਾਂ ਨੂੰ ਬੇਨਤੀ ਹੈ ਕਿ ਰੱਬ ਦਾ ਵਾਸਤਾ ਮੰਤਰੀਆਂ ਨੂੰ ਆਪਣੇ ਘਰੀਂ ਵੜਨ ਨਾ ਦੇਵੋ ਤੇ ਇਨ੍ਹਾਂ ਦੇ ਦਿੱਤੇ ਹੋਏ ਰੁਤਬੇ, ਅਹੁਦੇ ਅਤੇ ਨੌਕਰੀਆਂ ਫਟਾ-ਫਟ ਆਪਣੀਆਂ ਝੋਲੀਆਂ ਵਿਚ ਨਾ ਪਵਾਓ, ਜ਼ਰਾ ਕੁ ਸਬਰ ਤਾਂ ਕਰੋ, ਸਾਰੀ ਦੁਨੀਆਂ ਤੁਹਾਡੇ ਹੱਕਾਂ ਲਈ ਲੜਨ ਨੂੰ ਤਿਆਰ ਖੜ੍ਹੀ ਹੈ, ਜੋ ਲੋਕ ਭੁੱਖੇ-ਭਾਣੇ ਤੁਹਾਡੇ ਲਈ ਲੜ ਰਹੇ ਹਨ, ਤੁਹਾਡੇ ਲਈ ਇਨਸਾਫ਼ ਮੰਗ ਰਹੇ ਹਨ, ਉਨ੍ਹਾਂ ਦਾ ਡੱਟ ਕੇ ਸਾਥ ਦਿਉ। ਇਨ੍ਹਾਂ ਮੀਣੇ-ਮਸੰਦਾਂ ਮੰਤਰੀਆਂ ਦੀਆਂ ਲਛੇਦਾਰ ਗੱਲਾਂ ਤੇ ਮਗਰਮੱਛ ਦੇ ਅਥਰੂ ਤੇ ਖੇਖਣਾਂ ਵੱਲ ਨਾ ਵੇਖੋ, ਤੁਹਾਡੇ ਲਈ ਸੜਕਾਂ 'ਤੇ ਜੋ ਲੋਕ ਬੈਠੇ ਹਨ, ਉਨ੍ਹਾਂ ਦਾ ਸਾਥ ਦਿਉ, ਪੀੜਤ ਧੀਆਂ ਦੇ ਮਾਪੇ ਵੀ ਸਬਰ ਤੋਂ ਕੰਮ ਲੈਣ ਤੇ ਸਰਕਾਰ ਕੋਲੋਂ ਅਹੁਦੇ ਤੇ ਮੁਆਵਜ਼ੇ ਲੈਣ ਲਈ ਉਤਾਵਲਾਪਨ ਨਾ ਦਿਖਾਉਣ ਤੇ ਨਿਆਂ ਮੰਗ ਰਹੀਆਂ ਜਥੇਬੰਦੀਆਂ ਨਾਲ ਡਟ ਕੇ ਖਲੋਣ।

ਮੇਰੀ ਸਭ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਅਪੀਲ ਹੈ ਕਿ ਆਓ ਸਭ ਧਰਮਾਂ, ਪ੍ਰਾਂਤਾਂ ਤੋਂ ਉਪਰ ਉਠ ਕੇ ਅਸੀਂ ਪੀੜਤਾਂ ਦੇ ਹੱਕ ਵਿਚ ਆਪਣੀ ਅਵਾਜ਼ ਬੁਲੰਦ ਕਰੀਏ। ਹਕੂਮਤਾਂ ਦੇ ਬੋਲੇ ਕੰਨਾਂ ਤੱਕ ਆਪਣੀ ਅਵਾਜ਼ ਪਹੁੰਚਾਉਣ ਦਾ ਇਹੋ ਇਕੋ ਤਰੀਕਾ ਹੈ।

# ਧਰਮੀ ਬਾਬਲ, ਚੰਦਰਾ ਜ਼ਮਾਨਾ ਤੇ ਧੀਆਂ ਦੇ ਦੁਖੜੇ ਬੜੇ!


## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com


ਉਸ ਦੀ ਜ਼ਿੰਦਗੀ ਵਿਚ ਦੁੱਖਾਂ ਦਾ ਹਨੇਰਾ ਗੂੜ੍ਹਾ ਹੁੰਦਾ ਗਿਆ। ਬੱਸ, ਦਿਲ ਵਿਚ ਆਸ ਦਾ ਦੀਵਾ ਜਗਦਾ ਸੀ ਕਿ ਇਕ ਨਾ ਇਕ ਦਿਨ ਸੁੱਖਾਂ ਦੀ ਪ੍ਰਭਾਤ ਜ਼ਰੂਰ ਆਵੇਗੀ। ਜ਼ਿੰਦਗੀ ਫੁੱਲਾਂ ਵਾਂਗ ਖਿੜ ਜਾਵੇਗੀ, ਰੁੱਸੇ ਹੋਏ ਚਾਅ ਮੁੜ ਪਰਤ ਆਉਣਗੇ। ਫਿਰ ਇਹ ਮਾਣ ਹੋਵੇਗਾ ਕਿ ਆਪਣੀ ਜ਼ਮੀਰ ਨਹੀਂ ਸੀ ਵੇਚੀ ਤਾਂ ਹੀ ਹੁਣ ਸੱਚੇ ਪਾਤਸ਼ਾਹ ਨੇ ਸੁੱਖਾਂ ਦੇ ਆਸਣ 'ਤੇ ਬਿਠਾ ਦਿੱਤਾ ਹੈ। ਉਸ ਨੇ ਬਗਾਵਤ ਦਾ ਰਾਹ ਧਰਮ ਲਈ ਚੁਣਿਆ ਸੀ। ਕੋਈ ਵੀ ਇਨਸਾਨ ਆਪਣੇ ਧਰਮ ਅਤੇ ਧਰਮ ਅਸਥਾਨ 'ਤੇ ਹਮਲਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਜਦੋਂ ਉਸ ਦੇ ਕੰਨਾਂ ਨੇ ਸੁਣਿਆ ਕਿ ਹਿੰਦੋਸਤਾਨ ਦੀ ਫੌਜ ਨੇ ਦਰਬਾਰ ਸਾਹਿਬ ਉਤੇ ਤੋਪਾਂ ਤੇ ਟੈਂਕਾਂ ਨਾਲ ਹਮਲਾ ਕਰ ਦਿੱਤਾ ਹੈ, ਫਿਰ ਉਸ ਨੇ ਵੀ ਆਪਣੇ ਸਿੱਖ ਫੌਜੀ ਜਵਾਨਾਂ ਨਾਲ ਰਾਮਗੜ੍ਹ ਫੌਜੀ ਸੈਂਟਰ ਤੋਂ ਹਥਿਆਰਾਂ ਸਮੇਤ ਦਰਬਾਰ ਸਾਹਿਬ ਵੱਲ ਕੂਚ ਕਰ ਦਿੱਤਾ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਬਚਾਉਣ ਲਈ ਉਹ ਤੁਰਦੇ ਤੁਰਦੇ, ਰਸਤੇ ਵਿਚ ਫੌਜ ਦੇ ਅੜਿੱਕੇ ਆ ਗਏ। ਅਫ਼ਸਰ ਨੇ ਆਖਿਆ, 'ਜਾਂ ਤਾਂ ਮੁਆਫ਼ੀ ਮੰਗ ਕੇ ਮੁੜ ਛਾਉਣੀ ਚੱਲ ਵੜੋ, ਨਹੀਂ ਤਾਂ ਧਰਮ ਦੀ ਖਾਤਰ ਜੇਲ੍ਹਾਂ ਵਿਚ ਸੜੋ ਤੇ ਮਰੋ।' ਉਸ ਨੇ ਵੀ ਧਰਮ ਦਾ ਰਾਹ ਚੁਣ ਲਿਆ ਤੇ ਧਰਮੀ ਫੌਜੀ ਬਣ ਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਜਾ ਖੜ੍ਹਾ ਹੋਇਆ।

ਜੁਲਾਈ ਦੇ ਮਹੀਨੇ ਪਿੰਡ ਪਤਾ ਲੱਗਿਆ ਕਿ ਧਰਮੀ ਫੌਜੀਆਂ ਵਿਚ ਕੇਵਲ ਸਿੰਘ ਫੌਜੀ ਵੀ ਸ਼ਾਮਲ ਹੈ। ਵਿਆਹ ਹੋਇਆਂ ਅਜੇ ਦੋ ਸਾਲ ਹੀ ਹੋਏ ਸਨ। ਘਰਵਾਲੀ ਦੀ ਗੋਦੀ ਛੇ ਕੁ ਮਹੀਨਿਆਂ ਦੀ ਕੁੜੀ ਪ੍ਰੀਤ ਸੀ। ਕਈ ਸਾਲ ਲੰਘ ਗਏ। ਕੇਵਲ ਦਾ ਪਤਾ ਨਾ ਲੱਗਿਆ ਕਿ ਉਹ ਜਿਉਂਦਾ ਹੈ ਜਾਂ ਸ਼ਹੀਦ ਹੋ ਗਿਆ। 14 ਸਾਲ ਦੀ ਲੰਮੀ ਸਜ਼ਾ ਕੱਟ ਕੇ ਉਹ ਖਾਲੀ ਹੱਥ ਪਿੰਡ ਆ ਗਿਆ। ਦੋ ਚਾਰ ਦਿਨ ਤਾਂ ਪਿੰਡ ਵਾਲਿਆਂ ਨੇ ਬਹੁਤ ਹੌਸਲਾ ਦਿੱਤਾ ਕਿ ਧਰਮੀਆ, ਅਸੀਂ ਤੇਰੇ ਨਾਲ ਹਾਂ, ਪਰ ਨਾਲ ਤਾਂ ਘਰਵਾਲੀ ਤੇ ਪ੍ਰੀਤ ਹੀ ਰਹੀਆਂ। ਬਾਕੀ ਸਭ ਗੱਲਾਂ ਦਾ ਕੜਾਹ ਬਣਾਉਂਦੇ ਗਏ। ਕੇਵਲ ਨੇ ਮੁੜ ਬਹਾਲੀ ਲਈ ਹੱਥ ਪੈਰ ਮਾਰੇ ਪਰ ਉਸ ਦੇ ਪੱਲੇ ਧਰਮੀ ਬਣਨ ਦੀ ਸਜ਼ਾ ਹੀ ਪਈ।

ਪ੍ਰੀਤ ਸੋਹਣੀ ਸੁਨੱਖੀ ਲੰਮੀ ਮੁਟਿਆਰ ਬਣ ਕਾਲਜ ਦਾਖ਼ਲ ਹੋ ਗਈ। ਕੇਵਲ ਦਾ ਵੀ ਇਹੀ ਸੁਪਨਾ ਸੀ-ਧੀ ਨੂੰ ਪੜ੍ਹਾ ਕੇ ਚੰਗੀ ਨੌਕਰੀ 'ਤੇ ਲਵਾਉਣਾ। ਆਪ ਉਹ ਲੁਧਿਆਣੇ ਦਿਹਾੜੀ ਕਰਨ ਲਈ ਵੀਹ ਕਿਲੋਮੀਟਰ ਦਾ ਫਾਸਲਾ ਤੈਅ ਕਰ ਕੇ ਜਾਂਦਾ ਸੀ। ਕਿਸੇ ਵੀ ਸਿਆਸੀ ਪਾਰਟੀ, ਧਾਰਮਿਕ ਸੰਸਥਾ ਜਾਂ ਧੜੇ ਨੇ ਕੇਵਲ ਨੂੰ ਉਸ ਦੀ ਕੁਰਬਾਨੀ ਦਾ ਮੁੱਲ ਮੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਚੋਣਾਂ ਮੌਕੇ ਪਿੰਡ ਦੀ ਸੱਥ ਵਿਚ ਲੱਗੇ ਲਾਊਡ ਸਪੀਕਰ ਵਿਚੋਂ ਇਹ ਆਵਾਜ਼ ਜ਼ਰੂਰ ਆ ਜਾਂਦੀ ਕਿ ਨਗਰ ਨਿਵਾਸੀਆਂ ਨੂੰ ਮਾਣ ਹੋਣਾ ਚਾਹੀਦਾ ਕਿ ਤੁਹਾਡੇ ਨਗਰ ਦੇ ਕੇਵਲ ਸਿੰਘ ਫੌਜੀ ਨੇ ਧਰਮ ਦਾ ਸਾਥ ਦਿੱਤਾ, ਤੁਸੀਂ ਵੀ ਧਰਮ ਦਾ ਸਾਥ ਦਿੰਦੇ ਹੋਏ ਪੰਥ ਨੂੰ ਵੋਟਾਂ ਪਾਉ। ਚੋਣਾਂ ਮੌਕੇ ਕੇਵਲ ਦਾ ਨਾਂ ਵਰਤ ਕੇ ਵੋਟਾਂ ਲੈ ਕੇ ਆਗੂ ਮੰਤਰੀ ਤੱਕ ਬਣ ਜਾਂਦੇ, ਪਰ ਮਗਰੋਂ ਕੇਵਲ ਦੇ ਸਾਇਕਲ ਪਿੱਛੇ ਬੰਨ੍ਹੇ ਹੋਏ ਹਵਾ ਵਾਲੇ ਪੰਪ ਨੂੰ ਕੋਈ ਨਾ ਦੇਖਦਾ ਕਿ ਕੇਵਲ ਕੋਲ ਤਾਂ ਪੰਚਰ ਲਵਾਉਣ ਜੋਗੇ ਪੈਸੇ ਵੀ ਨਹੀਂ ਹਨ।

ਰਾਜੀ ਪ੍ਰੀਤ ਦੀ ਗੂੜ੍ਹੀ ਸਹੇਲੀ ਸੀ। ਉਸ ਦੀ ਮਾਂ ਬਚਪਨ ਵਿਚ ਹੀ ਰਾਜੀ ਨੂੰ ਛੱਡ ਕੇ ਸੁਰਗਵਾਸ ਹੋ ਗਈ ਸੀ। ਉਹ ਪ੍ਰੀਤ ਦੀ ਮਾਂ ਨੂੰ ਹੀ ਮਾਂ ਕਹਿ ਕੇ ਬਲਾਉਂਦੀ ਸੀ। ਪ੍ਰੀਤ ਦਾ ਖਰਚਾ ਵੀ ਰਾਜੀ ਦਾ ਪਿਤਾ ਆਤਮਾ ਸਿੰਘ ਚੁੱਕ ਲੈਂਦਾ। ਉਹ ਧਾਰਮਿਕ ਖਿਆਲਾਂ ਦਾ ਬੰਦਾ ਸੀ। ਗੁਰੂ ਘਰਾਂ ਦੇ ਦਰਸ਼ਨਾਂ ਦੀ ਪਿਆਸ ਉਸ ਨੂੰ ਹਮੇਸ਼ਾ ਰਹਿੰਦੀ ਸੀ। ਇਤਿਹਾਸਕ ਜੋੜ ਮੇਲੇ 'ਤੇ ਉਹ ਆਪਣੇ ਨਾਲ ਰਾਜੀ ਨੂੰ ਲਿਜਾਣਾ ਨਾ ਭੁੱਲਦਾ। ਕੇਵਲ ਸਿੰਘ ਨਾਲ ਆਤਮਾ ਸਿੰਘ ਦੀ ਸੋਚ ਨਹੀਂ ਸੀ ਮਿਲਦੀ, ਇਸੇ ਕਰ ਕੇ ਦੋਵਾਂ ਦੀਆਂ ਧੀਆਂ ਦਾ ਸਹੇਲਪੁਣਾ ਤਾਂ ਸੀ ਪਰ ਇਹ ਦੋਵੇਂ ਇਕ ਦੂਜੇ ਤੋਂ ਦੂਰ ਹੀ ਸਨ। ਉਨ੍ਹੀਂ ਦਿਨੀਂ ਹੀ ਰਾਜੀ ਦੇ ਮਾਮੇ ਦੇ ਮੁੰਡੇ ਦਾ ਵਿਆਹ ਆ ਗਿਆ। ਉਹ ਪ੍ਰੀਤ ਨੂੰ ਵੀ ਨਾਲ ਲੈ ਗਈ ਜਿਥੇ ਇਕ ਸਭਿਆਚਾਰਕ ਗਰੁਪ ਦੀਆਂ ਕੁੜੀਆਂ ਆਪਣਾ ਪ੍ਰੋਗਰਾਮ ਪੇਸ਼ ਕਰਨ ਆਈਆਂ ਸਨ।

ਰਾਜੀ ਨੇ ਜ਼ਿੱਦ ਕਰ ਕੇ ਪ੍ਰੀਤ ਨੂੰ ਸਟੇਜ 'ਤੇ ਚਾੜ੍ਹ ਦਿੱਤਾ ਕਿ ਉਹ ਵੀ ਇਕ ਗੀਤ 'ਤੇ ਨੱਚ ਕੇ ਦਿਖਾ ਦੇਵੇ। ਪ੍ਰੀਤ ਉਹ ਨੱਚੀ ਕਿ ਕਮਾਲ ਕਰ ਦਿੱਤੀ। ਸਾਰੇ ਕਹਿਣ, ਪ੍ਰੀਤ ਦੁਬਾਰਾ ਨੱਚੇ। ਸੱਭਿਆਚਾਰਕ ਗਰੁਪ ਵਾਲੀ ਬੀਬੀ ਪ੍ਰੀਤ ਨੂੰ ਆਪਣਾ ਕਾਰਡ ਦੇ ਗਈ, ਤੇ ਨਾਲ ਹੀ ਕਹਿ ਗਈ ਕਿ ਜੇ ਤੇਰਾ ਦਿਲ ਮੰਨੇ, ਸਾਡੇ ਗਰੁਪ ਵਿਚ ਆ ਜਾਈਂ; ਪੰਜ ਹਾਜ਼ਰ ਮਹੀਨਾ। ਵਿਆਹ ਸਨਿਚਰਵਾਰ ਤੇ ਐਤਵਾਰ ਦੇ ਹੀ ਹੁੰਦੇ ਹਨ। ਆਪਣੀ ਕਾਲਜ ਦੀ ਪੜ੍ਹਾਈ ਵੀ ਕਰੀ ਜਾਈਂ। ਗਰੀਬ ਪਰਿਵਾਰ ਲਈ ਪੰਜ ਹਜ਼ਾਰ ਪੰਜ ਲੱਖ ਵਰਗਾ ਸੀ। ਪ੍ਰੀਤ ਨੇ ਮਾਂ ਨਾਲ ਸਲਾਹ ਕੀਤੀ ਤਾਂ ਉਸ ਨੇ ਪਿਉ ਵੱਲ ਇਸ਼ਾਰਾ ਕਰ ਦਿੱਤਾ। ਕੇਵਲ ਨੂੰ 'ਸੱਭਿਆਚਾਰ ਵਾਲੇ' ਚੰਗੇ ਨਹੀਂ ਸਨ ਲੱਗਦੇ।

"ਪਿਤਾ ਜੀ, ਇਸ ਵਿਚ ਬੇਇੱਜ਼ਤੀ ਵਾਲੀ ਕਿਹੜੀ ਗੱਲ ਹੈ।" ਪ੍ਰੀਤ ਨੇ ਪਿਤਾ ਦੇ ਦੋਵੇਂ ਹੱਥ ਘੁੱਟਦਿਆਂ ਪੁੱਛਿਆ।

"ਪ੍ਰੀਤ, ਲੋਕ ਕੀ ਕਹਿਣਗੇ ਕਿ ਧਰਮੀ ਦੀ ਕੁੜੀ ਸਟੇਜਾਂ 'ਤੇ ਨੱਚਦੀ ਐ।" ਕੇਵਲ ਨੇ ਦੋਵੇਂ ਹੱਥ ਛੁਡਾਉਂਦਿਆਂ ਕਿਹਾ।

"ਪਿਤਾ ਜੀ, ਇਨ੍ਹਾਂ ਲੋਕਾਂ ਨੇ ਕੀ ਤੁਹਾਡੇ ਗਲ ਸੋਨੇ ਦੇ ਮੈਡਲ ਪਾ ਦਿੱਤੇ? ਤੁਸੀਂ ਧਰਮ ਦੀ ਖਾਤਰ ਆਪਣੀ ਜਾਨ ਤਲੀ 'ਤੇ ਰੱਖ ਦਿੱਤੀ, ਆਪਣਾ ਭਵਿਖ ਬਰਬਾਦ ਕਰ ਲਿਆ। ਮੈਂ ਅੱਜ ਤੱਕ ਭਰਾ ਦੀ ਸਹੁੰ ਖਾਣ ਨੂੰ ਤਰਸ ਗਈ। ਮਾਂ ਨੇ 14 ਸਾਲ ਰੰਡੇਪੇ ਵਾਂਗ ਕੱਟੇ...ਉਸ ਵਕਤ ਇਹ ਲੋਕ, ਇਹ ਪੰਥ ਕਿੱਥੇ ਸੀ? ਮੈਨੂੰ ਮਾਣ ਹੈ ਕਿ ਮੈਂ ਧਰਮੀ ਦੀ ਧੀ ਹਾਂ ਅਤੇ ਮੈਂ ਤੁਹਾਡੀ ਪੱਗ ਨੂੰ ਦਾਗ ਨਹੀਂ ਲੱਗਣ ਦਿੰਦੀ, ਨਾਲੇ ਪੁੱਤਰਾਂ ਵਾਲਾ ਫ਼ਰਜ਼ ਅਦਾ ਕਰੂੰਗੀ...ਆਪਣੇ ਪਿਉ ਦੇ ਹੱਥੋਂ ਦਾਤੀ ਅਤੇ ਪੱਲੀ ਛੁਡਵਾ ਦਿਆਂਗੀ ਜਿਹੜਾ ਲੋਕਾਂ ਦੀਆਂ ਵੱਟਾਂ ਤੋਂ ਘਾਹ ਖੋਤ ਕੇ ਮੱਝਾਂ ਦੀਆਂ ਖੁਰਲੀਆਂ ਭਰਦਾ ਹੈ।" ਇਹ ਕਹਿੰਦਿਆਂ ਪ੍ਰੀਤ ਕੇਵਲ ਦੇ ਗੱਲ ਲੱਗ ਰੋਣ ਲੱਗ ਪਈ।

...ਪ੍ਰੀਤ ਹੁਣ ਸਨਿਚਰਵਾਰ ਤੇ ਐਤਵਾਰ ਦੇ ਵਿਆਹਾਂ 'ਤੇ ਗਰੁਪ ਵਾਲਿਆਂ ਨਾਲ ਜਾ ਆਉਂਦੀ। ਬਾਕੀ ਦਿਨ ਪੜ੍ਹਾਈ ਕਰ ਲੈਂਦੀ। ਜਿਸ ਦਿਨ ਦਾ ਪ੍ਰੀਤ ਨੇ ਗਰੁਪ ਵਾਲਿਆਂ ਨਾਲ ਨਾਂ ਜੋੜਿਆ ਸੀ, ਉਸੇ ਦਿਨ ਤੋਂ ਆਤਮਾ ਸਿੰਘ ਨੇ ਰਾਜੀ ਦਾ ਨਾਂ ਪ੍ਰੀਤ ਨਾਲੋਂ ਵੱਖ ਕਰ ਦਿੱਤਾ ਸੀ। ਆਤਮਾ ਸਿੰਘ ਸੋਚਦਾ ਕਿ ਰਾਜੀ ਲਈ ਕੋਈ ਚੰਗੇ ਘਰ ਦਾ ਮੁੰਡਾ ਲੱਭ ਕੇ ਵਿਆਹ ਕਰ ਦੇਵੇ। ਉਹ ਅਕਸਰ ਉਚੇ ਟਿੱਬੇ ਵਾਲੇ ਸੰਤਾਂ ਕੋਲ ਰਾਜੀ ਬਾਰੇ ਗੱਲਾਂ ਕਰਦੇ ਰਹਿੰਦੇ ਸਨ।

ਉਚੇ ਟਿੱਬੇ ਵਾਲਾ ਸੰਤ ਲੋਕਾਂ ਦੀਆਂ ਨਜ਼ਰਾਂ ਵਿਚ ਪਖੰਡੀ ਤੇ ਬੂਬਨਾ ਸੀ ਪਰ ਆਤਮਾ ਸਿੰਘ ਲਈ ਕਿਸੇ ਮਹਾਂਪੁਰਸ਼ ਤੋਂ ਘੱਟ ਨਹੀਂ ਸੀ। ਟਿੱਬਿਆਂ ਵਾਲੀ ਜ਼ਮੀਨ ਵਾਹੀ ਯੋਗ ਨਾ ਹੋਣ ਕਰ ਕੇ ਸੰਤ ਨੇ ਪਹਿਲਾਂ-ਪਹਿਲ ਕਾਨਿਆਂ ਦੀ ਝੁੱਗੀ ਬਣਾ ਲਈ ਜੋ ਥੋੜ੍ਹੇ ਸਾਲਾਂ ਵਿਚ ਹੀ ਆਲੀਸ਼ਾਨ ਡੇਰੇ ਦਾ ਰੂਪ ਧਾਰਨ ਕਰ ਗਈ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸੰਤ ਨੇ ਨਿਸ਼ਾਨ ਸਾਹਿਬ ਝੁਲਾ ਦਿੱਤਾ। ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ। ਹੌਲੀ ਹੌਲੀ ਸੰਗਤ ਜੁੜਦੀ ਗਈ ਅਤੇ ਸੰਤ ਦਾ ਨਾਂ ਮੰਤਰੀਆਂ ਨਾਲ ਜੁੜਦਾ ਗਿਆ ਜੋ ਨੋਟਾਂ ਦੀ ਵਰਖਾ ਨਾਲ ਵੋਟਾਂ ਦਾ ਫਲ ਤੋੜਦੇ ਗਏ। ਸੰਤ ਧਾਰਮਿਕਤਾ ਨਾਲੋਂ ਰਾਜਨੀਤੀ ਵਿਚ ਜ਼ਿਆਦਾ ਰਚ ਮਿਚ ਗਿਆ। ਆਤਮਾ ਸਿੰਘ ਰਾਜੀ ਨੂੰ ਸੰਤ ਕੋਲ ਲੈ ਗਿਆ। "ਮਹਾਰਾਜ, ਇਸ ਕੰਨਿਆ 'ਤੇ ਵੀ ਕ੍ਰਿਪਾ ਕਰੋ।" ਆਤਮਾ ਸਿੰਘ ਨੇ ਸੰਤ ਅੱਗੇ ਬੇਨਤੀ ਕੀਤੀ।

"ਆਤਮਾ ਸਿੰਘ, ਇਸ ਕੰਨਿਆ ਦੇ ਮਸਤਕ ਵਿਚ ਭਗਤੀ ਲਿਖੀ ਹੈ। ਇਸ ਦੇ ਵਿਆਹ ਦਾ ਖਿਆਲ ਛੱਡ ਦੇ ਤੇ ਇਸ ਨੂੰ ਡੇਰੇ ਵਿਚ ਛੱਡ ਜਾ। ਇਹ ਕੰਨਿਆ ਸਮਝ ਸਾਡੀ ਹੋ ਗਈ।" ਸੰਤ ਨੇ ਅੱਧ-ਬੱਗੀ ਦਾੜ੍ਹੀ 'ਤੇ ਮਾਲਾ ਵਾਲਾ ਹੱਥ ਫੇਰਦਿਆਂ ਕਿਹਾ।

"ਸਤ ਬਚਨ ਜੀ।" ਆਤਮਾ ਸਿੰਘ ਰਾਜੀ ਦੇ ਨਾਂਹ ਨਾਂਹ ਕਰਨ 'ਤੇ ਵੀ ਉਸ ਨੂੰ ਡੇਰੇ ਛੱਡ ਆਇਆ। ਆਪ ਆਪਣੇ ਸਿਰੋਂ ਰਾਜੀ ਦਾ ਭਾਰ ਲਾਹ ਆਇਆ ਸਮਝ ਕੇ ਸੁਰਖਰੂ ਹੋ ਗਿਆ।

ਪ੍ਰੀਤ ਨੇ ਆਪਣੇ ਪਿਤਾ ਨੂੰ ਕੰਮ ਤੋਂ ਹੀ ਸੁਰਖਰੂ ਨਹੀਂ ਕੀਤਾ, ਸਗੋਂ ਘਰ ਢਾਹ ਕੇ ਨਵਾਂ ਬਣਾ ਦਿੱਤਾ। ਘਰ ਦੀ ਗਰੀਬੀ ਧੋਣ ਦੇ ਨਾਲ ਨਾਲ ਬੀ.ਏ. ਦੀ ਪੜ੍ਹਾਈ ਵੀ ਪੂਰੀ ਕਰ ਲਈ। ਉਹ ਆਪਣੇ ਗਰੁਪ ਵਿਚ ਹਰਮਨ ਪਿਆਰੀ ਹੋ ਗਈ। ਉਸ ਦੀ ਤਨਖਾਹ ਪੰਜ ਹਜ਼ਾਰ ਤੋਂ ਵਧ ਕੇ ਦਸ ਹਜ਼ਾਰ ਹੋ ਗਈ। ਪ੍ਰੀਤ ਦਾ ਹੁਸਨ ਹਮੇਸ਼ਾ ਬਰਾਤੀਆਂ ਵਿਚ ਚਰਚਾ ਛੇੜਦਾ। ਪ੍ਰੀਤ ਕਰ ਕੇ ਹੀ ਗਰੁਪ ਵਾਲਿਆਂ ਦਾ ਕੋਈ ਵੀ ਸਨਿਚਰ ਤੇ ਐਤਵਾਰ ਖਾਲੀ ਨਾ ਜਾਂਦਾ। ਪ੍ਰੀਤ ਨਾਲ ਜਿਥੇ ਗਰੁਪ ਵਾਲਿਆਂ ਚੰਗੀ ਕਮਾਈ ਕੀਤੀ, ਉਥੇ ਪ੍ਰੀਤ ਨੇ ਵੀ ਐਮ.ਏ. ਪਾਸ ਕਰਨ ਦੇ ਨਾਲ ਨਾਲ ਸਫ਼ਾਰੀ ਗੱਡੀ ਲੈ ਆਂਦੀ। ਕੇਵਲ ਦੇ ਹੱਥੋਂ ਦਾਤੀ-ਪੱਲੀ ਛੁਟ ਗਈ ਸੀ। ਵੀਹ ਕਿਲੋਮੀਟਰ ਦੇ ਸਫ਼ਰ ਤੋਂ ਵੀ ਮੁਕਤੀ ਹੋ ਗਈ। ਲੋਕ ਦੱਬਵੀਂ ਆਵਾਜ਼ ਵਿਚ ਪ੍ਰੀਤ ਬਾਰੇ ਗੱਲਾਂ ਕਰਦੇ। ਉਡਦੀ ਉਡਦੀ ਗੱਲ ਜਦ ਕੇਵਲ ਦੇ ਕੰਨੀਂ ਪਈ ਤਾਂ ਉਸ ਨੇ ਪ੍ਰੀਤ ਨੂੰ ਪੁੱਛਿਆ, "ਪ੍ਰੀਤ, ਲੋਕ ਬੜੀਆਂ ਗੱਲਾਂ ਕਰਦੇ ਨੇ, ਸੱਚ ਕੀ ਐ ਫਿਰ?"

"ਪਿਤਾ ਜੀ, ਤੁਹਾਡੀ ਪ੍ਰੀਤ ਧੂਫ ਵਾਂਗ ਸੁੱਚੀ ਹੈ। ਮੈਂ ਧਰਮੀ ਫੌਜੀ ਦੀ ਧੀ ਹਾਂ ਜਿਸ ਨੇ ਧਰਮ ਖਾਤਰ 14 ਸਾਲ ਜੇਲ੍ਹਾਂ ਵਿਚ ਤਸੀਹੇ ਝੱਲੇ, ਗੁਰਬੱਤ ਦੀ ਜ਼ਿੰਦਗੀ ਕੱਟੀ...ਮੈਂ ਉਸ ਧਰਮੀ ਦੀ ਇੱਜ਼ਤ ਨੂੰ ਦਾਗ ਨਹੀਂ ਲੱਗਣ ਦੇਵਾਂਗੀ।" ਪ੍ਰੀਤ ਨੇ ਪਿਤਾ ਜੀ ਦੇ ਸਾਰੇ ਸੰਸੇ ਦੂਰ ਕਰਦਿਆਂ ਕਿਹਾ।

ਰਾਜੀ ਨੂੰ ਸੰਤ ਨੇ ਡੇਰੇ ਵਿਚ ਸਾਰੀਆਂ ਸੁੱਖ ਸਹੂਲਤਾਂ ਦਿੱਤੀਆਂ। ਸੰਤ ਨੇ ਆਪਣੀਆਂ ਜਾਦੂਈ ਗੱਲਾਂ ਨਾਲ ਰਾਜੀ ਨੂੰ ਕੀਲ ਲਿਆ। ਇਕ ਦਿਨ ਸੰਤ ਨੇ ਆਪਣੀ ਪਰਿਭਾਸ਼ਾ ਭੁੱਲ ਕੇ ਰਾਜੀ ਨੂੰ ਬਾਹਾਂ ਵਿਚ ਘੁੱਟ ਲਿਆ। ਰਾਜੀ ਨੂੰ ਸੰਤ ਦੀ ਸ਼ਕਲ ਵਿਚ ਕੋਈ ਸ਼ੈਤਾਨ ਦਿਸਿਆ। ਸੰਤ ਅੱਗੇ ਕੋਈ ਹਰਕਤ ਕਰਦਾ, ਇਸ ਤੋਂ ਪਹਿਲਾਂ ਹੀ ਰਾਜੀ ਨੇ ਉਸ ਦੀ ਦਾੜ੍ਹੀ ਫੜ ਲਈ। ਸੰਤ ਨੂੰ ਉਹ ਹੱਦ ਨਾ ਟੱਪਣ ਦਿੱਤੀ ਜਿਸ ਨੂੰ ਉਹ ਟੱਪਣਾ ਚਾਹੁੰਦਾ ਸੀ। ਆਪਣੀ ਕਰਤੂਤ ਜੱਗ ਜ਼ਾਹਿਰ ਹੋਣ ਤੋਂ ਬਚਾਉਣ ਲਈ ਰਾਜੀ ਨੂੰ ਸਮਝਾਉਣ ਲਈ ਆਤਮਾ ਸਿੰਘ ਨੂੰ ਡੇਰੇ ਬੁਲਾ ਲਿਆ। ਆਤਮਾ ਸਿੰਘ ਨੇ ਰਾਜੀ ਦੇ ਹੰਝੂ ਡਿੱਗਦੇ ਦੇਖੇ, ਉਸ ਦੇ ਜੁੜੇ ਹੋਏ ਹੱਥ ਵੀ ਦੇਖੇ, ਪਰ 'ਹਾਂ' ਉਹ ਸੰਤ ਵੱਲ ਕਰ ਗਿਆ। ਪਤਾ ਨਹੀਂ ਸੰਤ ਨੇ ਆਤਮਾ ਸਿੰਘ ਨੂੰ ਕੀ ਘੋਲ ਕੇ ਪਿਲਾਇਆ ਸੀ ਕਿ ਉਸ ਨੂੰ ਸੰਤ ਪਵਿੱਤਰ ਲੱਗਦਾ ਸੀ। ਆਤਮਾ ਸਿੰਘ ਦੀ ਆਪਣੇ ਵੱਲ ਭੁਗਤੀ ਗਵਾਹੀ ਸੁਣ ਕੇ ਸੰਤ ਫਿਰ ਨਿਡਰ ਹੋਇਆ ਰਾਜੀ ਨਾਲ ਉਹ ਕੁਝ ਕਰ ਗਿਆ ਸੀ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ ਸੀ। ਰਾਜੀ ਨਾਲ ਤਾਂ ਬੱਸ ਹੰਝੂਆਂ ਨੇ ਹਮਦਰਦੀ ਨਿਭਾਈ ਜੋ ਪਲ ਭਰ ਵੀ ਅੱਖੋਂ ਪਰ੍ਹੇ ਨਹੀਂ ਹੋਏ।

ਇਕ ਦਿਨ ਕਿਸੇ ਮੰਤਰੀ ਦੇ ਮੁੰਡੇ ਦੇ ਵਿਆਹ ਸਮਾਗਮ ਵਿਚ ਪ੍ਰੀਤ ਦਾ ਗਰੁਪ ਪ੍ਰੋਗਰਾਮ ਪੇਸ਼ ਕਰਨ ਆਇਆ ਸੀ। ਪ੍ਰੀਤ ਨੱਚ ਰਹੀ ਸੀ। ਅਗਲੀਆਂ ਕੁਰਸੀਆਂ ਉਪਰ ਪੁਲਿਸ ਅਫ਼ਸਰ ਮਹਿਮਾਨ ਜਾਮ ਨਾਲ ਜਾਮ ਟਕਰਾ ਰਹੇ ਸਨ। ਰੰਗ ਬਰੰਗੀਆਂ ਦਸਤਾਰਾਂ ਵਿਚ ਸਿਵਲ ਉਚ ਅਫ਼ਸਰ ਬੈਠੇ ਹੋਏ ਸਨ। ਦੋ ਤਿੰਨ ਮੁੰਡੇ ਸਟੇਜ 'ਤੇ ਚੜ੍ਹ ਕੇ ਪ੍ਰੀਤ ਨਾਲ ਨੱਚਦੇ ਹੋਏ ਅਸ਼ਲੀਲ ਹਰਕਤਾਂ ਕਰਨ ਲੱਗੇ ਪਏ। ਪ੍ਰੀਤ ਨੇ ਉਨ੍ਹਾਂ ਨੂੰ ਅੱਖਾਂ ਨਾਲ ਘੂਰਿਆ, ਪਰ ਕੁਰਸੀਆਂ 'ਤੇ ਬੈਠੇ ਮਹਿਮਾਨਾਂ ਨੇ ਅੱਖਾਂ ਜਿਵੇਂ ਬੰਦ ਕਰ ਲਈਆਂ। ਇਕ ਮੁੰਡੇ ਨੇ ਪ੍ਰੀਤ ਨੂੰ ਇਸ਼ਾਰੇ ਨਾਲ ਡੱਬ ਵਿਚ ਦਿੱਤਾ ਹੋਇਆ ਪਿਸਤੌਲ ਦਿਖਾਇਆ। ਜਦ ਉਸ ਮੁੰਡੇ ਨੇ ਪ੍ਰੀਤ ਦੀ ਬਾਂਹ ਫੜੀ, ਉਸੇ ਵਕਤ ਪ੍ਰੀਤ ਨੇ ਫੁਰਤੀ ਨਾਲ ਉਸ ਦਾ ਪਿਸਤੌਲ ਕੱਢ ਲਿਆ ਤੇ ਉਸ ਵੱਲ ਤਾਣ ਦਿੱਤਾ। ਸਮਾਗਮ ਵਿਚ ਚੁੱਪ ਛਾ ਗਈ, ਪ੍ਰੀਤ ਬੋਲਣ ਲੱਗੀ ਅਤੇ ਬਾਕੀ ਸਭ ਹੈਰਾਨ ਹੋ ਗਏ।

"ਹੁਣ ਫੜ ਬਾਂਹ ਮੇਰੀ...ਜੇ ਗੋਲੀ ਤੇਰੀ ਛਾਤੀ ਵਿਚ ਨਾ ਲੰਘਾ ਦਿੱਤੀ। ਤੁਸੀਂ ਸਾਨੂੰ ਸਮਝਿਆ ਕੀ ਹੈ?" ਪ੍ਰੀਤ ਦਾ ਗੜ੍ਹਕਾ ਸੁਣ ਕੇ ਪਿੱਛਿਓ ਮੈਡਮ ਅਤੇ ਬਾਕੀ ਕੁੜੀਆਂ ਵੀ ਸਟੇਜ ਉਤੇ ਆ ਗਈਆਂ।

"ਮੇਰਾ ਪਿਸਤੌਲ ਵਾਪਸ ਕਰ ਦੇ, ਮੈਂ ਤੇਰੇ ਵਰਗੀਆਂ ਵੀਹ ਨਾਚੀਆਂ ਦੇਖੀਆਂ।" ਮੁੰਡੇ ਨੇ ਆਪ ਡਰਦੇ ਹੋਏ ਨੇ ਡਰਾਉਣਾ ਚਾਹਿਆ।

"ਸਾਨੂੰ ਨਾਚੀਆਂ ਬਣਾਇਆ ਕਿਸ ਨੇ? ਪੁੱਛ ਆਪਣੇ ਆਪ ਤੋਂ, ਜਾਂ ਪੁੱਛ ਉਹ ਜੋ ਸਾਹਮਣੇ ਬੈਠੇ ਨੇ...ਜਿਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ...ਕਿ ਪੰਜਾਬ ਦੀ ਧੀ ਨੱਚ ਰਹੀ ਹੈ ਅਤੇ ਅਸੀਂ ਸ਼ਰਾਬਾਂ ਪੀ ਕੇ ਤਾੜੀਆਂ ਮਾਰ ਰਹੇ ਹਾਂ...ਬੱਸ, ਇਹੀ ਗੈਰਤ ਰਹਿ ਗਈ ਗੁਰੂ ਦੇ ਸਿੱਖਾਂ ਵਿਚ? ਕੀ ਅੱਜ ਸਿੰਘ ਦੇ ਹੱਥੋਂ ਕੌਰ ਦਾ ਚੀਰ ਹਰਨ ਨਹੀਂ ਹੋ ਰਿਹਾ? ਜਿਹੜੇ ਸਿੰਘ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਮੁਗਲਾਂ ਦੇ ਕਬਜ਼ੇ ਵਿਚੋਂ ਛੁਡਾ ਕੇ ਲਿਆਉਂਦੇ ਸੀ, ਉਹ ਅੱਜ ਆਪਣੀਆਂ ਹੀ ਧੀਆਂ, ਭੈਣਾਂ ਨੂੰ ਚੁੱਕਣ ਲੱਗ ਪਏ ਹਨ। ਆਪਣੇ ਪਿਉ ਦੀ ਸ਼ਰਮ ਜੇ ਨਹੀਂ ਆਉਂਦੀ, ਇਸ ਦਸਤਾਰ ਹੀ ਸ਼ਰਮ ਕਰਦਾ!...ਤੇ ਮੈਂ ਨਾਚੀ ਬਣੀ ਤੁਹਾਡੇ ਕਰ ਕੇ...ਤੁਹਾਡੇ ਪੰਥ ਕਰ ਕੇ...ਮੇਰਾ ਪਿਉ ਧਰਮੀ ਫੌਜੀ ਬਣਿਆ ਧਰਮ ਬਚਾਉਣ ਲਈ...ਤੇ ਤੁਸੀਂ ਉਸ ਦਾ ਆਹ ਮੁੱਲ ਉਤਾਰਨ ਲੱਗੇ...ਇਕ ਪਲ ਲਈ ਸੋਚ, ਜੇ ਮੇਰੀ ਥਾਂ ਤੇਰੀ ਭੈਣ ਹੁੰਦੀ...ਤੇ ਉਸ ਦੀ ਕੋਈ ਬਾਂਹ ਫੜਦਾ...ਤੇਰੇ ਉਤੇ ਫਿਰ ਕੀ ਬੀਤਦੀ! ਇਸ ਲਈ ਸ਼ਰਮ ਕਰ। ਜੇ ਅੱਜ ਮੇਰਾ ਭਰਾ ਹੁੰਦਾ, ਤੇਰੀਆਂ ਬੋਟੀਆਂ ਕਰ ਦਿੰਦਾ। ਆਹ ਦੇਖ ਰੂਬੀ ਵੱਲ...ਇਸ ਦਾ ਪਿਤਾ ਕੈਂਸਰ ਦਾ ਮਰੀਜ ਐ। ਕਮਾਈ ਦਾ ਕੋਈ ਸਾਧਨ ਨਾ ਹੋਣ ਕਰ ਕੇ ਇਹ ਨਾਚੀ ਬਣੀ...ਆ ਰਜਨੀ ਵੱਲ ਦੇਖ...ਇਕੱਲਾ ਭਰਾ ਨਸ਼ਿਆਂ ਦੇ ਹੜ੍ਹ ਵਿਚ ਰੁੜ੍ਹ ਗਿਆ। ਕਮਾਈ ਦਾ ਕੋਈ ਸਾਧਨ ਨਹੀਂ ਰਿਹਾ। ਇਸ ਭੋਲੀ ਵੱਲ ਦੇਖ...ਬਾਪੂ ਨੇ ਕਰਜ਼ੇ ਤੋਂ ਮੁਕਤੀ ਲਈ ਖੁਦ ਨੂੰ ਮੁਕਾ ਲਿਆ, ਦੋ ਭੈਣਾਂ ਦੀ ਪੜ੍ਹਾਈ ਦਾ ਖਰਚ ਚੁੱਕਦੀ ਐ ਇਹੇ। ਇਸ ਜੀਤੀ ਵੱਲ ਦੇਖ, ਐਮ.ਏ. ਪਾਸ ਐ ਪਰ ਨੌਕਰੀ ਨਹੀਂ ਮਿਲੀ। ਘਰ ਦਾ ਖਰਚ ਚਲਾਉਣ ਲਈ ਇਸ ਨੇ ਆਹ ਰਾਹ ਚੁਣਿਆ। ਅਸੀਂ ਕਲਾ ਵੇਚ ਕੇ ਗੁਜ਼ਾਰਾ ਕਰਦੇ ਹਾਂ, ਸਰੀਰ ਵੇਚ ਕੇ ਨਹੀਂ...ਜਿਹੜਾ ਤੇਰਾ ਖੂਨ ਸਾਨੂੰ ਦੇਖ ਕੇ ਗਰਮ ਹੋਇਐ, ਉਸ ਖੂਨ ਨੂੰ ਸਾਡੀ ਇੱਜ਼ਤ ਬਚਾਉਣ ਲਈ ਡੋਲ੍ਹ...ਤੂੰ ਹਰੀ ਸਿੰਘ ਨਲੂਏ ਦਾ ਨਾਂ ਚੁਣ, ਮੱਸਾ ਰੰਗੜ ਨਾ ਬਣ। ਤੇ ਜੇ ਹੁਣ ਵੀ ਨਹੀਂ ਅਣਖ ਜਾਗੀ ਤਾਂ ਆਹ ਫੜ ਪਿਸਤੌਲ, ਮਾਰ ਦੇ ਗੋਲੀ...।" ਮੁੰਡਾ ਸ਼ਰਮ ਨਾਲ ਭਿੱਜ ਗਿਆ। ਸਾਰੀ ਪੀਤੀ ਲਹਿ ਗਈ। ਪੱਗਾਂ ਵਾਲਿਆਂ ਵਿਚੋਂ ਤਾਂ ਕੋਈ ਨਾ ਉਠਿਆ ਪਰ 'ਵਰਮਾ' ਤੇ 'ਸ਼ਰਮਾ' ਆ ਕੇ ਮੁੰਡੇ ਨੂੰ ਲੈ ਗਏ। ਪ੍ਰੀਤ ਪੂਰੇ ਰੋਹਬ ਨਾਲ ਸਟੇਜ ਤੋਂ ਉਤਰ ਕੇ ਚਲੀ ਗਈ।

ਉਧਰ ਕਿਸੇ ਸੇਵਕ ਦਾ ਫੋਨ ਲੈ ਕੇ ਰਾਜੀ ਨੇ ਪ੍ਰੀਤ ਨੂੰ ਉਹ ਸਭ ਕੁਝ ਦੱਸ ਦਿੱਤਾ ਜੋ ਕੁਝ ਉਹਦੇ ਨਾਲ ਡੇਰੇ ਵਿਚ ਹੋ ਰਿਹਾ ਸੀ। ਪ੍ਰੀਤ ਨੇ ਫਿਰ ਪੱਗਾਂ ਵਾਲਿਆਂ ਦੇ ਹਾੜ੍ਹੇ ਨਹੀਂ ਕੱਢੇ, ਸਗੋਂ ਵਰਮਾ ਤੇ ਸ਼ਰਮਾ ਅੱਗੇ ਰਾਜੀ ਬਾਰੇ ਫਰਿਆਦ ਕੀਤੀ। ਦੋਵਾਂ ਨੇ ਪੁਲਿਸ ਦੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦਿਆਂ ਸੰਤ ਦੇ ਚੁੰਗਲ ਵਿਚੋਂ ਰਾਜੀ ਨੂੰ ਆਜ਼ਾਦ ਕਰਵਾਇਆ ਜਿਵੇਂ ਮੁਗਲਾਂ ਦੇ ਰਾਜ ਵਿਚੋਂ ਸਿੱਖ, ਹਿੰਦੂਆਂ ਦੀਆਂ ਧੀਆਂ ਭੈਣਾਂ ਨੂੰ ਮੁਗਲਾਂ ਤੋਂ ਆਜ਼ਾਦ ਕਰਵਾਉਂਦੇ ਸਨ। ਹੁਣ ਆਤਮਾ ਸਿੰਘ ਦੀਆਂ ਅੱਖਾਂ ਤੋਂ ਵੀ ਪੱਟੀ ਲਹਿ ਗਈ ਸੀ ਕਿ ਰੱਬ ਸੋਹਣੇ ਚਿਹਰਿਆਂ ਅਤੇ ਆਲੀਸ਼ਾਨ ਡੇਰਿਆਂ ਵਿਚ ਨਹੀਂ ਵੱਸਦਾ। ਕਈ ਸਾਲਾਂ ਬਾਅਦ ਰਾਜੀ ਅਤੇ ਪ੍ਰੀਤ ਨੇ ਘੁਟ ਗਲਵਕੜੀ ਪਾਈ ਸੀ। ਆਤਮਾ ਸਿੰਘ ਨੇ ਵੀ ਕੇਵਲ ਸਿੰਘ ਫੌਜੀ ਨੂੰ ਕਹਿ ਦਿੱਤਾ, "ਧਰਮੀਆ, ਉਹ ਧੀ ਪੁੱਤਾਂ ਨਾਲੋਂ ਵੱਧ ਹੁੰਦੀ ਹੈ ਜਿਹੜੀ ਆਪਣੀ ਰੱਖਿਆ ਆਪ ਕਰੇ; ਉਹ ਪਿਉ ਸਭ ਤੋਂ ਨੀਚ ਹੁੰਦਾ ਹੈ, ਜਿਹੜਾ ਆਪਣੀ ਧੀ ਦੀ ਰੱਖਿਆ ਕਿਸੇ ਤੋਂ ਕਰਵਾਏ।

## ਕਾਵਿ-ਕਿਆਰੀ

### ਹਾਲਾਤ ਪੰਜਾਬ ਦੇ

ਵਿਚ ਪੰਜਾਬ ਦੇ ਗੁੰਡਾਗਰਦੀ
ਏਨੀ ਵੱਧ ਗਈ ਏ,
ਗੁੰਡੇ ਹੱਕ ਸਮਝ ਕੇ
ਕਰਦੇ ਨੇ ਮੰਨ ਆਈਆਂ।
ਘਟਨਾ ਅੰਮ੍ਰਿਤਸਰ ਦੀ ਨੇ
ਦਿਲ ਹਿਲਾ ਕੇ ਰੱਖ ਦਿੱਤੇ,
ਧੀਆਂ ਪੁਲਿਸ ਵਾਲਿਆਂ ਦੀਆਂ ਵੀ
ਦੇਣ ਦੁਹਾਈਆਂ।
ਖੇਡਣ ਇੱਜਤਾਂ ਦੇ ਨਾਲ
ਗੁੰਡੇ ਪਲੇ ਸਿਆਸਤ ਦੇ,
ਰੋਂਦੀਆਂ ਚਾਰ ਚੁਫੇਰੇ
ਧੀਆਂ ਭੈਣਾਂ ਮਾਈਆਂ।
ਲੀਡਰ ਦੇਣ ਤਸੱਲੀਆਂ
ਰੋਂਦੇ ਉਸ ਪਰਿਵਾਰ ਨੂੰ,
ਤਾਜੇ ਜ਼ਖਮਾਂ ਉਤੇ
ਜਾਂਦੀਆਂ ਮਲ੍ਹਮਾਂ ਲਾਈਆਂ।
ਚੰਦ ਕੁ ਸਿੱਕੇ ਮੁੱਲ ਪੈਜੂ
ਉਸ ਪੁਲਸੀਏ ਵੀਰ ਦਾ,
ਧੀ ਦੀ ਇੱਜਤ ਡਿਊਟੀ ਖਾਤਰ
ਗੋਲੀਆਂ ਖਾਈਆਂ।

ਚਿੜੀਆਂ ਮਰਨ ਗਵਾਰ ਉਡਾਉਂਦੇ
ਖਿੱਲੀ ਮਸਤੀ ਨਾ,
ਔਰੰਗਜ਼ੇਬ ਨਾਲੋਂ ਵੀ
ਧੱਜੀਆਂ ਵੱਧ ਉਡਾਈਆਂ।
ਬੱਝਾ ਮੰਤਰੀਆਂ ਦੇ ਕਿੱਲੇ
ਕਾਨੂੰਨ ਵੀ ਤੜਫਦਾ ਏ,
ਮੁਸ਼ਕਾਂ ਬੱਝੀਆਂ ਜਾਂਦੀਆਂ
ਕਿਸੇ ਤੋਂ ਨਹੀਂ ਛੁਡਾਈਆਂ।
ਸੰਨ ਸੰਤਾਲੀ ਫਿਰ ਦੁਹਰਾ ਦੇਣਾ
ਇਨ੍ਹਾਂ ਹਾਕਮਾਂ ਨੇ,
ਖੂਨੀ ਵਾਰਦਾਤਾਂ ਨਿੱਤ
ਜਾਂਦੀਆਂ ਨੇ ਕਰਵਾਈਆਂ।
ਦਿਲ ਨਹੀਂ ਚਾਹੁੰਦਾ ਆਖਾਂ
ਗੋਬਿੰਦ ਮੁੜ ਕੇ ਆ ਜਾ ਤੂੰ,
ਬਖਸ਼ਣਾ ਉਹਨੂੰ ਵੀ ਨਹੀਂ
ਆਦਮਖੋਰ ਕਸਾਈਆਂ।
ਹੁਣ ਤਾਂ ਰੱਬ ਹੀ ਰਾਖਾ
ਵਿਚ ਪੰਜਾਬ ਦੇ ਲੋਕਾਂ ਦਾ,
ਤਾਂਡਵ ਮੌਤ ਕਰੇ ਸੁਲਤਾਨਾ
ਨਿੱਤ ਹੀ ਬੇਪਰਵ੍ਹੀਆਂ।

*-ਸੁਲਤਾਨ ਅਖਤਰ*

---

### ਗੀਤ

**ਲੜਕੀ:** ਮੇਰੇ ਦੱਸੋ ਕੀ ਵਿਚ ਲੇਖਾਂ ਦੇ
ਮੇਰਾ ਮਾਹੀ ਵਿਚ ਪਰਦੇਸਾਂ ਦੇ।
ਦਿਨ ਖੁਸ਼ੀਆਂ ਨਾਲ ਭਰਿਆ
ਮੇਰੀ ਜ਼ਿੰਦਗੀ ਵਿਚ ਕਦੋਂ ਆਊ।
ਮੈਨੂੰ ਮੁਲਕ ਬਾਹਰਲੇ ਦੇ ਵਿਚ
ਉਹ ਦੱਸੋ ਕਦੋਂ ਮੰਗਾਊ।

**ਸਾਧ:** ਕੀ ਐਮ ਐਲ ਏ ਸਭ ਨੇਤਾ ਜੋ
ਡੇਰੇ ਭੇਜਣ ਬਜਰੀ ਰੇਤਾ ਉਹ।
ਦਿੱਲੀ ਵਿਚ ਅੰਬੈਸੀ ਵੀ
ਸਭ ਲਿੰਕ ਬਣੇ ਹੋਏ ਬੀਬਾ।
ਤੇਰਾ ਇਕ ਮਹੀਨੇ ਦੇ ਵਿਚ
ਲੁਆ ਸਕਦੇ ਹਾਂ ਵੀਜ਼ਾ।

**ਲੜਕੀ:**ਸਭ ਕਰ ਦਿਓ ਪੂਰੀਆਂ ਜੀ,
ਮੇਰੇ ਦਿਲ ਵਿਚ ਜੋ ਉਮੰਗਾਂ।
ਗਲ ਬਾਹਾਂ ਮਾਹੀ ਦੇ ਪਾਵਾਂ
ਜਾ ਕੇ ਨਾ ਮੈਂ ਸੰਗਾਂ।
ਜੈ ਬਾਬਿਆਂ ਦੀ ਕਹਿ ਕੇ
ਉਹ ਵੀ ਥੋਨੂੰ ਫੋਨ ਘੁਮਾਊ।
ਮੈਨੂੰ ਮੁਲਕ ਬਾਹਰਲੇ ਦੇ ਵਿਚ
ਉਹ ਦੱਸੋ ਕਦੋਂ ਮੰਗਾਊ।

**ਸਾਧ:** ਗੱਲ ਸੁਣ ਲੈ ਕੁੜੀਏ ਤੂੰ
ਸਾਨੂੰ ਫੋਨ ਤੈਂ ਆਪ ਮਿਲਾਉਣਾ।
ਬੱਸ ਆ ਕੇ ਮਿਲ ਜਾਵੀਂ,
ਨਾ ਕੁਝ ਹੋਰ ਅਸੀਂ ਮੰਗਵਾਉਣਾ।
ਨਿੱਤ ਆਇਆ ਕਰ
ਤੈਨੂੰ ਸਾਡੇ ਹੁੰਦਿਆਂ ਡਰ ਕੀਹਦਾ।
ਤੇਰਾ ਇਕ ਮਹੀਨੇ ਦੇ ਵਿਚ
ਲੁਆ ਸਕਦੇ ਹਾਂ ਵੀਜ਼ਾ।

**ਲੜਕੀ:** ਮੈਂ ਚੌਂਕੀਆਂ ਭਰ ਸਕਦੀ
ਮੇਰੇ ਦਿਲ ਵਿਚ ਸ਼ਰਧਾ ਪੂਰੀ।
ਤੁਸੀਂ ਖਤਮ ਕਰ ਦਿਓ ਜੀ
ਸਾਡੇ ਵਿਚ ਹੈ ਜਿਹੜੀ ਦੂਰੀ।
ਜਦ ਦੱਸਿਆ ਮੈਂ ਜਾ ਕੇ
ਡੇਰੇ ਲੱਖ ਰੁਪਈਆ ਪਾਊ।
ਮੈਨੂੰ ਮੁਲਕ ਬਾਹਰਲੇ ਦੇ ਵਿਚ
ਉਹ ਦੱਸੋ ਕਦੋਂ ਮੰਗਾਊ।

**ਸਾਧ:** ਪਿੰਡ ਚੀਮਨੇ ਪੁੱਛ ਲੈ ਨੀ,
ਸਾਨੂੰ ਪੈਸਿਆਂ ਦਾ ਨੀ ਘਾਟਾ।
ਕਈ ਚੱਕੀ ਆਉਂਦੀਆਂ ਨੇ
ਕੋਈ ਘਿਓ ਤੇ ਕੋਈ ਆਟਾ।
'ਰਾਜ' ਫੜਾਉਂਦਾ ਫੜ੍ਹ ਲੈ ਨੀ
ਆਹ ਰੱਖੀਂ ਨੋਟ ਸਾਂਭ ਕੇ ਵੀਹ ਦਾ।
ਤੇਰਾ ਇਕ ਮਹੀਨੇ ਦੇ ਵਿਚ
ਲੁਆ ਸਕਦੇ ਹਾਂ ਵੀਜ਼ਾ।

*-ਰਾਜ ਧਾਲੀਵਾਲ*

# ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ



ਡਾ. ਗੁਰਨਾਮ ਕੌਰ, ਕੈਨੇਡਾ


ਭਗਤ ਕਬੀਰ ਦਾ ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1105 'ਤੇ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿਸ ਜੀਵਨ ਦਰਸ਼ਨ ਦਾ ਸੰਸਾਰ ਦੀ ਭਲਾਈ ਹਿਤ ਪ੍ਰਕਾਸ਼ਨ ਕੀਤਾ ਗਿਆ ਹੈ, ਉਸ ਦਾ ਸਬੰਧ ਮਨੁੱਖ ਦੀ ਦੁਨਿਆਵੀ ਅਤੇ ਪਰਮਾਰਥਕ ਜ਼ਿੰਦਗੀ-ਦੋਵਾਂ ਨਾਲ ਹੈ। ਸਿੱਖ ਫਲਸਫੇ ਅਨੁਸਾਰ ਦੁਨਿਆਵੀ ਅਤੇ ਅਧਿਆਤਮਕ ਜੀਵਨ ਇੱਕ-ਦੂਸਰੇ ਨਾਲ ਜੁੜੇ ਹੋਏ ਹਨ, ਦੋਵਾਂ ਨੂੰ ਅਲੱਗ ਅਲੱਗ ਕਰਕੇ ਨਹੀਂ ਜੀਵਿਆ ਜਾ ਸਕਦਾ। ਭਗਤ ਕਬੀਰ ਦਾ ਇਹ ਸਲੋਕ ਦੁਨਿਆਵੀ ਅਤੇ ਅਧਿਆਤਮਕ ਦੋਹਾਂ ਦਾ ਦਿਸ਼ਾ-ਨਿਰਦੇਸ਼ ਕਰਦਾ ਹੈ। ਅਧਿਆਤਮਕ ਤੌਰ 'ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਮਨੁੱਖ ਦੇ ਵੈਰੀ ਹਨ, ਉਸ ਦੇ ਰਸਤੇ ਦਾ ਰੋੜਾ ਹਨ ਅਤੇ ਦੁਨਿਆਵੀ ਤੌਰ 'ਤੇ ਅਨਿਆਂ, ਜ਼ਬਰ ਅਤੇ ਜ਼ੁਲਮ ਮਨੁੱਖ ਦੇ ਵੈਰੀ ਹਨ ਜਿਸ ਦਾ ਉਸ ਨੂੰ ਟਾਕਰਾ ਕਰਨਾ ਪੈਂਦਾ ਹੈ। ਇਸ ਸਲੋਕ ਵਿਚ ਭਗਤ ਕਬੀਰ ਕਹਿੰਦੇ ਹਨ ਕਿ ਹੁਣ ਧੌਂਸੇ 'ਤੇ ਚੋਟ ਵੱਜ ਗਈ ਹੈ ਅਤੇ ਯੁੱਧ ਕਰਨ ਦਾ ਸਮਾਂ ਆ ਗਿਆ ਹੈ।

ਅਧਿਆਤਮਕ ਸੰਦਰਭ ਵਿਚ ਕਿਹਾ ਹੈ ਕਿ ਜਿਹੜਾ ਮਨੁੱਖ ਇਸ ਸੰਸਾਰ-ਰੂਪ ਯੁੱਧ ਦੇ ਮੈਦਾਨ ਵਿਚ ਬਹਾਦਰੀ ਨਾਲ ਵਿਕਾਰਾਂ ਦੇ ਮੁਕਾਬਲੇ 'ਤੇ ਅੜ ਜਾਂਦਾ ਹੈ ਅਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਅਜਿਹਾ ਮੌਕਾ ਹੈ ਜਦੋਂ ਕਾਮਾਦਿਕ ਵੈਰੀਆਂ ਨਾਲ ਲੜਿਆ ਜਾ ਸਕਦਾ ਹੈ, ਉਹ ਮਨੁੱਖ ਹੀ ਅਸਲੀ ਸੂਰਮਾ ਹੈ। ਉਸ ਦੇ ਦਸਮ-ਦੁਆਰ ਵਿਚ ਜਦੋਂ ਸ਼ਬਦ-ਰੂਪ ਧੌਂਸਾ ਵੱਜਦਾ ਹੈ ਤਾਂ ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ ਅਤੇ ਉਹ ਸਮਝਦਾ ਹੈ ਕਿ ਹੁਣ ਜੂਝਣ ਦਾ ਸਮਾਂ ਹੈ। ਦੁਨਿਆਵੀ ਸੰਦਰਭ ਵਿਚ ਉਹ ਮਨੁੱਖ ਸੂਰਮਾ ਹੈ ਜੋ ਅਨਿਆਂ ਦੇ ਖਿਲਾਫ, ਦੀਨ ਅਤੇ ਦੁਖੀਆਂ, ਗਰੀਬਾਂ ਦੀ ਖਾਤਰ ਲੜਦਾ ਹੈ, ਉਹ ਯੁੱਧ ਦੇ ਮੈਦਾਨ ਵਿਚ ਟੋਟੇ ਟੋਟੇ ਹੋ ਕੇ ਕੱਟ ਜਾਂਦਾ ਹੈ, ਮਰ ਜਾਂਦਾ ਹੈ ਪਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅਜਿਹਾ ਮਨੁੱਖ ਹੀ ਬਹਾਦਰ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮਰਨਾ ਸੂਰਮਿਆਂ ਦਾ ਹੱਕ ਹੈ, ਬਹਾਦਰਾਂ ਦਾ ਅਧਿਕਾਰ ਹੈ ਜੇ ਉਨ੍ਹਾਂ ਦਾ ਮਰਨਾ ਪ੍ਰਵਾਨ ਹੋ ਜਾਂਦਾ ਹੈ। ਮਨੁੱਖੀ-ਜੀਵਨ ਅਕਾਲ ਪੁਰਖ ਦੀ ਬਖਸ਼ਿਸ਼ ਹੈ, ਉਸ ਦੀ ਮਿਹਰ ਹੈ ਕਿਉਂਕਿ ਮਨੁੱਖ ਪਰਮਾਤਮਾ ਦੇ ਹੁਕਮ ਅੰਦਰ, ਜਦੋਂ ਉਹ ਆਪਣੀ ਜੋਤਿ ਮਨੁੱਖ ਦੇ ਸਰੀਰ ਵਿਚ ਰੱਖਦਾ ਹੈ ਤਾਂ ਸੰਸਾਰ 'ਤੇ ਆਉਂਦਾ ਹੈ ਅਤੇ ਉਸ ਦੇ ਹੁਕਮ ਵਿਚ ਹੀ ਇਸ ਸੰਸਾਰ ਤੋਂ ਚਲਿਆ ਜਾਂਦਾ ਹੈ। ਇਸ ਲਈ ਮਰਨ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ। ਮਨੁੱਖ ਨੂੰ ਸਿਰਫ ਏਨਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਜਿਉਣਾ ਕਿਵੇਂ ਹੈ ਅਰਥਾਤ ਉਸ ਦਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਉਹ ਅਕਾਲ ਪੁਰਖ ਦੀ ਨਜ਼ਰ ਵਿਚ ਪ੍ਰਵਾਨ ਹੋ ਕੇ ਜੀਵੇ ਅਤੇ ਇਸ ਸੰਸਾਰ ਤੋਂ ਇੱਜ਼ਤ ਸਹਿਤ ਜਾਵੇ।

ਅਜਿਹੇ ਜੀਵਨ ਤੋਂ ਬਾਅਦ ਜਦੋਂ ਉਹ ਇਸ ਸੰਸਾਰ ਤੋਂ ਜਾਵੇਗਾ ਤਾਂ ਉਸ ਨੂੰ ਅਕਾਲ ਪੁਰਖ ਦੀ ਹਜ਼ੂਰੀ ਵਿਚ ਵੀ ਇੱਜ਼ਤ ਮਿਲਦੀ ਹੈ। ਪਤਿ ਸੇਤੀ ਜਿਉਣਾ ਅਤੇ ਪਤਿ ਸੇਤੀ ਇਸ ਸੰਸਾਰ ਤੋਂ ਜਾਣਾ, ਇਹੀ ਸਹੀ ਜੀਵਨ ਹੈ। ਇਸ ਤਰ੍ਹਾਂ ਜੋ ਮਨੁੱਖ ਅਕਾਲ ਪੁਰਖ ਪ੍ਰਤੀ ਸਮਰਪਣ ਵਾਲਾ ਜੀਵਨ ਜਿਉਂ ਕੇ, ਉਸ ਦੇ ਹਜ਼ੂਰ ਕਬੂਲ ਹੋ ਕੇ ਮਰਦੇ ਹਨ, ਉਹ ਅਸਲ ਸੂਰਮੇ ਹਨ ਅਤੇ ਮਰਨਾ ਸੂਰਮਿਆਂ ਦਾ ਹੱਕ ਹੈ। ਸੂਰਮੇ ਕੌਣ ਹਨ? ਸੂਰਮੇ ਉਹ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਦੀ ਹਜ਼ੂਰੀ ਵਿਚ ਇੱਜ਼ਤ ਅਤੇ ਮਾਣ ਮਿਲਦਾ ਹੈ ਅਤੇ ਇਥੋਂ ਵੀ ਇੱਜ਼ਤ ਨਾਲ ਜਾਂਦੇ ਹਨ। ਇਸ ਇੱਜ਼ਤ ਵਾਲੇ ਜੀਵਨ ਲਈ, ਪਤਿ ਸੇਤੀ ਜਿਉਣ ਲਈ ਮਨੁੱਖ ਨੂੰ ਆਪਣਾ ਸਿਰ ਤਲੀ 'ਤੇ ਰੱਖ ਕੇ ਇਸ ਜੀਵਨ ਰਸਤੇ 'ਤੇ ਪੈਰ ਧਰਨਾ ਪੈਂਦਾ ਹੈ। ਇਥੋਂ ਹੀ ਸਿੱਖ ਧਰਮ ਚਿੰਤਨ ਵਿਚ ਸ਼ਹਾਦਤ ਦਾ ਸੰਕਲਪ ਸ਼ੁਰੂ ਹੁੰਦਾ ਹੈ। ਸਿੱਖ ਧਰਮ ਚਿੰਤਨ ਅਨੁਸਾਰ ਸਾਰੇ ਮਨੁੱਖ ਉਸ ਪਰਮਾਤਮਾ ਦੀ ਸਿਰਜਣਾ ਹੋਣ ਦੇ ਨਾਤੇ ਉਸ ਦੇ ਬੱਚੇ ਹਨ ਅਤੇ ਉਹ ਸਾਰਿਆਂ ਦਾ ਪਿਤਾ ਹੈ। ਉਹ ਆਪਣੀ ਰਚਨਾ ਵਿਚ ਇੱਕ-ਰਸ ਵਿਆਪਕ ਹੈ। ਇਸ ਲਈ ਉਸ ਦੀ ਨਜ਼ਰ ਵਿਚ ਸਾਰੇ ਬਰਾਬਰ ਹਨ ਅਤੇ ਸਭ ਦੇ ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਅਧਿਕਾਰ ਬਰਾਬਰ ਹਨ। ਹਰ ਮਨੁੱਖ ਨੂੰ ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼, ਜਿਉਣ ਅਤੇ ਥੀਣ ਦਾ ਇੱਕੋ ਜਿਹਾ ਹੱਕ ਹੈ। ਪਰਮਾਤਮਾ ਦੀ ਨਜ਼ਰ ਵਿਚ ਜਨਮ, ਜਾਤ, ਨਸਲ ਜਾਂ ਧਰਮ ਕਰਕੇ ਕੋਈ ਉਚਾ ਜਾਂ ਨੀਵਾਂ ਨਹੀਂ ਹੈ। ਸ਼ਹਾਦਤ ਦਾ ਅਰਥ ਹੈ, ਸਤਿ ਦੀ ਗਵਾਹੀ। ਸਤਿ ਤੋਂ ਇਥੇ ਭਾਵ ਸਰਬ-ਵਿਆਪਕ ਸਤਿ (ਯੂਨੀਵਰਸਲ ਟਰੁਥ) ਹੈ। ਇਸ ਲਈ ਸਿੱਖ ਧਰਮ ਚਿੰਤਨ ਵਿਚ ਸ਼ਹਾਦਤ ਦਾ ਘੇਰਾ ਬਹੁਤ ਵਿਆਪਕ ਹੈ। ਸਿੱਖ ਧਰਮ ਚਿੰਤਨ ਵਿਚ 'ਸਰਬੱਤ ਦਾ ਭਲਾ' ਅਕਾਲ ਪੁਰਖ ਕੋਲੋਂ ਮੰਗਿਆ ਜਾਂਦਾ ਹੈ, ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ। ਇਸ ਲਈ ਇਸ ਵਿਚ ਸਾਰੀ ਮਨੁੱਖਤਾ ਸ਼ਾਮਲ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਆਦਰਸ਼ ਸਿਰਫ ਆਪਣੇ ਧਰਮ, ਸਵੈਮਾਨ, ਆਜ਼ਾਦੀ ਅਤੇ ਇੱਜ਼ਤ ਦੀ ਹੀ ਰੱਖਿਆ ਦੀ ਸ਼ਾਹਦੀ ਭਰਨਾ ਹੀ ਨਹੀਂ ਬਲਕਿ ਸਾਰੀ ਮਨੁੱਖਤਾ ਦੇ ਇਨ੍ਹਾਂ ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਜੂਝਣਾ ਹੈ। ਇਸ ਲਈ ਇਹ ਸਰਬ-ਵਿਆਪਕ ਨਿਆਂ ਲਈ ਜੂਝਣਾ ਹੈ। ਇਸ ਦੀਆਂ ਉਦਾਹਰਣਾਂ ਸਾਨੂੰ ਸਿੱਖ ਇਤਿਹਾਸ ਵਿਚੋਂ ਮਿਲ ਜਾਂਦੀਆਂ ਹਨ। ਗੁਰੂ ਸਾਹਿਬਾਨ ਅਨੁਸਾਰ ਜਿਸ ਸਿਧਾਂਤ ਦਾ ਅਮਲੀ ਰੂਪ ਵਿਚ ਪ੍ਰਕਾਸ਼ਨ ਨਹੀਂ ਹੋ ਸਕਦਾ, ਉਹ ਸਿਧਾਂਤ ਬੇਕਾਰ ਹੈ। ਇਸ ਤਰ੍ਹਾਂ ਸ਼ਹਾਦਤ ਦਾ ਜੋ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦਿੱਤਾ ਗਿਆ ਹੈ, ਉਸ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਜੀਵਿਆ।

ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਅਤੇ ਜਿਸ ਕਿਸਮ ਦੇ ਜ਼ੁਲਮ ਉਸ ਨੇ ਆਪਣੀ ਫੌਜ ਨਾਲ ਇਥੋਂ ਦੀ ਜਨਤਾ 'ਤੇ ਕੀਤੇ, ਕੱਟ-ਵੱਢ ਅਤੇ ਲੁੱਟ-ਖਸੁੱਟ ਕੀਤੀ ਉਸ ਦਾ ਹਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਿਲ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਜ਼ੁਲਮਾਂ ਦੇ ਖਿਲਾਫ ਅਵਾਜ਼ ਉਠਾਈ। ਬਾਬਰ ਦੀ ਤੁਲਨਾ ਉਨ੍ਹਾਂ ਨੇ 'ਜਮ' ਨਾਲ ਕੀਤੀ ਅਤੇ ਉਸ ਦੇ ਫੌਜ ਲੈ ਕੇ ਹਿੰਦੁਸਤਾਨ 'ਤੇ ਹਮਲਾ ਕਰਨ ਨੂੰ ਕਾਬਲ ਤੋਂ 'ਪਾਪ ਕੀ ਜੰਞ' ਲੈ ਕੇ ਆਉਣਾ ਕਿਹਾ ਹੈ। ਬਾਬਰ ਦੇ ਆਉਣ ਨਾਲ ਅਤੇ ਹਿੰਦੁਸਤਾਨ ਦੇ ਤਖਤ 'ਤੇ ਕਾਬਜ ਹੋ ਜਾਣ ਨਾਲ ਹਿੰਦੁਸਤਾਨ ਵਿਚ ਮੁਗਲ ਸਮਰਾਜ ਦੀ ਨੀਂਹ ਰੱਖੀ ਗਈ ਅਤੇ ਹਿੰਦੁਸਤਾਨੀ ਜਨਤਾ 'ਤੇ ਜ਼ੁਲਮ ਦੇ ਦੌਰ ਦੀ ਵੀ ਨੀਂਹ ਰੱਖੀ ਗਈ। ਧਰਮ ਦੇ ਨਾਂ 'ਤੇ ਲੋਕਾਂ ਉਤੇ ਬੇਹੱਦ ਜ਼ੁਲਮ ਢਾਹੇ ਗਏ ਅਤੇ ਉਨ੍ਹਾਂ ਨੂੰ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਰਿਹਾ। ਸਿੱਖ ਧਰਮ ਵਿਚ ਸ਼ਹਾਦਤ ਦੀ ਪਹਿਲੀ ਉਦਾਹਰਣ ਪੰਜਵੇਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਹੈ। ਇਸ ਵਿਸਥਾਰ ਵਿਚ ਨਾ ਜਾਂਦੇ ਹੋਏ ਕਿ ਚੰਦੂ ਗੁਰੂ ਸਾਹਿਬ ਦੀ ਸ਼ਹਾਦਤ ਵਿਚ ਵਿਚੋਲਾ ਕਿਵੇਂ ਬਣਿਆ, ਅਸਲੀ ਤੱਥ ਦਾ ਸੰਖੇਪ ਇਹ ਹੈ ਕਿ ਗੁਰੂ ਅਰਜਨ ਦੇਵ ਵੱਲੋਂ 'ਗ੍ਰੰਥ ਸਾਹਿਬ' ਦਾ ਸੰਕਲਨ ਕਰ ਲੈਣ 'ਤੇ ਅਕਬਰ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਗਈ ਕਿ 'ਗ੍ਰੰਥ ਸਾਹਿਬ' ਵਿਚ ਮੁਸਲਿਮ ਪੈਗੰਬਰਾਂ, ਕਾਜ਼ੀਆਂ, ਮੁੱਲਾਂ, ਹਿੰਦੂ ਧਰਮ ਦੇ ਦੇਵੀ-ਦੇਵਤਿਆਂ ਅਤੇ ਅਵਤਾਰਾਂ ਆਦਿ ਦੇ ਖਿਲਾਫ ਲਿਖਤਾਂ ਹਨ। 'ਗ੍ਰੰਥ ਸਾਹਿਬ' ਵਿਚੋਂ ਬਾਣੀ ਸੁਣਨ ਤੋਂ ਬਾਅਦ ਅਕਬਰ ਬਾਦਸ਼ਾਹ ਦੀ ਤਸੱਲੀ ਹੋ ਗਈ ਅਤੇ ਉਸ ਨੇ ਸੋਨੇ ਦੀਆਂ ਮੋਹਰਾਂ ਨਾਲ ਗ੍ਰੰਥ ਸਾਹਿਬ ਦਾ ਸਤਿਕਾਰ ਕੀਤਾ। ਉਸ ਤੋਂ ਬਾਅਦ ਉਸ ਦਾ ਪੁੱਤਰ ਜਹਾਂਗੀਰ ਗੱਦੀ 'ਤੇ ਬੈਠਿਆ ਜਦ ਕਿ ਅਕਬਰ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਆਪਣਾ ਜਾਂ-ਨਸ਼ੀਨ ਬਣਾਉਣਾ ਚਾਹੁੰਦਾ ਸੀ। ਅੱਗੇ ਜੋ ਵਾਪਰਿਆ, ਇਸ ਇਤਿਹਾਸ ਤੋਂ ਸਾਰੇ ਜਾਣੂ ਹਨ।

ਗੁਰੂ ਸਾਹਿਬ ਸਾਹਮਣੇ ਦੋ ਰਸਤੇ ਸਨ-ਜੁਰਮਾਨਾ ਭਰਨਾ ਜਾਂ ਸ਼ਹਾਦਤ ਦੇਣੀ ਅਤੇ ਪੰਜਵੇਂ ਪਾਤਿਸ਼ਾਹ ਨੇ ਸ਼ਹਾਦਤ ਦਾ ਰਾਹ ਚੁਣਿਆ। ਜਹਾਂਗੀਰ ਦੇ ਸਮੇਂ ਤੋਂ ਹੀ ਹਿੰਦੁਸਤਾਨੀ ਜਨਤਾ ਨੂੰ ਜ਼ਬਰੀ ਇਸਲਾਮ ਕਬੂਲ ਕਰਾਉਣ ਦੀ ਮੁਹਿੰਮ ਸ਼ੁਰੂ ਹੋ ਚੁੱਕੀ ਸੀ ਜਿਸ ਨੇ ਔਰੰਗਜ਼ੇਬ ਦੇ ਰਾਜਕਾਲ ਵਿਚ ਬਹੁਤ ਹੀ ਵਿਕਰਾਲ ਰੂਪ ਧਾਰਨ ਕਰ ਲਿਆ ਸੀ। ਕਿਸੇ ਧਰਮ ਨੂੰ ਮੰਨਣਾ ਅਤੇ ਉਸ ਅਨੁਸਾਰ ਆਪਣੇ ਇਸ਼ਟ ਨੂੰ ਧਿਆਉਣਾ ਮਨੁੱਖ ਦਾ ਮੌਲਿਕ ਅਧਿਕਾਰ ਹੈ ਅਤੇ ਹਰ ਇੱਕ ਨੂੰ ਇਹ ਹੱਕ ਮਾਣਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਪਰ ਕਿਸੇ ਹੋਰ ਦੀ ਕੀਮਤ 'ਤੇ ਨਹੀਂ। ਸਿੱਖ ਗੁਰੂ ਸਾਹਿਬਾਨ ਵੇਦਾਂ ਨੂੰ ਨਹੀਂ ਸੀ ਮੰਨਦੇ ਜੋ ਹਿੰਦੂ ਧਰਮ ਗ੍ਰੰਥ ਹਨ, ਨਾ ਹੀ ਉਨ੍ਹਾਂ ਦਾ ਹਿੰਦੂ ਧਾਰਮਿਕ ਚਿੰਨ੍ਹਾਂ ਜਿਵੇਂ ਜੰਞੂ ਅਤੇ ਤਿਲਕ ਨਾਲ ਕੋਈ ਸਰੋਕਾਰ ਸੀ ਪਰ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਬੇਨਤੀ 'ਤੇ ਉਨ੍ਹਾਂ ਦੇ ਇਸ ਧਾਰਮਿਕ ਅਧਿਕਾਰ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਕਿਉਂ? ਕਿਉਂਕਿ ਸਿੱਖ ਧਰਮ ਦਰਸ਼ਨ ਅਨੁਸਾਰ ਇਹ ਕਿਸੇ ਵੀ ਮਨੁੱਖ ਦਾ ਮੁਢਲਾ ਹੱਕ ਹੈ, ਉਸ ਦੀ ਮੁਢਲੀ ਆਜ਼ਾਦੀ ਹੈ ਜੋ



ਉਸ ਨੂੰ ਮਿਲਣੀ ਚਾਹੀਦੀ ਹੈ। ਕਿਸੇ ਨੂੰ ਇਸ ਵਿਚ ਦਖਲ ਦੇਣ ਦਾ ਹੱਕ ਨਹੀਂ ਭਾਵੇਂ ਉਹ ਔਰੰਗਜ਼ੇਬ ਵਰਗਾ ਬਾਦਸ਼ਾਹ ਹੀ ਕਿਉਂ ਨਾ ਹੋਵੇ। ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੇ ਨਾਲ ਗਏ ਸਿੱਖਾਂ ਦੇ ਸਾਹਮਣੇ ਦੋ ਰਸਤੇ ਸਨ-ਇਸਲਾਮ ਕਬੂਲ ਕਰਨਾ ਜਾਂ ਸ਼ਹਾਦਤ ਦੇਣੀ। ਗੁਰੂ ਸਾਹਿਬ ਅਤੇ ਉਨ੍ਹਾਂ ਦੀ ਸੰਗਤਿ ਵਿਚ ਸਿੱਖਾਂ ਨੇ ਸ਼ਹਾਦਤ ਦੀ ਚੋਣ ਕੀਤੀ।

ਹਿੰਦੁਸਤਾਨੀ ਜਨਤਾ 'ਤੇ ਔਰੰਗਜ਼ੇਬ ਦੇ ਜ਼ੁਲਮ ਏਨੇ ਜ਼ਿਆਦਾ ਵਧ ਗਏ ਸਨ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਨੂੰ ਉਸ ਦੇ ਜ਼ੁਲਮ ਨੂੰ ਰੋਕਣ ਲਈ ਤਲਵਾਰ ਉਠਾਉਣੀ ਪਈ। ਉਨ੍ਹਾਂ ਨੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਦੇ ਤਹਿਤ ਸਿੱਖ ਇਲਹਾਮ, 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਦਾ ਅਮਲੀ ਪ੍ਰਕਾਸ਼ਨ ਕਰਦਿਆਂ 1699 ਦੀ ਵਿਸਾਖੀ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਸਿਰਜਿਆ। ਗੁਰੂ ਸਾਹਿਬ ਨੇ ਕਿਸੇ ਰਾਜ ਦੀ ਪ੍ਰਾਪਤੀ ਜਾਂ ਕਬਜ਼ੇ ਲਈ ਮੁਗਲਾਂ ਜਾਂ ਹਿੰਦੂ ਪਹਾੜੀ ਰਾਜਿਆਂ ਨਾਲ ਯੁੱਧ ਨਹੀਂ ਕੀਤੇ ਬਲਕਿ ਮਨੁੱਖ ਦੇ 'ਪਤਿ ਸਹਿਤ' ਜਿਉਣ ਦੇ ਅਧਿਕਾਰ ਲਈ, ਮਨੁੱਖਤਾ 'ਤੇ ਹੋ ਰਹੇ ਜ਼ੁਲਮ ਨੂੰ ਟੱਕਰ ਦੇਣ ਲਈ ਯੁੱਧ ਕੀਤੇ। ਪੋਹ ਦਾ ਮਹੀਨਾ ਸਿੱਖ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਹੈ। ਇਹ ਉਹ ਮਹੀਨਾ ਹੈ ਜਿਸ ਵਿਚ ਸਰਬ ਲੋਕਾਈ ਦੇ ਮੌਲਿਕ ਅਧਿਕਾਰ ਆਪਣੇ 'ਇਸ਼ਟ', ਆਪਣੇ ਧਰਮ ਨੂੰ ਮੰਨਣ ਦੇ ਹੱਕ ਦੀ ਰਾਖੀ ਲਈ ਦਸਮ ਪਾਤਿਸ਼ਾਹ ਹਜ਼ੂਰ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਨੇ ਸ਼ਹਾਦਤ ਦਿੱਤੀ। ਸਾਹਿਬਜ਼ਾਦਾ ਫਤਿਹ ਸਿੰਘ ਲਿਖਤੀ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ ਸਿਰਫ ਛੇ ਸਾਲ (1699-1705) ਦਾ ਸ਼ਹੀਦ ਹੈ ਜੋ ਗੁਰੂ ਮਹਾਰਾਜ ਦੇ ਚਾਰ ਪੁੱਤਰਾਂ ਵਿਚੋਂ ਸਭ ਤੋਂ ਛੋਟਾ ਸੀ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਉਮਰ ਤਕਰੀਬਨ ਨੌਂ ਸਾਲ (1696-1705) ਸੀ। 26 ਦਸੰਬਰ ਨੂੰ ਹਰ ਸਾਲ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਪੁਰਬ ਫਤਿਹਗੜ੍ਹ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਏਨੀ ਛੋਟੀ ਉਮਰ ਵਿਚ ਉਨ੍ਹਾਂ ਨੇ ਸਿੱਖੀ ਸਿਧਾਂਤਾਂ ਕਿ ਹਰ ਮਨੁੱਖ ਨੂੰ ਆਪਣੇ ਧਰਮ ਨੂੰ ਮੰਨਣ, ਉਸ 'ਤੇ ਅਮਲ ਕਰਨ ਅਤੇ ਆਪਣੇ ਇਸ਼ਟ ਨੂੰ ਧਿਆਉਣ ਦਾ ਅਧਿਕਾਰ ਹੈ, ਕਿਸੇ ਨੂੰ ਇਸ ਹੱਕ ਵਿਚ ਦਖਲ ਦੇਣ, ਇਸ ਆਜ਼ਾਦੀ ਨੂੰ ਖੋਹਣ ਦਾ ਹੱਕ ਨਹੀਂ ਹੈ, ਲਈ ਆਪਣੀਆਂ ਨਿੱਕੀਆਂ ਜਿੰਦੜੀਆਂ ਵਾਰ ਦਿੱਤੀਆਂ। ਛੇ ਸਾਲ ਦੀ ਕੋਮਲ ਉਮਰ ਵਿਚ ਬਾਬਾ ਫਤਿਹ ਸਿੰਘ ਨੇ ਸਰਹੰਦ ਦੇ ਫੌਜਦਾਰ ਵਜ਼ੀਰਖਾਨ ਅਤੇ ਕਾਜ਼ੀਆਂ ਨੂੰ ਇਹ ਦਿਖਾ ਦਿੱਤਾ ਕਿ ਤਸੀਹਿਆਂ ਦਾ ਡਰ, ਕੋਈ ਜ਼ੁਲਮ ਉਨ੍ਹਾਂ ਦੇ ਵਿਸ਼ਵਾਸ ਨੂੰ ਹਿਲਾ ਨਹੀਂ ਸਕਦਾ। ਸਮੇਂ ਦੀ ਹਕੂਮਤ ਦਾ ਜ਼ੁਲਮ ਅਤੇ ਤਸੀਹੇ ਬਾਬਾ ਫਤਿਹ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਦੇ ਹੌਂਸਲੇ, ਦ੍ਰਿੜਤਾ ਅਤੇ ਆਜ਼ਾਦੀ ਨੂੰ ਕੁਚਲ ਨਹੀਂ ਸਕੇ। ਹਾਕਮ ਅਤੇ ਕਾਜ਼ੀਆਂ ਵੱਲੋਂ ਇਸਲਾਮ ਕਬੂਲ ਕਰਨ ਲਈ ਦਿੱਤੇ ਗਏ ਐਸ਼ੋ-ਇਸ਼ਰਤ ਦੇ ਲਾਲਚ ਉਨ੍ਹਾਂ ਨੂੰ ਕਿਣਕਾ ਮਾਤਰ ਵੀ ਹਿਲਾ ਨਹੀਂ ਸਕੇ। ਉਨ੍ਹਾਂ ਨੇ ਨਿਰਭੈ ਅਤੇ ਸ਼ਾਂਤ-ਚਿੱਤ ਹੋ ਕੇ ਆਪਣਾ ਧਰਮ ਤਿਆਗਣ ਨਾਲੋਂ ਸ਼ਹਾਦਤ ਦੇ ਕੇ ਸਿੱਖੀ ਦੀ ਚੜ੍ਹਦੀ ਕਲਾ ਦੇ ਸਿਧਾਂਤ ਨੂੰ ਕਾਇਮ ਰੱਖਿਆ। ਏਨੀ ਛੋਟੀ ਉਮਰ ਵਿਚ ਸਾਹਿਬਜ਼ਾਦਿਆਂ ਵਿਚ ਏਨਾ ਹੌਸਲਾ, ਹਿੰਮਤ ਅਤੇ ਬਹਾਦਰੀ ਸੀ ਕਿ ਉਹ ਮੁਗਲਾਂ ਵੱਲੋਂ ਦਿੱਤੇ ਲਾਲਚਾਂ ਨੂੰ ਬਿਨਾਂ ਕਿਸੇ ਭੈ ਦੇ ਠੋਕਰ ਮਾਰ ਸਕਣ। ਉਨ੍ਹਾਂ ਨੇ ਇਸਲਾਮ ਕਬੂਲ ਕਰਕੇ ਐਸ਼ ਦੀ ਜ਼ਿੰਦਗੀ ਜਿਉਣ ਨਾਲੋਂ ਜਿਉਂਦੇ ਕੰਧਾਂ ਵਿਚ ਚਿਣੇ ਜਾਣ ਨੂੰ ਤਰਜ਼ੀਹ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਏਨੀ ਛੋਟੀ ਉਮਰ ਦੇ ਬੱਚਿਆਂ ਵੱਲੋਂ ਏਨੇ ਦ੍ਰਿੜ ਇਰਾਦੇ ਨਾਲ ਮਨੁੱਖਤਾ ਦੇ ਸੱਚੇ-ਉਚੇ ਅਸੂਲਾਂ ਤੇ ਪਹਿਰਾ ਦਿੰਦੇ ਹੋਏ ਜ਼ੁਲਮ ਦੀ ਇੰਤਹਾ ਨੂੰ ਸਹਿ ਕੇ ਸ਼ਹਾਦਤ ਦੇਣ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਸ਼ਹਾਦਤ ਦਾ ਰਸਤਾ ਚੁਣਿਆ ਹੋਇਆ ਰਸਤਾ ਹੈ। ਇਸ ਰਸਤੇ ਦੀ ਚੋਣ ਉਨ੍ਹਾਂ ਨੇ ਆਪਣੇ ਸਾਹਮਣੇ ਰੱਖੇ ਗਏ ਰਸਤਿਆਂ ਵਿਚੋਂ ਕੀਤੀ। ਉਸੇ ਹੀ ਬੁਰਜ ਵਿਚ ਮਾਤਾ ਗੁਜਰੀ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਪਤਾ ਲੱਗਿਆ ਉਨ੍ਹਾਂ ਨੇ ਆਪਣੇ ਪ੍ਰਾਣ ਤਿਆਗ ਦਿੱਤੇ।

ਗੁਰੂ ਗੋਬਿੰਦ ਸਿੰਘ ਜਦੋਂ ਅਨੰਦਪੁਰ ਦਾ ਕਿਲਾ ਖਾਲੀ ਕਰਕੇ ਤੁਰੇ ਤਾਂ ਮੁਗਲੀਆ ਫੌਜ ਅਤੇ ਪਹਾੜੀ ਰਾਜਿਆਂ ਦੀ ਮਿਲੀ-ਜੁਲੀ ਫੌਜ ਆਪਣੀਆਂ ਸਾਰੀਆਂ ਕਸਮਾਂ ਤੋੜ ਕੇ ਪਿੱਛਾ ਕਰਨ ਲੱਗੀ। ਗੁਰੂ ਸਾਹਿਬ ਨੇ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਡੇਰਾ ਕੀਤਾ ਤਾਂ ਲੱਖਾਂ ਦੀ ਗਿਣਤੀ ਵਿਚ ਮੁਗਲ ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਨੇ ਇਥੇ ਮੁਗਲਾਂ ਨਾਲ ਯੁੱਧ ਕਰਦਿਆਂ ਸੰਸਾਰ ਨੂੰ ਦਿਖਾ ਦਿੱਤਾ ਕਿ ਉਨ੍ਹਾਂ ਲਈ ਆਪਣੇ ਪੁੱਤਰਾਂ ਅਤੇ ਖਾਲਸੇ ਵਿਚ ਕੋਈ ਫਰਕ ਨਹੀਂ ਹੈ। ਗੁਰੂ ਸਾਹਿਬ ਨੇ ਸਿੰਘਾਂ ਨੂੰ ਪੰਜ ਪੰਜ ਦੀ ਟੋਲੀ ਵਿਚ ਗੜ੍ਹੀ ਤੋਂ ਬਾਹਰ ਭੇਜ ਕੇ ਯੁੱਧ ਕਰਨ ਦਾ ਫੈਸਲਾ ਕੀਤਾ ਤਾਂ ਪਹਿਲੀ ਟੋਲੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਲੜਾਈ ਦੇ ਮੈਦਾਨ ਵਿਚ ਆਏ ਜਿਨ੍ਹਾਂ ਦੀ ਉਮਰ ਉਸ ਵੇਲੇ ਸਿਰਫ 18 ਸਾਲ ਸੀ। ਉਨ੍ਹਾਂ ਨੇ ਜਿਸ ਸਿੱਖੀ ਸਿਦਕ ਨਾਲ ਦੁਸ਼ਮਣ ਨਾਲ ਟੱਕਰ ਲਈ, ਸਿੱਖ ਇਤਿਹਾਸ ਉਸ ਦਾ ਗਵਾਹ ਹੈ। ਬਾਬਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਅਗਲੀ ਟੋਲੀ ਲੈ ਕੇ ਸਾਹਿਬਜ਼ਾਦਾ ਜੁਝਾਰ ਸਿੰਘ, ਜਿਸ ਦੀ ਉਮਰ ਸਿਰਫ 16 ਸਾਲ ਸੀ, ਯੁੱਧ ਦੇ ਮੈਦਾਨ ਵਿਚ ਨਿਤਰੇ। ਏਨੀ ਛੋਟੀ ਉਮਰ ਵਿਚ ਸਾਹਿਬਜ਼ਾਦਿਆਂ ਨੇ ਇਸ ਗੱਲ ਦਾ ਸਬੂਤ ਦੇ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਇਕ ਇਕ ਸਿੱਖ ਦੁਸ਼ਮਣ ਦੇ ਲੱਖਾਂ 'ਤੇ ਭਾਰੂ ਹੈ। ਸਾਹਿਬਜ਼ਾਦਿਆਂ ਦਾ ਸਿੱਖੀ-ਸਿਦਕ, ਦ੍ਰਿੜ ਵਿਸ਼ਵਾਸ ਅਤੇ ਹੌਸਲੇ ਕਾਰਨ ਹੀ ਉਨ੍ਹਾਂ ਦੇ ਨਾਮ ਨਾਲ ਉਚੇ ਅਤੇ ਸੁੱਚੇ ਸਤਿਕਾਰ ਦਾ ਸ਼ਬਦ 'ਬਾਬਾ' ਜੁੜਿਆ ਹੈ। ਇਸ ਤਰ੍ਹਾਂ ਸਿਰਫ ਕੁੱਝ ਦਿਨਾਂ ਦੇ ਫਰਕ ਨਾਲ ਵੱਡੇ ਅਤੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸ਼ਹੀਦੀ ਪਾ ਗਏ ਅਤੇ ਦੁਨੀਆਂ ਨੂੰ ਪਤਿ ਸਹਿਤ ਜਿਉਣ ਦਾ ਰਸਤਾ ਦਿਖਾ ਗਏ।

## ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ...

## ਗੁਰਬਾਣੀ ਗਿਆਨ

ਗੂਜਰੀ ਮਹਲਾ ੫
ਜਿਸੁ ਸਿਮਰਤ ਸਭਿ ਕਿਲਵਿਖ
ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ ਸਦ ਹੀ
ਜਾਪਹੁ ਜਾ ਕਾ ਅੰਤੁ ਨ ਪਾਰੋ॥੧॥
ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕਉ
ਹਰਿ ਹਰਿ ਸਦਾ
ਭਜਹੁ ਜਗਦੀਸ॥੧॥ਰਹਾਉ॥
ਸਤਿਗੁਰੁ ਤੁਮ ਕਉ ਹੋਇ
ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ
ਭੋਜਨੁ ਕੀਰਤਨੁ ਨੀਤਿ॥੨॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ
ਕਬਹਿ ਨ ਬਿਆਪੈ ਚਿੰਤਾ॥੩॥
ਭਵਰੁ ਤੁਮਾਰਾ ਇਹੁ ਮਨੁ ਹੋਵਉ
ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗਿ ਲਪਟਾਇਓ
ਜਿਉ ਬੂੰਦਹਿ ਚਾਤ੍ਰਿਕੁ ਮਉਲਾ॥੪॥

ਬਹੁਤ ਵਿਆਖਿਆਕਾਰ ਆਖਦੇ ਹਨ ਕਿ ਇਹ ਸ਼ਬਦ ਗੁਰੂ ਹਰਿਗੋਬਿੰਦ ਜੀ ਦੇ ਜਨਮ 'ਤੇ ਉਚਾਰਿਆ ਗਿਆ ਹੈ ਕਿ ਪੁੱਤਰ ਜੀਉ! ਮਾਤਾ ਵੱਲੋਂ ਤੈਨੂੰ ਇਹ ਆਸੀਸ ਹੈ ਕਿ ਉਹ ਪ੍ਰਭੂ ਤੈਨੂੰ ਇਕ ਪਲ ਲਈ ਵੀ ਕਦੇ ਨਾ ਵਿਸਰੇ, ਤੇ ਤੂੰ ਸਦਾ ਹੀ ਉਸ ਮਾਲਕ ਪ੍ਰਭੂ ਦੇ ਸਿਮਰਨ ਨਾਲ ਜੁੜਿਆ ਰਵੇਂ; ਪੁੱਤਰ ਜੀਉ! ਜਿਸ ਪ੍ਰਭੂ ਦਾ ਨਾਮ ਜਪ ਕੇ ਕਿਲਵਿਖ, ਭਾਵ ਪਾਪ ਦੂਰ ਨਸ ਜਾਂਦੇ ਹਨ ਅਤੇ ਪਿੱਤਰਾਂ ਵੱਡਿਆਂ ਦਾ ਉਧਾਰ ਭੀ ਹੋ ਜਾਂਦਾ ਹੈ; ਜਿਸ ਪ੍ਰਭੂ ਦਾ ਕੋਈ ਪਾਰੋ, ਭਾਵ ਅੰਤ ਨਹੀਂ ਪਾ ਸਕਦਾ, ਐਸੇ ਮਿਹਰਬਾਨ ਪ੍ਰਭੂ ਦਾ ਨਾਮ ਤੂੰ ਹਰ ਵੇਲੇ ਜਪਦਾ ਰਵੇਂ ਤੇ ਉਸ ਨਾਲ ਜੁੜਿਆ ਰਵੇਂ।

ਸਤਿਗੁਰੁ ਤੁਮ ਕਉ ਹੋਇ
ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ
ਭੋਜਨੁ ਕੀਰਤਨੁ ਨੀਤਿ॥੨॥

ਹੇ ਪੁੱਤਰ ਜੀਉ! ਸਤਿਗੁਰ ਤੇਰੇ 'ਤੇ ਸਦਾ ਹੀ ਮਿਹਰਬਾਨ ਰਵੇ ਤੇ ਗੁਰੂ ਕ੍ਰਿਪਾ ਸਦਕਾ ਤੇਰੀ ਪ੍ਰੀਤ ਪ੍ਰਭੂ ਅਤੇ ਉਸ ਦੇ ਪਿਆਰਿਆਂ ਨਾਲ ਸਦਾ ਹੀ ਬਣੀ ਰਵੇ। ਹੇ ਪੁੱਤਰ! ਜਿਵੇਂ ਜੀਵ ਦੇ ਸਰੀਰ ਨੂੰ ਕੱਪੜਾ ਢਕ ਲੈਂਦਾ ਹੈ, ਓਵੇਂ ਹੀ ਪਰਮੇਸ਼ਰ ਪ੍ਰਭੂ ਪਤਿ ਪਰਮੇਸ਼ਰ ਰਾਖੀ, ਭਾਵ ਮਾਲਕ ਤੇਰੀ ਹਰ ਥਾਂ ਸਦਾ ਹੀ ਪਤਿ, ਭਾਵ ਇੱਜ਼ਤ ਰੱਖੇ। ਹੇ ਪੁੱਤਰ! ਤੂੰ ਉਸ ਪ੍ਰਭੂ ਜੀ ਦੀ ਬਖ਼ਸ਼ਿਸ਼ ਸਦਕਾ ਭੋਜਨੁ ਕੀਰਤਨੁ ਨੀਤਿ, ਭਾਵ ਪ੍ਰਭੂ ਦੀ ਸਿਫਤ ਸਲਾਹ ਦਾ ਕੀਰਤਨ ਕਰੇਂ ਤੇ ਉਸ ਦੇ ਹੀ ਗੁਣ ਗਾਵੇਂ, ਉਸ ਦਾ ਨਾਮ ਸਿਮਰਨ ਤੇ ਸਿਫ਼ਤ ਸਲਾਹ ਹੀ ਤੇਰਾ ਭੋਜਨ ਬਣ ਜਾਵੇ।

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ
ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ
ਕਬਹਿ ਨ ਬਿਆਪੈ ਚਿੰਤਾ॥੩॥

ਹੇ ਪੁੱਤਰ! ਅੰਮ੍ਰਿਤੁ ਪੀਵਹੁ ਆਤਮਿਕ ਜੀਵਨ ਦੀਆਂ ਉਚਾਈਆਂ 'ਤੇ ਲੈ ਜਾਣ ਵਾਲਾ ਨਾਮ ਰੂਪੀ ਅੰਮ੍ਰਿਤ ਤੂੰ ਸਦਾ ਹੀ ਪੀਂਦਾ ਰਵੇਂ। ਸਦਾ ਚਿਰ ਜੀਵਹੁ, ਭਾਵ ਇਸ ਅੰਮ੍ਰਿਤ ਨੂੰ ਪੀ ਕੇ ਤੂੰ ਸਦਾ ਹੀ ਜੀਵਣ ਵਾਲਾ ਬਣ ਜਾਵੇਂ, ਕਿਉਂਕਿ ਉਸ ਮਿਹਰਬਾਨ ਪ੍ਰਭੂ ਦਾ ਨਾਮ ਸਿਮਰਨ ਕਰ ਕੇ ਕਦੀ ਨਾ ਖ਼ਤਮ ਹੋਣ ਵਾਲਾ ਅਨੰਦ ਜੋ ਸਦਾ ਹੀ ਬਣਿਆ ਰਹਿੰਦਾ ਹੈ, ਉਹ ਅਨੰਦ ਤੈਨੂੰ ਪ੍ਰਾਪਤ ਹੋਵੇ। ਇਸ ਰੰਗ ਤਮਾਸ਼ੇ ਨਾਲ ਭਰੇ ਹੋਏ ਜਗਤ ਵਿਚ ਰਹਿੰਦਿਆਂ ਤੇਰੀਆਂ ਆਸਾਂ ਪੂਰੀਆਂ ਹੋਣ, ਤੇ ਉਸ ਹਰੀ ਪ੍ਰਭੂ ਦੇ ਨਾਮ ਸਿਮਰਨ ਸਦਕਾ ਸੰਸਾਰ ਜੀਵਨ ਦੀ ਚਿੰਤਾ ਕਦੀ ਵੀ ਤੇਰੇ ਨੇੜੇ ਨਾ ਆ ਸਕੇ।

ਭਵਰੁ ਤੁਮਾਰਾ ਇਹੁ ਮਨੁ ਹੋਵਉ
ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗਿ ਲਪਟਾਇਓ
ਜਿਉ ਬੂੰਦਹਿ ਚਾਤ੍ਰਿਕੁ ਮਉਲਾ॥੪॥

ਗੁਰਦੇਵ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਪੁੱਤਰ! ਤੇਰਾ ਇਹ ਜੋ ਮਨ ਹੈ, ਇਹ ਹਮੇਸ਼ਾ ਹੀ ਭੰਵਰਾ ਬਣਿਆ ਰਵੇ ਤੇ ਹਰੀ ਪ੍ਰਭੂ ਜੀ ਦੇ ਸੋਹਣੇ ਚਰਨਾਂ ਨੂੰ ਕੰਵਲ ਫੁੱਲ ਜਾਣ ਕੇ ਉਨ੍ਹਾਂ ਚਰਨਾਂ 'ਤੇ ਸਦਾ ਹੀ ਮੰਡਰਾਉਂਦਾ ਰਵੇ ਤੇ ਕਦੀ ਵਿਛੜੇ ਨਾ। ਪੁੱਤਰ ਜੀਉ! ਨਾਨਕ ਆਖਦਾ ਹੈ ਕਿ ਪ੍ਰਭੂ ਦਾ ਦਾਸ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜੋ ਕੰਵਲ ਦੀ ਨਿਆਈਂ ਹਨ, ਇਸ ਤਰ੍ਹਾਂ ਲਿਪਟਿਆ ਰਹਿੰਦਾ ਹੈ ਜਿਵੇਂ ਵਰਖਾ ਦੀ ਰੁੱਤ ਵਿਚ ਪੀਉ ਪੀਉ ਕਰ ਕੇ ਤੜਫ ਅਤੇ ਤਰਸ ਰਿਹਾ ਪਪੀਹਾ ਵਰਖਾ ਦੀ ਬੂੰਦ ਨੂੰ ਪੀ ਕੇ ਮਉਲਾ, ਭਾਵ ਖ਼ੁਸ਼ੀ ਵਿਚ ਖੀਵਾ ਹੋ ਕੇ ਅਨੰਦ ਵਿਚ ਖਿੜ ਉਠਦਾ ਹੈ।

ਆਉ ਗੁਰੂ ਪਿਆਰਿਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਨਾਮਧਾਰੀ ਸੰਪਰਦਾ ਅਤੇ ਸਤਿਗੁਰੂ ਜਗਜੀਤ ਸਿੰਘ

ਸ਼ਰਧਾਂਜਲੀ

ਗਿਆਨ ਸਿੰਘ ਬਿਲਗਾ


ਨਾਮਧਾਰੀ ਕੂਕਾ ਸੰਪਰਦਾ ਦੇ ਚੌਥੇ ਮੁਖੀ ਸਤਿਗੁਰੂ ਜਗਜੀਤ ਸਿੰਘ ਤਕਰੀਬਨ 92 ਸਾਲ ਦੀ ਉਮਰ ਭੋਗ ਕੇ ਦੇਸ਼-ਭਗਤੀ, ਭਜਨ-ਬੰਦਗੀ, ਲੋਕ ਹਿੱਤੂ ਸਮਾਜਕ ਕਾਰਜ ਤੇ ਸੰਪਰਦਾ ਦੀ ਅਗਵਾਈ ਕਰਦਿਆਂ 3 ਦਸੰਬਰ 2012 ਨੂੰ ਅਪੋਲੋ ਨਾਮਧਾਰੀ ਹਸਪਤਾਲ, ਲੁਧਿਆਣਾ ਵਿਖੇ ਪ੍ਰਲੋਕ ਗਮਨ ਕਰ ਗਏ। ਉਨ੍ਹਾਂ ਦਾ ਜਨਮ 20 ਨਵੰਬਰ 1920 ਨੂੰ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿਖੇ ਸਤਿਗੁਰੂ ਪ੍ਰਤਾਪ ਸਿੰਘ ਦੇ ਘਰ ਬੀਬੀ ਭੁਪਿੰਦਰ ਕੌਰ ਦੀ ਕੁੱਖੋਂ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਦੇ ਪ੍ਰਲੋਕ ਗਮਨ ਦੀ ਸੋਗੀ ਖ਼ਬਰ ਸੁਣਦਿਆਂ ਹੀ ਦੇਸ-ਪਰਦੇਸ, ਜਿਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ ਤੇ ਪੰਜਾਬ ਦੇ ਆਮ ਜਨ-ਸਾਧਾਰਨ ਵਿਚ ਅਫ਼ਸੋਸ ਤੇ ਦੁੱਖ ਦੀ ਲਹਿਰ ਦੌੜ ਗਈ। ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਤੇ ਨਾਮਧਾਰੀ ਸੰਗਤ, ਬੇਏਰੀਆ ਸਮੁੱਚੇ ਸੰਸਾਰ ਦੀ ਨਾਮਧਾਰੀ ਸੰਗਤ ਦੇ ਇਸ ਦੁੱਖ ਵਿਚ ਸ਼ਰੀਕ ਹੈ।



ਭਾਰਤੀ ਉਪ-ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਮੁਕਤੀ ਦੇ ਸੰਘਰਸ਼ ਵਿਚ ਨਾਮਧਾਰੀ ਕੂਕਾ ਲਹਿਰ ਦਾ ਉਘੜਵਾਂ ਹਿੱਸਾ ਹੈ ਜਿਸ ਵਿਚ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਮਲੇਰਕੋਟਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਚ ਕੁੱਲ 90 ਕੂਕਿਆਂ ਨੇ ਜਾਨਾਂ ਵਾਰੀਆਂ, ਹੱਸ-ਹੱਸ ਫਾਂਸੀ ਚੜ੍ਹੇ, ਮਲੇਰਕੋਟਲੇ ਤੋਪਾਂ ਨਾਲ ਤੂੰਬਾ-ਤੂੰਬਾ ਕੀਤੇ ਗਏ। ਸਿਵਲ ਨਾ-ਫਰਮਾਨੀ ਦੀ ਲਹਿਰ ਚਲਾਈ। ਅੰਗਰੇਜ਼ੀ ਸਰਕਾਰ ਦੇ ਵਿੱਦਿਆ, ਡਾਕ, ਅਦਾਲਤਾਂ ਤੇ ਵਿੱਤੀ ਅਦਾਰਿਆਂ ਦਾ ਬਾਈਕਟ ਕੀਤਾ। ਜੇ.ਡਬਲਯੂ. ਮੈਕਨੈਬ (ਕਮਿਸ਼ਨਰ ਅੰਬਾਲਾ ਡਿਵੀਜ਼ਨ) ਲਿਖਦਾ ਹੈ, "ਗੁਰੂ ਰਾਮ ਸਿੰਘ ਭਾਵੇਂ ਗੁਰੂ ਨਾਨਕ ਦੇ ਧਰਮ ਪ੍ਰਚਾਰ ਦਾ ਆਗੂ ਲਗਦਾ ਹੈ ਪਰ ਅਸਲ ਰੂਪ ਵਿਚ ਇਸ ਨੇ ਗੁਰੂ ਗੋਬਿੰਦ ਸਿੰਘ ਵਰਗੇ ਯੋਧੇ ਦਾ ਰੂਪ ਧਾਰਨ ਕਰ ਲਿਆ ਹੈ।" ਉਹ ਹੋਰ ਲਿਖਦਾ ਹੈ, "ਇਹ ਸਦਾਚਾਰਕ ਜਾਂ ਧਾਰਮਿਕ ਉਥਾਨ ਦੀ ਹੀ ਲਹਿਰ ਨਹੀਂ, ਸਗੋਂ ਅੰਗਰੇਜ਼ ਰਾਜ ਦਾ ਭਾਰਤ ਵਿਚੋਂ ਭੋਗ ਪਾਉਣ ਦੀ ਸਿਆਸੀ ਲਹਿਰ ਹੈ। ਮੈਂ ਇਸ ਲਹਿਰ ਦਾ ਬਿਨਾਂ ਕਿਸੇ ਲੰਮੇਰੀ ਅਦਾਲਤੀ ਪ੍ਰਕਿਰਿਆ ਦੇ, ਛੇਤੀ ਤੋਂ ਛੇਤੀ ਸਖ਼ਤੀ ਨਾਲ ਖਾਤਮਾ ਕਰ ਦੇਣਾ ਚਾਹੁੰਦਾ ਹਾਂ।"

ਬਾਬਾ ਰਾਮ ਸਿੰਘ (ਜਨਮ 1816 ਤੋਂ 1885) ਤੋਂ ਬਾਅਦ ਅਗਲੇਰੇ ਮੁਖੀਆਂ ਬਾਬਾ ਹਰੀ ਸਿੰਘ (1819-1906), ਸਤਿਗੁਰੂ ਪ੍ਰਤਾਪ ਸਿੰਘ (1890 ਤੋਂ 1959) ਅਤੇ ਸਤਿਗੁਰੂ ਜਗਜੀਤ ਸਿੰਘ (1920 ਤੋਂ 2012) ਨੇ ਵੀ ਉਨ੍ਹਾਂ ਵੱਲੋਂ ਚਲਾਏ ਮਾਰਗ 'ਤੇ ਚੱਲਦਿਆਂ ਉਨ੍ਹਾਂ ਦਾ ਅਨੁਸਰਨ ਕੀਤਾ। ਹੁਣ ਅਗਲੇ ਮੁਖੀ ਉਦੈ ਸਿੰਘ ਦਾ ਵੀ ਇਹੀ ਨਿਹਚਾ ਹੈ।


ਸਤਿਗੁਰੂ ਜਗਜੀਤ ਸਿੰਘ ਨੇ ਚਾਰ ਸਾਲ ਦੀ ਉਮਰ ਵਿਚ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਭਾਸ਼ਾ ਦਾ ਮੁੱਢਲਾ ਗਿਆਨ ਅਤੇ ਸੰਗੀਤ ਵਿੱਦਿਆ ਪਿਤਾ ਪ੍ਰਤਾਪ ਸਿੰਘ ਅਤੇ ਉਸਤਾਦ ਹਰਨਾਮ ਸਿੰਘ ਚਵਿੰਡਾ ਪਾਸੋਂ ਪ੍ਰਾਪਤ ਕੀਤੇ। ਨਾਲ ਹੀ ਗੁਰਮਿਤ ਵਿੱਦਿਆਲਾ, ਭੈਣੀ ਸਾਹਿਬ ਜੋ ਆਸ਼ਰਮ ਦੀ ਤਰਜ਼ 'ਤੇ ਅੱਜ ਵੀ ਚੱਲ ਰਿਹਾ ਹੈ, ਤੋਂ ਪਸ਼ੂ-ਪਾਲਣ, ਸ਼ੁੱਧ ਗੁਰਬਾਣੀ ਉਚਾਰਨ ਅਤੇ ਕੀਰਤਨ ਕਰਨ ਦੀ ਨਾਮਧਾਰੀ ਪੱਧਤੀ ਦਾ ਵੀ ਗਿਆਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਆਪ ਨੂੰ ਕਬੱਡੀ, ਫੁੱਟਬਾਲ, ਖਿੱਦੋ-ਖੂੰਡੀ, ਗੱਤਕਾ, ਤੈਰਾਕੀ ਤੇ ਘੋੜਸਵਾਰੀ ਦਾ ਵੀ ਸ਼ੌਕ ਸੀ। ਜਵਾਨੀ ਵਿਚ ਪੈਰ ਧਰਦਿਆਂ ਹੀ ਉਨ੍ਹਾਂ ਨੇ ਧਾਰਮਿਕ, ਸਮਾਜਕ ਅਤੇ ਸਿਆਸੀ ਸਰਗਰਮੀਆਂ ਜੋ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਨ, ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸੇ ਲਈ ਉਨ੍ਹਾਂ ਨੂੰ ਵੱਡੇ ਬਾਬਾ ਦੇ ਤੌਰ 'ਤੇ ਬੁਲਾਇਆ ਜਾਣ ਲੱਗਾ। ਦੇਸ਼ ਦੀ ਆਜ਼ਾਦੀ ਤੇ ਗੁਰਦੁਆਰਾ ਸੁਧਾਰ ਲਈ ਚੱਲੀ ਹਰ ਲਹਿਰ ਵਿਚ ਨਾਮਧਾਰੀ ਕੂਕਾ ਲਹਿਰ ਨੇ ਸਰਗਰਮੀ ਨਾਲ ਹਿੱਸਾ ਲਿਆ। ਇਹ ਭਾਵੇਂ ਕਾਂਗਰਸ ਪਾਰਟੀ ਦਾ ਲਾਹੌਰ ਸੈਸ਼ਨ, ਜਿਸ ਵਿਚ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ ਸੀ ਜਾਂ ਕੋਈ ਹੋਰ ਸਰਗਰਮੀ, 400 ਨਾਮਧਾਰੀ ਘੋੜਿਆਂ 'ਤੇ ਸਵਾਰ ਹੋ ਕੇ ਉਸ 'ਚ ਸ਼ਾਮਲ ਹੋਏ ਸਨ। ਨਨਕਾਣਾ ਸਾਹਿਬ ਦੇ ਖੂਨੀ ਸਾਕੇ ਵਿਚ 15 ਨਾਮਧਾਰੀ ਕੂਕਿਆਂ ਨੇ ਆਪਣੀਆਂ ਜਾਨਾਂ ਵਾਰੀਆਂ। 15 ਅਗਸਤ 1947 ਨੂੰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਵੰਡ ਵੇਲੇ ਪੰਜਾਬੀਆਂ ਦੇ ਹੋਏ ਘਾਣ ਨੂੰ ਠੱਲ੍ਹਣ ਵਿਚ ਅਹਿਮ ਭੂਮਿਕਾ ਨਿਭਾਈ। ਸਤਿਗੁਰੂ ਪ੍ਰਤਾਪ ਸਿੰਘ ਨੂੰ ਵਾਪਰਨ ਵਾਲੀਆਂ ਇਨ੍ਹਾਂ ਦੁਖਦਾਈ ਘਟਨਾਵਾਂ ਦਾ ਅਗਾਊਂ ਗਿਆਨ ਸੀ। ਉਨ੍ਹਾਂ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਹਿੰਦੂ ਸਿੱਖਾਂ ਨੂੰ ਦਰਿਆ ਰਾਵੀ ਤੋਂ ਪਾਰ ਆ ਜਾਣ ਦਾ ਹੋਕਾ ਦਿੱਤਾ। ਇੱਧਰ ਮੁਸਲਮਾਨ ਘੱਟ ਗਿਣਤੀ ਜੋ ਕਾਫਲਿਆਂ ਰਾਹੀਂ ਪਾਕਿਸਤਾਨ ਜਾ ਰਹੀ ਸੀ, ਦੀ ਜਾਨ-ਮਾਲ ਤੇ



ਬਾਬਾ ਪ੍ਰਤਾਪ ਸਿੰਘ

ਬਹੂ-ਬੇਟੀਆਂ ਦੀ ਰਾਖੀ ਲਈ ਗੁੰਡਾ ਗਰੋਹਾਂ, ਫਿਰਕਾਪ੍ਰਸਤ ਟੋਲਿਆਂ ਤੋਂ ਜਥੇਬੰਦ ਹੋ ਕੇ ਰਾਖੀ ਕੀਤੀ। ਸਿਰਸਾ ਨੇੜੇ ਜ਼ਮੀਨ ਖਰੀਦੀ ਜੋ ਉਦੋਂ ਰੇਤਲੀ ਤੇ ਕੰਡੇਦਾਰ ਝਾੜ ਹੀ ਸੀ, ਤਾਂ ਕਿ ਉਜੜ ਕੇ ਆਏ ਆਪਣੇ ਸੇਵਕਾਂ ਦੇ ਮੁੜ ਵਸੇਬੇ ਦਾ ਉਥੇ ਪ੍ਰਬੰਧ ਕੀਤਾ ਜਾ ਸਕੇ। ਕਾਂਗਰਸ ਦੇ ਉੱਚ ਦਮਾਲੜੇ ਲੀਡਰਾਂ ਨੂੰ ਮਾਰ ਵੱਢ, ਬਹੂ-ਬੇਟੀਆਂ ਦੀ ਬੇਪਤੀ ਤੇ ਜਾਨ-ਮਾਲ ਦੀ ਸਾੜ ਫੂਕ ਰੋਕਣ ਲਈ ਨਿੱਜੀ ਤੌਰ 'ਤੇ ਮਿਲੇ।

ਸਤਿਗੁਰੂ ਜਗਜੀਤ ਸਿੰਘ ਭਜਨ ਬੰਦਗੀ ਵਿਚ ਮਸਰੂਫ਼ ਰਹਿੰਦੇ ਸਨ। ਉਨ੍ਹਾਂ ਸਾਰੀਆਂ ਔਕੜਾਂ, ਦੁਸ਼ਵਾਰੀਆਂ ਆਪਣੇ ਸਰੀਰ 'ਤੇ ਹੰਢਾਈਆਂ। ਆਪਣੇ ਲਈ ਕਦੇ ਵੀ ਸੁੱਖ ਰਹਿਣੇ ਜੀਵਨ ਦੀ ਮੰਗ ਨਹੀਂ ਕੀਤੀ। ਸੰਤ ਤਾਰਨ ਸਿੰਘ ਲਿਖਦੇ ਹਨ, "ਗੁਰੂ ਕਾ ਲੰਗਰ ਤਿਆਰ ਕਰਨ



ਬਾਬਾ ਰਾਮ ਸਿੰਘ

ਲਈ ਸੰਗਤ ਦਾ ਹੱਥ ਵਟਾਉਂਦੇ ਆਪਣੇ-ਆਪ ਨੂੰ ਸੰਗਤ ਤੋਂ ਕਦੇ ਵੀ ਵੱਖਰਾ ਨਹੀਂ ਸਮਝਦੇ ਸਨ। ਹਰ ਇਕ ਦੇ ਦੁੱਖ-ਸੁੱਖ ਵਿਚ ਸ਼ਾਮਲ ਹੁੰਦੇ ਸਨ।" ਉਨ੍ਹਾਂ ਦੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਨੇ ਕਿਹਾ ਸੀ, "ਪੁੱਤਰ, ਇਹ ਸਾਰੀ ਜ਼ਮੀਨ-ਜਾਇਦਾਦ, ਧਨ-ਦੌਲਤ ਸੰਗਤ ਦਾ ਹੈ। ਇਸ ਵੱਲ ਭੁੱਲ ਕੇ ਵੀ ਨਜ਼ਰ ਨਹੀਂ ਕਰਨੀ। ਤੁਸੀਂ ਮੇਰੇ ਪੁੱਤਰ ਨਹੀਂ, ਮਿੱਤਰ ਵੀ ਹੋ।" ਅਗਸਤ 1959 ਵਿਚ ਭਾਦੋਂ ਦੇ ਦੀਵਾਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਨੂੰ ਆਪਣੇ ਜਿਉਂਦੇ ਹੀ ਵਿਧੀਬਧ ਢੰਗ ਨਾਲ ਸੰਪਰਦਾ ਦਾ ਮੁਖੀ ਥਾਪ ਦਿੱਤਾ। ਸਤਿਗੁਰੂ ਬਾਬਾ ਰਾਮ ਸਿੰਘ ਦੇ ਸਿੱਖੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਤਾਕੀਦ ਕੀਤੀ। ਦੋ ਮਹੀਨੇ ਬਾਅਦ ਹੀ ਸਤਿਗੁਰੂ ਪ੍ਰਤਾਪ ਸਿੰਘ ਪ੍ਰਲੋਕ ਗਮਨ ਕਰ ਗਏ।

ਜਦੋਂ ਸਤਿਗੁਰੂ ਜਗਜੀਤ ਸਿੰਘ ਨੇ ਕੂਕਾ ਨਾਮਧਾਰੀ ਸੰਗਤ ਦੀ ਵਾਗਡੋਰ ਸੰਭਾਲੀ, ਹਾਲਾਤ ਬੜੇ ਗੰਭੀਰ ਤੇ ਨਾਜ਼ੁਕ ਸਨ। ਅਖੌਤੀ ਰਾਜਸੀ ਆਗੂਆਂ, ਸਮਾਜ ਵਿਰੋਧੀ ਤੱਤਾਂ ਨੇ ਅਦਾਲਤਾਂ ਵਿਚ 22 ਮਨਘੜਤ ਕੇਸ ਦਾਇਰ ਕੀਤੇ ਹੋਏ ਸਨ ਤਾਂ ਜੋ ਕਚਹਿਰੀਆਂ ਦੀ ਲੰਮੇਰੀ ਪ੍ਰਕਿਰਿਆ ਰਾਹੀਂ ਕੂਕਾ ਨਾਮਧਾਰੀ ਸੰਪਰਦਾ ਨੂੰ ਆਪਣੇ ਧਾਰਮਿਕ ਸਮਾਜਕ ਤੇ ਰਾਜਨੀਤਿਕ ਪ੍ਰੋਗਰਾਮਾਂ ਤੋਂ ਕੁਰਾਹੇ ਪਾਇਆ ਜਾ ਸਕੇ। ਅਧੋਗਤੀ ਦੇ ਇਸ ਸਮੇਂ ਵਿਚੋਂ ਨਿਕਲਣ ਲਈ ਉਨ੍ਹਾਂ ਸੰਗਤ ਅੱਗੇ 12 ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪਾਸ ਹੋ ਗਿਆ।

1. ਕੂਕਾ ਨਾਮਧਾਰੀ ਸੰਪਰਦਾ ਨਾਲ ਦੁਸ਼ਮਣੀ ਰੱਖਣ ਵਾਲਿਆਂ ਵੱਲ ਦੋਸਤੀ ਦਾ ਹੱਥ ਵਧਾਇਆ ਜਾਵੇ।
2. ਰੁੱਸੇ ਹੋਏ, ਨਾਰਾਜ਼ ਸੰਗਠਨ ਦੇ ਦੋਖੀਆਂ ਦੇ ਗੁੱਸੇ-ਗਿਲੇ ਸੁਣ ਕੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਵੇ।
3. ਧਾਰਮਿਕ, ਸਮਾਜਕ ਤੇ ਰਾਜਨੀਤਿਕ ਉਨਤੀ ਦੇ ਕਾਰਜਾਂ ਨੂੰ ਜਥੇਬੰਦਕ ਪਟੜੀ 'ਤੇ ਲਿਆਂਦਾ ਜਾਵੇ।
4. ਕੂਕਾ ਸੰਪਰਦਾ ਦੇ ਜਥੇਬੰਦਕ ਢਾਂਚੇ ਦੀ ਨਵੇਂ ਸਿਰਿਉਂ ਉਸਾਰੀ ਕੀਤੀ ਜਾਵੇ, ਅਨੁਸ਼ਾਸਨ ਵੱਲ ਖਾਸ ਧਿਆਨ ਦਿੱਤਾ ਜਾਵੇ।
5. ਸਤਿਗੁਰੂ ਪ੍ਰਤਾਪ ਸਿੰਘ ਦੇ ਵਿੱਢੇ ਉਨਤੀ ਦੇ ਕਾਰਜਾਂ ਨੂੰ ਅੱਗੇ ਤੋਰਿਆ ਜਾਵੇ ਅਤੇ ਸਮਾਂਬੱਧ ਕਰ ਕੇ ਨੇਪਰੇ ਚਾੜ੍ਹਿਆ ਜਾਵੇ।
6. ਵਿੱਦਿਆ, ਸਿਹਤ, ਸਮਾਜਕ ਕਾਰਜ, ਸਕੂਲ ਤੇ ਹਸਪਤਾਲ ਆਦਿ ਖੋਲ੍ਹੇ ਜਾਣ।
7. ਭੈਣੀ ਸਾਹਿਬ ਦੀ ਉਨਤੀ ਤੇ ਦਿਖ ਬਣਾਉਣ ਲਈ ਨਵੇਂ ਕਾਰਜ ਵਿਉਂਤੇ ਜਾਣ।
8. ਨਾਮ ਬਾਣੀ ਤੇ ਕੀਰਤਨ ਦੀ ਸੰਪਰਦਾ ਦੀ ਪੱਧਤੀ ਨੂੰ ਉਨਤ ਕੀਤਾ ਜਾਵੇ।
9. ਅਧਿਆਤਮਕ ਸਿੱਖਿਆ ਰਾਹੀਂ ਮਨੁੱਖੀ ਆਚਰਨ ਦੀ ਉਸਾਰੀ ਤੇ ਨਸ਼ਿਆਂ ਦੇ ਖ਼ਿਲਾਫ਼ ਮੁਹਿੰਮ ਵਿੱਢੀ ਜਾਵੇ।
10. ਸਾਹਿਤ, ਗੁਰਮਤਿ, ਸੰਗੀਤ, ਖੇਡਾਂ, ਪਸ਼ੂ-ਧਨ ਦੀ ਰੱਖਿਆ, ਫ਼ਸਲਾਂ ਦੇ ਨਵੇਂ ਬੀਜਾਂ ਨੂੰ ਉਨਤ ਕੀਤਾ ਜਾਵੇ।
11. ਹੋਰ ਧਰਮਾਂ, ਸੰਸਥਾਵਾਂ ਤੇ ਸੰਪਰਦਾਵਾਂ ਨਾਲ ਵਿਚਾਰ-ਵਟਾਂਦਰੇ ਦੇ ਦਰ ਖੋਲ੍ਹੇ ਜਾਣ।
12. ਕੂਕਾ ਨਾਮਧਾਰੀ ਪੰਥ ਦਾ ਇਤਿਹਾਸ ਖੋਜ ਆਧਾਰਤ ਲਿਖਵਾਇਆ ਜਾਵੇ, ਪੁਰਾਣੇ ਨੂੰ ਸੰਭਾਲਿਆ ਜਾਵੇ।


ਸਤਿਗੁਰੂ ਜਗਜੀਤ ਸਿੰਘ ਨੇ ਧਾਰਮਿਕ ਏਜੰਡੇ ਨੂੰ ਸਿਰੇ ਚੜ੍ਹਾਉਣ ਹਿੱਤ ਬੈਂਕਾਕ ਵਿਚ ਦੇਹਧਾਰੀ ਗੁਰੂ ਬਾਰੇ ਆਪਣੇ ਵਿਚਾਰ ਰੱਖੇ। 25,000 ਅਖੰਡ ਪਾਠ ਗੁਰੂ ਗ੍ਰੰਥ ਸਾਹਿਬ ਅਤੇ ਚੰਡੀ ਦੀ ਵਾਰ ਦੇ ਭੋਗ ਪਾਏ ਗਏ। ਨਾਮ ਸਿਮਰਨ ਦੀ ਰੀਤ ਚਲਾ ਕੇ ਹਰ ਨਾਮਧਾਰੀ ਨੂੰ ਘੱਟੋ-ਘੱਟ ਇਕ ਘੰਟਾ ਪ੍ਰਭੂ ਦੀ ਉਸਤਤ ਕਰਨ ਲਈ ਕਿਹਾ। ਆਪ ਨੇ ਤੜਕਸਾਰ ਇਸ਼ਨਾਨ ਕਰਨ ਪਿੱਛੋਂ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਲਈ ਖੁਦ ਸਵੇਰ ਦੇ ਦੀਵਾਨਾਂ ਵਿਚ ਹਾਜ਼ਰ ਰਹਿਣ ਨੂੰ ਨਿਤਾ-ਪ੍ਰਤੀ ਦੀ ਕਾਰਜ ਸੂਚੀ ਵਿਚ ਸ਼ਾਮਲ ਕੀਤਾ।

ਉਨ੍ਹਾਂ ਖੇਤੀਬਾੜੀ ਦੀ ਉਨਤੀ ਅਤੇ ਵਿਕਾਸ ਲਈ ਸਿਰਸਾ ਤਹਿਸੀਲ (ਹੁਣ ਜਿਲ੍ਹਾ) ਵਿਚ ਜੀਵਨ ਨਗਰ ਨੂੰ ਆਪਣਾ ਕਾਰਜ ਖੇਤਰ ਬਣਾਇਆ। 400 ਏਕੜ ਦੇ ਫਾਰਮ ਨੂੰ ਜੋ ਕੰਡੇਦਾਰ ਝਾੜੀਆਂ ਤੇ ਰੇਤਲਾ ਸੀ, ਵਿਕਸਤ ਕਰ ਕੇ ਪਾਣੀ ਦੀ ਕਿਲਤ ਦੂਰ ਕਰਨ ਹਿੱਤ ਨਵੇਂ ਖੂਹ ਖੁਦਵਾਏ। ਬੇਰ, ਪੀਲੂ, ਚਿੱਬੜ ਆਦਿ ਕੁਦਰਤੀ ਫ਼ਲਾਂ ਤੋਂ ਬਿਨਾਂ ਖੇਤੀਬਾੜੀ ਵਿਭਾਗ ਤੋਂ ਜ਼ਮੀਨ ਦੀ ਪਰਖ ਕਰਵਾ ਕੇ ਸੰਗਤਰਾ, ਨਿੰਬੂ, ਮੁਸੰਮੀ, ਅੰਗੂਰ ਉਗਾਏ। ਰਸਮੀ ਫਸਲਾਂ ਤੋਂ ਹਟ ਕੇ ਬਦਲਵੀਂ ਖੇਤੀ ਕਰ ਕੇ ਸਫ਼ਲ ਕਿਸਾਨ ਹੀ ਸਿੱਧ ਨਹੀਂ ਹੋਏ, ਸਗੋਂ ਇਨ੍ਹਾਂ ਫਸਲਾਂ ਦੇ ਲਾਹੇਬੰਦ ਭਾਅ ਪ੍ਰਾਪਤ ਕਰਨ ਹਿੱਤ ਮੰਡੀਕਰਨ ਦੀ ਸਮੱਸਿਆ ਦਾ ਇਕ ਨਮੂਨੇ ਦਾ ਹੱਲ ਪੇਸ਼ ਕੀਤਾ। 'ਨਾਮਧਾਰੀ ਵਧੀਆ ਬੀਜ' ਨਾਉਂ ਦੀ ਕੰਪਨੀ ਬਣਾ ਕੇ ਸਬਜ਼ੀਆਂ ਦੀਆਂ ਉਕਤ ਕਿਸਮਾਂ ਦੀ ਖੇਤੀ ਕੀਤੀ।

ਵਿੱਦਿਆ ਦੀ ਉਨਤੀ ਤੇ ਪਸਾਰ ਲਈ ਅਤੇ ਇਸਤਰੀ ਵਿੱਦਿਆ ਦੇ ਉਥਾਨ ਲਈ ਸਰਬ ਹਿੰਦ ਨਾਮਧਾਰੀ ਵਿੱਦਿਅਕ ਸੰਸਥਾ ਕਾਇਮ ਕੀਤੀ ਜਿਸ ਦੀ ਸਰਪ੍ਰਸਤੀ ਹੇਠ ਸਤਿਗੁਰ ਹਰੀ ਸਿੰਘ ਮਹਾਂ ਵਿਦਿਆਲਾ ਬਣਾਇਆ ਜੋ ਬਾਅਦ ਵਿਚ ਉਚ ਪਾਏ ਦਾ ਕਾਲਜ ਬਣਿਆ। ਅਟਲ ਮਹਾਂਪ੍ਰਤਾਪੀ ਪ੍ਰਤਾਪ ਸਿੰਘ ਕੰਨਿਆ ਮਹਾਂਵਿਦਿਆਲਾ, ਸੰਤ ਨਗਰ; ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਹਾਇਰ ਸੈਕੰਡਰੀ ਸਕੂਲ, ਦਿੱਲੀ; ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਭੈਣੀ ਸਾਹਿਬ; ਨਾਮਧਾਰੀ ਸਕੂਲ, ਮੰਡੀ (ਹਿਮਾਚਲ) ਅਤੇ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਕੌਮਾਂਤਰੀ ਸਕੂਲ ਖੋਲ੍ਹੇ। ਬੈਂਕਾਕ ਵਾਲੇ ਕੌਮਾਂਤਰੀ ਸਕੂਲ ਵਿਚ ਤੇਰਾਂ ਮੁਲਕਾਂ ਦੇ ਵਿਦਿਆਰਥੀ ਪੜ੍ਹ ਰਹੇ ਹਨ ਤੇ ਉਥੇ ਪੰਜਾਬੀ ਭਾਸ਼ਾ ਪੜ੍ਹਨਾ ਲਾਜ਼ਮੀ ਹੈ। ਵਿਦੇਸ਼ੀਂ ਵਸਦੇ ਪੰਜਾਬੀਆਂ ਲਈ ਪੰਜਾਬੀ ਅਧਿਆਪਕ ਅਤੇ ਹੋਰ ਵਿਦਵਾਨ ਭੇਜ ਕੇ ਪੰਜਾਬੀ ਭਾਸ਼ਾ ਪੜ੍ਹਾਉਣ ਦਾ ਕਾਰਜ ਕੀਤਾ। ਅੰਗਰੇਜ਼ ਸਰਕਾਰ ਵੇਲੇ ਵਿਦੇਸ਼ੀ ਵਿੱਦਿਆ ਦੇ ਬਾਈਕਾਟ ਕਾਰਨ ਵਿੱਦਿਅਕ ਪਛੜੇਵਾਂ ਪ੍ਰਤੀਤ ਹੁੰਦਾ ਸੀ, ਇਸ ਨੂੰ ਦੂਰ ਕਰਨ ਦੇ ਸੁਚਾਰੂ ਯਤਨ ਕੀਤੇ ਗਏ।

1969 ਵਿਚ ਸ੍ਰੀ ਗੁਰੂ ਨਾਨਕ ਦੇਵ ਦਾ 500 ਸਾਲਾ ਜਨਮ ਦਿਹਾੜਾ, 1963 ਵਿਚ ਅੰਨਦ ਕਾਰਜ ਸ਼ਤਾਬਦੀ, 1972 ਵਿਚ ਸਤਿਗੁਰੂ ਪ੍ਰਤਾਪ ਸਿੰਘ ਜਲਾਵਤਨ ਸ਼ਤਾਬਦੀ ਅਤੇ 1999 ਵਿਚ ਖਾਲਸੇ ਦਾ 300 ਸਾਲਾ ਜਨਮ ਦਿਨ ਖੋਜਕਾਰਾਂ, ਸਾਹਿਤ ਪ੍ਰੇਮੀਆਂ ਅਤੇ ਪ੍ਰਸਿੱਧ ਇਤਿਹਾਸਕਾਰਾਂ ਨੂੰ ਸੱਦਾ ਦੇ ਕੇ ਮਨਾਏ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਸੰਪੂਰਨਾ ਨੰਦ ਸੰਸਕ੍ਰਿਤ ਯੂਨੀਵਰਸਿਟੀ, ਬਨਾਰਸ (ਵਾਰਾਣਸੀ) ਵਿਚ ਸਤਿਗੁਰੂ ਰਾਮ ਸਿੰਘ ਦੁਆਰਾ ਸਥਾਪਤ ਕਰਵਾਉਣ ਵਿਚ ਉਨ੍ਹਾਂ ਦਾ ਜ਼ਿਕਰਯੋਗ ਯੋਗਦਾਨ ਸੀ। 15 ਅਕਤੂਬਰ 2000 ਨੂੰ ਭੈਣੀ ਸਾਹਿਬ ਵਿਖੇ ਪੰਜਾਬੀ ਦੇ ਪ੍ਰੋ. ਪ੍ਰੀਤਮ ਸਿੰਘ ਨੂੰ ਸੱਦ ਕੇ ਸਨਮਾਨਿਤ ਕੀਤਾ ਗਿਆ।

ਸਾਜਨ ਤੇ ਰਾਜਨ ਮਿਸ਼ਰਾ ਭਰਾਵਾਂ ਨੂੰ ਕਲਾਸੀਕਲ ਸੰਗੀਤ ਵਿਚ ਪਰਪਕ ਬਣਾਉਣ ਹਿੱਤ ਉਨ੍ਹਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ। ਰਬਾਬ, ਸਿਤਾਰ, ਸਾਰੰਦਾ, ਸੰਤੂਰ ਆਦਿ ਸਾਜ਼ ਵਜਾਉਣ ਦੀ ਸਿਖਲਾਈ ਅਤੇ ਇਨ੍ਹਾਂ ਨਾਲ ਕੀਰਤਨ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਥੇ ਸਿੱਖਣ ਆਉਣ ਵਾਲਿਆਂ ਵਿਚ ਡਾਕਟਰ, ਵਕੀਲ, ਅਧਿਆਪਕ, ਇੰਜੀਨੀਅਰਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਭੈਣੀ ਸਾਹਿਬ ਦੇ ਕੀਰਤਨੀ ਜਥੇ ਇਨ੍ਹਾਂ ਸਾਜ਼ਾਂ ਨਾਲ ਦੇਸ਼-ਵਿਦੇਸ਼ ਵਿਚ ਗੁਰੂ ਜਸ ਗਾਇਨ ਕਰਦੇ ਹਨ। ਨੈਰੋਬੀ ਨੇੜੇ ਸਕਿੰਡੋ ਸ਼ਹਿਰ ਵਿਚ ਮੈਨੂੰ ਵੀ ਕੀਰਤਨ ਦਾ ਅਨੰਦ ਮਾਨਣ ਦਾ ਅਵਸਰ ਪ੍ਰਾਪਤ ਹੋਇਆ।




ਬਾਬਾ ਜਗਜੀਤ ਸਿੰਘ

ਸਤਿਗੁਰੂ ਜਗਜੀਤ ਸਿੰਘ ਦੇ ਕਾਰਜਕਾਲ ਦੌਰਾਨ ਭੈਣੀ ਸਾਹਿਬ ਦੀ ਨਵੀਂ ਦਿਖ ਬਣੀ ਅਤੇ ਇਸ ਦੀ ਪੁਰਾਣੀ ਸੰਘਰਸ਼ਮਈ ਦਿਖ ਨੂੰ ਕਾਇਮ ਰੱਖਿਆ ਗਿਆ। ਭੈਣੀ ਸਾਹਿਬ ਵਿਖੇ ਬਿਨਾਂ ਪਿੱਲਰਾਂ ਦੇ ਏਸ਼ੀਆ ਵਿਚ ਸਭ ਤੋਂ ਵੱਡਾ ਦੀਵਾਨ ਹਾਲ ਬਣਿਆ। ਇਥੇ ਹੀ ਰਾਮ ਸਰੋਵਰ ਜਿਸ ਵਿਚੋਂ ਪਾਣੀ ਕੱਢਣ ਦੀ ਲੋੜ ਨਹੀਂ ਪੈਂਦੀ, ਬਣਿਆ। ਇਹ ਬਣਤਾਂ ਵਿਸ਼ਵ ਅਜੂਬੇ ਹੀ ਕਹੇ ਜਾ ਸਕਦੇ ਹਨ।

ਮਲੇਰਕੋਟਲੇ ਵਿਖੇ ਅੰਗਰੇਜ਼ ਰਾਜ ਵੇਲੇ

(ਬਾਕੀ ਸਫਾ 33 'ਤੇ)



ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ. ਸੈਫੁਦੀਨ ਕਿਚਲੂ ਅਤੇ ਮੌਲਾਨਾ ਹਬੀਬੁੱਲਾ ਭੈਣੀ ਸਾਹਿਬ ਵਿਖੇ ਇਕ ਧਰਮ-ਨਿਰਪੇਖ ਇਕੱਠ ਵਿਚ ਬਾਬਾ ਪ੍ਰਤਾਪ ਸਿੰਘ (ਬੈਠੇ-ਸੱਜਿਓਂ ਦੂਜੇ) ਨਾਲ



ਸਿੱਖ ਇਤਿਹਾਸ ਵਿਚ ਪਹਿਲੀ ਵਾਰੀ ਸਤਿਗੁਰੂ ਰਾਮ ਸਿੰਘ ਨੇ ਸਿੱਖ ਔਰਤਾਂ ਨੂੰ ਅੰਮ੍ਰਿਤ ਛਕਾ ਕੇ ਕੌਰ (ਰਾਜ ਕੁਮਾਰੀ) ਦਾ ਸਰੂਪ ਦਿੱਤਾ: ਜੂਨ 1863

# ਲਾਲਾ ਹਰਦਿਆਲ: ਬੌਧਿਕ ਬੁਲੰਦੀ ਅਤੇ ਸੁਹਿਰਦਤਾ ਦਾ ਮੁਜੱਸਮਾ

*ਆਜ਼ਾਦੀ ਦੀ ਲੜਾਈ ਵਿਚ ਲਾਲਾ ਹਰਦਿਆਲ ਦਾ ਯੋਗਦਾਨ ਅਭੁੱਲ ਹੈ। ਉਨ੍ਹਾਂ ਦੀ ਬੌਧਿਕ ਸਮਰੱਥਾ ਬਾਰੇ ਤਾਂ ਕਿਸੇ ਨੂੰ ਕੋਈ ਸ਼ੱਕ ਹੈ ਹੀ ਨਹੀਂ ਸੀ, ਜਦੋਂ ਅਮਰੀਕਾ ਦੀ ਧਰਤੀ ਉਤੇ ਆਜ਼ਾਦੀ ਦੀ ਲਹਿਰ ਗਦਰ ਦੇ ਰੂਪ ਵਿਚ ਕਰਵਟ ਲੈ ਰਹੀ ਸੀ ਤਾਂ ਉਸ ਵੇਲੇ ਉਨ੍ਹਾਂ ਵੱਲੋਂ ਕੀਤੀਆਂ ਪਹਿਲਕਦਮੀਆਂ ਨੇ ਉਨ੍ਹਾਂ ਦੀ ਜਥੇਬੰਦਕ ਸਮਰੱਥਾ ਦੇ ਦਰਸ਼ਨ ਵੀ ਕਰਵਾਏ। ਉਦੋਂ ਉਨ੍ਹਾਂ ਗਦਰ ਲਹਿਰ ਦੀ ਧਾਰ ਬੰਨ੍ਹਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਜੀਵਨ ਲਗਾਤਾਰ ਗਤੀਸ਼ੀਲ ਰਿਹਾ ਅਤੇ ਉਹ ਹਰ ਵਾਰ ਆਪਣੇ ਲਈ ਆਪ ਰਾਸਤੇ ਤਿਆਰ ਕਰਦੇ ਰਹੇ। ਇਸ ਲੇਖ ਵਿਚ ਉਨ੍ਹਾਂ ਦੀ ਇਸੇ ਪ੍ਰਤਿਭਾ ਬਾਰੇ ਗੱਲਾਂ ਕੀਤੀਆਂ ਗਈਆਂ ਹਨ। -ਸੰਪਾਦਕ*

**ਚਰਨ ਸਿੰਘ ਜੱਜ**

1857 ਦੀ ਆਜ਼ਾਦੀ ਦੀ ਪਹਿਲੀ ਜੰਗ ਅਸਫਲ ਹੋਣ ਕਾਰਨ ਅੰਗਰੇਜ਼ ਸਰਕਾਰ ਵੱਲੋਂ ਭਾਰਤੀਆਂ ਵਿਰੁਧ ਦਮਨ ਜ਼ੋਰਾਂ 'ਤੇ ਸੀ। ਬਰਤਾਨਵੀ ਹਕੂਮਤ ਨੇ ਈਸਟ ਇੰਡੀਆ ਕੰਪਨੀ ਕੋਲੋਂ ਰਾਜ ਲੈ ਕੇ ਸਿੱਧਾ ਆਪਣੇ ਅਧਿਕਾਰ ਹੇਠ ਕਰ ਲਿਆ ਸੀ। ਅਗਲੇ ਸਾਲ 1858 ਵਿਚ ਮਲਕਾ ਵਿਕਟੋਰੀਆ ਦੇ ਐਲਾਨਨਾਮੇ ਰਾਹੀਂ ਭਾਰਤੀਆਂ ਨੂੰ ਵੱਡੇ ਸਬਜ਼ਬਾਗ ਦਿਖਾਏ ਗਏ ਸਨ ਕਿ ਭਾਰਤੀਆਂ ਨੂੰ ਸਰਕਾਰ ਚਲਾਉਣ ਵਿਚ ਹਿੱਸੇਦਾਰ ਬਣਾਇਆ ਜਾਵੇਗਾ। ਅਸਲ ਵਿਚ ਭਾਰਤੀਆਂ ਨੂੰ ਸਰਕਾਰ ਚਲਾਉਣ ਲਈ ਕਲਰਕ, ਪਟਵਾਰੀ, ਅਧਿਆਪਕ, ਸਿਪਾਹੀ, ਸੇਵਾਦਾਰ, ਗੇਟਕੀਪਰ ਵਰਗੀਆਂ ਛੋਟੀਆਂ ਨੌਕਰੀਆਂ 'ਤੇ ਭਰਤੀ ਕੀਤਾ ਜਾਂਦਾ ਸੀ। ਕਿਸੇ ਵੀ ਉਚੀ ਪਦਵੀ ਉਤੇ ਕਿਸੇ ਭਾਰਤੀ ਨੂੰ ਨਿਯੁਕਤ ਨਹੀਂ ਸੀ ਕੀਤਾ ਜਾਂਦਾ। ਭਾਰਤੀਆਂ ਨੂੰ ਸਿੱਖਿਆ ਦੇਣ, ਉਦਯੋਗਿਕ ਧੰਦੇ ਲਾਉਣ, ਖੇਤੀਬਾੜੀ ਦਾ ਸੁਧਾਰ ਕਰਨ, ਪੇਂਡੂ ਲੋਕਾਂ ਦੇ ਜੀਵਨ ਕਲਿਆਣ ਲਈ ਕੁਝ ਵੀ ਨਹੀਂ ਸੀ ਕੀਤਾ ਜਾਂਦਾ। ਪੇਂਡੂ ਸਾਂਝੀ ਮਲਕੀਅਤ ਅਤੇ ਛੋਟੀ ਤੋਂ ਛੋਟੀ ਪੇਂਡੂ ਦਸਤਕਾਰੀ ਖਤਮ ਕਰ ਦਿੱਤੀ ਗਈ ਸੀ। ਭਾਰਤੀ ਕਿਸਾਨ ਦਾ ਪੈਦਾ ਕੀਤਾ ਹੋਇਆ ਕੱਚਾ ਮਾਲ ਇੰਗਲੈਂਡ ਭੇਜ ਦਿੱਤਾ ਜਾਂਦਾ ਅਤੇ ਉਥੋਂ ਪੱਕਾ ਮਾਲ ਭਾਰਤ ਵਿਚ ਆ ਕੇ ਵਿਕਣ ਲੱਗ ਪਿਆ; ਮਤਲਬ ਭਾਰਤੀ ਲੋਕਾਂ ਦੀ ਦੋਹਰੀ ਲੁੱਟ। ਭਾਰਤੀ ਜ਼ਿਹਨੀ ਤੌਰ 'ਤੇ ਰਾਜਸੀ ਅਤੇ ਆਰਥਿਕ ਗੁਲਾਮੀ ਦਾ ਸ਼ਿਕਾਰ ਹੋ ਗਿਆ। ਭਵਿਖ ਆਸ ਤੋਂ ਹੀਣਾ ਅਤੇ ਕਾਲਖ ਭਰਿਆ ਜਾਪਦਾ ਸੀ।

ਅਜਿਹੇ ਹਾਲਾਤ ਵਿਚ ਭਾਰਤ ਵਿਚ ਵੱਖ ਵੱਖ ਧਰਮਾਂ ਦੇ ਮੁਖੀਆਂ ਨੇ ਭਾਰਤ ਦੀ ਮੁਕਤੀ ਲਈ ਆਪੋ-ਆਪਣਾ ਧਰਮ ਸੁਰਜੀਤ ਕਰਨ ਦਾ ਫੈਸਲਾ ਕਰ ਲਿਆ। ਪੰਜਾਬ ਵਿਚ ਸਿੰਘ ਸਭਾ ਲਹਿਰ (1879) ਤੇ ਖਾਲਸਾ ਦੀਵਾਨ (1888), ਸਵਾਮੀ ਦਯਾਨੰਦ ਦੀ ਆਰੀਆ ਸਮਾਜ ਲਹਿਰ (1878), ਉਤਰ ਪ੍ਰਦੇਸ਼ ਵਿਚ ਸਰ ਸਯਦ ਅਹਿਮਦ ਖਾਂ ਵੱਲੋਂ ਅਹਿਮਦੀਆ ਲਹਿਰ, ਸਨਾਤਨ ਧਰਮ ਸਭਾ (1889), ਰਾਮਕ੍ਰਿਸ਼ਨ ਲਹਿਰ ਆਦਿ ਦਾ ਜਨਮ ਹੋਇਆ। ਇੰਡੀਅਨ ਨੈਸ਼ਨਲ ਕਾਂਗਰਸ (1885) ਵੀ ਕਾਇਮ ਹੋਈ। ਅਨੇਕਾਂ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਵਿਚ ਅਖਬਾਰ ਨਿਕਲਣੇ ਸ਼ੁਰੂ ਹੋ ਗਏ। ਲਾਹੌਰ ਵਿਚ ਛਾਪਾਖਾਨਾ ਬਣਨ ਨਾਲ ਪੁਸਤਕਾਂ ਦਾ ਪ੍ਰਕਾਸ਼ਨ ਅਰੰਭ ਹੋਇਆ। ਲਾਹੌਰ ਵਿਚ ਪੰਜਾਬ ਯੂਨੀਵਰਸਿਟੀ ਵੀ ਇਸੇ ਸਮੇਂ ਬਣੀ। ਲਾਲਾ ਹਰਦਿਆਲ ਇਸ ਯੂਨੀਵਰਸਿਟੀ ਵਿਚ ਐਮ.ਏ. ਕਰਨ ਆਏ। ਉਨ੍ਹਾਂ ਪ੍ਰਾਇਮਰੀ ਵਿਦਿਆ ਕ੍ਰਿਸ਼ਚੀਅਨ ਸਕੂਲ ਤੋਂ ਪਾਸ ਕੀਤੀ ਸੀ ਅਤੇ ਬੀ.ਏ. ਦੀ ਡਿਗਰੀ ਸੈਂਫਰਨ ਕਾਲਜ ਦਿੱਲੀ ਤੋਂ ਕੀਤੀ ਸੀ। ਐਮ.ਏ. ਦੀ ਪੜ੍ਹਾਈ ਲਈ ਉਨ੍ਹਾਂ ਪੰਜਾਬ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਲਾਹੌਰ ਵਿਚ ਕਈ ਸਾਲ ਰਹੇ ਜਿਥੇ ਉਨ੍ਹਾਂ ਵਧੇਰੇ ਕੰਮ ਕੇਵਲ ਉਚੇਰੀ ਸਿੱਖਿਆ ਪ੍ਰਾਪਤੀ ਵਿਚ ਲੰਘਾਏ। ਇਥੇ ਰਹਿੰਦਿਆਂ ਉਨ੍ਹਾਂ ਸਮਾਜ ਵਿਗਿਆਨ, ਰਾਜਨੀਤੀ ਸ਼ਾਸਤਰ, ਧਰਮ ਸ਼ਾਸਤਰ ਅਤੇ ਤਰਕਵਾਦ ਦੀਆਂ ਮੂਲ ਸਿਧਾਂਤਕ ਵਿਧੀਆਂ ਦਾ ਅਧਿਐਨ ਕੀਤਾ। ਲਾਲਾ ਹਰਦਿਆਲ ਨੇ ਸਾਰੀ ਉਮਰ ਆਪਣੇ ਅੰਦਰ ਪੈਦਾ ਹੋਈ ਤਰਕਬੋਧ ਦੀ ਵਿਗਿਆਨਕ ਸੋਚ ਤੋਂ ਕੰਮ ਲਿਆ। ਲਾਹੌਰ ਵਿਖੇ ਹੀ ਉਹ ਉਸ ਸਮੇਂ ਦੇ ਪ੍ਰਸਿੱਧ ਕਾਨੂੰਨਦਾਨ, ਲੋਕ ਗਾਇਕਾਂ, ਕੌਮੀ ਨੇਤਾਵਾਂ ਲਾਲਾ ਲਾਜਪਤ ਰਾਏ, ਬ੍ਰਹਮੋ ਸਮਾਜ ਦੇ ਸੰਸਥਾਪਕ ਦਯਾਲ ਸਿੰਘ, ਸਵਾਮੀ ਦਯਾਨੰਦ ਸਰਸਵਤੀ, ਰਾਜ ਰਾਮ ਮੋਹਨ ਰਾਏ, ਭਾਈ ਪਰਮਾਨੰਦ, ਰਮੇਸ਼ ਚੰਦਰ ਦੱਤ, ਪ੍ਰਸ਼ੋਤਮ ਪਰਜ ਪਾਈ ਅਤੇ ਭਾਈ ਪਰਮਾਨੰਦ ਵਰਗੇ ਮਹਾਨ ਨੇਤਾਵਾਂ ਦੀ ਸੰਗਤ ਪਾ ਕੇ ਹਰਦਿਆਲ ਨੇ ਫੈਸਲਾ ਕਰ ਲਿਆ ਕਿ ਉਸ ਦੀ ਜ਼ਿੰਦਗੀ ਦਾ ਮੁੱਖ ਮੰਤਵ ਨਾ ਵੱਡਾ ਰੁਤਬਾ ਪ੍ਰਾਪਤ ਕਰਨਾ ਹੈ, ਨਾ ਧਨ ਦੌਲਤ ਇਕੱਠੀ ਕਰਨਾ; ਬਲਕਿ ਦੇਸ਼, ਸਮਾਜ ਅਤੇ ਜਨ ਕਲਿਆਣ ਲਈ ਆਪਣੇ ਆਪ ਨੂੰ ਸਮਰਪਣ ਕਰਨਾ ਹੈ।

ਹਰਦਿਆਲ ਵਿਲੱਖਣ, ਅਲੌਕਿਕ ਅਤੇ ਪ੍ਰਤਿਭਾਸ਼ਾਲੀ ਵਿਅਕਤੀ ਸੀ। ਉਨ੍ਹਾਂ ਦਾ ਜੀਵਨ ਨਿਰੰਤਰ ਸੰਘਰਸ਼ਮਈ, ਕਸ਼ਟਮਈ, ਹੁਲਾਸਮਈ ਅਤੇ ਸਦਾ ਹੀ ਉਤਸ਼ਾਹਜਨਕ ਰਿਹਾ। ਉਨ੍ਹਾਂ ਵਿਚ ਨਾਇਕਤਵ ਦੇ ਗੁਣ ਸਨ, ਬੌਧਿਕ ਗੁਣਵੱਤਾ, ਅਦੁੱਤੀ ਯਾਦ ਸ਼ਕਤੀ ਅਤੇ ਅਧਿਐਨ ਕਰਨ ਦੀ ਕਾਬਲੀਅਤ ਸੀ। ਇਤਿਹਾਸ, ਮਿਥਿਹਾਸ, ਧਰਮ, ਅਰਥ ਅਤੇ ਆਤਮ ਚਿੰਤਨ ਕਰਨ ਦੀ ਸਮਰਥਾ ਲਾਜਵਾਬ ਸੀ। ਹਰਦਿਆਲ ਦੇ ਜੀਵਨ ਵਿਚ ਵਿਸ਼ਾਲਤਾ, ਅਤਿ ਡੂੰਘਾਈ, ਉਚਾਈ, ਸੁਹਿਰਦਤਾ, ਇਮਾਨਦਾਰੀ, ਕਰਮਸ਼ੀਲਤਾ, ਸਾਦਗੀ, ਸੰਨਿਆਸ, ਤਿਆਗ, ਪ੍ਰਤੀਬੱਧਤਾ-ਹਰ ਖੇਤਰ ਦੀ ਗੁਣਵੱਤਾ ਸੀ। ਅੰਗਰੇਜ਼ ਖਿਲਾਫ ਭਾਰਤੀ ਆਜ਼ਾਦੀ ਦੀ ਲੜਾਈ ਲੜਨ ਵਾਸਤੇ ਸਾਰੀਆਂ ਸਰਗਰਮੀਆਂ ਦਾ ਕੇਂਦਰ ਬਿੰਦੂ ਲਾਹੌਰ ਸੀ ਜਿਥੇ ਬੰਗਾਲ, ਯੂ.ਪੀ. ਅਤੇ ਦੱਖਣੀ ਭਾਰਤ ਦੇ ਵਿਦਿਆਰਥੀ ਪੜ੍ਹਨ ਆਉਂਦੇ ਸਨ।

**ਉਚੇਰੀ ਸਿੱਖਿਆ:** ਲਾਲਾ ਹਰਦਿਆਲ ਦੀ ਬੌਧਿਕ ਸ਼ੁਹਰਤ ਦੇਸ਼ ਦੇ ਕੋਨੇ ਕੋਨੇ ਵਿਚ ਫੈਲ ਚੁੱਕੀ ਸੀ। ਭਾਰਤ ਦੀ ਅੰਗਰੇਜ਼ ਸਰਕਾਰ ਵੱਲੋਂ ਭਾਰਤ ਦੇ ਹੁਸ਼ਿਆਰ ਹੋਣਹਾਰ ਨੌਜਆਨ ਵਿਦਿਆਰਥੀਆਂ ਨੂੰ ਇੰਗਲੈਂਡ ਜਾ ਕੇ ਉਚੇਰੀ ਪੜ੍ਹਾਈ ਕਰਨ ਲਈ ਕੁਝ ਵਜ਼ੀਫੇ ਦਿੱਤੇ ਜਾਂਦੇ ਸਨ। ਪਹਿਲੀ ਵਾਰ ਉਤਰੀ ਭਾਰਤ ਦੇ ਪੰਜਾਬ ਪ੍ਰਾਂਤ ਵਿਚੋਂ ਇਕੋ ਇਕ ਵਜ਼ੀਫਾ ਲਾਲਾ ਹਰਦਿਆਲ ਦੇ ਨਾਂ 'ਤੇ ਪਾਸ ਹੋਇਆ। ਹਰਦਿਆਲ ਨੇ ਸੇਂਟ ਜੋਹਨ ਕਾਲਜ, ਔਕਸਫੋਰਡ ਵਿਖੇ ਦਾਖਲਾ ਲਿਆ। ਉਨ੍ਹਾਂ ਨੇ ਅਧਿਐਨ ਦਾ ਵਿਸ਼ਾ ਮਾਡਰਨ ਹਿਸਟਰੀ ਚੁਣਿਆ ਜਿਸ ਵਿਚ ਉਨ੍ਹਾਂ ਯੂਰਪੀ ਹਿਸਟਰੀ ਅਤੇ ਬ੍ਰਿਟਿਸ਼ ਇੰਡੀਆ ਦੇ ਤੁਲਨਾਤਮਿਕ ਅਧਿਐਨ ਅਨੁਸਾਰ ਖੋਜ ਕਰਨੀ ਸੀ। ਹਰਦਿਆਲ ਨੇ ਆਪਣੀ ਪ੍ਰਚੰਡ ਤੇਜ਼ ਬੁੱਧੀ ਵਾਲੀ ਵਿਲੱਖਣ ਪ੍ਰਤਿਭਾਸ਼ਾਲੀ ਅਸਾਧਾਰਨ ਯੋਗਤਾ ਨਾਲ ਆਪਣੇ ਜਮਾਤੀਆਂ ਅਤੇ ਅਧਿਆਪਕਾਂ ਨੂੰ ਪ੍ਰਭਾਵਿਤ ਕਰ ਲਿਆ। ਛੇਤੀ ਹੀ ਉਹ ਔਕਸਫੋਰਡ ਵਿਖੇ ਭਾਰਤੀ ਵਿਦਿਆਰਥੀਆਂ ਦੇ ਨਾਇਕ ਬਣ ਗਏ। ਜੋ ਉਨ੍ਹਾਂ ਉਥੇ ਜਾ ਕੇ ਕੀਤਾ, ਉਹ ਸੀ ਸਾਦਾ ਜੀਵਨ ਸ਼ੈਲੀ, ਸਾਧਾਰਨ ਭਾਰਤੀ ਖਾਣਾ, ਸਾਧਾਰਨ ਕਮਰਾ, ਸਾਧਾਰਨ ਪਹਿਰਾਵਾ। ਇੰਗਲੈਂਡ ਰਹਿੰਦਿਆਂ ਈਸਟ ਇੰਡੀਆ ਐਸੋਸੀਏਸ਼ਨ ਦੇ ਜਨਮ ਦਾਤਾ ਭਾਰਤੀ ਨੇਤਾ ਦਾਦਾ ਭਾਈ ਨੈਰੋਜੀ ਅਤੇ ਦੂਜੇ ਸ਼ਿਆਮ ਕ੍ਰਿਸ਼ਨ ਜੀ ਵਰਮਾ ਨਾਲ ਮੁਲਾਕਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਆਗੂਆਂ ਨਾਲ ਮਿਲ ਕੇ ਭਾਰਤ ਦੀ ਕੌਮੀ ਲਹਿਰ ਵਿਚ ਭਾਗ ਲੈਣ ਦਾ ਫੈਸਲਾ ਕੀਤਾ ਅਤੇ ਹੋਰ ਪਰਵਾਸੀਆਂ ਨੂੰ ਅਜ਼ਾਦੀ ਸੰਗਰਾਮ ਤੇਜ਼ ਕਰਨ ਲਈ ਲਲਕਾਰਿਆ। ਲੰਦਨ ਵਿਖੇ ਇੰਡੀਆ ਹਾਊਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਸਨ ਜਿਥੇ ਭਾਰਤੀ ਲੀਡਰ ਤੇ ਵਿਦਿਆਰਥੀਆਂ ਵਿਚਕਾਰ ਭਾਰਤ ਦੀ ਆਜ਼ਾਦੀ ਦੀਆਂ ਵਿਚਾਰਾਂ ਖੁੱਲ੍ਹ ਕੇ ਹੁੰਦੀਆਂ।

ਲਾਲਾ ਹਰਦਿਆਲ ਨੇ ਲੰਦਨ ਪੜ੍ਹਦਿਆਂ ਜਦੋਂ ਵੀਰ ਸਾਵਰਕਰ ਦੀ ਸੰਗਤ ਪ੍ਰਾਪਤ ਕੀਤੀ ਤਾਂ ਦੋਵਾਂ ਦੀਆਂ ਰਾਜਨੀਤਕ ਗਤੀਵਿਧੀਆਂ ਨੇ ਨਵਾਂ ਮੋੜ ਕੱਟਿਆ। ਉਨ੍ਹਾਂ ਨੇ ਰਲ ਕੇ ਆਪਣਾ ਮੁੱਖ ਉਦੇਸ਼ ਭਾਰਤ ਵਿਚ ਬਰਤਾਨਵੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਲਈ ਰਾਜਨੀਤਕ ਚੇਤਨਾ ਪੈਦਾ ਕਰਨ ਦਾ ਬਣਾਇਆ। ਇਸ ਕਾਰਜ ਨੂੰ ਗੁਪਤ ਰੱਖ ਕੇ ਉਹ ਵਿਦਿਆਰਥੀਆਂ ਵਿਚ ਪ੍ਰਚਾਰ ਕਰਦੇ। ਉਨ੍ਹਾਂ ਪਰਵਾਸੀ ਭਾਰਤੀਆਂ ਦੇ ਦਿਲੋ ਦਿਮਾਗ 'ਚ ਜਾਗ੍ਰਿਤੀ ਦੇ ਸੱਚੇ ਸੁੱਚੇ ਭਾਵ ਭਰ ਦਿੱਤੇ ਤੇ ਵਤਨ ਪਿਆਰ ਦੀ ਜੋਤ ਜਗਣ ਲੱਗੀ। 23 ਫਰਵਰੀ 1907 ਨੂੰ ਇੰਡੀਅਨ ਹੋਮ ਰੂਲ ਸੁਸਾਇਟੀ ਦੀ ਸਾਲਾਨਾ ਬੈਠਕ ਕੀਤੀ। ਪਰਵਾਸੀ ਵੱਡੀ ਗਿਣਤੀ 'ਚ ਹਮਾਇਤ ਲਈ ਪਹੁੰਚੇ। ਉਸ ਸਮੇਂ ਸ਼ਿਆਮ ਜੀ ਕਿਸ਼ਨ ਜੀ ਵਰਮਾ ਨੇ ਸਭਾ ਨੂੰ ਦਸ ਹਜ਼ਾਰ ਪੌਂਡ ਦਿੱਤੇ। ਇਸ ਪ੍ਰੇਰਨਾ ਤੋਂ ਖੁਸ਼ ਹੋ ਕੇ ਹਰਦਿਆਲ ਨੇ ਦੇਸ਼ ਅੰਦਰ ਭਾਰਤੀਆਂ ਨੂੰ ਇਕਮੁੱਠ ਕਰਨ ਅਤੇ ਅੰਗਰੇਜ਼ ਸਰਕਾਰ ਵਿਰੁਧ ਪ੍ਰਚਾਰ ਕਰਨ ਦੀ ਯੋਜਨਾ ਬਣਾਈ ਤੇ ਫੈਸਲਾ ਕੀਤਾ ਕਿ ਅੰਗਰੇਜ਼ੀ ਵਿਚ ਨਿਕਲਦੇ ਪਰਚੇ 'ਸਵਰਾਜ' ਨੂੰ ਹੋਰ ਮਜ਼ਬੂਤ ਬਣਾਇਆ ਜਾਵੇ।

ਹਰਦਿਆਲ ਦੀ ਅਸਲ ਯੋਜਨਾ ਅਜ਼ਾਦੀ ਦੀ ਲੜਾਈ ਨੂੰ ਲੋਕ ਸੰਗਰਾਮ ਬਣਾਉਣਾ ਸੀ। ਉਸ ਸਮੇਂ ਲਾਲਾ ਹਰਦਿਆਲ ਨੇ ਸ੍ਰੀ ਸ਼ਿਆਮ ਜੀ ਕਿਸ਼ਨ ਵਰਮਾ ਨੂੰ ਇਕ ਪੱਤਰ ਵੀ ਦਿੱਤਾ ਸੀ ਜਿਸ ਨੂੰ ਹਰਦਿਆਲ ਨੇ ਹੀ ਤਿਆਰ ਕੀਤਾ ਸੀ। ਇਸ ਨੂੰ ਭਾਰਤ ਦੀ ਸੁਤੰਤਰਤਾ ਲਈ ਪਹਿਲਾ ਦਸਤਾਵੇਜ਼ ਕਹਿ ਸਕਦੇ ਹਾਂ। ਇਸ ਤੋਂ ਬਾਅਦ ਹਰਦਿਆਲ ਵਲੋਂ ਸਾਰੇ ਭਾਰਤੀਆਂ ਨੂੰ ਪ੍ਰੇਰਨਾ ਭਰੇ ਸੁਨੇਹੇ ਲੇਖਾਂ ਦੇ ਰੂਪ ਵਿਚ ਦਿੱਤੇ ਜਾਣ ਲੱਗੇ; ਕਿ ਭਾਰਤ ਦੇ ਨੌਜੁਆਨ ਉਚਤਮ ਚਰਿੱਤਰ ਧਾਰ ਕੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਸਮਝਣ ਤੇ ਉਨ੍ਹਾਂ ਦੀਆਂ ਆਰਥਿਕ ਸਮਾਜਕ ਉਲਝਣਾਂ ਨੂੰ ਦੂਰ ਕਰਨ। ਹਰਦਿਆਲ ਹੁਣ ਖੁੱਲ੍ਹ ਕੇ ਭਾਰਤ ਵਿਚਲੀ ਅੰਗਰੇਜ਼ ਸਰਕਾਰ ਵਿਰੁਧ ਬੋਲਣ ਅਤੇ ਲਿਖਣ ਲੱਗ ਪਏ। ਜੂਨ 1907 ਵਿਚ ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਦੇ ਫੜੇ ਜਾਣ ਕਰ ਕੇ ਉਨ੍ਹਾਂ ਨੇ ਅਖ਼ਬਾਰ ਵਿਚ ਲਿਖ ਕੇ ਅਤੇ ਵਿਦਿਆਰਥੀਆਂ ਦੀਆਂ ਮੀਟਿੰਗਾਂ ਵਿਚ



*ਲਾਲਾ ਹਰਦਿਆਲ*

ਜੋਸ਼ੀਲੇ ਭਾਸ਼ਣ ਦੇ ਕੇ ਨੌਜੁਆਨਾਂ ਦੀ ਚੇਤਨਾ ਨੂੰ ਪ੍ਰਚੰਡ ਕੀਤਾ। ਉਨ੍ਹਾਂ ਦੀਆਂ ਖਰੀਆਂ ਖਰੀਆਂ ਗੱਲਾਂ ਲੇਖਾਂ ਦੇ ਰੂਪ ਵਿਚ ਇੰਗਲੈਂਡ ਅਤੇ ਲਾਹੌਰ ਦੇ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਜਿਨ੍ਹਾਂ ਰਾਹੀਂ ਪੰਜਾਬੀਆਂ ਦੇ ਮਨਾਂ ਅੰਦਰ ਦੇਸ਼ ਪਿਆਰ ਦੀ ਚੇਤਨਾ ਪ੍ਰਚੰਡ ਹੁੰਦੀ ਰਹਿੰਦੀ।

ਇੰਗਲੈਂਡ ਵਿਚ ਰਹਿੰਦੇ ਸ. ਸਰਦਾਰ ਸਿੰਘ, ਰੇਵਾ ਭਾਈ, ਮੈਡਮ ਰਾਣਾ ਭੇਖੋ ਜੀ ਰੁਸਤਮ ਅਤੇ ਕੇ.ਆਰ. ਕਾਮਾ ਆਦਿ ਭਾਰਤੀਆਂ ਦੇ ਯੋਗਦਾਨ ਨੂੰ ਵੀ ਘੱਟ ਕਰ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਸੇ ਤਰ੍ਹਾਂ ਜਦੋਂ ਐਸ.ਆਰ. ਰਾਣਾ ਪੈਰਿਸ ਵਿਖੇ ਸਨ ਤਾਂ ਹਰਦਿਆਲ ਨੇ ਲੰਦਨ ਰਹਿੰਦੇ ਕ੍ਰਾਂਤੀਕਾਰੀ ਭਾਰਤੀਆਂ ਨੂੰ ਰੂਸ ਦੇ ਕ੍ਰਾਂਤੀਕਾਰੀਆਂ ਨੂੰ ਮਿਲਾਉਣ ਲਈ ਆਖਿਆ ਜਿਹੜੇ ਬੰਬ ਬਣਾਉਣ ਅਤੇ ਚਲਾਉਣ ਦੇ ਮਾਹਿਰ ਸਨ। ਮੈਡਮ ਕਾਮਾ ਭਾਰਤ ਦੀ ਕੌਮੀ ਕਾਰਜਾਂ ਦੀ ਕੇਂਦਰ ਮੰਨੀ ਜਾਣ ਵਾਲੀ ਅਜਿਹੀ ਇਸਤਰੀ ਸੀ ਜਿਸ ਨੇ ਵਿਦੇਸ਼ਾਂ ਵਿਚ ਭਾਰਤ ਦੀ ਕੌਮੀ ਲਹਿਰ ਨੂੰ ਹੁਲਾਰਾ ਦਿੱਤਾ।

ਵੀਰ ਸਾਵਰਕਰ ਅਤੇ ਲਾਲਾ ਹਰਦਿਆਲ ਨੇ ਆਪਣੇ ਮੂਲ ਉਦੇਸ਼ ਮਿਥੇ ਕਿ ਅਸੀਂ ਭਾਰਤੀ, ਭਾਰਤ ਵਿਚ ਬਰਤਾਨਵੀ ਹਕੂਮਤ ਦਾ ਅੰਤ ਕਰਨਾ ਹੈ। ਪਿਛੋਂ ਜਾ ਕੇ ਉਨ੍ਹਾਂ ਸਪਸ਼ਟ ਕੀਤਾ ਕਿ ਜੇ ਲੋੜ ਪਈ 'ਹਥਿਆਰਬੰਦ ਇਨਕਲਾਬ' ਵੀ ਕੀਤਾ ਜਾ ਸਕਦਾ ਹੈ। ਹਰਦਿਆਲ ਜਦ ਪੈਰਿਸ ਵਿਚ ਸਨ ਤਾਂ ਲੰਦਨ ਵਿਖੇ ਵੀਰ ਸਾਵਰਕਰ ਆਪਣੇ ਵਿਦਰੋਹ ਲਈ ਤਿਆਰੀਆਂ ਕਰ ਰਿਹਾ ਸੀ। ਉਸ ਨੇ ਆਪਣੇ ਸਾਧਨਾਂ ਰਾਹੀਂ ਬੰਦੂਕਾਂ, ਰਾਈਫਲਾਂ, ਗੋਲੀ ਸਿੱਕਾ ਤੇ ਬੰਬ ਇਕੱਠੇ ਕਰਨੇ ਅਰੰਭ ਕਰ ਦਿੱਤੇ ਸਨ। ਵੀਰ ਸਾਵਰਕਰ ਦਾ ਖਾਨਸ਼ਾਮਾ ਜਦ ਪਾਣੀ ਵਾਲੇ ਜਹਾਜ਼ ਰਾਹੀਂ ਬੰਬਈ ਗਿਆ ਤਾਂ ਉਸ ਨੇ ਉਸ ਦੇ ਸਾਮਾਨ ਵਿਚ ਵੀਹ ਆਟੋਮੈਟਿਕ ਬਰਾਊਨਿੰਗ ਰਾਈਫਲਾਂ ਅਸਲੇ ਸਮੇਤ ਪੈਕ ਕਰ ਕੇ ਭੇਜ ਦਿੱਤੀਆਂ। ਇਹ ਗੁਪਤ ਅਸਲਾ ਸਾਵਰਕਰ ਨੇ ਆਪਣੇ ਵੱਡੇ ਭਰਾ ਨੂੰ ਭੇਜਿਆ ਸੀ। ਸਾਵਰਕਰ ਦੇ ਵੱਡੇ ਭਰਾ ਨੂੰ ਬਗਾਵਤ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਦੇਸ਼ ਨਿਕਾਲਾ ਦੇ ਕੇ ਅੰਡੇਮਾਨ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਵੀਰ ਸਾਵਰਕਰ ਨੇ ਇਸ ਘਟਨਾ ਪਿਛੋਂ ਅੰਗਰੇਜ਼ ਸਰਕਾਰ ਵਿਰੁਧ ਆਪਣੀ ਮੁਹਿੰਮ ਹੋਰ ਤੇਜ਼ ਕਰ ਦਿੱਤੀ।

ਪਹਿਲੀ ਜੁਲਾਈ 1909 ਨੂੰ ਦਾਦਾ ਭਾਈ ਨੈਰੋਜੀ ਦੀ ਇੰਡੀਅਨ ਐਸੋਸੀਏਸ਼ਨ ਦੀ ਲੰਦਨ ਵਿਖੇ ਸਾਲਾਨਾ ਬੈਠਕ ਹੋ ਰਹੀ ਸੀ ਜਿਸ ਵਿਚ ਭਾਰਤ ਸਰਕਾਰ ਦੇ ਸਹਾਇਕ ਸਕੱਤਰ ਸਰ ਵਿਲੀਅਮ ਕਰਜ਼ਨ ਵੀ ਸ਼ਾਮਿਲ ਸਨ। ਮਦਨ ਲਾਲ ਢੀਂਗਰਾ ਨੇ ਉਸ ਨੂੰ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ। ਨਾਲ ਹੀ ਇਸ ਘਟਨਾ ਵਿਚ ਪਾਰਸੀ ਡਾਕਟਰ ਕਵਸ ਲਲਕਲਾ ਦਾ ਵੀ ਕਤਲ ਹੋ ਗਿਆ। ਇਸ ਘਟਨਾ ਤੋਂ ਬਾਅਦ ਮਦਨ ਲਾਲ ਢੀਂਗਰਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 7 ਅਗਸਤ 1909 ਨੂੰ ਉਸ ਨੂੰ ਫਾਂਸੀ ਦਿੱਤੀ ਗਈ। ਇਸ ਦਲੇਰੀ ਭਰੀ ਕਾਰਵਾਈ ਨੇ ਭਾਰਤੀ ਨੌਜੁਆਨਾਂ ਅੰਦਰ ਉਤਸ਼ਾਹ ਭਰ ਦਿੱਤਾ। ਉਸੇ ਦਿਨ 'ਡੇਲੀ ਨਿਊਜ਼' ਵਿਚ ਇਕ ਅੰਗਰੇਜ਼ ਡੇਵਿਡ ਗਾਰਵੇਟ ਦਾ ਬਿਆਨ ਛਪਿਆ ਜਿਸ ਤੋਂ ਸਾਫ ਪਤਾ ਲੱਗਦਾ ਸੀ ਕਿ ਮਦਨ ਲਾਲ ਢੀਂਗਰਾ ਦਾ ਪ੍ਰੇਰਨਾ ਸਰੋਤ ਕੋਈ ਅਜਿਹੀ ਹਸਤੀ ਸੀ ਜਿਸ ਨੇ ਬਰਤਾਨਵੀ ਧਰਤੀ 'ਤੇ ਰਹਿ ਕੇ ਆਪਣੀ ਸ਼ਕਤੀ ਦਾ ਪਾਸਾਰ ਕੀਤਾ ਹੋਇਆ ਹੈ। ਇਸ ਕਤਲ ਦੀ ਸਾਜ਼ਿਸ਼ ਵਿਚ ਨਾ ਲਾਲਾ ਹਰਦਿਆਲ ਅਤੇ ਨਾ ਹੀ ਵੀਰ ਸਾਵਰਕਰ ਦਾ ਨਾਂ ਆਇਆ। ਹਾਂ, ਉਨ੍ਹਾਂ ਬਾਰੇ ਅਨੇਕਾਂ ਸੂਚਨਾਵਾਂ ਮਿਲਦੀਆਂ ਰਹਿੰਦੀਆਂ ਸਨ ਕਿ ਉਨ੍ਹਾਂ ਦੀ ਉਗਰਵਾਦੀ ਲਹਿਰ ਕੌਮਾਂਤਰੀ ਪੱਧਰ 'ਤੇ ਪੈਰ ਪਾਸਾਰ ਰਹੀ ਹੈ। ਉਦਾਰਵਾਦੀ ਨੇਤਾਵਾਂ ਵਿਚ ਗੋਪਾਲ ਕ੍ਰਿਸ਼ਨ ਗੋਖਲੇ ਅਤੇ ਮਹਾਤਮਾ ਗਾਂਧੀ ਨੇ ਮਦਨ ਲਾਲ ਢੀਂਗਰਾ ਵੱਲੋਂ ਕੀਤੇ ਕਤਲ ਨੂੰ ਭਾਰਤ ਲਈ ਹਾਨੀਕਾਰਕ ਕਿਹਾ ਅਤੇ ਪਾਗਲਾਂ ਵਾਲਾ ਵਰਤਾਰਾ ਦੱਸਿਆ। ਉਦਾਰਵਾਦੀਆਂ ਨੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਹਮਾਇਤੀਆਂ ਨੂੰ ਪਾਗਲ ਵਹਿਸ਼ੀ ਘ੍ਰਿਣਾਯੋਗ ਕਹਿ ਕੇ ਭੰਡੀ ਪ੍ਰਚਾਰ ਕੀਤਾ। ਹਰਦਿਆਲ, ਵੀਰ ਸਾਵਰਕਰ ਅਤੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਸਾਫ ਐਲਾਨ ਕੀਤਾ ਕਿ ਮਦਨ ਲਾਲ ਢੀਂਗਰਾ ਨੂੰ ਭਾਰਤ ਦੀ ਆਜ਼ਾਦੀ ਦਾ ਸੱਚਾ ਸ਼ਹੀਦ ਮੰਨਣਾ ਪਵੇਗਾ। ਉਨ੍ਹਾਂ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਗੋਪਾਲ ਕ੍ਰਿਸ਼ਨ ਗੋਖਲੇ ਅਤੇ ਮਹਾਤਮਾ ਗਾਂਧੀ ਵਰਗੇ ਉਦਾਰਵਾਦੀ ਨੇਤਾਵਾਂ ਨੇ ਹੀ ਭਾਰਤ ਨੂੰ ਅੰਗਰੇਜ਼ਾਂ ਦੀ ਝੋਲੀ ਪਾਇਆ ਹੋਇਆ ਹੈ। ਅੰਗਰੇਜ਼ ਆਪਣੀ ਸ਼ਕਤੀ ਨਾਲ ਨਹੀਂ, ਉਦਾਰਵਾਦੀ ਆਗੂਆਂ ਦੇ ਸਹਿਯੋਗ ਨਾਲ ਭਾਰਤ ਉਤੇ ਹਕੂਮਤ ਕਰ ਰਹੇ ਹਨ।

ਤੇਜ਼ ਤਰਾਰ ਬੋਲਣ ਵਾਲੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੇ ਇਸ ਤੋਂ ਪਹਿਲਾਂ ਹੀ ਆਪਣੀ ਸਾਰੀ ਜਾਇਦਾਦ ਵੇਚ ਕੇ ਜੋ ਧਨ ਪ੍ਰਾਪਤ ਕੀਤਾ ਸੀ, ਉਸ ਨਾਲ ਉਹ ਇਕ ਕ੍ਰਾਂਤੀਕਾਰੀ ਅਖ਼ਬਾਰ ਕੱਢਣ ਦੇ ਚਾਹਵਾਨ ਸਨ। ਇਸ ਅਖ਼ਬਾਰ ਦੇ ਸੰਪਾਦਕ ਉਹ ਲਾਲਾ ਹਰਦਿਆਲ ਨੂੰ ਬਣਾਉਣਾ ਚਾਹੁੰਦੇ ਸਨ। ਜਦੋਂ ਅਖ਼ਬਾਰ ਦੀ ਯੋਜਨਾ ਬਣੀ ਤਾਂ ਮੈਡਮ ਕਾਮਾ ਨੇ ਵੀ ਆਪਣੇ ਸਾਧਨਾਂ ਤੋਂ ਕਾਫੀ ਮਾਲੀ ਮਦਦ ਕੀਤੀ। 'ਵੰਦੇ ਮਾਤਰਮ' ਨਾਮ ਦਾ ਪਹਿਲਾ ਸੰਸਕਰਨ 10 ਸਤੰਬਰ 1910 ਨੂੰ ਨਿਕਲਿਆ। ਇਸ 'ਚ ਬਹੁਤੀਆਂ ਲਿਖਤਾਂ ਹਰਦਿਆਲ ਦੀਆਂ ਸਨ। ਇਸ ਵਿਚ ਭਾਰਤ ਦੇ ਕਾਂਗਰਸੀ ਉਦਾਰਵਾਦੀ ਲੀਡਰਾਂ ਸਰਵਸ੍ਰੀ ਸੁਰਿੰਦਰਨਾਥ ਬੈਨਰਜੀ ਅਤੇ ਗੋਪਾਲ ਕ੍ਰਿਸ਼ਨ ਗੋਖਲੇ ਦੀ ਸਖਤ ਆਲੋਚਨਾ ਕੀਤੀ ਗਈ ਸੀ। ਇਸੇ ਪਰਚੇ ਵਿਚ ਮਦਨ ਲਾਲ ਢੀਂਗਰਾ ਨੂੰ ਸ਼ਰਧਾਂਜਲੀ ਦਿੱਤੀ ਗਈ ਸੀ ਕਿ ਉਹ ਪੁਰਾਤਨ ਕਾਲ ਦੇ ਨਾਇਕ ਵਾਂਗ ਸਨ ਜਿਸ ਨੇ ਆਪਣੇ ਮੁਕੱਦਮੇ ਦੀ ਪੈਰਵਾਈ ਕਰਦਿਆਂ ਸਿੱਧ ਕੀਤਾ ਕਿ ਉਹ ਵੀ ਭਾਰਤ ਦੇ ਰਾਜਪੂਤਾਂ ਅਤੇ ਸਿੱਖਾਂ ਦੀ ਸ਼ਹਾਦਤ ਵਾਂਗ ਨੇਕ ਕੰਮ ਲਈ ਕੁਰਬਾਨ ਹੋ ਰਿਹਾ ਹੈ। ਉਸ ਨੇ ਬਰਤਾਨਵੀ ਸਰਕਾਰ ਨੂੰ ਮੌਤ ਦਾ ਮੂੰਹ ਦਿਖਾ ਦਿੱਤਾ ਹੈ।

ਹਰਦਿਆਲ ਨੇ ਭਾਰਤ ਵਿਚ ਬਰਤਾਨਵੀ ਸਰਕਾਰ ਦੀ ਹਰ ਦਮਨ ਨੀਤੀ ਦੀ ਨਿੰਦਾ ਕੀਤੀ ਅਤੇ ਲੋਕਾਂ ਨੂੰ ਜਾਗ੍ਰਿਤ ਹੋ ਕੇ ਇਸ ਬੇਇਨਸਾਫੀ ਵਿਰੁਧ ਬਗਾਵਤ ਕਰਨ ਲਈ ਪ੍ਰੇਰਨਾ ਦਿੱਤੀ। ਉਧਰ, ਵੀਰ ਸਾਵਰਕਰ ਦਾ ਭੇਜਿਆ ਅਸਲਾ ਭਾਰਤ ਦੇ ਦੇਸ਼ ਭਗਤਾਂ ਕੋਲ ਪੁੱਜ ਗਿਆ ਸੀ। ਉਨ੍ਹਾਂ ਨੇ ਨਾਸਕ ਵਿਖੇ ਅੰਗਰੇਜ਼ ਮੈਜਿਸਟਰੇਟ ਮਿਸਟਰ ਏ.ਐਚ. ਜੈਕਸਨ ਦਾ ਕਤਲ ਕਰ ਦਿੱਤਾ। ਪਤਾ ਲੱਗਾ ਕਿ ਇਹ ਕਤਲ ਆਟੋਮੈਟਿਕ ਬਰਾਊਨਿੰਗ ਪਿਸਤੌਲ ਨਾਲ ਕੀਤਾ ਗਿਆ ਸੀ। ਹਰਦਿਆਲ ਨੇ ਇਸ ਘਟਨਾ ਅਤੇ ਇਸ ਦੇ ਨਾਇਕਾਂ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਬਾਅਦ ਵੀਰ ਸਾਵਰਕਰ ਲੰਦਨ ਤੋਂ ਪੈਰਿਸ ਚਲਾ ਗਿਆ ਤਾਂ ਕਿ ਲੰਦਨ ਵਿਚ ਗ੍ਰਿਫ਼ਤਾਰੀ ਨਾ ਹੋ ਜਾਵੇ। ਉਥੇ ਵੀ ਉਸ ਦੀਆਂ ਸਰਗਰਮੀਆਂ ਉਵੇਂ ਹੀ ਜਾਰੀ ਰਹੀਆਂ। ਅਖੀਰ ਸਾਰੇ ਦੋਸਤਾਂ-ਮਿੱਤਰਾਂ ਨਾਲ ਸਲਾਹ ਕੀਤੀ ਕਿ ਪੈਰਿਸ ਵਿਚ ਰਹਿਣ ਨਾਲੋਂ ਭਾਰਤ ਜਾ ਕੇ ਅਜ਼ਾਦੀ ਦੀ ਲੜਾਈ, ਬਾਕੀ ਦੇਸ਼ ਭਗਤਾਂ ਵਾਂਗ ਲੜਨੀ ਚਾਹੀਦੀ ਹੈ। ਹਰਦਿਆਲ ਅਤੇ ਮੈਡਮ ਕਾਮਾ ਨੇ ਕਿਹਾ ਵੀ ਕਿ ਉਹ ਖਤਰਾ ਨਹੀਂ ਜਾ ਸਕਦੇ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵੱਲੋਂ ਜੋ ਅੰਦੋਲਨ ਸ਼ੁਰੂ ਹੈ, ਉਸ ਦੀ ਮੂਲ ਸ਼ਕਤੀ ਉਹ ਹੀ ਹੈ। ਵੀਰ ਸਾਵਰਕਰ ਦਾ ਕਹਿਣਾ ਸੀ ਕਿ ਉਹਨੇ ਹੁਣ ਪੈਰਿਸ ਦੇ ਬਾਗਾਂ ਦੀ ਸੈਰ ਨਹੀਂ ਕਰਨੀ, ਹੁਣ ਮਾਤ ਭੂਮੀ ਯਾਦ ਕਰ ਰਹੀ ਹੈ। ਜਦ ਵੀਰ ਸਾਵਰਕਰ ਰੇਲਵੇ ਸਟੇਸ਼ਨ 'ਤੇ ਪੁੱਜਾ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਹਿਲੀ ਜੁਲਾਈ 1910 ਨੂੰ ਸਮੁੰਦਰੀ ਜਹਾਜ਼ ਰਾਹੀਂ ਭਾਰਤ ਭੇਜ ਦਿੱਤਾ। ਲਾਲਾ ਹਰਦਿਆਲ ਲਈ ਵੀਰ ਸਾਵਰਕਰ ਦਾ ਵਿਛੋੜਾ ਅਸਹਿ ਸੀ। ਉਸ ਨੂੰ ਪੈਰਿਸ ਵਿਚ ਰਹਿਣਾ ਭਾਰੂ ਜਾਪਣ ਲੱਗ ਪਿਆ।

ਲਾਲਾ ਹਰਦਿਆਲ ਨੇ ਜੋ ਸੋਚਿਆ ਸੀ, ਉਹ ਪੂਰਾ ਨਾ ਹੁੰਦਾ ਦੇਖ ਕੇ ਮਾਯੂਸੀ ਦੇ ਆਲਮ ਵਿਚ ਫਸਿਆ ਮਹਿਸੂਸ ਕਰਨ ਲੱਗ ਪਏ। ਇਸ ਤੋਂ ਬਾਅਦ ਉਹ ਅਫਰੀਕੀ ਦੇਸ਼ ਅਲਜੀਰੀਆ ਦੇ ਮਾਰਟੀਨੀਕੋਇ ਸ਼ਹਿਰ ਚਲੇ ਗਏ। ਉਥੇ ਗ੍ਰਿਫਤਾਰੀ ਦਾ ਵੀ ਡਰ ਨਹੀਂ ਸੀ। ਉਥੇ ਉਨ੍ਹਾਂ ਨੂੰ ਭਾਈ ਪਰਮਾਨੰਦ ਇਹ ਪ੍ਰੇਰਨਾ ਦੇਣ ਵਿਚ ਸਫਲ ਹੋਏ ਕਿ ਉਹ ਅਮਰੀਕਾ ਜਾ ਕੇ ਆਪਣੇ ਮੂਲ ਸਿਧਾਂਤਕ ਵੇਰਵਿਆਂ ਦਾ ਪ੍ਰਚਾਰ ਕਰਨ ਜਿਥੇ ਉਨ੍ਹਾਂ ਦੀ ਗ੍ਰਿਫ਼ਤਾਰੀ ਵੀ ਨਹੀਂ ਹੋ ਸਕਦੀ ਅਤੇ ਉਹ ਆਪਣੇ ਮਿਸ਼ਨ ਵਿਚ ਵੀ ਕਾਮਯਾਬ ਹੋ ਸਕਦੇ ਹਨ। ਉਨ੍ਹਾਂ ਇਸ ਬਾਰੇ ਪੁਨਰ-ਮੁਲੰਕਣ ਕੀਤਾ ਅਤੇ ਆਪਣੇ ਜੀਵਨ ਮਿਸ਼ਨ ਦੀ ਪੂਰਤੀ ਲਈ ਅਮਰੀਕਾ ਜਾਣ ਦਾ ਫੈਸਲਾ ਕਰ ਲਿਆ।

**ਅਮਰੀਕਾ ਪੁੱਜਣਾ:** ਜਨਵਰੀ 1911 ਵਿਚ ਹਰਦਿਆਲ ਦਾ ਅਮਰੀਕਾ ਪੁੱਜਣਾ, ਉਸ ਦੇ ਆਪਣੇ ਅਤੇ ਉਸ ਦੇ ਕੌਮੀ ਜੀਵਨ ਲਈ ਇਨਕਲਾਬੀ ਫੈਸਲਾ ਸੀ। ਉਸ ਦਾ ਪਹਿਲਾ ਟਿਕਾਣਾ ਮੈਸਾਚੂਸਟ ਕੈਂਬਰਿਜ ਸੀ। ਉਨ੍ਹਾਂ ਦੀ ਮੁੱਖ ਯੋਜਨਾ ਹਾਵਰਡ ਯੂਨੀਵਰਸਿਟੀ ਵਿਚ ਖੁਦ-ਮੁਖਤਾਰ ਖੋਜਾਰਥੀ ਵਜੋਂ ਕੰਮ ਕਰਨਾ ਸੀ। ਉਂਜ ਉਥੇ ਉਨ੍ਹਾਂ ਕਿਸੇ ਕੋਰਸ ਵਿਚ ਦਾਖਲਾ ਨਹੀਂ ਲਿਆ ਪਰ ਲਾਇਬ੍ਰੇਰੀ ਵਰਤਣ ਦੀ ਆਗਿਆ ਲੈ ਲਈ। ਉਹ ਆਪਣਾ ਧਿਆਨ ਭਾਸ਼ਾ, ਸਾਹਿਤ ਅਤੇ ਦਾਰਸ਼ਨਿਕ ਵਿਸ਼ਿਆਂ ਵੱਲ ਕੇਂਦਰਤ ਕਰਨਾ ਚਾਹੁੰਦੇ ਸਨ, ਤੇ ਨਾਲੋਂ ਨਾਲ ਭਾਰਤੀ ਕੌਮੀਅਤ ਦੇ ਹਿੱਤਾਂ ਲਈ ਵੀ ਯੋਜਨਾਵਾਂ ਤਿਆਰ ਕਰਨਾ ਚਾਹੁੰਦੇ ਸਨ। ਉਥੇ ਇਕ ਪਰਵਾਸੀ ਪੰਜਾਬੀ ਤੇਜਾ ਸਿੰਘ ਨਾਲ ਮੁਲਾਕਾਤ ਹੋਈ ਜਿਸ ਨੇ ਕਾਰਖਾਨਿਆਂ ਅਤੇ ਖੇਤਾਂ ਵਿਚ ਕੰਮ ਕਰਨ ਵਾਲੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਲਈ ਕਿਸੇ ਸੰਸਥਾ ਦੀ ਸਥਾਪਨਾ ਦਾ ਸੁਝਾਅ ਰੱਖਿਆ। ਹਰਦਿਆਲ ਵੀ ਇਨ੍ਹਾਂ ਲੀਹਾਂ ਉਤੇ ਹੀ ਸੋਚ ਰਿਹਾ ਸੀ। ਉਹ ਕੁਝ ਸਮੇਂ ਪਿੱਛੋਂ ਕੈਲੀਫੋਰਨੀਆ ਆ ਗਿਆ। ਅਪ੍ਰੈਲ 1911 ਤੋਂ ਉਨ੍ਹਾਂ ਨੇ ਬਰਕਲੇ ਰਹਿਣਾ ਅਰੰਭ ਕੀਤਾ ਅਤੇ ਫਿਰ ਕਲਕੱਤਾ ਤੋਂ ਨਿਕਲਦੇ ਪਰਚੇ 'ਮਾਡਰਨ ਰੀਵਿਊ' ਲਈ ਲੇਖ ਭੇਜਿਆ ਜਿਸ ਵਿਚ ਕਿਹਾ ਗਿਆ ਸੀ ਕਿ ਅਮਰੀਕਾ ਹੀ ਅਜਿਹਾ ਰਾਸ਼ਟਰ ਹੈ ਜਿਥੇ ਰਹਿ ਕੇ ਉਹ ਭਾਰਤ ਵਿਚ ਬਰਤਾਨਵੀ ਸਾਮਰਾਜ ਦਾ ਅੰਤ ਕਰਨ ਲਈ ਖੁਲ੍ਹ ਕੇ ਕੰਮ ਕਰ ਸਕਦਾ ਹੈ। ਇਸ ਲੇਖ ਵਿਚ ਅਮਰੀਕਾ ਰਹਿੰਦੇ ਭਾਰਤੀਆਂ ਨੂੰ ਚਾਰ ਵਰਗਾਂ ਵਿਚ ਵੰਡਿਆ-ਸਭ ਤੋਂ ਪਹਿਲਾਂ ਸਿੱਖ, ਫਿਰ ਸੁਆਮੀ (ਪੁਰਾਤਨ ਭਾਰਤੀ), ਤੀਜੇ ਵਿਦਿਆਰਥੀ ਤੇ ਚੌਥੇ ਜਾਸੂਸ। ਭਾਰਤੀ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੇ ਸਨ। ਇਨ੍ਹਾਂ ਵਿਚ ਏਕਤਾ ਸੀ ਅਤੇ ਲੋਕ ਰਾਜ ਵਿਚ ਜਿਉਣ ਦੀ ਪ੍ਰਬਲ ਇੱਛਾ ਸੀ। ਉਨ੍ਹਾਂ ਅਮਰੀਕਾ ਰਹਿੰਦੇ ਪੰਜਾਬੀ ਸਿੱਖ ਭਰਾਵਾਂ ਦੀਆਂ ਮੁੱਖ ਸਮੱਸਿਆਵਾਂ ਵੱਲ ਦੁਨੀਆਂ ਦਾ ਧਿਆਨ ਕੇਂਦਰਤ ਕਰਵਾਇਆ ਅਤੇ ਕਿਹਾ ਕਿ ਸਿੱਖ ਭਰਾਵਾਂ ਨੂੰ ਮਜ਼ਬੀ ਦ੍ਰਿਸ਼ਟੀ ਤੋਂ ਘਟਾ ਕੇ ਦੇਖਣ ਦੀ ਥਾਂ ਕਿਸਾਨੀ ਦ੍ਰਿਸ਼ਟੀ ਤੋਂ ਬਰਾਬਰ ਸਮਝਣਾ ਚਾਹੀਦਾ ਹੈ। ਉਨ੍ਹਾਂ ਅਮਰੀਕਨ

*(ਬਾਕੀ ਅਗਲੇ ਸਫੇ 'ਤੇ)*

# ਚੰਦ ਲਫਜ਼ਾਂ 'ਚ ਮਹੀਨਾ ਲੰਮੀ ਕਹਾਣੀ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਧਰਤੀ, ਸੂਰਜ, ਤਾਰੇ, ਗ੍ਰਹਿ, ਚੰਦ ਆਦਿ ਮਨੁਖ ਦੇ ਕਦੀਮੀ ਸਾਥੀ ਰਹੇ ਹਨ। ਇਨ੍ਹਾਂ ਦੇ ਅਨੁਭਵ ਤੋਂ ਮਨੁਖ ਨੇ ਬਹੁਤ ਸਾਰੇ ਸ਼ਬਦ ਘੜੇ ਹਨ। ਅਕਾਸ਼ੀ ਪਿੰਡ ਚੰਦ ਲਈ ਸਾਡੇ ਪਾਸ ਅਨੇਕਾਂ ਸ਼ਬਦ ਹਨ ਜਿਨ੍ਹਾਂ ਤੋਂ ਅੱਗੇ ਬਹੁਤ ਸਾਰੇ ਹੋਰ ਸ਼ਬਦਾਂ ਤੇ ਅਰਥਾਂ ਦਾ ਵਿਸਤਾਰ ਹੋਇਆ ਹੈ। 'ਚੰਦ ਤੇ ਉਸ ਦਾ ਪਰਿਵਾਰ' ਵਾਲੇ ਲੇਖ ਵਿਚ ਅਸੀਂ ਚੰਦ ਤੋਂ ਬਣੇ ਚੰਦਰਮਾ ਸ਼ਬਦ ਦੀ ਗੱਲ ਕਰਦਿਆਂ ਦੱਸਿਆ ਸੀ ਕਿ ਚੰਦਰ ਦੇ ਨਾਲ 'ਮਾ' ਧਾਤੂ ਲੱਗਣ ਨਾਲ ਇਹ ਸ਼ਬਦ ਬਣਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਦ 'ਚੰਦਰਮਾ' ਸ਼ਬਦ ਬਣ ਗਿਆ ਤਾਂ ਇਸ ਦੇ ਪਿਛੇ ਲੱਗੇ 'ਮਾ' ਤੋਂ ਮਾਮਾ ਯਾਨਿ 'ਚੰਦਾ ਮਾਮਾ' ਦਾ ਵਿਚਾਰ ਆਉਣਾ ਇਕ ਕਦਮ ਹੀ ਅੱਗੇ ਦੀ ਗੱਲ ਹੈ ਅਰਥਾਤ ਚੰਦ ਨੂੰ ਮਾਮਾ ਕਹਿਣ ਦਾ ਸੁਝਾਅ ਇਸ ਦੇ ਪਿਛੇ ਲੱਗੇ 'ਮਾ' ਤੋਂ ਹੋ ਸਕਦਾ ਹੈ। ਇਸ 'ਮਾ' ਧਾਤੂ ਦਾ ਪਾਰਾਵਾਰ ਬੇਅੰਤ ਹੈ। ਬਹੁਤ ਸਾਰੀਆਂ ਰਾਵਾਂ ਅਨੁਸਾਰ 'ਮਾ' ਦਾ ਮੁਢਲਾ ਅਰਥ ਚੰਦ ਹੀ ਹੈ। ਚੰਦ ਦੀਆਂ ਕਲਾਵਾਂ ਕਿਉਂਕਿ ਘਟਦੀਆਂ ਵਧਦੀਆਂ ਰਹਿੰਦੀਆਂ ਹਨ ਅਰਥਾਤ ਚੰਦ ਅੰਸ਼ ਦਰ ਅੰਸ਼ ਵਡਾ ਛੋਟਾ ਹੁੰਦਾ ਰਹਿੰਦਾ ਹੈ, ਇਸ ਲਈ 'ਮਾ' ਸ਼ਬਦ ਇਕ ਤਰ੍ਹਾਂ ਅੰਸ਼ ਜਾਂ ਭਾਗ ਦੇ ਅਰਥਾਂ ਵਜੋਂ ਰੂੜ੍ਹ ਹੋ ਕੇ ਇਕ ਧਾਤੂ ਹੀ ਬਣ ਗਿਆ ਜੋ 'ਮਾਪ' ਦਾ ਅਰਥ ਦੇਣ ਲੱਗ ਪਿਆ। ਸੱਚਾਈ ਤਾਂ ਇਹ ਹੈ ਕਿ ਮਾਪ ਸ਼ਬਦ ਵੀ 'ਮਾ' ਤੋਂ ਹੀ ਬਣਿਆ ਹੈ। ਪਰ ਇਸ ਧਾਤੂ ਵਿਸ਼ੇਸ਼ ਤੋਂ ਮਾਪ ਦੇ ਅਰਥਾਂ ਵਾਲੇ ਸ਼ਬਦਾਂ ਦੀ ਚਰਚਾ ਫਿਰ ਕਦੇ ਕਰਾਂਗੇ।

ਅੱਜ ਅਸੀਂ 'ਮਾ' ਧਾਤੂ ਤੋਂ ਚੰਦ ਸਬੰਧੀ ਬਣੇ ਸ਼ਬਦਾਂ ਦੀ ਹੀ ਗੱਲ ਕਰਨੀ ਹੈ। 'ਚੰਦ' ਅਤੇ 'ਮਹੀਨਾ' ਸੰਕਲਪ ਨਾਲ ਜੁੜੇ ਸ਼ਬਦ ਇਸ ਤਰ੍ਹਾਂ ਇਕਮਿਕ ਹੋਏ ਪਏ ਹਨ ਕਿ ਇਨ੍ਹਾਂ ਦਾ ਇਕ ਦੂਜੇ ਤੋਂ ਨਿਖੇੜਾ ਕਰਨਾ ਮੁਸ਼ਕਿਲ ਲਗਦਾ ਹੈ। ਅਸਲ ਵਿਚ ਪੁਰਾਣੀਆਂ ਸਭਿਅਤਾਵਾਂ ਵਿਚ ਚੰਦ ਦੀ ਗਤੀ ਤੋਂ ਹੀ ਸਮੇਂ ਤੇ ਰੁੱਤਾਂ ਦੀ ਗਣਨਾ ਦੇ ਢੰਗ ਲੱਭੇ ਗਏ। ਚੰਦ ਤਕਰੀਬਨ ਦੋ ਸਪਤਾਹ ਘਟਦਾ ਹੈ ਤੇ ਦੋ ਸਪਤਾਹ ਵਧਦਾ ਹੈ। ਮੋਟੇ ਤੌਰ 'ਤੇ ਇਸ ਸਮੇਂ ਨੂੰ ਮਹੀਨਾ ਸਮਝਿਆ ਗਿਆ। ਬਹੁਤੀਆਂ ਤਕਨੀਕੀ ਗੱਲਾਂ ਵਿਚ ਨਾ ਪੈਂਦੇ ਹੋਏ ਅਸੀਂ 'ਮਹਾਨ ਕੋਸ਼' ਵਿਚ ਦਰਜ 'ਮਾਸ' ਸ਼ਬਦ ਦੇ ਇੰਦਰਾਜ ਤੋਂ ਕੁਝ ਸਹਾਇਤਾ ਲੈਂਦੇ ਹਾਂ: ਜੋ ਸਮੇਂ ਨੂੰ ਮਾਪੇ ਉਹ ਮਾਸ ਹੈ। ਵਿਸ਼ਨੂੰ ਪੁਰਾਣ ਅਨੁਸਾਰ ਮਾਸ ਦੇ ਚਾਰ ਭੇਦ ਹਨ: 1. ਚਾਨਣੇ ਪੱਖ ਦੀ ਏਕਮ ਤੋਂ ਅਮਾਵਸ ਤੱਕ 30 ਤਿਥਾਂ ਵਾਲਾ 'ਚਾਂਦਰਮਾਸ' 2. ਕਿਸੇ ਤਿਥੀ ਤੋਂ ਕਿਸੇ ਤਿਥੀ ਤੱਕ 30 ਦਿਨਾਂ ਦੀ ਅਵਧੀ 'ਸਾਵਨਮਾਸ' 3. ਜਿੰਨੇ ਸਮੇਂ ਵਿਚ ਸੂਰਜ ਇਕ ਰਾਸ਼ੀ ਨੂੰ ਭੋਗੇ 'ਸੌਰ ਮਾਸ' 4. ਜਿੰਨੇ ਦਿਨਾਂ ਵਿਚ ਨਛੱਤਰ ਆਪਣਾ ਚੱਕਰ ਪੂਰਾ ਕਰਨ ਉਹ 'ਨਛੱਤਰ ਮਾਸ।' ਏਨੇ ਵੇਰਵੇ ਵਿਚ ਜਾਣ ਦਾ ਮੰਤਵ ਇਹ ਦਰਸਾਉਣਾ ਹੀ ਹੈ ਕਿ ਚੰਦ ਦੀ ਗਤੀ ਦੇ ਸਮੇਂ ਨੂੰ ਦਰਸਾਉਂਦਾ



ਮਹੀਨੇ ਦਾ ਭਾਵ ਸੂਰਜ ਅਤੇ ਨਛੱਤਰਾਂ 'ਤੇ ਵੀ ਲਾਗੂ ਹੋ ਗਿਆ।

'ਮਾ' ਧਾਤੂ ਤੋਂ 'ਮਾਸ' ਸ਼ਬਦ ਬਣਿਆ ਜਿਸ ਦਾ ਮੁਢਲਾ ਅਰਥ ਚੰਦ ਹੈ ਪਰ ਇਸ ਅਰਥ ਵਿਚ ਇਹ ਅੱਜ ਕੱਲ੍ਹ ਬਹੁਤਾ ਵਰਤਿਆ ਨਹੀਂ ਜਾਂਦਾ। ਹਾਂ, ਅਸੀਂ ਪੂਰਨਮਾਸ਼ੀ ਸ਼ਬਦ ਵਿਚ ਇਸ ਨੂੰ ਰੜਕਦਾ ਦੇਖ ਸਕਦੇ ਹਾਂ: ਪੂਰਨਮਾਸ਼ੀ = ਪੂਰਨ+ਮਾਸ਼ੀ। ਪਰ ਮਾਸ ਸ਼ਬਦ ਦਾ ਪ੍ਰਯੋਗ ਸਭ ਤੋਂ ਵਧ ਮਹੀਨਾ ਦੇ ਅਰਥਾਂ ਵਿਚ ਹੁੰਦਾ ਹੈ, "ਪੜੀਅਹਿ ਜੇਤੇ ਬਰਸ ਪੜੀਅਹਿ ਜੇਤੇ ਮਾਸ" -ਗੁਰੂ ਨਾਨਕ। "ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰ ਮੁਹਲਤਿ ਕਰਮਿ ਕਮਾਹਿ" -ਗੁਰੂ ਅਰਜਨ ਦੇਵ। ਅਰਥਾਤ (ਗਰਭ ਦੇ) ਦਸਵੇਂ ਮਹੀਨੇ ਤੂੰ ਮਨੁਖ ਦੀ ਜੂਨੇ ਪਿਆ ਹੈਂ, ਚੰਗੇ ਕੰਮ ਕਰਨ ਦੀ ਤੈਨੂੰ ਮੁਹਲਤ ਦਿੱਤੀ ਗਈ ਹੈ। ਚੰਦ ਤਕਰੀਬਨ ਸਾਢੇ ਉਨੱਤੀ ਦਿਨਾਂ ਵਿਚ ਆਪਣੇ ਧੁਰੇ ਅਤੇ ਧਰਤੀ ਦੁਆਲੇ ਚੱਕਰ ਕੱਟ ਕੇ ਮੁੜ ਉਨ੍ਹਾਂ ਨਛੱਤਰਾਂ ਕੋਲ ਆ ਜਾਂਦਾ ਹੈ। ਇਸ ਤਰ੍ਹਾਂ ਚੰਦ ਦੇ ਇਕ ਚੱਕਰ ਦੇ ਸਮੇਂ ਨੂੰ ਮਾਸ ਕਿਹਾ ਜਾਂਦਾ ਹੈ। ਬਾਅਦ ਵਿਚ ਸੂਰਜੀ ਮਹੀਨੇ ਲਈ ਵੀ ਮਾਸ ਸ਼ਬਦ ਦੀ ਹੀ ਵਰਤੋਂ ਹੋਣ ਲੱਗੀ। ਮਾਸ ਤੋਂ ਹੀ ਅੱਗੇ ਮਾਸਿਕ, ਦੁਮਾਸਕ, ਤ੍ਰੈਮਾਸਿਕ ਸ਼ਬਦ ਬਣੇ ਹਨ। ਇਸ ਤੋਂ ਲੌਂਦ ਦੇ ਅਰਥਾਂਵਾਲਾ 'ਮਲਮਾਸ' ਸ਼ਬਦ ਬਣਿਆ। ਮਲਮਾਸ ਚੰਦ੍ਰਮਾ ਦਾ ਅਧਿਕ ਮਾਸ ਹੈ ਅਰਥਾਤ ਸਾਲ ਦਾ ਹਿਸਾਬ ਠੀਕ ਰੱਖਣ ਵਾਸਤੇ ਤੀਜੇ ਵਰ੍ਹੇ ਵਧਾਇਆ ਹੋਇਆ ਮਹੀਨਾ। ਇਸ ਮਹੀਨੇ ਸੰਗਰਾਂਦ ਨਹੀਂ ਆਉਂਦੀ, ਇਸ ਮਹੀਨੇ ਕੋਈ ਮੰਗਲਕਾਰਜ ਨਹੀਂ ਹੋ ਸਕਦਾ। ਇਸ ਸਾਲ ਦੇ ਤੇਰਾਂ ਮਹੀਨੇ ਹੁੰਦੇ ਹਨ। ਮਾਸ ਤੋਂ ਹੀ ਚੌਮਾਸਾ ਸ਼ਬਦ ਬਣਿਆ। ਭਾਵੇਂ ਕੋਈ ਵੀ ਚਾਰ ਮਹੀਨੇ ਵਿਚ ਹੋਣ ਵਾਲਾ ਕਰਮ ਚੌਮਾਸਾ ਹੈ ਪਰ ਆਮ ਤੌਰ 'ਤੇ ਹਾੜ, ਸੌਣ, ਭਾਦੋਂ, ਅੱਸੂ ਦੇ ਮਹੀਨੇ ਨੂੰ ਚੌਮਾਸਾ ਕਹਿੰਦੇ ਹਨ। ਇਨ੍ਹਾਂ ਮਹੀਨਿਆਂ ਵਿਚ ਹੀ ਖਰੀਫ ਦੀ ਫਸਲ ਹੁੰਦੀ ਹੈ। ਭਾਈ ਕਾਹਨ ਸਿੰਘ ਅਨੁਸਾਰ ਇਨ੍ਹਾਂ ਚਾਰ ਮਹੀਨਿਆਂ ਵਿਚ ਪੁਰਾਣੇ ਜ਼ਮਾਨੇ ਵਿਚ ਠਹਿਰਨ ਦਾ ਪ੍ਰਬੰਧ ਨਾ ਹੋਣ ਕਾਰਨ ਧਨੀ ਲੋਕ ਸਾਧੂ ਵਿਦਵਾਨਾਂ ਨੂੰ ਆਪਣੇ ਨਗਰਾਂ ਵਿਚ ਠਹਿਰਾ ਲੈਂਦੇ ਸਨ। ਗੁਰਬਾਣੀ ਵਿਚ ਮਾਸ ਸ਼ਬਦ ਦੀ ਚੋਖੀ ਵਰਤੋਂ ਮਿਲਦੀ ਹੈ ਪਰ ਅੱਜ ਕਲ੍ਹ ਆਮ ਬੋਲ-ਚਾਲ ਵਿਚ ਇਹ ਸ਼ਬਦ ਬਹੁਤਾ ਪ੍ਰਚਲਤ ਨਹੀਂ।

ਮਾਸ ਸ਼ਬਦ ਨਾਲੋਂ ਮਹੀਨੇ ਦੇ ਹੀ ਅਰਥਾਂ ਵਾਲੇ ਫਾਰਸੀ ਵਲੋਂ ਆਏ 'ਮਾਹ' ਸ਼ਬਦ ਦੀ ਮੁਕਾਬਲਤਨ ਵਧੇਰੇ ਵਰਤੋਂ ਹੁੰਦੀ ਹੈ, "ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕ ਖਿਨੋ" -ਸ਼ੇਖ ਫਰੀਦ। "ਕਵਣਿ ਸਿ ਰੁਤੀ ਮਾਹੁ ਕਵਣਿ ਜਿਤੁ ਹੋਆ ਆਕਾਰੁ" -ਗੁਰੂ ਨਾਨਕ। ਫਾਰਸੀ ਵਿਚ ਮਾਹ ਸ਼ਬਦ ਦਾ ਵੀ ਮੁਢਲਾ ਅਰਥ ਚੰਦ ਹੀ ਹੈ। ਮਾਹ ਤੋਂ ਵਿਉਤਪਤ ਹੋਏ ਹੋਰ ਸ਼ਬਦ ਆਮ ਬੋਲ-ਚਾਲ ਵਿਚ ਕਾਫੀ ਗਿਣਤੀ ਵਿਚ ਮਿਲਦੇ ਹਨ। ਮਾਹ ਤੋਂ ਸਤਮਾਹਾ, ਅਠਮਾਹਾ ਸ਼ਬਦ ਬਣੇ ਜੋ ਸਮਾਂ ਪੁਗਣ ਤੋਂ ਪਹਿਲਾਂ ਹੋਏ ਬੱਚੇ ਲਈ ਵਰਤੇ ਜਾਂਦੇ ਹਨ। ਤਿਮਾਹੀ, ਛਿਮਾਹੀ, ਨੌਮਾਹੀ ਸ਼ਬਦ ਸਬੰਧਤ ਸ਼ਬਦ ਵਿਚ ਆਏ ਗਿਣਤੀ ਵਾਲੇ ਮਹੀਨੇ ਬਾਅਦ ਹੁੰਦੇ ਬਾਕਾਇਦਾ ਕਰਮ ਦੇ ਸੂਚਕ ਹਨ ਜਿਵੇਂ ਕਿਸੇ ਰਸਾਲੇ ਦਾ ਛਪਣਾ ਜਾਂ ਇਮਤਿਹਾਨ ਦਾ ਹੋਣਾ। 'ਵਰ੍ਹੇ-ਛਿਮਾਹੀ' ਸਮਾਸ ਦਾ ਅਰਥ ਹੈ, ਕਦੇ ਕਦੇ ਚਿਰ ਬਾਅਦ ਹੋਣ ਵਾਲਾ ਕੰਮ। ਇਸੇ ਤੋਂ ਬਣਿਆ ਇਕ ਕਾਵਿ ਰੂਪ ਹੈ ਬਾਰਾਮਾਹ। ਵਿਸ਼ੇਸ਼ਣ ਦੇ ਤੌਰ 'ਤੇ ਮਾਹਵਾਰੀ ਦਾ ਮਤਲਬ ਹੈ 'ਜੋ ਹਰ ਮਹੀਨੇ ਵਾਪਰੇ' ਤੇ ਨਾਂਵ ਦੇ ਤੌਰ 'ਤੇ ਇਸਤਰੀ ਦਾ ਮਾਸਕ ਧਰਮ। ਫਾਰਸੀ ਦਾ ਇਕ ਖੂਬਸੂਰਤ ਸ਼ਬਦ ਹੈ 'ਮਾਹ-ਜਬੀਂ' ਜਿਸ ਦੀ ਉਰਦੂ ਸ਼ਾਇਰੀ ਅਤੇ ਫਿਲਮੀ ਗਾਣਿਆਂ ਵਿਚ ਚੋਖੀ ਵਰਤੋਂ ਹੋਈ ਹੈ। ਇਸ ਦਾ ਅਰਥ ਚੰਦ ਵਰਗੇ ਮੱਥੇ ਵਾਲਾ ਹੈ- ਵਾਲੀ ਹੀ ਕਹਾਂ ਤਾਂ ਵਧੇਰੇ ਠੀਕ ਹੈ ਕਿਉਂਕਿ ਇਸ ਦਾ ਆਮ ਅਰਥ ਹੁਸੀਨ ਔਰਤ ਹੈ:

ਕਭੀ ਕਭੀ ਵੋ ਏਕ ਮਾਹ-ਜਬੀਂ
ਡੋਲਤੀ ਹੈ ਦਿਲ ਕੇ ਪਾਸ ਕਹੀਂ
ਕੇ ਹੈਂ ਜੋ ਯਹੀਂ ਬਾਤੇਂ ਤੋ ਹੋਗੀ ਮੁਲਾਕਾਤੇਂ
ਕਭੀ ਵਹਾਂ ਨਹੀਂ ਤੋ ਯਹਾਂ।

-ਮਜਰੂਹ ਸੁਲਤਾਨਪੁਰੀ

'ਮਾ' ਧਾਤੂ ਦੇ ਪਿਛੇ 'ਤਾਬ' ਲੱਗ ਕੇ ਮਹਿਤਾਬ ਬਣਿਆ ਜਿਸ ਦਾ ਅਰਥ ਚਾਨਣੀ ਵੀ ਤੇ ਚੰਨ ਵੀ ਹੁੰਦਾ ਹੈ: (ਫਾਰਸੀ) ਤਾਬ=(ਸੰਸਕ੍ਰਿਤ) ਤਾਪ, "ਕੇਹੀ ਹੀਰ ਦੇ ਕਰੇ ਤਾਰੀਫ ਸ਼ਾਇਰ ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।" -ਵਾਰਿਸ ਸ਼ਾਹ। ਮਤਾਬੀ (ਮਾਹਤਾਬੀ) ਇਕ ਦੀਆ-ਸਿਲਾਈ ਹੁੰਦੀ ਹੈ ਜਿਸ ਨੂੰ ਜਲਾਉਣ ਨਾਲ ਮਤਾਬੀ ਲਾਟ ਪੈਦਾ ਹੁੰਦੀ ਹੈ:

ਬਹੁ ਝਾਰ ਮਤਾਬੀ ਬਾਰੀ
ਜਨੁ ਫੂਲ ਰਹੀ ਬਨਵਾਰੀ।

-ਗੁਰੂ ਪ੍ਰਤਾਪ ਸੂਰਜ

ਪੰਜਾਬੀ ਦੇ ਸਵਿਟਜ਼ਰਲੈਂਡ ਵਸਦੇ ਸ਼ਾਇਰ ਦੇਵ ਦੇ ਇਕ ਕਾਵਿ-ਸੰਗ੍ਰਿਹ ਦਾ ਨਾਂ 'ਮਤਾਬੀ ਮਿੱਟੀ' ਹੈ। ਚਕੋਤਰੇ ਨੂੰ ਵੀ ਇਸ ਦੇ ਬੀਜਾਂ ਦੇ ਰੰਗ ਤੋਂ ਮਾਹਤਾਬੀ ਕਹਿੰਦੇ ਹਨ। ਮਹਿਤਾਬ ਵਿਅਕਤੀਆਂ ਦੇ ਨਾਂ ਵੀ ਹੁੰਦੇ ਹਨ। ਪਰ 'ਮਾ' ਧਾਤੂ ਤੋਂ ਮਾਹ ਦੇ ਅਰਥਾਂ ਵਾਲਾ ਬਣਿਆ ਸਭ ਤੋਂ ਵਧ ਵਰਤੀਂਦਾ ਸ਼ਬਦ ਹੈ-ਮਹੀਨਾ। ਇਹ ਸ਼ਬਦ ਵੀ ਫਾਰਸੀ ਵਲੋਂ ਆਇਆ ਹੈ, ਮਾਹ+ਈਨਾ। ਗੋਸ਼ਤ ਖਾਣ ਦੇ ਸ਼ੌਕੀਨਾਂ 'ਚ ਪ੍ਰਚਲਤ ਕਹਾਵਤ ਹੈ:

ਲਿਆਵੀਂ ਸੀਨਾ ਭਾਵੇਂ ਲੱਗ ਜਾਏ ਮਹੀਨਾ।
ਲਿਆਵੀਂ ਪੁੱਠ ਨਹੀਂ ਤਾਂ ਜਾਵੀਂ ਉਠ।

ਮਹੀਨਾ ਦਾ ਅਰਥ ਮਾਸਿਕ ਵੇਤਨ ਜਾਂ (ਜਬਰੀ) ਉਗਰਾਹੀ ਵੀ ਹੈ।

ਚੰਦ ਨਾਲ ਸਬੰਧਤ ਇਨ੍ਹਾਂ ਸ਼ਬਦਾਂ ਦੀਆਂ ਹੋਰ ਹਿੰਦ-ਯੂਰਪੀ ਭਾਸ਼ਾਵਾਂ ਨਾਲ ਪੂਰੀ ਸਾਂਝ ਹੈ। ਇਸ ਦਾ ਭਾਰੋਪੀ ਮੂਲ ਵੀ me(n)ses ਲਭਿਆ ਗਿਆ ਹੈ ਜਿਸ ਦਾ ਅਰਥ ਚੰਦ ਜਾਂ ਮਹੀਨਾ ਹੀ ਹੈ। ਅੰਗਰੇਜ਼ੀ ਦਾ moon ਸ਼ਬਦ ਪੁਰਾਣੀ ਜਰਮੈਨਿਕ ਦੇ menon ਸ਼ਬਦ ਤੋਂ ਬਣਿਆ। ਇਸ ਦਾ ਪੁਰਾਣੀ ਅੰਗਰੇਜ਼ੀ ਵਿਚ ਰੂਪ mona ਸੀ। ਹੋਰ ਭਾਸ਼ਾਵਾਂ ਜਿਵੇਂ ਜਰਮਨ ਵਿਚ ਮੋਂਡ, ਡਚ ਵਿਚ ਮਾਨ, ਗੌਥਿਕ ਵਿਚ ਮੇਨਾ, ਗਰੀਕ ਵਿਚ ਮੇਨੇ, ਲਾਤੀਨੀ ਵਿਚ ਮੈਨਸਿਸ ਚੰਦ ਜਾਂ ਮਹੀਨਾ ਦੇ ਅਰਥ ਦਿੰਦੇ ਹਨ। ਸੋਮਵਾਰ ਲਈ ਅੰਗਰੇਜ਼ੀ ਦਾ ਸ਼ਬਦ Monday (ਚੰਦ ਦਾ ਦਿਨ) mona ਤੋਂ ਬਣਾਇਆ ਗਿਆ ਹੈ ਜੋ ਜਰਮੈਨਿਕ ਅਸਲੇ ਦਾ ਹੈ। ਪੰਜਾਬੀ ਸੋਮਵਾਰ ਵਿਚ ਸੋਮ ਦਾ ਅਰਥ ਵੀ ਚੰਦ ਹੀ ਹੁੰਦਾ ਹੈ। moonshine ਦਾ ਲਾਖਣਿਕ ਅਰਥ ਫੋਕਾ ਦਿਖਾਵਾ ਹੈ, ਜਿਵੇਂ ਪਾਣੀ ਵਿਚ ਚੰਦ ਦਾ ਪਰਛਾਵਾਂ। ਇਸ ਦਾ ਇਕ ਹੋਰ ਅਰਥ ਨਾਜਾਇਜ਼ ਸ਼ਰਾਬ ਹੈ। ਨਾਜਾਇਜ਼ ਸ਼ਰਾਬ ਕੱਢਣ ਅਤੇ ਵੇਚਣ ਦਾ ਧੰਦਾ ਚੰਨ ਚਾਨਣੀ ਵਿਚ ਹੁੰਦਾ ਹੈ। ਸਬੱਬ ਦੀ ਗੱਲ ਹੈ ਕਿ ਸੋਮਰਸ ਵਿਚ ਸੋਮ ਸ਼ਬਦ ਦਾ ਅਰਥ ਜਿਵੇਂ ਪਹਿਲਾਂ ਦੱਸਿਆ ਹੈ, ਚੰਦ ਹੁੰਦਾ ਹੈ! ਚਾਨਣੀ ਰਾਤ ਵਿਚ ਕੱਢਿਆ ਰਸ? ਇਸਤਰੀਆਂ ਦੀ ਮਾਹਵਾਰੀ ਲਈ ਅੰਗਰੇਜ਼ੀ ਸ਼ਬਦ menses ਲਾਤੀਨੀ menses ਤੋਂ ਬਣਿਆ ਹੈ ਜਿਸ ਦਾ ਮਤਲਬ ਮਹੀਨਾ ਹੁੰਦਾ ਹੈ। menstrual, meno pause ਵੀ ਇਸੇ ਕੜੀ ਵਿਚ ਆਉਂਦੇ ਹਨ। ਮਹੀਨੇ ਲਈ ਅੰਗਰੇਜ਼ੀ ਦਾ ਸ਼ਬਦ month ਵੀ ਇਸੇ ਧਾਤੂ ਨਾਲ ਜੁੜਦਾ ਹੈ। ਇਸ ਸ਼ਬਦ ਦਾ ਪੁਰਾਣੀ ਜਰਮੈਨਿਕ 'ਚ ਰੂਪ ਮੈਨੋਥ ਸੀ ਤੇ ਇਸ ਦਾ ਅੰਤਮ ਪਿਛੋਕੜ ਮੈਨੋਨ ਹੈ।

---

# ਲਾਲਾ ਹਰਦਿਆਲ

(ਪਿਛਲੇ ਸਫੇ ਤੋਂ ਜਾਰੀ)

ਲੋਕਾਂ ਨੂੰ ਦੱਸਿਆ ਕਿ ਭਾਰਤੀਆਂ ਨੂੰ ਜੇਕਰ ਗਿਆਨ ਤੇ ਉਤਸ਼ਾਹ ਦਿੱਤਾ ਜਾਵੇ, ਕੰਮ ਕਰਨ ਦੇ ਮੌਕੇ ਅਤੇ ਪੂਰਨ ਅਜ਼ਾਦੀ ਦਿੱਤੀ ਜਾਵੇ ਤਾਂ ਇਹ ਅਮਰੀਕੀ ਸਮਾਜ ਦੇ ਅਟੁੱਟ ਅੰਗ ਬਣ ਸਕਦੇ ਹਨ। ਇਹ ਉਨ੍ਹਾਂ ਦੀ ਖਾਸੀਅਤ ਰਹੀ ਕਿ ਉਨ੍ਹਾਂ ਪੱਛਮੀ ਸਭਿਅਤਾ ਦੀਆਂ ਚੰਗੀਆਂ ਗੱਲਾਂ ਦੀ ਵਡਿਆਈ ਕੀਤੀ, ਭੈੜੀਆਂ ਨੂੰ ਨਿੰਦਿਆ ਵੀ। ਉਹ ਵਾਰ ਵਾਰ ਇਸ ਗੱਲ ਉਪਰ ਜ਼ੋਰ ਦਿੰਦੇ ਸਨ ਕਿ ਭਾਰਤੀਆਂ ਦੀਆਂ ਨੈਤਿਕ ਗੱਲਾਂ ਹੀ ਉਨ੍ਹਾਂ ਦਾ ਮਾਣ-ਸਨਮਾਨ ਹੈ।

ਹਰਦਿਆਲ ਦੇ ਜੀਵਨ ਵਿਚ ਸੰਕਟ ਅਤੇ ਸੰਘਰਸ਼ ਦੀ ਅਵਸਥਾ ਹਮੇਸ਼ਾ ਬਣੀ ਰਹੀ। ਉਨ੍ਹਾਂ ਕੈਲੀਫੋਰਨੀਆ ਵਿਚ ਰਹਿੰਦਿਆਂ ਸਟੈਨਫੋਰਡ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਵਿਚ ਪ੍ਰਵੇਸ਼ ਕੀਤਾ। ਉਥੇ ਉਨ੍ਹਾਂ ਨੂੰ 8 ਜਨਵਰੀ ਤੋਂ 15 ਮਈ ਤਕ ਭਾਰਤੀ ਦਰਸ਼ਨ ਲਈ ਨਿਯੁਕਤ ਕੀਤਾ ਗਿਆ। ਉਹ ਯੂਨੀਵਰਸਿਟੀ ਦੀ ਪੜ੍ਹਾਈ ਸਮੇਂ ਤੋਂ ਲਿਖਦੇ ਆ ਰਹੇ ਸਨ ਪਰ ਜਦ ਉਨ੍ਹਾਂ ਦਾ ਇਕ ਲੇਖ 'ਦੁਨੀਆ ਕਿਸ ਦੀ ਉਡੀਕ ਕਰ ਰਹੀ ਹੈ?' 'ਓਪਨ ਕੋਰਟ' ਨਾਂ ਦੇ ਰਸਾਲੇ ਵਿਚ ਪ੍ਰਕਾਸ਼ਤ ਹੋਇਆ ਤਾਂ ਉਸ ਸਮੇਂ ਤੋਂ ਉਹ ਪ੍ਰਸਿੱਧ ਲੇਖਕ ਬਣ ਗਏ। ਇਸ ਲੇਖ ਨੂੰ ਅਮਰੀਕਨਾਂ ਨੇ ਬਹੁਤ ਪਸੰਦ ਕੀਤਾ। ਉਸ ਦਾ ਸਾਰੰਸ਼ ਸੀ, 'ਅਸੀਂ ਬੇਚੈਨੀ ਅਤੇ ਪਰਿਵਰਤਨ ਕਾਲ ਵਿਚੋਂ ਲੰਘ ਰਹੇ ਹਾਂ। ਪੁਰਾਤਨ ਜੋ ਵੀ ਹੈ, ਉਹ ਨਵੇਂ ਰੂਪ ਵਿਚ ਬਦਲ ਰਿਹਾ ਹੈ। ਸਮੇਂ ਦਾ ਜੀਵ ਆਪਣੀ ਜੰਮਣ-ਪੀੜਾ ਝੱਲ ਰਿਹਾ ਹੈ। ਆਦਰਸ਼ਪਾਲਕ ਮਸੀਹਾ ਅਜੇ ਬਾਹਰ ਨਹੀਂ ਆਇਆ ਜਿਸ ਨੇ ਮਾਨਵਤਾ ਦਾ ਕਲਿਆਣ ਕਰਨਾ ਹੈ ਅਤੇ ਜਿਸ ਨੇ ਸਭਿਅਤਾ ਨੂੰ ਬਰਬਾਦੀ ਤੇ ਉਦਾਸਹੀਣਤਾ ਦੀ ਦਲ ਦਲ ਵਿਚੋਂ ਕੱਢ ਕੇ ਮਾਨਵਤਾ ਨੂੰ ਸੰਵੇਦਨਾ ਦੀ ਵਿਕਾਸਮਈ ਸਥਿਤੀ ਵਿਚ ਲਿਆਉਣਾ ਹੈ। ਵਿਗਿਆਨ ਦੀ ਨਵੀਂ ਸ਼ਰਾਬ ਨੇ ਧਰਮ ਦੀਆਂ ਪੁਰਾਣੀਆਂ ਬੋਤਲਾਂ ਨੂੰ ਭੰਨ ਦਿੱਤਾ ਹੈ। ਬੌਧਿਕਤਾ ਦੇ ਵਿਕਾਸ ਨੇ ਨੈਤਿਕਤਾ ਚਰਿੱਤਰ ਵਰਗੇ ਖੇਤਰ ਨੂੰ ਮਾਤ ਪਾ ਦਿੱਤੀ ਹੈ। ਆਦਰਸ਼ਵਾਦ ਨੇ ਤਾਂ ਹੁਣ ਵਿਅਕਤੀਵਾਦ ਦੀਆਂ ਝੂਠੀਆਂ ਗੱਪਾਂ, ਝੂਠੀਆਂ ਖੁਸ਼ੀਆਂ, ਵਿਚਾਰ, ਸੰਕੀਰਨਤਾ ਅੱਗੇ ਗੋਡੇ ਟੇਕ ਦਿੱਤੇ ਹਨ। ਮਾਨਵਤਾ ਦੀ ਉਸਾਰੀ ਕਰਨ ਲਈ ਵਿਅਕਤੀ ਦੇ ਚਰਿੱਤਰ ਦੀ ਉਸਾਰੀ ਜ਼ਰੂਰੀ ਹੈ। ਹੁਣ ਅਜਿਹਾ ਮਸੀਹਾ ਚਾਹੀਦਾ ਹੈ ਜੋ ਆਪਾ ਕੁਰਬਾਨ ਕਰ ਕੇ ਸਮਾਜ ਕਲਿਆਣ ਲਈ ਲੋਕਾਂ ਨੂੰ ਸੰਗਠਤ ਕਰ ਸਕੇ।' ਇਸ ਦੇ ਨਾਲ ਹੀ ਉਨ੍ਹਾਂ ਨੇ ਸੇਂਟ ਫਰਾਂਸਿਸ, ਸੇਂਟ ਰੋਜ਼, ਰੂਸੋ, ਵਾਲਟੇਅਰ, ਮਾਰਕਸ, ਬਾਕੂਨੀਨ, ਮੈਜ਼ਿਨੀ ਤੇ ਹਕੀਲੇ ਵਰਗੇ ਵਿਦਵਾਨਾਂ ਦੀ ਸਿੱਖਿਆ ਗ੍ਰਹਿਣ ਕਰਨ ਉਪਰ ਜ਼ੋਰ ਦਿੱਤਾ।

ਸ਼੍ਰੇਣੀ ਸੰਘਰਸ਼ ਸਬੰਧੀ ਉਨ੍ਹਾਂ ਦੇ ਵਿਚਾਰ ਸਪਸ਼ਟ ਸਨ ਕਿ ਸਮਾਜ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਇਸ ਵੰਡ ਦਾ ਆਧਾਰ ਕੋਈ ਨਾ ਕੋਈ ਪੱਕੀ ਹੱਦਬੰਦੀ ਹੈ। ਮਾਰਕਸੀ ਸਿਧਾਂਤਾਂ ਸਬੰਧੀ ਹਰਦਿਆਲ ਦਾ ਅਧਿਐਨ ਪੂਰਾ ਨਹੀਂ ਸੀ, ਫਿਰ ਵੀ ਉਹ ਐਨਾ ਤਾਂ ਕਹਿੰਦਾ ਹੀ ਹੈ ਕਿ ਕਿਰਤੀ ਕਾਮਿਆਂ ਨੂੰ ਉਨ੍ਹਾਂ ਦੀ ਗਾੜ੍ਹੇ ਪਸੀਨੇ ਦੀ ਕਮਾਈ ਤੋਂ ਵਾਂਝਾ ਕੀਤਾ ਜਾਂਦਾ ਹੈ। ਕਾਰਖਾਨੇਦਾਰ ਅਤੇ ਜਗੀਰਦਾਰ, ਕਿਰਤੀਆਂ ਦੀ ਕਮਾਈ ਨਾਲ ਮੋਟੀ ਕਮਾਈ ਕਰ ਕੇ ਮੋਟੀ ਚਰਬੀ ਵਾਲੇ ਬਣ ਜਾਂਦੇ ਹਨ। ਸਮਾਜ ਦਾ ਗਰੀਬ ਵਰਗ ਤਾਂ ਹੀ ਦੁੱਖਾਂ ਮੁਸੀਬਤਾਂ ਨਾਲ ਮਾਰਿਆ ਰਹਿੰਦਾ ਹੈ, ਜਦ ਕਿਰਤੀਆਂ ਦੀ ਕਮਾਈ ਵਿਚੋਂ ਪੈਦਾਵਾਰ ਦਾ ਵੱਡਾ ਹਿੱਸਾ ਲਾਲਚੀ ਸਰਮਾਏਦਾਰਾਂ ਲਈ ਛੱਡ ਦਿੱਤਾ ਜਾਂਦਾ ਹੈ। ਫਿਰ ਵੀ ਹਰਦਿਆਲ ਮਾਰਕਸਵਾਦੀ ਪ੍ਰਤਿਭਾਸ਼ਾਲੀ ਵਿਗਿਆਨਕ, ਬੌਧਿਕਤਾ ਨੂੰ ਸਵੀਕਾਰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਾਰਕਸ ਮਾਨਵ ਸਨੇਹੀ ਸਨ ਜਿਨ੍ਹਾਂ ਨੇ ਮਨੁੱਖਤਾ ਦੇ ਭਲੇ ਲਈ ਕੰਮ ਕੀਤਾ। ਹਰਦਿਆਲ ਨੇ ਮਾਰਕਸ ਨੂੰ ਬੁੱਧ ਅਤੇ ਈਸਾ ਦੇ ਬਰਾਬਰ ਦਾ ਦਾਰਸ਼ਨਿਕ ਕਿਹਾ।

ਹਰਦਿਆਲ ਨੇ ਅਮਰੀਕਾ ਵਿਚ ਪਰਵਾਸੀ ਕਿਰਤੀਆਂ ਦੀਆਂ ਮੁਸ਼ਕਿਲਾਂ ਦੂਰ ਕਰਨ ਲਈ ਛੇ ਨੁਕਤੇ ਰੱਖੇ: (1) ਮਜ਼ਦੂਰ ਏਕਤਾ (2) ਪੂਰਨ ਆਦਰਸ਼ ਪਾਲਣ ਦੇ ਸੰਕਲਪ (3) ਚੰਗੇ ਕਿਰਤੀ ਕਾਮੇ ਤੇ ਇਮਾਨਦਾਰ ਨੇਤਾ (4) ਮਜ਼ਦੂਰਾਂ ਕਿਸਾਨਾਂ ਇਸਤਰੀ ਪੁਰਸ਼ਾਂ ਵੱਲੋਂ ਵੱਖ ਵੱਖ ਤੌਰ 'ਤੇ ਚਲਾਈਆਂ ਜਾ ਰਹੀਆਂ ਲਹਿਰਾਂ ਦੀ ਏਕਤਾ (5) ਸਿਰਜਣਾਤਮਕ ਸਿੱਖਿਆ ਤੇ ਵਿਧਾਨ (6) ਆਪਸੀ ਭਾਈਚਾਰੇ ਦਾ ਮਿਲਵਰਤਣ ਦਾ ਅਹਿਸਾਸ। ਉਨ੍ਹਾਂ ਸਮਾਜ ਦੇ ਸਾਰੇ ਵਰਗਾਂ ਨੂੰ ਸੁਚੇਤ ਕੀਤਾ ਕਿ ਉਹ ਫੁੱਟ ਦਾ ਸ਼ਿਕਾਰ ਨਾ ਹੋਣ, ਮਿਲ ਕੇ ਏਕਤਾ ਸਥਾਪਤ ਕਰਨ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ।

(ਬਾਕੀ ਅਗਲੇ ਅੰਕ ਵਿਚ)

---

# ਨਾਮਧਾਰੀ ਸੰਪਰਦਾ ਅਤੇ ਸਤਿਗੁਰੂ ਜਗਜੀਤ ਸਿੰਘ

60 ਮਹਾਨ ਸ਼ਹੀਦਾਂ, ਜਿਨ੍ਹਾਂ ਨੂੰ ਤੋਪਾਂ ਨਾਲ ਚੀਥੜੇ-ਚੀਥੜੇ ਕੀਤਾ ਗਿਆ ਸੀ, ਦੀ ਯਾਦ ਵਿਚ 60 ਮੋਰੀਆਂ ਵਾਲੇ 66 ਫੁੱਟ ਉਚੇ ਖੰਡੇ ਦੀ ਉਸਾਰੀ ਕੀਤੀ ਗਈ। ਰੈਣੀਣ ਵਿਖੇ ਸਤਿਗੁਰੂ ਰਾਮ ਸਿੰਘ ਯਾਦਗਾਰੀ ਸਮਾਰਕ ਵੀ ਬਣਵਾਇਆ ਗਿਆ। ਲੁਧਿਆਣਾ ਤੇ ਅੰਮ੍ਰਿਤਸਰ ਜੇਲ੍ਹਾਂ ਦੇ ਸਾਹਮਣੇ ਸ਼ਹੀਦਾਂ ਦੇ ਸਮਾਰਕ ਬਣਵਾਏ ਗਏ ਹਨ। ਲੁਧਿਆਣਾ ਵਿਖੇ ਸਤਿਗੁਰ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਅਤੇ 300 ਬਿਸਤਰਿਆਂ ਵਾਲੇ ਹਸਪਤਾਲ ਦੀ ਨੀਂਹ 28 ਅਕਤੂਬਰ 2000 ਨੂੰ ਉਨ੍ਹਾਂ ਆਪਣੇ ਕਰ ਕਮਲਾਂ ਨਾਲ ਰੱਖੀ ਸੀ ਜੋ ਅੱਜ ਵੀ ਜਨ ਸਾਧਾਰਨ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰ ਰਹੇ ਹਨ।

ਪ੍ਰਸਿੱਧ ਇਤਿਹਾਸਕਾਰ ਸੁੰਦਰ ਲਾਲ, ਗਦਰ ਪਾਰਟੀ ਦੇ ਸੰਸਥਾਪਕ ਪ੍ਰਧਾਨ ਸੋਹਣ ਸਿੰਘ ਭਕਨਾ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਭਰਾ ਰਾਜਿੰਦਰ ਸਿੰਘ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਖੁਰਸ਼ੀਦੀ-ਸਾਰਿਆਂ ਨਾਲ ਆਪ ਦੇ ਸਨੇਹ ਭਿੱਜੇ ਨੇੜਲੇ ਸਬੰਧ ਸਨ।

ਇਸਤਰੀਆਂ ਦੇ ਹੱਕਾਂ ਦੀ ਰਾਖੀ ਲਈ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ (ਇਸਤਰੀ ਵਿੰਗ) ਦੀ ਨੀਂਹ 1981 ਵਿਚ ਰੱਖੀ ਗਈ। ਅੱਜ ਵੀ ਨਿਆਸਰੀਆਂ, ਵਿਧਵਾਵਾਂ, ਨਿਥਾਵੀਆਂ, ਇਸਤਰੀਆਂ ਭੈਣੀ ਸਾਹਿਬ ਵਿਖੇ ਆਸਰਾ ਲੈ ਰਹੀਆਂ ਹਨ।

ਸਤਿਗੁਰੂ ਜਗਜੀਤ ਸਿੰਘ ਨੇ ਨੌਜਵਾਨਾਂ ਲਈ ਖੇਡਾਂ ਦਾ ਵੱਖਰਾ ਪ੍ਰਬੰਧ ਕੀਤਾ। ਚੰਗੀ ਸਿਹਤ ਵਾਲੇ ਨੌਜਵਾਨ ਹੀ ਸਮਾਜ ਦੀ ਸੇਵਾ ਲਈ ਅੱਗੇ ਆ ਸਕਦੇ ਹਨ। ਨਾਮਧਾਰੀ ਹਾਕੀ ਟੀਮ ਨੇ ਜੋ ਵਿਸ਼ਵ ਭਰ ਵਿਚ ਪ੍ਰਸਿੱਧੀ ਹਾਸਲ ਕੀਤੀ, ਸਾਰਾ ਸੰਸਾਰ ਜਾਣਦਾ ਹੈ। ਹੋਰ ਖੇਡਾਂ ਨੂੰ ਵੀ ਉਤਸ਼ਾਹਿਤ ਕੀਤਾ। ਸਾਰੇ ਖਿਡਾਰੀਆਂ ਨੂੰ ਨਾਮਧਾਰੀ ਡਰੈਸ ਜੋ ਖਿਡਾਰੀਆਂ ਲਈ ਸਤਿਗੁਰੂ ਨੇ ਆਪ ਨਿਯਤ ਕੀਤੀ ਸੀ, ਪਹਿਨ ਕੇ ਹੀ ਖੇਡਣ ਦਾ ਹੁਕਮ ਕੀਤਾ।

ਸਿੱਖ ਫਲਸਫੇ ਨੂੰ ਸਹੀ ਅਰਥਾਂ ਵਿਚ ਪ੍ਰਚਾਰਨ ਹਿੱਤ ਡਾ. ਗੁਪਾਲ ਸਿੰਘ ਤੇ ਡਾ. ਰਘਵੀਰ ਸਿੰਘ ਨੂੰ ਨਾਲ ਲੈ ਕੇ ਜਾਪਾਨ ਸਰਬ ਧਰਮ ਕਾਨਫਰੰਸ ਵਿਚ ਸ਼ਾਮਲ ਹੋਏ। ਉਨ੍ਹਾਂ ਨੂੰ ਪ੍ਰਸ਼ਨ ਕੀਤਾ ਗਿਆ ਕਿ ਧਰਮ ਕੀ ਹੈ? ਤਾਂ ਉਤਰ ਦਿੱਤਾ, "ਸੱਚ ਹੀ ਧਰਮ ਹੈ।" ਉਨ੍ਹਾਂ 'ਬੋਲੀਐ ਸੱਚ ਧਰਮ ਝੂਠ ਨ ਬੋਲੀਏ' ਦੀ ਪੂਰਨ ਵਿਆਖਿਆ ਕੀਤੀ।

ਉਹ ਸੰਸਾਰ ਅਮਨ ਕੌਂਸਲ ਦੀ ਕਾਨਫਰੰਸ ਵਿਚ ਸ਼ਾਮਲ ਹੋਣ ਰੂਸ ਵੀ ਗਏ। ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਸਾਰੇ ਤਾਂ ਨਾਸਤਕ ਹਨ, ਤਾਂ ਆਪ ਦਾ ਉਤਰ ਸੀ, "ਮੈਨੂੰ ਇਸ ਨਾਲ ਕੋਈ ਵਾਹ-ਵਾਸਤਾ ਨਹੀਂ, ਮੈਂ ਤਾਂ ਬਾਬੇ ਨਾਨਕ ਦਾ ਅਮਨ, ਸਹਿਣਸ਼ੀਲਤਾ ਤੇ ਸਹਿਹੋਂਦ ਦਾ ਸੁਨੇਹਾ ਦੇਣ ਆਇਆ ਹਾਂ।"

ਕੂਕਾ ਲਹਿਰ ਦੇ ਇਤਿਹਾਸ ਦੀ ਖੋਜ ਲਈ ਬੀਬੀ ਸੁਰਿੰਦਰ ਕੌਰ ਖਰਲ ਤੇ ਸ. ਸੁਵਰਨ ਸਿੰਘ ਵਿਰਕ ਦੀ ਰਹਿਨੁਮਾਈ ਹੇਠ ਇਤਿਹਾਸ ਖੋਜ ਕਮੇਟੀ 'ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ' ਖੋਜ ਦਾ ਕਾਰਜ ਕਰ ਰਹੀ ਹੈ। ਨਾਮਧਾਰੀ ਕਿਤਾਬ 'ਘਰ ਭੈਣੀ ਸਾਹਿਬ ਤੋਂ ਆਜ਼ਾਦੀ ਦੇ ਸੰਘਰਸ਼' ਅਤੇ 'ਕੂਕਾ ਲਹਿਰ' ਬਾਰੇ ਅਮੁੱਲ ਖੋਜ ਪੁਸਤਕਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। 1920 ਤੋਂ ਸ਼ੁਰੂ ਕੀਤਾ ਪਰਚਾ 'ਸਤਿਯੁਗ' ਅੱਜ ਤੱਕ ਪ੍ਰਕਾਸ਼ਤ ਹੋ ਰਿਹਾ ਹੈ।

1965 ਵਿਚ ਹੈਦਰਾਬਾਦ ਵਿਖੇ ਗੌ-ਗਵਰਧਨ ਸਮਿਤੀ ਵੱਲੋਂ ਦੁਧਾਰੂ ਗਊਆਂ ਦੀ ਵਧੀਆ ਕਿਸਮ ਵਿਕਸਤ ਕਰਨ ਹਿੱਤ 'ਗੋਪਾਲ ਰਤਨ' ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਮਰਦਾਨਾ ਕੀਰਤਨ ਦਰਬਾਰ ਵੱਲੋਂ ਭਾਈ ਮਰਦਾਨਾ ਐਵਾਰਡ ਆਪ ਦੇ ਹਿੱਸੇ ਆਇਆ। ਹਰਬੱਲਭ ਸੰਗੀਤ ਦਰਬਾਰ ਸੁਸਾਇਟੀ ਵੱਲੋਂ ਪੱਕੇ ਰਾਗਾਂ ਬਾਰੇ ਆਪ ਦੇ ਉਚ ਗਿਆਨ ਦੇ ਧਾਰਨੀ ਹੋਣ ਕਾਰਨ 'ਸੰਗੀਤ ਅਚਾਰੀਆ' ਐਵਾਰਡ ਪੇਸ਼ ਕੀਤਾ ਗਿਆ। ਉਸਤਾਦ ਹਾਫਿਜ਼ ਅਲੀ ਗਵਾਲੀਅਰ ਨੇ 1999 ਵਿਚ ਆਪ ਨੂੰ 'ਸੰਗੀਤ ਮਨੀਸ਼ੀ' ਦੀ ਉਪਾਧੀ ਦਿੱਤੀ।

ਸਿੱਖ ਧਰਮ ਦੇ ਸਾਰੇ ਤਖ਼ਤਾਂ ਉਤੇ ਉਹ ਆਪਣੇ ਸਾਥੀਆਂ ਸਮੇਤ ਹਾਜ਼ਰ ਹੋ ਕੇ ਨਤਮਸਤਕ ਹੋਏ। ਧਰਮ ਤੇ ਸੱਚੀ-ਸੁੱਚੀ ਸਿਆਸਤ ਦਾ ਪ੍ਰਚਾਰ ਕਰਨ ਹਿਤ ਅਨੇਕਾਂ ਦੇਸ਼ਾਂ-ਕੀਨੀਆ, ਕੈਨੇਡਾ, ਅਮਰੀਕਾ, ਇੰਗਲੈਂਡ, ਥਾਈਲੈਂਡ, ਸਿੰਘਾਪੁਰ ਦਾ ਦੌਰਾ ਕੀਤਾ। ਇਹ ਮਹਾਨ ਕਰਮਯੋਗੀ ਬਹੁਪੱਖੀ ਸ਼ਖ਼ਸੀਅਤ ਸਤਿਗੁਰੂ ਜਗਜੀਤ ਸਿੰਘ ਸਾਨੂੰ ਸਦਾ-ਸਦਾ ਲਈ ਵਿਛੋੜਾ ਦੇ ਗਏ ਹਨ। ਆਉ, ਉਨ੍ਹਾਂ ਦੇ ਸਮਾਜ ਨੂੰ ਉਚਾ ਚੁੱਕਣ ਸੁੱਖ ਸਮਰਿਧੀ ਲਈ ਕੀਤੇ ਕਾਰਜਾਂ ਅੱਗੇ ਸਿਰ ਝੁਕਾਈਏ।

## ਕਹਾਣੀ

# ਭੇਤ ਵਾਲੀ ਗੱਲ

*ਕਹਾਣੀ ਹੋਵੇ ਜਾਂ ਕਵਿਤਾ, ਜਾਂ ਹੋਰ ਕੋਈ ਵੰਨਗੀ; ਪੰਜਾਬੀ ਲੇਖਕ ਸੰਤੋਖ ਸਿੰਘ ਧੀਰ ਦੀਆਂ ਲਿਖਤਾਂ ਦਾ ਆਪਣਾ ਹੀ ਰੰਗ ਹੈ। ਪੰਜਾਬੀ ਦੇ ਬਹੁਤ ਥੋੜ੍ਹੇ ਲੇਖਕ ਹਨ ਜਿਨ੍ਹਾਂ ਨੂੰ ਇਹ ਮਾਣ ਮਿਲਿਆ ਹੈ। 'ਭੇਤ ਵਾਲੀ ਗੱਲ' ਕਹਾਣੀ ਦੇ ਇਕ ਨਹੀਂ, ਬਲਕਿ ਅਨੇਕ ਰੰਗ ਹਨ। ਇਸ ਵਿਚ ਪੁਰਾਣੇ ਪੰਜਾਬ ਦੇ ਪਿੰਡ ਦੀਆਂ ਸਾਂਝਾਂ ਬੋਲਦੀਆਂ ਹਨ, ਰਿਸ਼ਤੇ ਸਾਹ ਲੈਂਦੇ ਜਾਪਦੇ ਹਨ; ਇਥੋਂ ਤੱਕ ਕਿ ਨਾਇਕ-ਖਲਨਾਇਕ ਦੀ ਵੰਡ ਤੋਂ ਪਾਰ ਗਿਆ ਮਨੁੱਖ ਨਿੱਕੇ ਨਿੱਕੇ ਭੇਤਾਂ ਨੂੰ ਸਾਂਭਦਾ-ਖਿਲਾਰਦਾ ਲਗਾਤਾਰ ਤੁਰਿਆ ਜਾਂਦਾ ਹੈ। ਇਸ ਕਹਾਣੀ ਵਿਚ ਮਨੁੱਖ ਦੀ ਇਸੇ ਤੋਰ ਦੀ ਹੀ ਰਗ ਫੜੀ ਗਈ ਹੈ। ਜਿਉਂ ਜਿਉਂ ਕਹਾਣੀ ਅੰਤ ਵੱਲ ਵਧਦੀ ਹੈ, ਭੇਤਾਂ ਦਾ ਭੰਡਾਰ ਖੁੱਲ੍ਹਦਾ ਜਾਂਦਾ ਹੈ ਅਤੇ ਇਸ ਦੀਆਂ ਰਮਜ਼ਾਂ ਆਪੇ ਸੈਨਤਾਂ ਮਾਰਨ ਲਗਦੀਆਂ ਹਨ। ਧੀਰ ਦੀਆਂ ਸ਼ਾਹਕਾਰ ਕਹਾਣੀਆਂ ਵਿਚੋਂ ਇਕ, ਇਹ ਕਹਾਣੀ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

### ਸੰਤੋਖ ਸਿੰਘ ਧੀਰ

ਵਿਹੜੇ ਦੀ ਵਲਗਣ ਉਤੋਂ ਉਡ਼ ਕੇ, ਮੌਕਾ ਬਚਾਉਂਦਿਆਂ ਜ਼ੈਲਦਾਰਾਂ ਦੀ ਹਰਿਪ੍ਰਕਾਸ਼ ਗਲੀ ਵਿਚੋਂ ਲੰਘੇ ਜਾਂਦੇ ਵਿਰਕਾਂ ਦੇ ਪਰਮਿੰਦਰ ਵੱਲ ਤੱਕਦੀ ਕਿਤੇ ਹਲਕਾ ਜਿਹਾ ਮੁਸਕਰਾ ਪਈ ਕਿ ਅਚਨਚੇਤ, ਮੋੜ ਉਤੋਂ ਆ ਧਮਕੇ ਬਾਰੀਆਂ ਦੇ ਤਿਲਕੂ ਨੇ ਟੇਢੀਂ ਅੱਖੀਂ ਵੇਖ ਲਿਆ। ਇੱਕ ਤਾਂ ਇਸ਼ਕ-ਮੁਸ਼ਕ ਲੁਕਾਇਆਂ, ਸਹੁਰੇ ਲੁਕਦੇ ਵੀ ਤਾਂ ਨਹੀਂ ਹਨ।

ਬਾਰੀਆਂ ਦੇ ਤਿਲਕੂ ਨੂੰ ਜਿਵੇਂ ਕੁੱਝ ਲੱਭ ਪਿਆ ਹੋਵੇ, ਥੋੜ੍ਹਾ ਥੋੜ੍ਹਾ ਖੰਘਦਾ ਅਤੇ ਮੁਸਕਰਾਉਂਦਾ ਉਹ ਆਇਰਨ ਹਾਲੀ ਆਇਆ। ਸੁੱਚਾ ਲੁਹਾਰ ਉਹਦਾ ਜਿਗਰੀ ਯਾਰ ਸੀ ਪਰ ਆਇਰਨ ਹਾਲੀ ਉਤੇ ਟੁੱਟ-ਮੁਰੰਮਤ ਕਰਾਉਣ ਅਤੇ ਫਾਲੇ ਆਦਿ ਡੰਗਾਉਣ ਵਾਲੇ ਕਿਸਾਨਾਂ ਦਾ ਇਕੱਠ ਜਿਹਾ ਸੀ। ਉਹ ਪੈਰ ਜਿਹੇ ਮਲਦਾ ਖਲੋ ਗਿਆ। ਭਖਦੇ ਲੋਹੇ ਉਤੇ ਘਣ ਦੀਆਂ ਸੱਟਾਂ ਥੰਮ੍ਹਦਿਆਂ ਸੁੱਚੇ ਲੁਹਾਰ ਨੇ ਐਵੇਂ ਜ਼ਰਾ ਸਾਹ ਲੈਣ ਦੇ ਬਹਾਨੇ ਪੁੱਛਿਆ, "ਸੁਣਾ, ਕਿੱਧਰ ਆਇਆ ਵੈਲੀਆ, ਅੱਜ ਤਾਂ ਬੜੇ ਦੰਦ ਨਿਕਲਦੇ ਨੇ, ਕੋਈ ਖ਼ੁਸ਼ਖਬਰੀ ਮਿਲ ਗਈ?"

"ਓਏ ਆਪਾਂ ਤਾਂ ਸਦਾ ਖ਼ੁਸ਼ ਰਹਿਨੇ ਆਂ ਮਿਸਤਰੀ, ਸਦਾ ਖ਼ੁਸ਼। ਤੇਰੇ ਮਾਂਗਣ ਧੰਦ ਨ੍ਹੀਂ ਪਿੱਟਦੇ ਸਾਰਾ ਦਿਨ।"

ਭਖਦੇ, ਸੂਹੇ ਲੋਹੇ ਉਤੇ ਹਲਕੀ ਜਿਹੀ ਛਾਈ ਦਿਸਣ ਲੱਗੀ, "ਨਾ ਮਖਾਂ ਗੱਲ ਐ ਕੋਈ?" ਸੁੱਚੇ ਨੇ ਤਾਓ ਜਾਂਦਾ ਦੇਖ, ਹਾਸੀ ਨੂੰ ਛੱਡਦਿਆਂ ਮਤਲਬ ਦੀ ਗੱਲ ਪੁੱਛੀ।

"ਤੂੰ ਕੰਮ ਕਰ ਹਾਲੇ, ਫੇਰ ਕਰਨ ਵਾਲੀ ਐ ਗੱਲ, ਵਿਹਲ ਸਮੇਂ, ਆਹੋ...।" ਤੇ ਤਿਲਕੂ ਸੈਨਤ ਜਿਹੀ ਸੁੱਟਦਾ ਉਥੋਂ ਤੁਰ ਗਿਆ।

ਤਿਲਕੂ ਬਾਰੀਏ ਨੇ ਸੁੱਚੇ ਲੁਹਾਰ ਨੂੰ ਭਾਵੇਂ ਤਕੜਾਈ ਨਾਲ ਆਖਿਆ ਸੀ ਕਿ ਗੱਲ ਉਸ ਤੋਂ ਬਾਹਰ ਨਹੀਂ ਜਾਣੀ ਚਾਹੀਦੀ; ਪਰ ਸੁੱਚੇ ਲੁਹਾਰ ਲਈ ਰਾਮ ਸਿੰਘ ਫੌਜੀ ਤਾਂ ਕੋਈ ਓਪਰਾ ਬੰਦਾ ਨਹੀਂ ਸੀ। ਬਚਪਨ ਦੇ ਆੜੀ, ਇੱਕ ਦੂਜੇ ਦੇ ਭੇਤੀ, ਖਾਣ ਪੀਣ ਦੇ ਸਾਂਝੀ। ਅਜਿਹੇ ਮਿੱਤਰ ਨੂੰ ਦੱਸ ਦੇਣ ਨਾਲ ਕੀ ਫ਼ਰਕ ਪੈ ਚੱਲਿਆ ਹੈ? ਜਿਹੀ ਗੱਲ ਉਹਦੇ ਕੋਲ, ਤਿਹੀ ਆਪਣੇ ਕੋਲ। ਤੇ ਸੁੱਚੇ ਲੁਹਾਰ ਨੇ ਇੰਨਾ ਕਹਿੰਦਿਆਂ ਕਿ 'ਦੇਖੀਂ, ਤੇਰੇ ਕੋਲ ਰਹੇ...', ਰਾਮ ਸਿੰਘ ਫੌਜੀ ਦੇ ਕੰਨ ਵਿਚ ਫੂਕ ਮਾਰ ਹੀ ਦਿੱਤੀ।

ਰਾਮ ਸਿੰਘ ਫੌਜੀ ਨੂੰ ਜਾਣੋਂ ਮਸੀਂ ਦਿਨ ਲੰਘਿਆ। ਉਹ ਭਾਵੇਂ ਸੁਭਾਅ ਦਾ ਡੂੰਘਾ ਅਤੇ ਗੰਭੀਰ ਸੀ, ਪਰ ਇਹ ਮਨੁੱਖ ਦਾ ਮਨ ਹੈ; ਪਹਾੜ ਦਾ ਭਾਰ ਭਾਵੇਂ ਇਹ ਸੌਖੀ ਤਰ੍ਹਾਂ ਝੱਲ ਲਵੇ ਪਰ ਗੱਲ ਦਾ ਭਾਰ ਝੱਲਣਾ ਇਹਦੇ ਲਈ ਕਈ ਵਾਰ ਔਖਾ ਹੋ ਜਾਂਦਾ ਹੈ। ਰਾਤੀਂ ਸੌਣ ਲੱਗਿਆਂ ਰਾਮ ਸਿੰਘ ਫੌਜੀ ਨੇ ਆਪਣੀ ਵਹੁਟੀ ਹਰਭਜਨੋ ਕੋਲ ਇੰਨੀ ਗੱਲ ਕਰ ਹੀ ਦਿੱਤੀ ਕਿ ਉਹਨੇ ਉਡਦੀ ਉਡਦੀ ਕੁੱਝ ਇਹੋ ਜਿਹੀ ਸੋਅ ਸੁਣੀ ਹੈ। ਤੇ ਨਾਲ ਹੀ ਤਾਕੀਦ ਕਰ ਦਿੱਤੀ ਕਿ ਅੱਗੇ ਕਿਸੇ ਨੂੰ ਵੀ ਕੰਨ ਵਲੇਲ ਨਹੀਂ ਪੈਣੀ ਚਾਹੀਦੀ। ਵਹੁਟੀ ਕੋਲ ਤਾਂ ਇਹੋ ਜਿਹੀ ਗੱਲ ਕਰਨ ਦਾ ਕੋਈ ਹਰਜ ਨਹੀਂ ਸੀ। ਵਹੁਟੀ ਤੇ ਗੱਭਰੂ ਵੀ ਜੇ ਆਪੋ ਵਿਚ ਇਸ ਤਰ੍ਹਾਂ ਦੀ ਗੱਲ ਨਾ ਕਰ ਸਕਣ, ਤਾਂ ਹੋਰ ਕੌਣ ਕਰੇ? ਵਹੁਟੀ ਤੇ ਗੱਭਰੂ ਨਾਲੋਂ ਵਧ ਕੇ ਹੋਰ ਕੌਣ ਇੱਕ ਦੂਜੇ ਦਾ ਮਹਿਰਮ ਹੋ ਸਕਦਾ ਹੈ?

ਸੁਣ ਕੇ ਥੋੜ੍ਹਾ ਵਿਅੰਗ ਨਾਲ ਮੁਸਕਰਾਂਦਿਆਂ ਹਰਭਜਨੋ ਬੋਲੀ, "ਦੇਖ ਲੈ ਸਰਦਾਰ ਜੀ, ਤੇਰੇ ਪਿੰਡ ਦੀਆਂ ਕੁੜੀਆਂ...ਤੇ ਜੇ ਕਿਸੇ ਨੂੰਹ ਕੋਲੋਂ ਮਾੜੀ ਜਿੰਨੀ ਖੁਨਾਮੀ ਹੋ ਜਾਵੇ ਤਾਂ ਉਹਦੇ ਪੇਕਿਆਂ ਤੱਕ ਜਾ ਕੇ ਖਾਖਾਂ ਪੁੱਟ ਆਉਣ ਸਾਰੇ।"

ਪਰ ਫੌਜੀ ਨੇ ਹਲਕੀ ਨਿੱਕੀ ਜਿਹੀ ਤਿਊੜੀ ਪਾ ਕੇ ਮਿੱਠਾ ਜਿਹਾ ਘੂਰਿਆ, "ਦੇਖ ਭਜਨੋ, ਮੈਥੋਂ ਬੁਰਾ ਕੋਈ ਨ੍ਹੀਂ, ਜੇ ਅੱਗੇ ਗੱਲ ਗਈ ਐ!"

"ਸਾਨੂੰ ਕੀ ਜੀ...", ਵਹੁਟੀ ਨੇ ਨਹੋਰਾ ਕੀਤਾ, "ਕੋਈ ਅੱਗ ਖਾਵੇ, ਅੰਗਿਆਰ...।"

"ਬੱਸ, ਮੈਂ ਤੈਨੂੰ ਕਹਿ ਦਿੱਤਾ, ਖ਼ਬਰਦਾਰ...!" ਫੌਜੀ ਥੋੜ੍ਹਾ ਜਿਹਾ ਹੋਰ ਤਣ ਗਿਆ।

"ਨਾ ਬੀਰ ਦੀ ਸਹੁੰ। ਮੈਂ ਤਾਂ ਹੱਸਦੀ ਆਂ, ਮੈਨੂੰ ਕੀ ਲੋੜ।" ਭਜਨੋ ਨੇ ਸੱਚੋਂ ਹੀ ਆਖ ਦਿੱਤਾ।

ਪਰ ਸਾਰੀ ਰਾਤ ਭਜਨੋ ਦੇ ਦਿਲ ਵਿਚ ਲੂਹਣ ਜਿਹੀ ਲੱਗੀ ਰਹੀ। ਇਹੋ ਜਿਹੀ ਗੱਲ ਕਰਨ ਵਿਚ ਇੱਕ ਤਰ੍ਹਾਂ ਦਾ ਆਨੰਦ ਵੀ ਤਾਂ ਮਿਲਦਾ ਹੈ। ਦੂਜੇ ਦਿਨ, ਪੱਠੇ ਲੈਣ ਚੱਲੇ ਚੁਬਾਰੇ ਵਾਲਿਆਂ ਦੇ ਬੰਤੂ ਨੂੰ ਗੁਤਾਵਾ ਕਰਦੀ ਭਜਨੋ ਨੇ 'ਵਾਜ ਮਾਰ ਕੇ ਵਿਹੜੇ ਵਿਚ ਸੱਦ ਲਿਆ। ਖੁੱਲ੍ਹੇ ਸੁਭਾਅ ਦੀ ਹੋਣ ਕਾਰਨ ਦਿਓਰਾਂ ਜੇਠਾਂ ਨਾਲ ਇਹੋ ਜਿਹੀਆਂ ਗੱਲਾਂ ਉਹ ਖੁੱਲ੍ਹੀਆਂ ਕਰ ਲੈਂਦੀ ਸੀ। ਪਤਲੇ ਪਤਲੇ ਬੁੱਲ੍ਹਾਂ 'ਚੋਂ ਮੁਸਕਰਾਉਂਦੀ ਭਜਨੋ ਅੱਖਾਂ ਵਿਚ ਇੱਲਤ ਭਰ ਕੇ ਤੱਕਣ ਲੱਗੀ।

"ਹਾਂ, ਕੀ ਕਹਿਨੀ ਐਂ ਭਾਬੀ?" ਅੰਦਰ ਵੜਦਿਆਂ ਮਨ ਵਿਚ ਗੁਦਗੁਦਾਂਦਾ ਬੰਤੂ ਬੋਲਿਆ। ਉਹਨੂੰ ਜਾਪਿਆ ਜਿਵੇਂ ਅੱਜ ਤਾਂ ਭਾਬੀ ਦਿਆਲ ਹੋਈ ਪਈ ਹੈ। ਖੁਰਲੀ ਕੋਲ ਉਹ ਕਿੱਲੇ ਉਤੇ ਪੈਰ ਧਰਦਾ ਭਜਨੋ ਉਤੇ ਨੂੰ ਥੋੜ੍ਹਾ ਉਲਰ ਕੇ ਖਲੋ ਗਿਆ।

"ਵੇ...ਬੱਕਰਿਆ...ਥੋੜ੍ਹਾ ਪਰ੍ਹਾਂ ਹੋ ਕੇ ਖਲੋ, ਹੁਣੇ ਭਾਵੇਂ ਤੇਰਾ ਬਾਈ ਆ ਜਾਵੇ ਉਤੋਂ।" ਝੂਠ ਮੂਠ ਦੇ ਗੁੱਸੇ ਨਾਲ ਭਜਨੋ ਬੋਲੀ ਪਰ ਬੰਤੂ ਨੇ ਇਸ ਗੱਲ ਨੂੰ ਗੌਲਿਆ ਹੀ ਨਾ, ਤੇ ਸਗੋਂ ਪੋਲਾ ਜਿਹਾ ਹੱਥ ਭਜਨੋ ਦੇ ਮੋਢੇ ਉਤੇ ਰੱਖਦਾ ਬੋਲਿਆ, "ਅੱਜ ਤਾਂ ਦੀਂਹਦਾ ਭਾਬੀ ਜਾਣੋ ਮੂੰਹ ਮਿੱਠਾ ਕਰਾਏਂਗੀ...।"

ਭਜਨੋ ਪਾਰੇ ਵਾਂਗ ਥਰਕ ਉਠੀ, "ਚਲ ਵੇ, ਲੱਗਿਐ ਲਾਲ਼ਾਂ ਛੱਡਣ। ਦੇਖ ਲੈ, ਜਾਣਦਾ ਰਿਹੈਂ ਜੇ ਅੱਗੇ ਵਧਿਐਂ, ਮੇਰੇ ਕੋਲ ਵੀ ਸੰਨ੍ਹੀ ਦਾ ਲਿੱਬੜਿਆ ਹੱਥ ਐ-ਇਨ੍ਹਾਂ ਗੱਲਾਂ ਖ਼ਾਤਰ ਤਾਂ ਨ੍ਹੀਂ ਸੱਦਿਆ ਮੈਂ ਤੈਨੂੰ...!"

ਬੰਤੂ ਕੰਬ ਕੇ ਥੋੜ੍ਹਾ ਪਿੱਛੇ ਹਟ ਗਿਆ ਤੇ ਸਿਰੋਂ ਪੈਰਾਂ ਤੱਕ ਕੱਚਾ ਹੋਇਆ ਕੰਨ ਉਤੇ ਖਾਜ ਜਿਹੀ ਕਰਨ ਲੱਗਾ। ਧਰਤੀ ਉਹਦੇ ਪੈਰਾਂ ਹੇਠ ਤੇਜ਼ ਤੇਜ਼ ਘੁੰਮ ਰਹੀ ਸੀ।

ਭਜਨੋ ਨੂੰ ਉਹਦੀ ਹਾਲਤ ਉਤੇ ਤਰਸ ਆ ਗਿਆ, "ਮੈਂ ਤਾਂ ਸੋਚਿਆ, ਲੈ ਬੰਤੇ ਨੂੰ ਇੱਕ ਗੱਲ ਈ ਦੱਸੂੰਗੀ...!"

ਧਰਤੀ ਹੌਲੀ ਹੌਲੀ ਹੁੰਦੀ ਬੰਤੂ ਦੇ ਪੈਰਾਂ ਵਿਚ ਅਡੋਲ ਟਿਕ ਕੇ ਖੜੋ ਗਈ। ਭਾਬੀ ਪੂਰੀ ਤਰ੍ਹਾਂ ਗੁੱਸੇ ਨਹੀਂ ਸੀ ਹੋਈ। "ਤੂੰ ਭਾਬੀ ਗੱਲ ਦੱਸ, ਹੁਣ ਤਾਂ ਮਾਫ਼ੀ ਦੇਹ, ਅੱਗੇ ਨੂੰ ਨ੍ਹੀਂ ਕਰਦਾ ਐਕਣ!"

"ਜਾਹ ਵੇ ਜਾਹ ਲੁੱਚਿਆ, ਹੁਣ ਨ੍ਹੀਂ ਬੋਲਣਾ ਤੇਰੇ ਨਾਲ।"

"ਬਈ ਮਿੰਨਤ ਨਾਲ ਭਾਬੀ; ਲੈ, ਹੱਥ ਬੰਨ੍ਹ ਦਿੰਨਾਂ!"

"ਨਾ, ਹੁਣ ਨ੍ਹੀਂ ਦੱਸਣੀ ਤੈਨੂੰ।"

"ਨਾ ਭਾਬੀ, ਹਾੜ੍ਹੇ ਹਾੜ੍ਹੇ...।"

"ਤੇਰਾ ਕੀ ਐ ਵੇ ਹੋਛੇ ਦਾ, ਭਾਵੇਂ ਸਾਰੇ ਪਿੰਡ ਵਿਚ ਖਿੰਡਾਉਂਦਾ ਫਿਰੇਂ।"

ਬੰਤੂ ਦੇ ਦਿਲ ਵਿਚ ਅੱਚਵੀ ਲੱਗ ਗਈ, "ਬਈ ਭਾਬੀ, ਹੁਣ ਮੈਂ ਤੈਨੂੰ ਕਿਵੇਂ ਜਕੀਨ ਦੁਆਮਾਂ...?"

ਭਜਨੋ ਝੂਠੇ ਨਹੋਰੇ ਨੂੰ ਬਹੁਤਾ ਚਿਰ ਨਾ ਰੱਖ ਸਕੀ; ਮਸਤ ਹੋ ਕੇ ਸਿਰ ਹਿਲਾਉਂਦੀ ਬੋਲੀ, "ਪਹਿਲਾਂ ਸਹੁੰ ਖਾ ਵੇ ਮੇਰੀ, ਕਿਸੇ ਕੋਲ ਗਾਹਾਂ ਤਾਂ ਨ੍ਹੀਂ ਕਰੇਂਗਾ?" ਉਹਦੇ ਕੰਨਾਂ ਦੀਆਂ ਵਾਲੀਆਂ ਨਿੱਕਾ ਨਿੱਕਾ ਹਿਲਣ ਲੱਗੀਆਂ।

ਉਤਸੁਕਤਾ ਨਾਲ ਬੰਤੂ ਦਾ ਦਿਲ ਧੱਕ ਧੱਕ ਕਰਨ ਲੱਗਾ, "ਬਈ ਭਾਬੀ, ਤੇਰੀਓ ਸਹੁੰ, ਮੈਂ ਐਡਾ ਈ ਮਰ ਜਾਂ ਜੇ ਕਿਸੇ ਕੋਲ ਸਾਹ ਵੀ ਕੱਢਾਂ!"


"ਹਾਏ ਹਾਏ ਵੇ ਚੰਦਰਿਆ, ਦਫੇ ਹੋਣਾ। ਕਿਹੋ ਜਿਹੀਆਂ ਗਾਲਾਂ ਖਾਂਦੈ!" ਪਿਆਰ ਦੀ ਝਿੜਕ ਨਾਲ ਭਜਨੋ ਬੋਲੀ, ਤੇ ਫੇਰ ਮੁਸਕਣੀਆਂ ਵਿਚ ਮਹਿਕਦੀ ਤੇ ਬੁੱਲ੍ਹ ਮਰੋੜਦੀ ਭਾਬੀ ਨੇ ਸੁਣੀ ਸੁਣਾਈ ਗੱਲ ਦਿਓਰ ਦੇ ਕੰਨ ਵਿਚ ਚੋਅ ਦਿੱਤੀ।

ਘਰ ਨੀਰੇ ਦੀ ਭਰੋਟੀ ਸੁਟ ਕੇ ਚਾਓਲਾ ਚਾਓਲਾ ਤੁਰਦਾ ਬੰਤੂ ਚਾਚੀ ਕਿਰਪਾਲੋ ਦੇ ਘਰ ਪੁੱਜਿਆ। ਚਾਚੀ ਕਿਰਪਾਲੋ ਐਵੇਂ ਇੱਕ ਥੰਮ੍ਹ ਵੱਡਾ ਹੋਣ ਕਰ ਕੇ ਸਾਰਿਆਂ ਦੀ ਚਾਚੀ ਲਗਦੀ ਸੀ, ਪਰ ਚਾਚੀ ਬਣ ਕੇ ਉਹ ਕਿਸੇ ਦੀ ਵੀ ਨਹੀਂ ਸੀ ਰਹਿੰਦੀ। ਉਹਦਾ ਬੜਾ ਜੀਅ ਕਰਦਾ, ਪਰ ਉਹਦੀ ਵਾਹ ਨਹੀਂ ਸੀ ਚਲਦੀ; ਇਸ ਲਈ ਉਹ ਸਾਰੇ ਮੁੰਡਿਆਂ ਖੁੰਡਿਆਂ ਨਾਲ ਹਰ ਤਰ੍ਹਾਂ ਦੀਆਂ ਗੱਲਾਂ ਨਿਝੱਕ ਕਰਦੀ ਤੇ ਹੱਸ-ਹੁਸ ਲੈਂਦੀ ਸੀ। ਪੱਚੀਆਂ ਵਰ੍ਹਿਆਂ ਦੀ ਬੁਲਬੁਲ ਵਰਗੀ ਜੱਟੀ ਪੰਜਾਹਾਂ ਵਰ੍ਹਿਆਂ ਦੇ ਢੋਡਰ ਕਾਂ ਨਾਲ ਪਿੰਜਰੇ ਵਿਚ ਬੰਦ ਕੀਤੀ ਪਈ ਸੀ। ਚਾਚਾ ਵਰਿਆਮਾ ਬੁੱਢਾ ਹੋਣ ਤੋਂ ਬਿਨਾਂ ਸਿਰੇ ਦਾ ਅਫ਼ੀਮੀ ਪੋਸਤੀ ਵੀ ਸੀ। ਹੋਰ ਤਾਂ ਹੋਰ, ਅਫ਼ੀਮ ਦੀ ਪੀਨਕ ਵਿਚੋਂ ਜਾਗਦਾ ਸੌ ਘੋਰੀਆਂ ਦਾ ਘੋਰੀ ਚਾਚਾ ਜਦ ਨੱਕ ਵਿਚ ਬੋਲ ਕੇ ਆਪਣੀ ਕਿਰਪਾਲੋ ਨੂੰ 'ਵਾਜ ਮਾਰਦਾ ਤਾਂ ਚਾਚੀ ਵਿਚਾਰੀ ਨੂੰ ਧੁੜਧੁੜੀ ਆ ਜਾਂਦੀ। ਜ਼ਿੰਦਗੀ ਦੇ ਜ਼ਹਿਰ ਨਾਲ ਦਿਲੋਂ ਭਾਵੇਂ ਚਾਚੀ ਫੂਕ ਹੋ ਕੇ ਰਹਿ ਗਈ ਸੀ ਪਰ ਫੁਕੇ ਦਿਲ ਨਾਲ ਵੀ ਤਾਂ ਕਈ ਵਾਰ ਜਿਉਣਾ ਹੀ ਪੈਂਦਾ ਹੈ। ਸਾਹਮਣੇ, ਫਾਟਕ ਦੀ ਬੂਲ ਚੀਕੀ ਤਾਂ ਵਿਹੜੇ ਵਿਚ ਇਕੱਲੀ ਕਪਾਹ ਵੇਲਦੀ ਚਾਚੀ ਨੇ ਵੇਖਿਆ, ਕਿਸ਼ਨੇ ਬਲਿਆਣੇ ਦਾ ਬੰਤੂ ਕਾਲੀ ਗਾਨੀ ਦੀ ਤਵੀਤੀ ਉਤੇ ਨਿੰਮਾ ਨਿੰਮਾ ਮੁਸਕਰਾਉਂਦਾ ਆ ਰਿਹਾ ਹੈ, "ਆ ਵੇ ਬੰਤਿਆ, ਤੂੰ ਤਾਂ ਈਦ ਦਾ ਈ ਚੰਦ ਬਣ ਗਿਆ ਦੋਜਕੀਆ, ਅੱਖ 'ਚ ਪਾਉਣ ਨੂੰ ਨ੍ਹੀਂ ਮਿਲਦਾ ਕਿਤੇ। ਅੱਜ ਤਾਂ ਡੁੱਲ੍ਹ ਡੁੱਲ੍ਹ ਜਾਨੈਂ ਵੇ। ਕੁਸ ਲੱਥ ਗਿਆ ਕਿਤੋਂ?"

"ਬਈ ਚਾਚੀ, ਬਈ ਗੱਲ ਐ ਇਕ, ਪਰ ਗਾਹਾਂ ਕਰਨ ਵਾਲੀ ਨਹੀਂ।"

ਝੱਟ ਵੇਲਣਾ ਥੰਮ੍ਹ ਕੇ ਚਾਚੀ ਬੋਲੀ, "ਅੱਗੇ ਤੇਰੀਆਂ ਕਿਹੜੀਆਂ ਕੀਤੀਆਂ ਵੇ ਗਾਹਾਂ?" ਤੇ ਫੇਰ ਉਹ ਅਸਲ ਨਾਲੋਂ ਹੌਲੀ ਆਵਾਜ਼ ਬਣਾਉਂਦੀ ਬੋਲੀ, "ਬੜੀਆਂ ਬੜੀਆਂ ਗੱਲਾਂ ਪਚਾਈਆਂ ਅਸੀਂ ਸੋਹਣਿਆਂ! ਮੇਰੇ ਵਰਗਾ ਹਾਜਮਾ ਕੀਹਦਾ ਹੋਣੈ? ਬਰੂਦ ਮਾਂਗਣ ਭਰੀ ਪਈ ਐ ਹਿੱਕ ਮੇਰੀ," ਕਹਿੰਦਿਆਂ, ਠੰਢਾ ਜਿਹਾ ਸਾਹ ਭਰ ਕੇ ਚਾਚੀ ਚੁੱਪ ਹੋ ਗਈ।

ਇਕ ਪਲ ਰੁਕ ਕੇ ਬੰਤਾ ਬੋਲਿਆ, "ਸੱਚ, ਚਾਚਾ ਕਿੱਥੇ ਐ?"



"ਹੁਣੇ ਗਿਐ ਬਾਹਰ ਨੂੰ ਡੋਡੇ ਪੀ ਕੇ।"

"ਬਈ ਚਾਚੀ, ਬਈ ਹੋਰ ਤਾਂ ਕੁਸ ਨ੍ਹੀਂ, ਬਈ ਕਹੀ ਗੱਲ ਦੂਰ ਤੱਕ ਚਲੀ ਜਾਂਦੀ ਐ...।"

"ਲੈ ਤੂੰ ਨਾ ਦੱਸ ਵੇ, ਰੱਖ ਆਪਦੇ ਈ ਕੋਲ!" ਤੇ ਹਰਖ ਨਾਲ ਕਾਹਲੀ ਕਾਹਲੀ ਚਾਚੀ ਦਾ ਵੇਲਣਾ ਚੀਕੂੰ ਚੀਕੂੰ ਕਰਨ ਲੱਗਾ।

"ਨਹੀਂ ਚਾਚੀ," ਬੰਤੂ ਨੇ ਚਾਚੀ ਦਾ ਹੱਥ ਰੋਕਦਿਆਂ ਕਿਹਾ, "ਮੈਂ ਤਾਂ ਏਹੀ ਕਹਿਨਾਂ, ਬਈ ਜਿੰਨਾ ਕਿਸੇ ਦਾ ਪੜਦਾ ਬਣਿਆ ਰਹੇ, ਓਨਾ ਚੰਗਾ।"

"ਦੇਖ," ਚਾਚੀ ਨੇ ਗਰਦਨ ਉਤੇ ਉਂਗਲੀ ਫੇਰਦਿਆਂ ਆਖਿਆ, "ਆਹ ਸਿਰ ਭਾਵੇਂ ਚਲਿਆ ਜਾਵੇ, ਪਰ ਸਿਦਕ ਨਾ ਜਾਵੇ, ਅਸੀਂ ਤਾਂ ਬਸ ਇਹ ਜਾਣਦੇ ਆਂ। ਸਾਡੇ ਸਿਰ 'ਤੇ ਮੱਲਾ, ਭਾਵੇਂ ਖੂਹ ਪੁੱਟ, ਮਜਾਲ ਐ ਦੂਜੇ ਕੰਨ ਖ਼ਬਰ ਵੀ ਹੋਵੇ।" ਚਾਚੀ ਨੇ ਦਿਲਾਂ ਦੀ ਮਹਿਰਮ ਬਣ ਕੇ ਆਖਿਆ। ਕਾਸ਼ਣੀ ਦੁਪੱਟੇ ਹੇਠ ਉਹਦੀਆਂ ਅੱਖਾਂ ਦੇ ਸ਼ਰਬਤੀ ਡੋਰੇ ਹੋਰ ਗੂਹੜੇ ਹੋ ਗਏ ਤੇ ਬਦਾਮੀ ਠੋਡੀ ਉਤੇ ਖੁਣਿਆਂ ਗੂੜ੍ਹਾ ਨੀਲਾ ਤਿਲ ਹੋਰ ਪਿਆਰਾ ਦਿੱਸਣ ਲੱਗਾ।

"ਨਹੀਂ ਚਾਚੀ, ਜੋ ਤੂੰ ਸਮਝੀ ਐਂ, ਉਹ ਗੱਲ ਨਹੀਂ।"

"ਤਾਂ ਫੇਰ ਕਿਹੜੀ ਐ ਵੇ? ਦੱਸਦਾ ਕਿਉਂ ਨਹੀਂ? ਗੱਡ ਹੋਣਾ, ਛਿੱਕਲੀ ਦੇਈ ਬੈਠੈਂ ਮੂੰਹ ਨੂੰ।"

"ਲੈ ਖੋਲ੍ਹ ਦਿੰਨਾਂ ਛਿੱਕਲੀ...।"

ਤੇ ਫੇਰ ਜਿਹੜੀ ਵੀ ਗੱਲ ਸੀ, ਬੰਤੂ ਨੇ ਥੋੜ੍ਹਾ ਥੋੜ੍ਹਾ ਹੱਸਦਿਆਂ ਤੇ ਰਸ ਲੈਂਦਿਆਂ ਸਾਰੀ ਦੀ ਸਾਰੀ ਚਾਚੀ ਨੂੰ ਦੱਸ ਦਿੱਤੀ।

ਚਾਚੀ ਭਾਵੇਂ ਸਾਰੀ ਗੱਲ ਵਿਚ ਮਿੱਠਾ ਮਿੱਠਾ ਹੁੰਗਾਰਾ ਭਰਦੀ ਰਹੀ ਸੀ ਪਰ ਜਦ ਬੰਤੂ ਜਾਣ ਲੱਗਿਆ ਤਾਂ ਈਰਖਾ ਦੇ ਅਚੇਤ ਭਾਵ ਨਾਲ ਥੋੜ੍ਹਾ ਚੱਬ ਕੇ ਕਹਿਣ ਲੱਗੀ, "ਦੇਖ ਲੈ, ਬੜੇ ਘਰਾਂ ਦੀਆਂ ਗੱਲਾਂ, ਬਾਪ ਜੈਲਦਾਰ ਕਹਾਉਂਦੈ, ਧੀ ਅਹਿ ਚੱਜ ਕਰਦੀ ਐ!"

"ਬੱਸ ਬੱਸ। ਦੇਖ ਚਾਚੀ, ਗੱਲ ਐਥੇ ਈ ਰੱਖੀਂ, ਗਾਹਾਂ ਨ੍ਹੀਂ ਬੋਲਣਾ ਆਪਾਂ।" ਬੂਹੇ ਉਤੇ ਮੁੜ ਕੇ ਤੱਕਦਿਆਂ ਬੰਤੂ ਨੇ ਉਂਗਲੀ ਮਾਰੀ।

"ਨਾ ਐਂ ਤਾਂ ਬੇ-ਚਿੰਤ ਰਹੁ, ਐਂ ਨ੍ਹੀਂ ਮੈਂ ਕੱਚੀ," ਚਾਚੀ ਨੇ ਹਾਮੀ ਓਟੀ।

ਬੰਤੂ ਚਲਿਆ ਗਿਆ ਪਰ ਚਾਚੀ ਦੇ ਦਿਲ ਵਿਚ ਧੁਖਧੁਖੀ ਲਗ ਗਈ। ਕਿੰਨੀ ਵਾਰ ਉਹ ਖ਼ਿਆਲ ਵਿਚ ਆਪਣੇ ਆਪ ਨਾਲ ਮੁਸਕਰਾਈ।

ਚਾਚੀ ਦਾ ਘਰ ਕੀ ਸੀ, ਕਬੂਤਰਖ਼ਾਨਾ ਸੀ। ਚਾਚਾ ਤਾਂ ਡੋਡਿਆਂ ਦੀ ਚਾਹ ਨਾਲ ਅਫ਼ੀਮ ਦਾ ਮਾਵਾ ਚਾੜ੍ਹ ਕੇ ਬਾਹਰ ਚੌਂਤਰੇ ਉਤੇ ਜਾ ਕੇ ਊਂਘਣ ਲਗ ਜਾਂਦਾ, ਤੇ ਪਿਛੇ ਕੋਈ ਨਾ ਕੋਈ ਕਬੂਤਰ ਉਡ ਕੇ ਚਾਚੀ ਕੋਲ ਵਿਹੜੇ ਵਿਚ ਆ ਜਾਂਦਾ। ਦੋ ਪਲ ਗੁਟਕਦਾ, ਦਿਲ ਦੀਆਂ ਗੱਲਾਂ ਕਰਦਾ ਤੇ ਫੇਰ ਹੌਲਾ ਫੁੱਲ ਹੋ ਕੇ ਉਡਾਰੀ ਮਾਰ ਜਾਂਦਾ। ਪਤਾ ਨਹੀਂ ਚਾਚੀ ਵਿਚ ਕਿਹੜੀ ਖਿੱਚ ਸੀ ਕਿ ਦਮੜੀ ਦਾ ਸੱਕ ਮਲ ਕੇ ਪਿੰਡ ਦੇ ਸਾਰੇ ਤਵੀਤੀਆਂ ਵਾਲੇ ਉਸ ਨੇ ਮੋਹ ਲਏ ਸਨ। ਦੀਵੇ ਦੀ ਲਾਟ ਉਤੇ ਜਿਵੇਂ ਭੰਬਟ ਡਿਗ ਡਿਗ ਪੈਂਦੇ ਹਨ, ਸਾਰੇ ਗਭਰੀਟ ਮਰ ਜਾਂਦੇ। ਜਦੋਂ ਬੋਲਦੀ, ਜਾਨ ਕੱਢ ਲੈਂਦੀ।

ਚਾਚੀ ਨੇ ਲੱਖ ਜਤਨ ਕੀਤਾ ਕਿ ਗੱਲ ਨੂੰ ਢਿੱਡੋਂ ਬਾਹਰ ਨਾ ਕੱਢੇ, ਪਰ ਉਹਨੂੰ ਜਾਪਦਾ ਜਿਵੇਂ ਪੋਟਲੀ 'ਚ ਬੰਨ੍ਹੀ ਹੋਈ ਵਾਸ਼ਨਾ ਗੁੱਠਾਂ, ਕੋਨਿਆਂ ਵਿਚੋਂ ਆਪੇ ਬਾਹਰ ਨਿਕਲ ਜਾਂਦੀ ਹੈ। ਇਸ਼ਕ ਹੁਸਨ ਦੇ ਭੇਤ ਮਿੱਠੀ ਜਿਹੀ ਵਾਸ਼ਨਾ ਹੀ ਤਾਂ ਹੁੰਦੇ ਹਨ। ਤੇ ਇਹ ਵਾਸ਼ਨਾ ਚਾਚੀ ਕੋਲੋਂ ਖਿੱਲਰ ਹੀ ਗਈ ਤੇ ਖਿੱਲਰੀ ਵੀ ਏਕਣ ਜਿਵੇਂ ਦੀਵੇ ਨਾਲ ਦੀਵਾ ਲਗਦਾ ਹੋਵੇ।

ਅੰਦਰੇ ਅੰਦਰ, ਪਿੰਡ ਦੇ ਹਰ ਤਰ੍ਹਾਂ ਦੇ ਲੋਕਾਂ ਵਿਚ ਖਿਚੜੀ ਪੱਕਣ ਲੱਗੀ। ਮੁਸ਼ਕੇ ਹੋਏ ਗਭਰੀਟ ਕੰਨਾਂ ਵੱਲੋਂ ਡੁਲ੍ਹਦੇ ਹਾਸਿਆਂ ਨੂੰ ਰੋਕ ਰੋਕ ਇੱਕ ਦੂਜੇ ਨੂੰ ਮਿਲਦਿਆਂ ਰਮਜ਼ਾਂ ਸੁੱਟਦੇ, "ਨਵੇਂ ਚੰਨ ਦੀ ਰਾਮ ਬਈ...!" ਤੇ ਫੇਰ ਨਿੱਕੀ ਜਿਹੀ ਘੁਸਰ ਮੁਸਰ ਕਰ ਕੇ ਸਿਰ ਮਾਰਦੇ ਤੁਰ ਜਾਂਦੇ।

ਪੱਕੇ ਹੋਏ ਬੀਂਬੜ ਕਹਿੰਦੇ, "ਓਏ ਆਪਾਂ ਨੇ ਰੌਲਾ ਕਾਹਨੂੰ ਪਾਉਣੈਂ, ਭੇਲੀ ਫੁੱਟੂ ਤਾਂ ਗੁੜ ਦੀ ਰੋੜੀ ਸਾਨੂੰ ਵੀ ਮਿਲੂ।"

ਬੁੱਢੇ ਠੇਰੇ ਇੱਕ ਦੂਜੇ ਤੋਂ ਸੁਣ ਕੇ ਹਉਕਾ ਭਰਦੇ, "ਕਲਜੁਗ ਆ ਗਿਆ ਕਲਜੁਗ, ਅਸੀਂ ਵੀਹ ਵੀਹ ਸਾਲ ਦੇ ਕੁੜੀਆਂ ਮੁੰਡੇ ਨੰਗੇ ਹੀ ਖੇਡਦੇ ਰਹਿੰਦੇ ਸੀ ਰਲ ਕੇ। ਕੋਈ ਜਾਣਦਾ ਵੀ ਨਹੀਂ ਸੀ ਹੁੰਦਾ ਇਹ ਗੱਲਾਂ।"

ਤੇ ਬੁੱਢੀਆਂ ਮਾਈਆਂ ਸਿਰ ਜੋੜ ਜੋੜ ਬੁਰਾ ਜਿਹਾ ਮੂੰਹ ਬਣਾ ਕੇ ਹੱਥ ਫਿਟਕਾਰਦੀਆਂ ਘੁਰ ਘੁਰ ਕਰਦੀਆਂ, "ਨਾ ਭਾਈ, ਖਲਾਉਣ ਦਾ ਲਾਡ, ਪਨ੍ਹਾਉਣ ਦਾ ਲਾਡ, ਇਹੋ ਜੇਹੀ ਧੀ ਦਾ ਤਾਂ ਜੰਮਦੀ ਦਾ ਹੀ ਗਲ ਘੁੱਟ ਦੇਵੇ। ਐਹ ਨਤੀਜੇ ਨੇ ਦੋ ਦੋ ਗੁੱਤਾਂ ਦੇ। ਹੋਰ ਪੜ੍ਹਾਉਣ ਦਸਮੀਆਂ। ਅਜੇ ਤਾਂ ਬੱਈਆ ਪਾਸ ਕਰਾਉਣੈ!"

ਇਹ ਗੱਲਾਂ ਕਰਦਿਆਂ ਭਾਵੇਂ ਲੋਕੀਂ ਆਪੋ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਹੋਰ ਬਣਾਉਂਦੇ ਸਨ ਪਰ ਇੱਕ ਗੱਲ ਉਤੇ ਆਪਣੇ ਆਪ ਹੀ ਉਹ ਸਾਰੇ ਇੱਕ ਸਨ ਕਿ ਪਿੰਡ ਵਿਚ ਇੱਕ ਦੀ ਇੱਜ਼ਤ ਸਾਰਿਆਂ ਦੀ ਇੱਜ਼ਤ ਹੈ। ਇਸ ਲਈ ਹਰ ਕੋਈ ਗੱਲ ਨੂੰ ਸਿਰਫ਼ ਆਪਣੇ ਕੋਲ ਹੀ ਰੱਖਣ ਲਈ ਹਰ ਕਿਸੇ ਨੂੰ ਜ਼ੋਰ ਦੇ ਕੇ ਆਖਣਾ ਆਪਣਾ ਫ਼ਰਜ਼ ਸਮਝਦਾ ਸੀ।

ਤਾਂ ਵੀ, ਰੂੰ ਵਾਂਗ ਪੋਲੇ ਪੋਲੇ ਪੈਰ ਧਰਦੀ ਇਹ ਗੱਲ ਕਿਸੇ ਤਰ੍ਹਾਂ ਨੰਦੀ ਸਮਰਾਲੋ ਤੱਕ ਜਾ ਪਹੁੰਚੀ। ਨੰਦੀ ਸਮਰਾਲੋ ਜ਼ੈਲਦਾਰਾਂ ਦੀ ਸ਼ਰੀਕਣੀ ਸੀ ਜੋ ਪਹਿਲਾਂ ਕਿਸੇ ਹੋਰ ਥਾਂ ਵਿਆਹੀ ਹੋਈ ਸੀ ਪਰ ਕਿਸੇ ਗੱਲੋਂ ਛੁੱਟੜ ਹੋ ਕੇ ਬਾਰਾਂ ਵਰ੍ਹੇ ਪੇਕਿਆਂ ਦੇ ਘਰ ਬੈਠਣ ਮਗਰੋਂ ਅਖ਼ੀਰ ਬੁੱਢੇ ਪੈਨਸ਼ਨੀਏ, ਜ਼ੈਲਦਾਰ ਦੇ ਚਾਚੇ ਦੇ ਪੁੱਤ ਚੇਤ ਸਿੰਘ ਜਮਾਂਦਾਰ ਨਾਲ ਕਰੇਵਾ ਕਰ ਕੇ ਆ ਗਈ ਸੀ। ਹੁਣ ਤਾਂ ਆਈ ਨੂੰ ਵੀ ਵੀਹ ਵਰ੍ਹੇ ਹੋ ਚੁੱਕੇ ਸਨ ਪਰ ਅਜੇ ਵੀ ਸ਼ਰੀਕੇ ਵਾਲੇ ਜਮਾਂਦਾਰ ਦੇ ਘਰ ਨੰਦੀ ਦੇ ਆਉਣ ਨਾਲ ਨੰਦੀ ਨੂੰ ਆਪਣੇ ਵਰਗਾ ਉੱਚਾ ਹੋਇਆ ਸਮਝਣ ਦੀ ਥਾਂ ਉਹ ਜਮਾਂਦਾਰ ਨੂੰ ਹੀ ਨੰਦੀ ਵਰਗਾ ਨੀਵਾਂ ਹੋਇਆ ਗਿਣਦੇ ਸਨ, "ਖਬਰੇ ਕਿਥੋਂ ਕਿਥੋਂ ਉਧਲ ਕੇ ਆਈ ਐ। ਚੂਹੜੀ ਐ ਕਿ ਚਮਾਰੀ। ਕੋਈ ਸਿਹਰਿਆਂ ਦੀ ਬੰਨ੍ਹ ਤਾਂ ਨਹੀਂ...!" ਵੀਹ ਵਰ੍ਹਿਆਂ ਦੀ ਖ਼ੁਆਰੀ ਤੇ ਵੀਹ ਵਰ੍ਹਿਆਂ ਦੀਆਂ ਚੋਭਾਂ ਨਾਲ ਨੰਦੀ ਦਾ ਦਿਲ ਅੰਭਿਆ ਪਿਆ ਸੀ। ਜਦ ਕਦੇ ਕੋਈ ਛੇੜ ਛਿੜ ਜਾਂਦਾ ਤੇ ਨੰਦੀ ਦਿਲ ਦਾ ਗੁਬਾਰ ਕੱਢਣ ਲਈ ਬਾਹਾਂ ਉਲਾਰ ਉਲਾਰ ਚਿਣਗਾਂ ਛੇੜਨ ਵਾਲਿਆਂ ਦਾ ਅੱਗਾ ਪਿੱਛਾ ਪੁਣਦੀ ਤਾਂ ਸਾਰਾ ਸ਼ਰੀਕਾ ਥਰ ਥਰ ਕੰਬਣ ਲੱਗ ਜਾਂਦਾ। ਸ਼ਰੀਕਣੀਆਂ ਨੇ ਭਾਵੇਂ ਭੰਡ ਭੰਡ ਉਹਨੂੰ 'ਛੁੱਟੀ ਹੋਈ' ਧੁਮਾ ਛੱਡਿਆ ਸੀ, ਪਰ ਨੰਦੀ ਇੰਨੀ ਬੁਰੀ ਨਹੀਂ ਸੀ ਜਿੰਨੀ ਉਹਨੂੰ ਬਣਾਇਆ ਗਿਆ ਸੀ। ਅਤੇ ਇਸ ਕੰਮ ਵਿਚ ਜ਼ੈਲਦਾਰਾਂ ਦਾ ਘਰ ਸਾਰੇ ਸ਼ਰੀਕੇ ਨਾਲੋਂ ਅੱਗੇ ਸੀ।

ਇਕ ਵਾਰ ਤਾਂ ਨੰਦੀ ਨੂੰ ਜਾਪਿਆ ਜਿਵੇਂ ਉਹਦੇ ਹੱਥ ਕੋਈ ਚੰਗਾ ਹਥਿਆਰ ਆ ਗਿਆ ਹੈ ਜਿਸ ਨਾਲ ਉਹ ਬੜੇ ਨੱਕ ਵਾਲਿਆਂ ਦਾ ਹੁਣ ਨੱਕ ਭੰਨ ਸਕੇਗੀ ਪਰ ਫੇਰ ਉਹਨੇ ਸੋਚਿਆ, ਹੱਥ ਵਿਚ ਮਸੀਂ ਆਏ ਹਥਿਆਰ ਨੂੰ ਐਵੇਂ ਤੱਤ ਭੜੱਤ ਵਿਚ ਵਰਤ ਕੇ ਹੀ ਖੁੰਢਾ ਨਹੀਂ ਕਰ ਲੈਣਾ ਚਾਹੀਦਾ। ਤੇਲ ਦੇਖੋ, ਤੇਲ ਦੀ ਧਾਰ ਦੇਖੋ।

ਅਗਲੇ ਦਿਨ ਉਹ ਕੋਈ ਸੌਦਾ ਲੈਣ ਦੇ ਬਹਾਨੇ ਬਿਰਜੂ ਬਾਹਮਣ ਦੀ ਹੱਟੀ ਉਤੇ ਆਈ। ਬਿਰਜੂ ਬਾਹਮਣ ਜਮਾਂਦਾਰ ਚੇਤ ਸਿੰਘ ਦਾ ਹੀ ਨਹੀਂ, ਨੰਦੀ ਸਮਰਾਲੋ ਦਾ ਵੀ ਮੁਲਾਹਜ਼ੇਦਾਰ ਸੀ। ਤਖ਼ਤੇ ਦੇ ਓਹਲੇ ਖੜੋ ਕੇ ਉਹ ਕਿੰਨਾ ਕਿੰਨਾ ਚਿਰ ਗੱਲਾਂ ਕਰ ਲੈਂਦੇ ਸਨ। ਬਿਰਜੂ ਬਾਹਮਣ ਜਿਥੇ ਮਹਾਂਬੀਰ ਨੂੰ ਪੂਜਦਾ ਅਤੇ ਗੀਤਾ ਗਾਇਤਰੀ ਦਾ ਪਾਠ ਕਰਦਾ ਸੀ, ਉਥੇ ਵਾਰਿਸ ਸ਼ਾਹ ਦੀ ਹੀਰ ਅਤੇ ਆਸ਼ਕਾਂ ਦੇ ਹੋਰ ਕਿੱਸੇ ਵੀ ਬੜੀ ਲਟਕ ਨਾਲ ਗਾਉਂਦਾ ਸੀ। ਨੰਦੋ ਦੀ ਗੱਲ ਸੁਣੀ ਤਾਂ ਸੰਘਣੀਆਂ ਸਲੇਟੀ ਮੁੱਛਾਂ ਵਿਚੋਂ ਮੁਸਕਰਾ ਕੇ ਬੜੇ ਪ੍ਰੇਮ ਨਾਲ ਬੋਲਿਆ, "ਦੇਖ ਨੰਦ ਕੁਰੇ, ਕਚੀਰਾ ਨਾ ਕਰੀਂ, ਧੀ ਭੈਣ ਸਭ ਦੀ ਸਾਂਝੀ। ਦੁਨੀਆਂ ਈ ਮੁਲਾਹਜ਼ੇ ਪੂਰਦੀ ਐ, ਕੀ ਹੋਇਆ ਜੇ ਐਵੇਂ ਕਿਤੇ ਨਿਆਣੇ ਹੱਸ ਕੇ ਬੋਲ ਪਏ।"

"ਇਕ ਵਾਰੀ ਤਾਂ ਦਾਦੀ ਦਾ ਚੂੰਡਾ ਹਲੂਣ ਕੇ ਛੱਡਣੈ!" ਨੰਦੋ ਅੰਗੂਠਾ ਦਿਖਾਉਂਦੀ ਮੁੱਕੀ ਨੂੰ ਹਵਾ ਵਿਚ ਹਿਲਾਉਂਦੀ ਬੋਲੀ, "ਬਣੀ ਫਿਰਦੀ ਐ ਰਕਾਨ, ਦਾਨੀ ਦੁਆਰਕਾਂ। ਲੋਕਾਂ ਦੀਆਂ ਗੱਲਾਂ ਬਣਾਉਂਦੀ ਐ, ਜਣੀ ਖਣੀ ਨੂੰ ਬੁੱਲ੍ਹ ਕੱਢਦੀ ਐ। ਨੱਕ ਹੇਠ ਈ ਨ੍ਹੀਂ ਆਉਂਦਾ ਕੋਈ। ਹੁਣ ਫੇਰੇ ਤਾਂ ਆਪਣੇ ਮੰਜੇ ਹੇਠ ਸੋਟੀ!" ਨੰਦੋ ਜ਼ੈਲਦਾਰ ਦੇ ਘਰਵਾਲੀ, ਆਪਣੀ ਸ਼ਰੀਕਣੀ, ਹਰ ਕੌਰ ਬੇਬੇ ਉਤੇ ਘੁਰੀ ਹੋਈ ਸੀ।

(ਬਾਕੀ ਅਗਲੇ ਸਫੇ 'ਤੇ)

"ਨਾ ਬਈ ਸਰਦਾਰਨੀ, ਤੱਤ ਨਾ ਕਰ ਬਹੁਤਾ, ਦੇਖ ਸਿਆਣੇ ਕੀ ਕਹਿੰਦੇ ਨੇ: ਅਖੇ, ਵਾਰੇ ਸ਼ਾਹ ਨਾ ਭੇਤ ਸੰਦੂਖ ਖੁੱਲ੍ਹੇ, ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਏ...ਬੱਸ, ਐਨੀਓਂ ਅਰਜ ਹੈ ਸਾਡੀ।" ਬਿਰਜੂ ਬਾਹਮਣ ਵਿਚ ਵੱਸਦਾ ਆਸ਼ਕ ਮਿੰਨਤਦਾਰ ਹੋ ਕੇ ਬੋਲਿਆ।

"ਤੇਰੀ ਤਾਂ ਨਿੱਤ ਕੋਈ ਨਾ ਕੋਈ ਅਰਜ ਰਹਿੰਦੀ ਐ, ਕਿਹੜੀ ਕਿਹੜੀ ਮੰਨਾਂ?"

"ਹੁਣ ਤਾਂ ਐਨੀਓਂ ਮੰਨ ਲੈ, ਨੰਦ ਕੁਰੇ; ਕੁੜੀ ਦੀ ਬਦਨਾਮੀ ਹੋ ਜੂ!"

"ਇਕ ਵਾਰੀ ਹਰ ਕੁਰ ਨਾਲ ਗੱਲਾਂ ਦੋ ਜਰੂਰ ਕਰਨੀਆਂ!"

"ਉਹਦੇ ਨਾਲ ਜਿੱਕਣ ਮਰਜੀ ਆੜ ਰੱਖ ਪਰ ਗਾਹਾਂ 'ਵਾਜ ਨਾ ਕੱਢੀਂ!"

"ਚਲ ਨਹੀਂ ਕੱਢਦੀ," ਨੰਦੀ ਅੱਧੇ ਕੁ ਦਿਲ ਨਾਲ ਬੋਲੀ, ਤੇ "ਐਨਾ ਵੀ ਤੇਰੇ ਮੂੰਹ ਨੂੰ ਐ ਪਰ..." ਕਹਿੰਦਿਆਂ ਚਲੀ ਗਈ।

ਨੰਦੋ ਸਮਰਾਲੋ ਨੂੰ ਲਲ੍ਹਕ ਤਾਂ ਕਈ ਵਾਰ ਉਠੀ ਕਿ ਖਸਮਾਂ ਨੂੰ ਖਾਵੇ ਬਿਰਜੂ ਬਾਹਮਣ, ਐਨ ਚੁਰਾਹੇ ਵਿਚ ਭਾਂਡਾ ਭੰਨ ਕੇ ਇੱਕ ਵਾਰੀ ਤਾਂ ਜ਼ੈਲਦਾਰੀ ਦਾ ਭਾਰ ਹਲਕਾ ਕਰ ਦੇਵੇ ਪਰ ਫੇਰ ਉਹਦਾ ਅੰਦਰਲਾ ਹੀ ਉਹਨੂੰ ਕਿਵੇਂ ਨਾ ਕਿਵੇਂ ਮੋੜ ਦਿੰਦਾ, 'ਕਾਹਨੂੰ ਅੱਗਾ ਮਾਰਨੈਂ ਸਿਆਣੀ ਧੀ ਦਾ।' ਪਰ ਨੰਦੀ ਆਪਣੀ ਜੇਠਾਣੀ ਹਰ ਕੌਰ ਜ਼ੈਲਦਾਰਨੀ ਨਾਲ ਦੋ ਗੱਲਾਂ ਜ਼ਰੂਰ ਕਰਨੀਆਂ ਚਾਹੁੰਦੀ ਸੀ। ਸੋ, ਇੱਕ ਦਿਨ ਘਗਰਾ ਪਾ ਕੇ ਉਹ ਜ਼ੈਲਦਾਰਨੀ ਵੱਲ ਚਲੀ ਹੀ ਗਈ, "ਪੈਰੀਂ ਪੈਨੀਂ ਆਂ ਬੇਬੇ।"

"ਸਾਈਂ ਜੀਵੇ, ਬੀਰ ਜੀਵੇ, ਦੇਹ ਨਰੋਈ, ਬੁੱਢ ਸੁਹਾਗਣ...।" ਹਰ ਕੌਰ ਨੇ ਬੁੱਲ੍ਹਾਂ ਵਿਚ ਅਸੀਸ ਬੁੜਬੁੜਾਈ, "ਪੀੜ੍ਹੀ ਲੈ ਲੈ ਨੰਦ ਕੁਰੇ!"

ਪੀੜ੍ਹੀ ਉਤੇ ਬਹਿੰਦਿਆਂ, ਆਲਾ ਦੁਆਲਾ ਦੇਖ ਕੇ ਨੰਦ ਕੌਰ ਹੌਲੀ 'ਵਾਜ ਵਿਚ ਬੋਲੀ, "ਇਕ ਗੱਲ ਕਰਨ ਆਈ ਆਂ ਮੈਂ ਤਾਂ...ਤੈਂ ਨ੍ਹੀਂ ਕੁਸ ਸੁਣਿਆ ਬੇਬੇ?"

"ਨਾ ਬਹੂ!" ਹਰ ਕੌਰ ਬੇਬੇ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ।

"ਦੇਖ ਬੇਬੇ, ਗੁੱਸਾ ਤਾਂ ਨਾ ਕਰੀਂ, ਜੇ ਦੁੱਖ ਮੰਨੀਦੈ ਤਾਂ ਹੀ ਆਹ ਨਿਕਲਦੀ ਐ। ਆਪਾਂ ਭਾਵੇਂ ਕਿਵੇਂ ਰਹੀਏ ਪਰ ਧੀ ਜਿਹੀ ਤੇਰੀ, ਜਿਹੀ ਮੇਰੀ...।"

ਹਰ ਕੌਰ ਦਾ ਕਾਲਜਾ ਧੱਕ ਧੱਕ ਕਰਨ ਲੱਗਾ, "ਲੈ ਕਿਤੇ ਦੋ ਤਾਂ ਨ੍ਹੀਂ ਕਮਲੀਏ।" ਉਹਨੇ ਖ਼ੁਸ਼ਕ ਹੁੰਦੇ ਸੰਘ ਵਿਚੋਂ ਮਸੀਂ ਆਖਿਆ।

ਨੰਦੀ ਭਾਵੇਂ ਇਸ ਗੱਲ ਲਈ ਤਿਆਰ ਹੋ ਕੇ ਵੀ ਆਈ ਸੀ ਕਿ ਜੇ ਸੁਣ ਕੇ ਜ਼ੈਲਦਾਰਨੀ ਉਲਟਾ ਅੱਗਿਓਂ ਸਿਰ ਨੂੰ ਆਈ ਤਾਂ ਅੱਜ ਉਹ ਵੀ ਚੰਗੀ ਤਰ੍ਹਾਂ ਉਹਦੀ ਛੋਤ ਝਾੜ ਕੇ ਹੀ ਛੱਡੇਗੀ ਪਰ ਤਾਂ ਵੀ ਉਹਨੇ ਹੌਲੀ ਹੌਲੀ ਬੋਲ ਕੇ ਅਪਣੱਤ ਭਰੇ ਢੰਗ ਨਾਲ, ਭੇਤ ਵਾਲੀ ਸਾਰੀ ਗੱਲ, ਜਿਵੇਂ ਉਹਨੇ ਸੁਣੀ ਸੀ, ਸਾਰੀ ਉਹਨੂੰ ਕਹਿ ਸੁਣਾਈ।

ਹਰ ਕੌਰ ਬੇਬੇ ਨੇ ਸੁਣਦਿਆਂ ਹੀ ਸਿਰ ਦਾ ਦੁਪੱਟਾ ਲਾਹ ਕੇ ਨੰਦ ਕੌਰ ਦੇ ਪੈਰਾਂ ਵਿਚ ਰੱਖ ਦਿੱਤਾ, "ਮੇਰੀ ਇੱਜ਼ਤ ਤੇਰੇ ਪੈਰਾਂ ਵਿਚ। ਦੇਖੀਂ ਨੰਦ ਕੁਰੇ, ਪਿੰਡ ਵਿਚ ਕੁਰ ਕੁਰ ਨਾ ਹੋ ਜਾਵੇ।"

ਨੰਦੀ ਸਮਰਾਲੋ ਦੀਆਂ ਅੱਖਾਂ ਭਰ ਆਈਆਂ, ਉਹ ਖਿੜਕੀ ਆਵਾਜ਼ ਵਿਚ ਬੋਲੀ, "ਮੇਰੇ ਸਿਰ ਪਾਪ ਨਾ ਚੜ੍ਹਾ ਬੇਬੇ, ਮੈਂ ਕਾਹਨੂੰ ਕਹਿਣੈ ਕਿਸੇ ਕੋਲ। ਮੇਰਾ ਘਰ ਤੇਰੇ ਨਾਲ ਨ੍ਹੀਂ ਮੱਚੂ। ਇੱਕ ਤੇਰੇ ਤਾਈਂ ਚੱਲ ਕੇ ਜਰੂਰ ਆ ਗਈ।"

"ਮੇਰੇ ਕੋਲ ਚੱਲ ਕੇ ਤੂੰ ਜੰਮ ਜੰਮ ਆ, ਆਹ ਤੇਰੇ ਸਾਹਮਣੇ ਮੇਰਾ ਧੌਲਾ ਝਾਟਾ, ਮਨੁੱਖਾਂ ਦੇ ਕੰਨੀਂ ਗੱਲ ਨਾ ਚੜ੍ਹੇ, ਤੂੰ ਅੰਦਰ ਵੜ ਕੇ ਮੇਰੇ ਭਾਮੇਂ ਸੌ ਛਿੱਤਰ ਮਾਰ ਲੈ।"

"ਐਂ ਨਾ ਕਹੁ ਬੇਬੇ, ਐਂ ਨਾ ਕਹੁ। ਮੈਂ ਤਾਂ ਸਾਰੀ ਉਮਰ ਸੀਖਾਂ ਉਤੇ ਭੁੱਜਦੀ ਰਹੀ ਆਂ, ਮੇਰਾ ਦਿਲ ਜਾਣਦੈ, ਕਿੰਨਾ ਸੱਲ ਹੁੰਦੈ ਬਦਨਾਮੀ ਦੇ ਜਿਉਣ ਦਾ।"

"ਨੰਦ ਕੁਰੇ, ਤੂੰ ਬੜੀ ਮੈਂ ਛੋਟੀ...।" ਹਰ ਕੌਰ ਦੇ ਬੁੱਲ੍ਹ ਕੰਬਣ ਲੱਗੇ।

"ਮਾਹਾਂ ਮੋਠਾਂ 'ਚ ਕੌਣ ਬੜਾ ਛੋਟਾ ਬੇਬੇ।"

"ਨੰਦ ਕੁਰੇ, ਅਸੀਂ ਤੇਰੇ ਨਾਲ ਬੜੀਆਂ ਕੀਤੀਆਂ!" ਹਰ ਕੌਰ ਵਰਗਾ ਨਿਮਾਣਾ ਅੱਜ ਕੋਈ ਨਹੀਂ ਸੀ।

"ਤੂੰ ਮੇਰਾ ਵਿਸਾਹ ਕਰ ਬੇਬੇ-ਤੂੰ ਮੈਨੂੰ ਆਪਣੀ ਜਾਣ-ਬੱਸ, ਤੂੰ ਮੈਨੂੰ ਆਪਣੀ ਜਾਣ...।" ਭਰੇ ਗਲੇ ਨਾਲ ਕਹਿੰਦਿਆਂ ਨੰਦੋ ਮੂੰਹ ਉਤੇ ਵਗ ਤੁਰੀਆਂ ਪਾਣੀ ਦੀਆਂ ਘਰਾਲਾਂ ਪੂੰਝਣ ਲੱਗੀ।

ਲੱਖ ਰੰਜੀਆਂ ਦੇ ਹੁੰਦਿਆਂ ਵੀ ਅਪਨਾਏ ਜਾਣ ਲਈ ਤਰਸਦੀ ਨੰਦੋ ਨੇ ਕਦੇ ਵਿਸਾਹਘਾਤ ਨਾ ਕੀਤਾ। ਵਿਚੋ ਵਿਚ ਸੁਲਘਦੀ ਗੱਲ ਭਾਵੇਂ ਸਾਰੇ ਪਿੰਡ ਵਿਚ ਫੈਲ ਚੁੱਕੀ ਸੀ; ਪਰ ਅਸ਼ਕੇ ਪਿੰਡ ਦੇ ਜੋ ਕਿਸੇ ਨੇ ਵੀ ਧੁਖਦੀ ਨੂੰ ਹਵਾ ਦੇਣ ਦਾ ਜਤਨ ਕੀਤਾ ਹੋਵੇ। ਹਰ ਕਿਸੇ ਨੇ ਵਾਹ ਲਗਦੀ, ਇਹ ਭੇਤ ਆਪਣੇ ਕੋਲ ਸਾਂਭਿਆ ਹੋਇਆ ਸੀ।


# ਗੁਰਮੀਤ ਬਾਵਾ ਦੀ ਹੇਕ ਦੀ ਬੁਲੰਦੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪਿਛਲੇ ਹਫਤੇ ਪੰਜਾਬ ਕਲਾ ਭਵਨ ਚੰਡੀਗੜ੍ਹ ਦੇ ਰੰਧਾਵਾ ਆਡੀਟੋਰੀਅਮ ਵਿਚ ਗੁਰਮੀਤ ਬਾਵਾ ਤੇ ਸੁਰਿੰਦਰ ਛਿੰਦਾ ਦੀ ਗਾਇਕੀ ਸੁਣਨ ਨੂੰ ਮਿਲੀ। ਮੈਂ ਗੁਰਮੀਤ ਬਾਵਾ ਦੀ ਗਾਇਕੀ ਤੋਂ ਉਦੋਂ ਦਾ ਜਾਣੂ ਹਾਂ ਜਦੋਂ ਉਹ ਅੱਜ ਦੀ ਉਮਰ ਨਾਲੋਂ ਅੱਧੀ ਉਮਰ ਦੀ ਸੀ। 1978 ਵਿਚ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਕਮੀਊਨੀਕੇਸ਼ਨ ਸੈਂਟਰ ਦਾ ਮੁਖੀ ਹੋਣ ਦੇ ਨਾਤੇ ਮੈਂ ਉਸ ਨੂੰ ਕਿਸਾਨ ਮੇਲੇ ਦੀ ਰੌਣਕ ਵਧਾਉਣ ਦਾ ਸੱਦਾ ਦਿੱਤਾ ਸੀ। ਯੂਨੀਵਰਸਿਟੀ ਦੇ ਦੂਰ ਤੱਕ ਫੈਲੇ ਪੰਡਾਲ ਵਿਚ ਉਸ ਨੇ ਪੀਲੂ ਦੇ ਮਿਰਜ਼ੇ ਵਿਚ 'ਸਾਹਿਬਾਂ ਕਿਹੜੀ ਪਦਮਣੀ ਉਹ ਵੀ ਰੰਨਾ ਵਰਗੀ ਰੰਨ' ਉਤੇ ਤੋੜਾ ਤੋੜਿਆ ਤਾਂ ਉਸ ਦੀ ਲੰਮੀ ਤੇ ਰਸੀਲੀ ਹੇਕ ਨੇ ਧਰਤੀ ਅਤੇ ਰੁੱਖ ਕੰਬਣ ਲਾ ਦਿੱਤੇ। ਮੈਨੂੰ ਬੋਲਾਂ ਨਾਲੋਂ ਵੀ ਵਧ ਉਸ ਦੀ ਚੋਣ ਨੇ ਪ੍ਰਭਾਵਤ ਕੀਤਾ। ਕਿੱਸਿਆਂ ਵਿਚੋਂ ਕਿੱਸਾ ਪੀਲੂ ਦਾ ਮਿਰਜ਼ਾ ਅਤੇ ਪੰਗਤੀਆਂ ਉਹ ਜਿਹੜੀਆਂ ਪੰਜਾਬ ਦੀ ਕਿਰਸਾਣੀ ਦੀਆਂ ਭਾਵਨਾਵਾਂ ਨੂੰ ਸਿਰ ਤੋਂ ਪੈਰਾਂ ਤੱਕ ਹਲੂਣ ਦੇਣ। 'ਬਈ ਨਹੀਂ ਰੀਸਾਂ ਅਵਾਜ਼ ਦੀ ਬੁਲੰਦੀ ਦੀਆਂ' ਹੱਥਾਂ ਵਿਚ ਟਾਕੂਏ ਤੇ ਡਾਂਗਾਂ ਅਤੇ ਮੋਢਿਆ ਉਤੇ ਪਰਨਿਆਂ ਵਾਲੇ ਜੱਟ ਇੱਕ ਅਵਾਜ਼ ਹੋ ਕੇ ਬੋਲ ਰਹੇ ਸਨ। ਉਸ ਨੂੰ ਖੇਤੀ ਕਿਸਾਨ ਮੇਲਿਆਂ ਵਿਚ ਸੱਦਣ ਵਾਲਾ ਕੁਲਵੰਤ ਸਿੰਘ ਵਿਰਕ ਸੀ ਜਿਸ ਵਲੋਂ ਖਾਲੀ ਕੀਤੀ ਕੁਰਸੀ ਉਤੇ ਥੋੜੇ ਸਮੇਂ ਲਈ ਮੈਂ ਬੈਠਿਆਂ ਸਾਂ। ਵਿਰਕ ਦੀ ਚੋਣ ਦੇ ਸਦਕੇ ਜਾਣ ਨੂੰ ਜੀ ਕੀਤਾ। ਉਸ ਤੋਂ 27-28 ਸਾਲ ਪਿਛੋਂ ਮੈਨੂੰ ਮੁਕਤਸਰ ਨੇੜੇ ਦੇ ਪਿੰਡ ਬਰਗਾੜੀ ਵਾਲਿਆਂ ਨੇ ਆਪਣੇ ਫੋਰਮ ਦੇ ਸਾਲਾਨਾ ਸਮਾਗਮ ਲਈ ਸੱਦਿਆ ਤਾਂ ਮੈਂ ਆਪਣੀ ਪਤਨੀ ਸੁਰਜੀਤ ਕੌਰ ਸਮੇਤ ਇਸ ਲਈ ਚਾਈਂ-ਚਾਈਂ ਪਹੁੰਚਿਆ ਕਿ ਉਥੇ ਗੁਰਮੀਤ ਬਾਵਾ ਨੇ ਵੀ ਆਉਣਾ ਸੀ।



ਗੁਰਮੀਤ ਬਾਵਾ

ਉਸ ਦੀ ਅਵਾਜ਼ ਦਾ ਜਾਦੂ ਹਾਲੀ ਵੀ ਮੇਰੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਪ੍ਰੋਗਰਾਮ ਵਿਚ ਵੇਖਿਆ ਕਿ ਉਹ ਜਾਦੂ ਪਹਿਲਾਂ ਵਾਂਗ ਹੀ ਕਾਇਮ ਸੀ। ਮਜਾਲ ਐ ਜ਼ਰਾ ਜਿੰਨਾ ਵੀ ਫਰਕ ਪਿਆ ਹੋਵੇ। ਇਥੇ ਗੁਰਮੀਤ ਬਾਵਾ ਦੇ ਮਿਰਜੇ ਵਿਚ ਹੀ ਨਹੀਂ ਉਸ ਵਲੋਂ ਪੇਸ਼ ਕੀਤੇ ਸੁਹਾਗ ਅਤੇ ਘੋੜੀਆਂ ਵਿਚ ਏਨਾ ਸੋਜ਼ ਅਤੇ ਰਸ ਸੀ ਕਿ ਸੁਰਿੰਦਰ ਛਿੰਦਾ ਦੀ ਮਰਦਾਵੀਂ ਲੋਕ ਅਵਾਜ਼ ਵੀ ਸਰੋਤਿਆਂ ਨੂੰ ਬੰਨ੍ਹ ਕੇ ਨਹੀਂ ਬਿਠਾ ਸਕੀ। ਮੈਂ ਉਸ ਦੇ ਪਤੀ ਤੋਂ ਉਸ ਦੀ ਉਮਰ ਪੁੱਛੀ ਤਾਂ ਯਕੀਨ ਨਹੀਂ ਸੀ ਆ ਰਿਹਾ ਕਿ ਪੰਜਾਬੀ ਗਾਇਕੀ ਦੀ ਇਹ ਮਲਕਾ ਵੱਡੀ ਉਮਰੇ ਵੀ ਲੋਕ ਮਨਾ ਉਤੇ ਪਹਿਲਾਂ ਵਾਂਗ ਹੀ ਰਾਜ ਕਰਨ ਦੇ ਯੋਗ ਹੈ। ਕਲਾ ਭਵਨ ਵਾਲੇ ਸਮਾਗਮ ਵਿਚ ਇਹ ਜਾਣ ਕੇ ਹੋਰ ਵੀ ਖੁਸ਼ੀ ਹੋਈ ਕਿ ਉਸ ਦੀਆਂ ਤਿੰਨ ਧੀਆਂ ਵਿਚੋਂ ਲਾਚੀ ਬਾਵਾ ਤੇ ਗਲੋਰੀ ਬਾਵਾ-ਦੋਵਾਂ ਨੇ ਮਾਂ ਵਾਂਗ ਗਾਇਕੀ ਦਾ ਮਾਰਗ ਅਖਤਿਆਰ ਕੀਤਾ ਹੈ। ਮਾਂ ਵਾਲੀ ਹੇਕ ਉਤੇ ਪਹਿਰਾ ਦੇਣਾ ਤਾਂ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਪਰ ਲਾਚੀ ਦੀ ਪੇਸ਼ਕਾਰੀ ਤੇ ਠਰ੍ਹਮੇ ਨੇ ਸਰੋਤਿਆਂ ਨੂੰ ਬੜਾ ਪ੍ਰਭਾਵਤ ਕੀਤਾ। ਕਲਾਕਾਰ ਮਾਂ ਦੇ ਬੱਚਿਆਂ ਵਿਚ ਕਲਾ ਦੇ ਪ੍ਰਵੇਸ਼ ਦਾ ਸਵਾਗਤ ਕਰਨਾ ਬਣਦਾ ਹੈ।

### ਦਿੱਲੀ ਦੇ ਬਲਾਤਕਾਰੀਆਂ ਲਈ ਮੌਤ ਦੀ ਸਜ਼ਾ ਕਾਫੀ ਨਹੀਂ

ਪਿਛਲੇ ਹਫਤੇ ਦਿੱਲੀ ਦੀ ਇੱਕ ਨਿੱਜੀ ਬੱਸ ਦੇ ਛੇ ਸਵਾਰਾਂ ਵਲੋਂ 23 ਸਾਲਾ ਮੁਟਿਆਰ ਨਾਲ ਕੀਤਾ ਸਮੂਹਕ, ਵਹਿਸ਼ੀਆਨਾ ਤੇ ਘਿਨਾਉਣਾ ਬਲਾਤਕਾਰ ਕਿਸੇ ਵੀ ਧੀ ਭੈਣ ਵਾਲੇ ਨੂੰ ਧੁਰ ਅੰਦਰ ਤੱਕ ਕੰਬਾ ਦੇਣ ਵਾਲਾ ਹੈ। ਇਸ ਦੇ ਰੋਸ ਵਿਚ ਦੇਸ਼ ਭਰ ਦੀਆਂ ਮਹਿਲਾਵਾਂ ਦਾ ਦੇਸ਼ ਦੇ ਕੋਨੇ ਕੋਨੇ ਵਿਚ ਸੜਕਾਂ ਉਤੇ ਉਤਰ ਆਉਣਾ ਕੁਦਰਤੀ ਵੀ ਹੈ ਤੇ ਸਮੇਂ ਦੇ ਹਾਣ ਦਾ ਵੀ। ਦੋਸ਼ੀਆਂ ਨੂੰ ਖੱਸੀ ਕਰਨ ਤੇ ਫਾਹੇ ਲਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਦੋ ਦੋਸ਼ੀ ਫਾਂਸੀ ਦੇ ਫੰਦੇ ਉਤੇ ਲਟਕ ਕੇ ਮੁਕਤ ਹੋਣਾ ਚਾਹੁੰਦੇ ਹਨ। ਉਮਰ ਕੈਦ ਦੀ ਗੱਲ ਵੀ ਤੁਰੀ ਹੈ। ਨਿਰਦੋਸ਼ ਲੜਕੀ ਜਿਸ ਪੀੜਾ ਵਿਚੋਂ ਲੰਘ ਰਹੀ ਹੈ ਉਹ ਦੇਖ ਕੇ ਇਹ ਸਭ ਸਜ਼ਾਵਾਂ ਤੁੱਛ ਜਾਪਦੀਆਂ ਹਨ। ਸਰਕਾਰ ਲਈ ਨਿਆਂ ਪ੍ਰਣਾਲੀ ਤੋਂ ਬਾਹਰ ਜਾ ਕੇ ਫੈਸਲਾ ਲੈਣਾ ਮੁਸ਼ਕਲ ਹੈ। ਹੋ ਸਕਦਾ ਹੈ 'ਰੇਅਰੈਸਟ ਆਫ ਦੀ ਰੇਅਰ' (ਜੱਗੋਂ ਬਾਹਰੀ) ਧਾਰਾ ਵਿਚ ਲਿਆ ਕੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਮਿਲ ਸਕਦੀ ਹੋਵੇ। ਪਰ ਇਹ ਕੋਈ ਸਬਕ ਸਿਖਾਊ ਸਜ਼ਾ ਨਹੀਂ। ਪੜ੍ਹਨ ਸੁਣਨ ਵਾਲੇ ਤਾਂ ਤਦ ਹੀ ਸਬਕ ਸਿਖ ਸਕਦੇ ਹਨ ਜੇ ਸਾਰਿਆਂ ਨੂੰ ਨਹੀਂ ਤਾਂ ਘੱਟੋ ਘੱਟ ਮੁੱਖ ਦੋਸ਼ੀ ਨੂੰ ਦੋਨੋਂ ਬਾਹਾਂ ਤੇ ਇੱਕ ਅੱਧ ਲਤ ਕੱਟ ਕੇ ਮੂਲੋਂ ਅਪਾਹਜ ਕਰਕੇ ਉਸ ਨੂੰ ਉਸ ਦੇ ਹਾਲ ਉਤੇ ਛੱਡ ਦਿੱਤਾ ਜਾਵੇ। ਰੋਜ਼ੀ ਰੋਟੀ ਤੋਂ ਅਵਾਜ਼ਾਰ ਹੋਏ ਨੂੰ ਵੇਖ ਉਸ ਦੇ ਪਾਲਣ ਵਾਲਿਆਂ ਨੂੰ ਵੀ ਹੋਸ਼ ਆਵੇਗੀ ਜਿਨ੍ਹਾਂ ਦੀ ਅਣਗਹਿਲੀ ਕਾਰਨ ਉਹ ਇਸ ਤਰ੍ਹਾਂ ਦਾ ਹੋਇਆ ਹੈ। ਫਾਂਸੀ ਦੇ ਫੰਦੇ ਦੁਆਰਾ ਮੁਕਤ ਕਰਨਾ ਜਾਂ ਉਮਰ ਭਰ ਲਈ ਜੇਲ੍ਹ ਵਿਚ ਬਿਠਾ ਕੇ ਪੱਕੀਆਂ ਪਕਾਈਆਂ ਦੇ ਸਿਰ ਕਰਨਾ ਤਾਂ ਏਨੇ ਬੇਸ਼ਰਮ ਤੇ ਵਹਿਸ਼ੀ ਕਾਰੇ ਦੀ ਕੋਈ ਸਜ਼ਾ ਹੀ ਨਹੀਂ।

ਅਸੀਂ ਮੰਨਦੇ ਹਾਂ ਕਿ ਕੋਈ ਵੀ ਸਜ਼ਾ ਤੁਰੰਤ ਤੈਅ ਕਰਨੀ ਔਖੀ ਹੈ ਪਰ ਹਾਲ ਦੀ ਘੜੀ ਸੁਪਰੀਮ ਕੋਰਟ ਵਲੋਂ ਅਜਿਹੇ ਦੋਸ਼ਾਂ ਨੂੰ 'ਰੇਅਰੈਸਟ ਆਫ ਦੀ ਰੇਅਰ' ਭਾਵ ਜਗੋਂ ਤੇਰਵੀਂ ਸ਼੍ਰੇਣੀ ਗਰਦਾਨ ਕੇ ਫਾਂਸੀ ਲਾਉਣਾ ਹੀ ਠੀਕ ਹੈ। ਸਰਕਾਰ ਨੇ ਏਸ ਮਾਰਗ ਉਤੇ ਤੁਰਨ ਦਾ ਫੈਸਲਾ ਵੀ ਕੀਤਾ ਹੈ। ਜਨਤਾ ਨੂੰ ਵੀ ਚਾਹੀਦਾ ਹੈ ਕਿ ਜਨਤਕ ਪ੍ਰਦਰਸ਼ਨ ਜਾਂ ਤੋੜ ਫੋੜ ਦੇ ਰਾਹ ਤੁਰਨ ਦੀ ਥਾਂ ਸਰਕਾਰੀ ਅਮਲਾਂ ਤੇ ਪੀੜਤ ਲੜਕੀ ਦੀ ਸਿਹਤ ਦੀ ਯੋਗ ਢੰਗ ਨਾਲ ਪੈਰਵੀ ਕਰੇ। ਮੰਨਿਆ ਕਿ ਸਕੂਲਾਂ-ਕਾਲਜਾਂ ਵਿਚ ਛੁੱਟੀਆਂ ਦਾ ਲਾਭ ਉਠਾ ਕੇ ਕੁਝ ਗੁੰਡਾ ਅਨਸਰ ਵਿਦਿਆਰਥੀ ਅੰਦੋਲਨ ਨੂੰ ਭੜਕਾ ਸਕਦੇ ਹਨ ਪਰ ਗਲਤ ਢੰਗ ਨਾਲ ਤੋੜ-ਫੋੜ ਦੇ ਰਾਹ ਤੋਰ ਕੇ ਪੁਲਿਸ ਅਤੇ ਸੁਰੱਖਿਆ ਦਲਾਂ ਨੂੰ ਸਖਤ ਅਤੇ ਗਲਤ ਪੈਂਤੜਾ ਅਪਨਾਉਣ ਲਈ ਮਜਬੂਰ ਕਰਨਾ ਵੀ ਠੀਕ ਨਹੀਂ। ਨਾਜ਼ਕ ਸਥਿਤੀ ਨੂੰ ਦ੍ਰਿੜਤਾ ਤੇ ਸਹਿਜ ਨਾਲ ਨਿਪਟਣ ਵਿਚ ਹੀ ਭਲਾ ਹੈ।

**ਅੰਤਿਕਾ:** (ਸਹਰ ਅਨਸਾਰੀ)
ਕੈਸੇ ਏਕ ਲਫਜ਼ ਮੇਂ ਬਿਆਨ ਕਰ ਦੂੰ
ਦਿਲ ਕੋ ਕਿਸ ਬਾਤ ਨੇ ਉਦਾਸ ਕੀਆ।

# ਹੱਥ ਪਿਉ ਦੇ ਛਾਂ ਸਵਰਗਾਂ ਦੀ

## ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਪਿਉ ਦੇ ਹੱਥਾਂ ਦੀ ਸਿਰ ਉਤੇ ਛਤਰ ਛਾਇਆ ਦੁੱਖਾਂ ਦੇ ਹਾੜ੍ਹ ਦੀ ਕੜਕਦੀ ਦੁਪਹਿਰ ਦੀ ਧੁੱਪ ਦਾ ਕਦੇ ਸੇਕ ਨਹੀਂ ਲੱਗਣ ਦਿੰਦੀ ਅਤੇ ਤਕਲੀਫ ਵਾਲੀ ਬਰਸਾਤ ਦੇ ਮੀਂਹ ਦੀ ਵਾਛੜ ਦੀ ਇਕ ਬੂੰਦ ਵੀ ਔਲਾਦ ਤੱਕ ਨਹੀਂ ਅਪੜਨ ਦਿੰਦੀ। ਪਿਉ ਅਜਿਹੇ ਰੁੱਖ ਵਾਂਗ ਹੈ ਜਿਸ ਦੀ ਛਾਂ ਹੇਠਾਂ ਕਦੇ ਦਰਦਾਂ ਵਾਲੀ ਤਲਖਾਈ ਮਹਿਸੂਸ ਨਹੀਂ ਹੁੰਦੀ। ਪਿਉ ਨੂੰ ਬੱਚਿਆਂ ਵੱਲ ਆਉਣ ਵਾਲੀਆਂ ਗਰਮ ਹਵਾਵਾਂ ਰੋਕਣ ਵਾਲੀ ਚੱਟਾਨ ਵੀ ਆਖ ਸਕਦੇ ਹਾਂ। ਪਿਉ ਵਕਤ ਦੀਆਂ ਮਾਰਾਂ ਅਤੇ ਕੋੜੇ ਆਪਣੇ ਪਿੰਡੇ ਉਪਰ ਤਾਂ ਸਹਿ ਸਕਦਾ ਹੈ ਪਰ ਔਲਾਦ ਦੀ ਰੱਤੀ ਭਰ ਪੀੜ ਵੀ ਉਸ ਨੂੰ ਜਰਨੀ ਔਖੀ ਲੱਗਦੀ ਹੈ। ਧੀਆਂ ਪੁੱਤਾਂ ਦੀਆਂ ਅੱਖਾਂ ਵਿਚ ਆਇਆ ਇਕ ਅੱਥਰੂ ਵੀ ਉਸ ਨੂੰ ਸਮੁੰਦਰ ਲੱਗਦਾ ਹੈ। ਬੱਚਿਆਂ ਦੀ ਖੁਸ਼ੀ ਵਿਚੋਂ ਖੁਸ਼ੀਆਂ ਲੱਭਣ ਵਾਲੇ ਪਿਉ ਦੀ ਆਪਣੀ ਜ਼ਿੰਦਗੀ ਜਿਉਣ ਦਾ ਮਕਸਦ ਵੀ ਬੱਚੇ ਹੀ ਬਣ ਜਾਂਦੇ ਹਨ ਜਿਨ੍ਹਾਂ ਦੀਆਂ ਰੀਝਾਂ ਪੂਰੀਆਂ ਕਰਨਾ ਹੀ ਉਸ ਦੀਆਂ ਸਧਰਾਂ ਹੋ ਜਾਂਦੀਆਂ ਹਨ। ਬਾਪ ਖੇਸ ਦੀ ਅਜਿਹੀ ਬੁੱਕਲ ਹੈ ਜਿਸ ਦਾ ਨਿੱਘ ਪੋਹ-ਮਾਘ ਦੀ ਠੰਢ ਨੂੰ ਨੇੜੇ ਫਟਕਣ ਨਹੀਂ ਦਿੰਦਾ। ਪਿਉ ਉਸ ਰੁੱਖ ਦੀਆਂ ਜੜ੍ਹਾਂ ਹਨ ਜਿਸ ਦੇ ਫੁੱਲ ਅਤੇ ਫੁੱਲ ਔਲਾਦ ਹੁੰਦੀ ਹੈ,

ਹੱਥ ਪਿਉ ਦੇ ਛਾਂ ਸਵਰਗਾਂ ਦੀ,
ਇਹੋ ਆਖਣ ਲੋਕ ਸਿਆਣੇ।
ਕਿਥੋਂ ਫਸਲਾਂ ਜੰਮਣਗੇ,
ਜੇ ਪਿਉ ਨਾ ਬੀਜੂ ਦਾਣੇ।
ਪਿਉ ਪਿਹਾਵੇ ਮਾਂ ਪਕਾਵੇ,
ਤਾਈਉਂ ਖਾਣ ਨਿਆਣੇ।
ਪਿਉ ਦੇ ਲਿਆਇਆਂ, ਮਾਂ ਦੇ ਸੀਤਿਆਂ
ਫਿਰ ਕਿਤੇ ਬਣਦੇ ਬਾਣੇ।
ਸਮਝਿਉ ਜੋ ਸਮਝਾਈ ਨਿੰਮੇ,
ਗੱਲ ਗੁੰਝਲਦਾਰ ਨਿਮਾਣੇ।

ਮਾਂ ਅਤੇ ਪਿਉ ਦੋ ਅਲੱਗ ਅਲੱਗ ਅੱਖਰ ਹਨ ਜਿਨ੍ਹਾਂ ਨੂੰ ਇਕੱਠਿਆਂ ਬੋਲਣ ਨਾਲ ਇਕ ਹੋਰ ਸ਼ਬਦ ਹੋਂਦ ਵਿਚ ਆਉਂਦਾ ਹੈ-ਮਾਪੇ। ਇਹ ਅੱਖਰ ਮਾਂ ਅਤੇ ਬਾਪ ਦੋਹਾਂ ਦਾ ਇਕੋ ਰੂਪ ਹੋਣ ਦੀ ਗਵਾਹੀ ਭਰਦਾ ਹੈ। ਇਸ ਮੋਹ ਭਿੱਜੇ ਰਿਸ਼ਤੇ ਵਿਚ ਮਾਂ ਦੇ ਮੁਕਾਬਲੇ ਪਿਉ ਦਾ ਜ਼ਿਕਰ ਘੱਟ ਆਉਂਦਾ ਹੈ। ਸਮੇਂ ਸਮੇਂ ਸਿਰ ਆਏ ਕਲਮਕਾਰਾਂ ਨੇ ਵੀ ਜ਼ਿਆਦਾਤਰ ਮਾਂ ਦੀਆਂ ਸਿਫ਼ਤਾਂ ਦੇ ਹੀ ਪੁਲ ਬੰਨ੍ਹੇ ਹਨ, ਪਿਉ ਦੀ ਗੱਲ ਸਭ ਨੇ ਘੱਟ ਕੀਤੀ ਹੈ। ਕੋਈ ਹੀ ਐਸਾ ਗਾਉਣ ਵਾਲਾ ਹੋਵੇਗਾ ਜਿਸ ਨੇ ਮਾਂ ਦੇ ਮੋਹ ਦੀ ਗੱਲ ਕਰਨ ਵਾਲਾ ਗੀਤ ਨਾ ਗਾਇਆ ਹੋਵੇ ਪਰ ਦੂਜੇ ਪਾਸੇ ਕੋਈ ਹੀ ਐਸਾ ਗਾਇਕ ਹੋਵੇਗਾ ਜਿਸ ਨੇ ਪਿਉ ਦੇ ਪਿਆਰ ਨੂੰ ਦਰਸਾਉਣ ਵਾਲੀ ਗੱਲ ਕੀਤੀ ਹੋਵੇ। ਅਜਿਹਾ ਕਿਉਂ? ਕੀ ਪਿਉ ਨੂੰ ਬੱਚਿਆਂ ਨਾਲ ਮੋਹ ਨਹੀਂ ਹੁੰਦਾ? ਉਸ ਨੂੰ ਬੱਚਿਆਂ ਦੀ ਖੁਸ਼ੀ ਨਹੀਂ ਹੁੰਦੀ? ਮੰਨਿਆ, ਪਿਉ ਦੇ ਪਿਆਰ ਵਿਚ ਛਾਂਟਾ ਰੂਪੀ ਤਿੱਖਾਪਣ ਜ਼ਰੂਰ ਹੁੰਦਾ ਹੈ ਪਰ ਉਸ ਵਿਚ ਵੀ ਤਾਂ ਬੱਚਿਆਂ ਦੀ ਭਲਾਈ ਹੀ ਹੁੰਦੀ ਹੈ। ਉਂਜ ਜਦੋਂ ਕਦੇ ਕੋਈ ਖੁਦ ਪਿਉ ਬਣਦਾ ਹੈ, ਉਦੋਂ ਫਿਰ ਪਿਉ ਦੀ ਕਿਸੇ ਵਕਤ ਪਈ ਡਾਂਟ ਵੀ ਪਿਆਰ ਬਣ ਕੇ ਯਾਦ ਆਉਂਦੀ ਹੈ। ਇਹ ਗੱਲ ਸੋਲਾਂ ਆਨੇ ਸੱਚ ਹੈ।

ਪਿਉ ਔਲਾਦ ਦੀਆਂ ਲੋੜਾਂ ਪੂਰੀਆਂ ਕਰਦਾ ਹੀ ਜੀਵਨ ਯਾਤਰਾ ਪੂਰੀ ਕਰ ਜਾਂਦਾ ਹੈ। ਜ਼ਰਾ ਪੁੱਛ ਕੇ ਵੇਖੋ ਉਨ੍ਹਾਂ ਨੂੰ ਜਿਨ੍ਹਾਂ ਦੇ ਸਿਰ ਤੋਂ ਪਿਉ ਦੇ ਹੱਥਾਂ ਦੀ ਛੱਤਰੀ ਉਡ ਗਈ ਹੈ! ਪਿਉ ਦੇ ਮੋਢਿਆਂ ਵਾਲੀ ਜ਼ਿੰਮੇਵਾਰੀ ਵਾਲੀ ਪੰਜਾਲੀ ਇਕ ਵਾਰ ਤਾਂ ਫਰਜ਼ਾਂ ਵਾਲੀਆਂ ਜੰਜ਼ੀਰਾਂ ਬਣ ਜਾਂਦੀ ਹੈ। ਕਈ ਵਾਰ ਬਚਪਨ ਦਰ ਦਰ ਦੀਆਂ ਠੋਕਰਾਂ ਅਤੇ ਜਵਾਨੀ ਜ਼ਿੰਮੇਵਾਰੀਆਂ ਨਿਭਾਉਣ ਦੀ ਲੜਾਈ ਵਿਚ ਹੀ ਗੁਜ਼ਰ ਜਾਂਦੀ ਹੈ। ਜਿਸ ਦਾ ਪਿਉ ਨਹੀਂ, ਉਸ ਦੀ ਤਾਂ ਮਾਂ ਵੀ ਅਧੂਰੀ ਹੋ ਜਾਂਦੀ ਹੈ ਜਿਸ ਨੂੰ ਇਕੱਲੀ ਨੂੰ ਹੀ ਪਹਾੜ ਵਰਗੀ ਜ਼ਿੰਦਗੀ ਨਾਲ ਟਕਰਾਉਣਾ ਪੈਂਦਾ ਹੈ। ਪਿਉ ਬਾਝੋਂ ਭਰੀ ਜਵਾਨੀ ਠੋਕਰਾਂ ਵੱਸ ਪੈ ਜਾਂਦੀ ਹੈ ਜੋ ਮੁੜ ਮੁੜ ਪਿਉ ਦੀ ਯਾਦ ਦਿਲ ਦੇ ਵਿਹੜੇ ਲੈ ਆਉਂਦੀ ਹੈ,

ਦੱਸੋ ਪਿਉ ਦਿਆਂ ਫਰਜ਼ਾਂ ਨੂੰ,
ਕਿਹਨੇ ਕਦੋਂ ਨਿਭਾਇਆ।
ਭਾਵੇਂ ਲੱਖ ਜਿਉਂਦਾ ਹੋਵੇ,
ਮਾਮਾ, ਚਾਚਾ, ਤਾਇਆ।
ਉਦੋਂ ਹੀ ਲੱਗਦਾ ਪਤਾ ਬੇਲੀਉ,
ਇਥੇ ਆਪਣਾ ਕੌਣ ਪਰਾਇਆ।



ਜਦੋਂ ਭੀਖ ਵੀ ਮੰਗਿਆ ਨਾ ਮਿਲਦੀ,
ਕਿਸੇ ਅੱਗੇ ਹੱਥ ਫੈਲਾਇਆ।
ਰੱਬ ਕਰੇ ਕਿਸੇ ਸਿਰ ਤੋਂ ਨਾ,
ਉਠੇ ਪਿਉ ਦੇ ਹੱਥ ਦਾ ਸਾਇਆ।
'ਕੱਲੀ ਮਾਂ ਨਹੀਂ ਪਿਉ ਵੀ ਨਿੰਮਿਆ।
ਹੈ ਮੋਹ ਮਮਤਾ ਦੀ ਮਾਇਆ।

ਅਗਰ ਮਾਂ ਦੀ ਮਮਤਾ ਵਿਚ ਸੁੱਚਮ ਹੈ ਤਾਂ ਪਿਉ ਦੇ ਫਖ਼ਰ ਵਿਚ ਵੀ ਇਕ ਉਚਮ ਹੈ। ਅਗਰ ਮਾਂ ਬੱਚੇ ਨੂੰ ਲੋਰੀਆਂ ਦੇ ਕੇ ਸੁਲਾਉਂਦੀ ਤੇ ਬੋਲਣਾ ਸਿਖਾਉਂਦੀ ਹੈ ਤਾਂ ਪਿਉ ਵੀ ਬੱਚੇ ਨੂੰ ਉਂਗਲ ਫੜਾ ਕੇ ਤੁਰਨਾ ਸਿਖਾਉਂਦਾ ਹੈ ਤੇ ਮੋਢੇ 'ਤੇ ਬਿਠਾ ਕੇ ਝੂਟੇ ਦਿੰਦਾ ਹੈ। ਔਲਾਦ ਵੱਡੀ ਹੋ ਕੇ ਭਾਵੇਂ ਲੱਖ ਕਾਰਾਂ ਤੇ ਜਹਾਜ਼ਾਂ ਦੇ ਝੂਟੇ ਲਵੇ ਪਰ ਪਿਉ ਦੀਆਂ ਲੱਤਾਂ ਫੜ ਕੇ ਲਏ ਸੁਹਾਗੇ ਦੇ ਝੂਟੇ ਵੀ ਕਦੇ ਨਹੀਂ ਭੁਲਦੇ। ਉਂਜ, ਕਈ ਵਾਰ ਜਵਾਨ ਪੁੱਤ ਅਤੇ ਪਿਉ ਵਿਚਕਾਰ ਮੱਠੀ ਜਿਹੀ ਸ਼ਰੀਕੇਬਾਜ਼ੀ ਪੈਦਾ ਹੋ ਜਾਂਦੀ ਹੈ। ਇਸ ਨੂੰ ਪੀੜ੍ਹੀ ਦੀ ਸੋਚ ਦਾ ਅੰਤਰ ਕਹਿ ਸਕਦੇ ਹਾਂ। ਇਸ ਦਾ ਇਕ ਕਾਰਨ ਜਿਸ ਤੋਂ ਮੈਂ ਵੀ ਵਾਕਫ ਹਾਂ, ਉਹ ਹੈ ਪੁੱਤ ਦਾ ਵਿਹਲਾ ਤੇ ਨਿਕੰਮਾਪਣ ਜਾਂ ਉਸ ਦੀ ਗਲਤ ਸੰਗਤ। ਇਹ ਗੱਲ ਕਿਸੇ ਵੀ ਪਿਉ ਨੂੰ ਚੰਗੀ ਨਹੀਂ ਲੱਗੇਗੀ।

ਪਿਉ ਤਾਂ ਸਬਰ ਸੰਤੋਖ ਦੀ ਉਹ ਮੂਰਤ ਹੈ ਜਿਸ ਦੀ ਤੁਲਨਾ ਮੰਦਰ ਅੰਦਰ ਪਈ ਮੂਰਤ ਨਾਲ ਕਰ ਸਕਦੇ ਹਾਂ। ਪਿਉ ਆਪਣੇ ਪਜਾਮੇ ਨੂੰ ਲੱਗੀਆਂ ਟਾਕੀਆਂ ਵੀ ਪੁੱਤ ਦੇ ਜੀਨ ਪਾਈ ਵੇਖ ਕੇ ਭੁੱਲ ਜਾਂਦਾ ਹੈ। ਪਿਉ ਸਕੂਲਾਂ-ਕਾਲਜਾਂ ਦੀਆਂ ਫੀਸਾਂ ਭਰਦਾ ਅਤੇ ਕੋਰਸ ਵੀ ਕਰਵਾਉਂਦਾ ਹੈ। ਲੱਖਾਂ ਰੁਪਏ ਲਾ ਕੇ ਵਿਦੇਸ਼ ਵੀ ਘੱਲਦਾ ਹੈ ਪਰ ਕਦੇ ਹਿਸਾਬ ਨਹੀਂ ਮੰਗਦਾ! ਆਪ ਸਾਰੀ ਜ਼ਿੰਦਗੀ ਸਾਇਕਲ 'ਤੇ ਕੱਢ ਲੈਂਦਾ ਹੈ ਪਰ ਪੁੱਤ ਨੂੰ ਮੋਟਰਸਾਇਕਲ ਜ਼ਰੂਰ ਲੈ ਦਿੰਦਾ ਹੈ। ਆਪ ਤਾਂ ਉਹ ਮੱਛਰਦਾਨੀ ਲਾ ਕੇ ਡੰਗਰਾਂ ਦੇ ਬਾੜੇ (ਹਵੇਲੀ) ਸੌਣਾ ਮਨਜ਼ੂਰ ਕਰ ਲੈਂਦਾ ਪਰ ਪੁੱਤ ਦੀ ਬੈਠਕ ਵਿਚ ਪੱਖਾ ਜ਼ਰੂਰ ਹੁੰਦਾ ਹੈ। ਪਿਉ ਸਾਨੂੰ ਪੁੱਤਾਂ ਵਾਂਗ ਨਹੀਂ, ਰੁੱਖਾਂ ਵਾਂਗ ਪਾਲਦਾ ਹੈ। ਸਾਡੀ ਹਰ ਜ਼ਰੂਰਤ ਦਾ ਖਿਆਲ ਰੱਖਦਾ ਹੈ, ਉਹ ਵੀ ਬਿਨਾਂ ਕਿਸੇ ਲਾਲਚ ਤੋਂ। ਔਲਾਦ ਦੇ ਦੁੱਖ ਦੀ ਤਕਲੀਫ਼ ਮਾਂ ਦੇ ਨੈਣਾਂ ਵਿਚੋਂ ਅੱਥਰੂ ਬਣ ਛਲਕ ਪੈਂਦੀ ਹੈ ਪਰ ਪਿਉ ਉਨ੍ਹਾਂ ਹੰਝੂਆਂ ਨੂੰ ਅੰਦਰੇ-ਅੰਦਰ ਪੀ ਜਾਂਦਾ ਹੈ ਜੋ ਕਿਸੇ ਨੂੰ ਮਹਿਸੂਸ ਨਹੀਂ ਹੁੰਦੇ। ਇਸੇ ਲਈ ਆਖਦਾ ਹਾਂ ਕਿ,

ਮਾਂ ਦੀਆਂ ਪਹਿਲਾਂ ਕਰ ਲਈਆਂ,
ਪਰ ਅੱਜ ਗੱਲ ਪਿਉ ਦੇ ਪੱਖ ਦੀ ਕਰਾਂ।
ਨਾ ਕੁਫਰ ਕੋਈ ਵੀ ਤੋਲਿਆ ਮੈਂ,
ਗੱਲ ਸੋਲਾਂ ਆਨੇ ਸੱਚ ਦੀ ਕਰਾਂ।
ਪਿਉ ਵਾਂਝਾ ਲੋਕੋ ਜਿਸ ਹੱਕ ਤੋਂ,
ਗੱਲ ਉਸੇ ਪਿਉ ਦੇ ਹੱਕ ਦੀ ਕਰਾਂ।
ਮੁੱਲ ਭਾਵੇਂ ਕੌਡੀ ਪਾਵੇ ਕੋਈ,
ਪਰ ਮੈਂ ਤਾਂ ਪੂਰੇ ਲੱਖ ਦੀ ਕਰਾਂ।
ਅੱਜ ਗੱਲ ਪਿਉ ਦੇ ਪੱਖ ਦੀ ਕਰਾਂ।

## ਪ੍ਰਤੀਕਰਮ

# ਕੁਝ ਗੱਲਾਂ ਪ੍ਰੋ. ਹਰਪਾਲ ਸਿੰਘ ਪੰਨੂ ਦੀ ਟਿੱਪਣੀ ਬਾਰੇ

***ਪਿਛਲੇ ਕੁਝ ਅਰਸੇ ਤੋਂ ਸਵਰਗੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੂੰ ਲੈ ਕੇ ਉਨ੍ਹਾਂ ਦੇ ਵਿਰੋਧ ਅਤੇ ਉਨ੍ਹਾਂ ਦੇ ਹੱਕ ਵਿਚ ਪੰਜਾਬ ਟਾਈਮਜ਼ ਨੂੰ ਲਗਾਤਾਰ ਟਿੱਪਣੀਆਂ ਮਿਲਦੀਆਂ ਰਹੀਆਂ ਹਨ ਜੋ ਅਸੀਂ ਛਾਪੀਆਂ ਵੀ ਹਨ। ਹੁਣ ਜਾਪਦਾ ਹੈ ਕਿ ਇਹ ਗੱਲ ਲੋੜ ਤੋਂ ਜ਼ਿਆਦਾ ਹੀ ਖਿੱਚੀ ਜਾ ਰਹੀ ਹੈ ਅਤੇ ਗੱਲ ਨਿਜੀ ਵਿਰੋਧਾਂ ਤੱਕ ਪਹੁੰਚ ਗਈ ਹੈ। ਅਸੀਂ ਪਾਠਕਾਂ ਤੋਂ ਖਿਮਾ ਚਾਹਾਂਗੇ ਕਿ ਸਵਰਗੀ ਮਹਿਬੂਬ ਬਾਰੇ ਇਸ ਲੜੀ ਵਿਚ ਹੋਰ ਟਿੱਪਣੀਆਂ ਨਹੀਂ ਛਾਪ ਸਕਾਂਗੇ। -ਸੰਪਾਦਕ***

ਪਿਛਲੇ ਕੁਝ ਸਮੇਂ ਤੋਂ ਪੰਜਾਬ ਟਾਈਮਜ਼ ਵਿਚ ਹਰਿੰਦਰ ਸਿੰਘ ਮਹਿਬੂਬ ਬਾਰੇ ਛਪੀਆ ਟਿੱਪਣੀਆਂ ਅਤੇ ਵਿਚਾਰ-ਚਰਚਾ ਤੋਂ ਮਨ ਦੁਖੀ ਹੋਇਆ ਤੇ ਬਹੁਤ ਨਿਰਾਸ਼ਾ ਹੋਈ ਕਿ ਵਿਦਵਾਨ ਲੇਖਕਾਂ ਵੱਲੋਂ ਜੋ ਟਿੱਪਣੀਆਂ ਮਹਿਬੂਬ ਸਾਹਿਬ ਬਾਰੇ ਹੁਣ (ਅੱਜ) ਦਿੱਤੀਆਂ ਗਈਆਂ ਹਨ, ਜੇਕਰ ਉਨ੍ਹਾਂ ਦੇ ਜਿਉਂਦੇ ਜੀਅ ਦਿੱਤੀਆਂ ਹੁੰਦੀਆਂ ਤਾ ਉਹ ਖੁਦ ਸਾਰੇ ਸਵਾਲਾਂ ਦੇ ਜਵਾਬ ਦਿੰਦੇ। ਡਾ. ਗੁਰਤਰਨ ਸਿੰਘ ਤੇ ਮਹਿਬੂਬ ਸਾਹਿਬ ਦੀ ਦੋਸਤੀ ਜੱਗ-ਜ਼ਾਹਰ ਹੈ ਉਨ੍ਹਾਂ ਬਚਪਨ ਦੇ ਹਾਣੀਆਂ ਦੀ ਸਿਰਤੋੜ ਨਿਭੀ ਅਤੇ ਕਦੇ ਕੋਈ ਤਕਰਾਰ ਉਨ੍ਹਾਂ ਵਿਚਾਲੇ ਨਹੀਂ ਹੋਇਆ, ਸਾਰਾ ਪਿੰਡ ਝੂੰਦਾਂ ਇਸ ਗੱਲ ਦਾ ਗਵਾਹ ਹੈ।

ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੀ-ਐਚ.ਡੀ. ਰੀਸਰਚ ਸਕਲਰ ਹਾਂ। ਮੇਰਾ ਪੀ-ਐਚ.ਡੀ. ਦਾ ਵਿਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਵਿਸਮਾਦ' ਦਾ ਸੰਕਲਪ ਹੈ। ਮੈਂ ਡਾ. ਗੁਰਤਰਨ ਸਿੰਘ ਅਤੇ ਡਾ. ਗੁਰਭਗਤ ਸਿੰਘ ਨੂੰ ਖੋਜ-ਕਾਰਜ ਦੇ ਸਬੰਧ ਵਿਚ ਮਿਲਦੀ ਰਹਿੰਦੀ ਹਾਂ ਅਤੇ ਮੇਰੇ ਗੁਰੂਦੇਵ ਸਮੇਂ-ਸਮੇਂ ਤੇ ਮੇਰਾ ਮਾਰਗ ਦਰਸ਼ਨ ਕਰਦੇ ਹਨ। ਮੈਂ ਦੱਸਣਾ ਚਾਹੁੰਦੀ ਹਾਂ ਕਿ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਇਕ ਵੀ ਪੁਸਤਕ ਉਪਲਬਧ ਨਹੀਂ ਜੋ ਇਸ ਵਿਸ਼ੇ ਉਪਰ ਯੋਗ ਅਗਵਾਈ ਦੇ ਸਕੇ ਅਤੇ ਨਾ ਕੋਈ ਵਿਦਵਾਨ ਲੇਖਕ ਇੱਥੇ ਹਰਿੰਦਰ ਸਿੰਘ ਮਹਿਬੂਬ ਦੀ ਵਾਰਤਕ ਪੁਸਤਕ 'ਸਹਿਜੇ ਰਚਿਓ ਖ਼ਾਲਸਾ' ਜਿਹੀ ਮੈਨੂੰ ਵਿੱਲਖਣ ਗਿਆਨ ਅਤੇ ਯੋਗ ਅਗਵਾਈ ਪ੍ਰਦਾਨ ਕਰਦਾ ਹੈ। 'ਸਹਿਜੇ ਰਚਿਓ ਖ਼ਾਲਸਾ' ਦੀ ਤੀਜੀ ਪੁਸਤਕ 'ਸ਼ਬਦ ਅਸਗਾਹ' ਵਿਚ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਵ ਧਰਮਾਂ ਅਤੇ ਵਿਸ਼ੇਸ਼ ਕਰਕੇ ਭਾਰਤੀ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਸਭ ਤੋਂ ਬੁਲੰਦ ਆਖਰੀ ਧਰਮ ਗ੍ਰੰਥ ਦੇ ਤੌਰ 'ਤੇ ਅਤਿ ਸੂਖਮ ਅਤੇ ਅਨੁਭਵੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਇਸੇ ਪੁਸਤਕ 'ਸ਼ਬਦ ਅਸਗਾਹ' ਵਿਚ ਜਪੁਜੀ ਦੇ ਪੰਜ ਖੰਡਾਂ-ਸ਼ਬਦ, ਨਾਮ, ਵਿਗਾਸ, ਵਿਸਮਾਦ, ਜਿਸਮ ਅਤੇ ਗੁਰਮੁਖ ਦੀ ਸਿੱਖ ਜਗਤ ਵਿਚ ਪਹਿਲੀ ਵਾਰ ਅਧਿਆਤਮਕ ਪਰਿਭਾਸ਼ਾ ਕੀਤੀ ਗਈ ਹੈ ਜਿਸ ਦਾ ਬਦਲ ਕਿਸੇ ਹੱਦ ਤੱਕ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਵਿਚੋਂ ਤਾਂ ਪ੍ਰਾਪਤ ਹੁੰਦਾ ਹੈ ਪਰੰਤੂ ਹੋਰ ਕਿਸੇ ਵੀ ਵਿਦਵਾਨ ਦੀਆਂ ਲਿਖਤਾਂ ਤੋਂ ਨਹੀਂ।

'ਸਹਿਜੇ ਰਚਿਓ ਖ਼ਾਲਸਾ' ਦੀਆਂ ਅੱਠ ਕਿਤਾਬਾਂ ਵਿਚ ਵਿਸਮਾਦ ਵੱਖਰੀ-ਵੱਖਰੀ ਤਰ੍ਹਾਂ ਨਾਲ ਪ੍ਰਸੰਗਿਕ ਥਾਂਵਾਂ ਤੇ ਨਵੇਂ ਅੰਦਾਜ਼ ਵਿਚ ਪੇਸ਼ ਹੋਇਆ ਹੈ। ਵਿਸਮਾਦ ਦੇ ਅਸਲ ਰੂਪ ਮਹਿਬੂਬ ਸਾਹਿਬ ਦੀ ਵਾਰਤਕ, ਕਵਿਤਾ ਤੇ ਮਹਾਂਕਾਵਿ ਵਿਚੋਂ ਪਛਾਣੇ ਜਾ ਸਕਦੇ ਹਨ। 'ਸਹਿਜੇ ਰਚਿਓ ਖ਼ਾਲਸਾ' ਦੇ ਡੂੰਘੇ ਅਧਿਐਨ ਤੋਂ ਬਿਨਾਂ ਵਿਸਮਾਦ ਤੇ ਤਸੱਲੀਬਖਸ਼ ਖੋਜ-ਕਾਰਜ ਨਹੀਂ ਹੋ ਸਕਦਾ।

ਗੁਰਬਾਣੀ ਨੂੰ ਆਧਾਰ ਮੰਨ ਕੇ ਗੁਰਬਾਣੀ ਵਿਚ ਆਏ ਵਿਸਮਾਦ ਦੀ ਪਰਿਭਾਸ਼ਾ ਸਭ ਤੋਂ ਵੱਧ ਤਸੱਲੀਬਖਸ਼ ਢੰਗ ਨਾਲ ਅਤਿ ਵਿਸਤਾਰ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਦਿੱਤੀ ਹੈ। ਉਨ੍ਹਾਂ ਨੇ 'ਸਹਿਜੇ ਰਚਿਓ ਖ਼ਾਲਸਾ' ਦੀ ਪਹਿਲੀ ਪੁਸਤਕ 'ਜਿਉ ਕਰਿ ਸੂਰਜੁ ਨਿਕਲਿਆ' ਵਿਚ ਉਨ੍ਹਾਂ ਰਾਹੀਂ ਸਵੈ-ਸਿਰਜੇ ਖ਼ਾਲਸ ਕੁਦਰਤ ਦੇ ਸੰਕਲਪ ਵਿਚ ਖ਼ਾਲਸ ਕੁਦਰਤ ਦੇ ਭਿੰਨ-ਭਿੰਨ ਹਿੱਸਿਆਂ-ਉਚੀ ਸੁਰਤਿ, ਵਿਜੈਈ ਤਰਕ, ਸਾਦਗੀ ਦੀ ਬੇਮਿਸਾਲ ਘੜੀ, ਸਿਦਕ ਪਰਬਲਤਾ, ਉਚਾ ਮਨੁੱਖ ਅਤੇ ਵਿਸਮਾਦ ਨਕਸ਼ ਦੀ ਸੰਕੇਤਕ ਵਿਆਖਿਆ ਕੀਤੀ ਹੈ ਜਦੋਂ ਕਿ ਇਸ ਲੜੀ ਦੀ ਸੱਤਵੀਂ ਪੁਸਤਕ 'ਮਜ਼ਬਾਂ ਦਾ ਸਫ਼ਰ' ਦੇ ਚੌਥੇ ਭਾਗ ਵਿਚ ਵਿਸਮਾਦ ਦੀ ਅਤਿ ਵਿਸਥਾਰ ਵਿਚ ਵਿਆਖਿਆ ਕਰਦਿਆਂ ਪੰਨਾ 821 ਤੋਂ 836 ਤੱਕ ਇਸ ਦੇ ਨਿਰੋਲ ਸ਼ੁੱਧ ਰੂਪ ਵਿਚ ਇਸ ਦੀ ਅਧਿਆਤਮਕ ਅਵਸਥਾ ਅਤੇ ਵਿਸਮਾਦ ਦੇ ਧਰਮਾਂ ਵਿਚੋਂ ਖੰਡਿਤ ਹੋ ਕੇ ਅਲੋਪ ਹੋ ਜਾਣ ਦੇ ਦੁਖਾਂਤ ਆਦਿ ਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਅਤਿ ਤਸੱਲੀਬਖਸ਼ ਢੰਗ ਨਾਲ ਜਾਣੂ ਕਰਵਾਇਆ ਹੈ। ਉਨ੍ਹਾਂ ਦੀ ਵਿਸਮਾਦ ਪ੍ਰਤੀ ਪਰਿਭਾਸ਼ਾ ਦਾ ਇਥੇ ਹਵਾਲਾ ਦੇਣਾ ਅਤਿ ਉਚਿਤ ਹੋਵੇਗਾ ਕਿਉਂਕਿ ਗੁਰਬਾਣੀ ਵਿਚ ਆਏ ਵਿਸਮਾਦ ਦਾ ਤਸੱਲੀਬਖਸ਼ ਵਿਸਥਾਰਮਈ ਵਿਸ਼ਲੇਸ਼ਣ ਹਰਿੰਦਰ ਸਿੰਘ ਮਹਿਬੂਬ ਤੋਂ ਬਿਨਾਂ ਕਿਸੇ ਵੀ ਹੋਰ ਪੰਜਾਬੀ ਸਾਹਿਤਕਾਰ ਨੇ ਇੰਨੇ ਤਸੱਲੀਬਖਸ਼ ਢੰਗ ਨਾਲ ਨਹੀਂ ਕੀਤਾ।

"ਵਿਸਮਾਦ ਕੀ ਹੁੰਦਾ ਹੈ? ਵਿਸਮਾਦ ਅਤਿ ਬਾਰੀਕ ਚੇਤਨਾ ਹੈ, ਜਿਸ ਨੇ ਸਮੇਂ ਅਤੇ ਸਥਾਨ ਤੋਂ ਪਾਰ ਦੇ ਵਜੂਦ ਛੋਹੇ ਹੁੰਦੇ ਹਨ। ਇਸ ਦਾ ਖਾਸ ਸੁਆਦ ਹੁੰਦਾ ਹੈ, ਜਿਹੜਾ ਹਰ ਠੋਸ ਅਤੇ ਤਰਲ ਨਜ਼ਾਰੇ ਤੋਂ ਡੂੰਘੇਰਾ ਹੁੰਦਾ ਹੈ। ਦੂਜੇ ਲਫਜ਼ਾਂ ਵਿਚ ਵਿਸਮਾਦ ਨੇ ਦਿਸਦੀ ਅਸਲੀਅਤ ਨੂੰ ਸਰ ਕੀਤਾ ਹੁੰਦਾ ਹੈ, ਇਸ ਕਾਰਨ ਉਸ ਕੋਲ ਪ੍ਰਾਪਤੀ ਦਾ ਤੇਜ਼ ਅਹਿਸਾਸ ਹੁੰਦਾ ਹੈ, ਇਕ ਖਾਸ ਸੁਆਦ ਜਾਂ ਕੋਈ ਨਿਆਰਾ ਨਸ਼ਾ। ਵਿਸਮਾਦ ਦਾ ਫੈਲਾਓ ਅਤੇ ਡੂੰਘਾਈ ਜਿੰਨੀ ਮਰਜ਼ੀ ਮਿਥ ਲਵੋ ਪਰ ਇਸ ਸੱਚਾਈ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਵਿਸਮਾਦ ਦੀ ਪਿੱਠ-ਭੂਮੀ ਹਮੇਸ਼ਾ ਹੀ ਤਰਕਸ਼ੀਲ ਹੁੰਦੀ ਹੈ। ਵਿਸਮਾਦ ਵਿਚ ਇਕ ਖਾਸ ਤਰਤੀਬ ਹੈ, ਇਸ ਦੇ ਪਿਛੋਕੜ ਵਿਚ ਗਿਆਨ ਦੀ ਇਕ ਨਿਸ਼ਚਿਤ ਜਿੱਤ ਹੈ ਅਤੇ ਇਸ ਦੇ ਅੰਦਰ ਆਪਣੇ ਆਪ ਨੂੰ ਪ੍ਰਵਾਨ ਕਰਵਾਉਣ ਦੀ ਤਾਕਤ ਹੈ।"

ਕਿਸੇ ਵੀ ਆਧੁਨਿਕ ਵਿਦਵਾਨ ਦੀ ਹਰਿੰਦਰ ਸਿੰਘ ਮਹਿਬੂਬ ਦੇ ਗੁਰਬਾਣੀ ਸੰਕਲਪਾਂ ਨੂੰ ਪ੍ਰਕਾਸ਼ਮਾਨ ਕਰਨ ਪ੍ਰਤੀ ਅਨੁਭਵੀ ਪਹੁੰਚ ਇਸ ਦੇ ਹਾਣ ਦੀ ਨਹੀਂ। ਪਾਠਕ ਖੁਦ ਇਸ ਦੀ ਤਸੱਲੀ ਕਰ ਸਕਦਾ ਹੈ। ਇਸ ਕਰਕੇ ਹੀ ਇਸ ਦੀ ਵਿਰੋਧਤਾ ਹੋ ਰਹੀ ਹੈ ਅਤੇ ਮਹਿਬੂਬ ਸਾਹਿਬ ਉਪਰ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਨਿਰਾਸ਼ ਕੀਤਾ ਜਾਂਦਾ ਹੈ ਕਿਉਂਕਿ ਹਰ ਵਿਦਵਾਨ ਦਾ ਸੰਸਾਰਕ ਇਲਮ ਦਾ ਜੋ ਪਰਪੰਚ ਰਚਿਆ ਹੋਇਆ ਹੈ ਉਹ ਮਹਿਬੂਬ ਦ੍ਰਿਸ਼ਟੀ ਦੇ ਸਾਹਮਣੇ ਢਹਿ ਢੇਰੀ ਹੋ ਜਾਂਦਾ ਹੈ, ਇਸ ਲਈ ਹਰ ਅਜਿਹੇ ਵਿਦਵਾਨ ਵਲੋਂ ਇਸ ਦੀ ਵਿਰੋਧਤਾ ਹੋਣੀ ਸੰਭਵ ਹੈ।

ਮੈਂ ਅਖੀਰ ਵਿਚ ਇਹੀ ਕਹਿਣਾ ਚਾਹੁੰਦੀ ਹਾਂ ਕਿ ਮੈਂ ਕਿਸੇ ਪੱਖ-ਵਿਪੱਖ ਦੀ ਗੱਲ ਨਹੀਂ ਕੀਤੀ ਉਹੀ ਬਿਆਨ ਕੀਤਾ ਹੈ ਜੋ ਸੱਚ ਹੈ। ਮਹਿਬੂਬ ਸਾਹਿਬ ਦੀ ਸੁਹਿਰਦ ਅਤੇ ਨਿਰਲੇਪ ਸ਼ਖਸੀਅਤ 'ਤੇ ਸਾਨੂੰ ਹੁਣ ਕਿੰਤੂ-ਪ੍ਰੰਤੂ ਕਰਨ ਦਾ ਕੋਈ ਹੱਕ ਨਹੀਂ।

***-ਸੁਖਜੀਤ ਕੌਰ***
***ਰੀਸਰਚ ਸਕਾਲਰ, ਪੰਜਾਬੀ ਵਿਭਾਗ***
***ਪੰਜਾਬੀ ਯੂਨੀਵਰਸਿਟੀ ਪਟਿਆਲਾ,***
***ਫੋਨ: 91-84272-02207***

# ਪੰਜਾਬ ਟਾਈਮਜ਼ 'ਤੇ ਹਿਰਖ ਜਾਇਜ਼ ਨਹੀਂ

'ਪੰਜਾਬ ਟਾਈਮਜ਼' ਦੇ ਪਿਛਲੇ ਹਫ਼ਤੇ ਵਾਲੇ ਅੰਕ ਵਿਚ ਭਾਈ ਕਰਨੈਲ ਸਿੰਘ ਨਾਂ ਦੇ ਪਾਠਕ ਨੇ ਬੜੀ ਤਿੱਖੀ ਸੁਰ ਵਿਚ ਪ੍ਰਤੀਕਰਮ ਪ੍ਰਗਟਾਇਆ ਹੈ। ਸ਼ਬਦਾਵਲੀ ਤੋਂ ਜਾਪਦਾ ਹੈ ਕਿ ਉਨ੍ਹਾਂ ਇਹ ਖਤ ਗੁੱਸੇ 'ਚ ਆ ਕੇ ਲਿਖਿਆ ਹੋਇਆ ਹੈ, ਜੇ ਕਿਤੇ ਉਹ ਸਹਿਜ ਅਤੇ ਨਿਰਪੱਖਤਾ ਨਾਲ ਲਿਖਦੇ ਤਾਂ ਉਹ 'ਪੰਜਾਬ ਟਾਈਮਜ਼' ਨੂੰ ਕਦੇ ਕਾਮਰੇਡਾਂ ਦਾ ਅਖਾੜਾ ਨਾ ਆਖਦੇ। ਪੰਜਾਬ ਟਾਈਮਜ਼ ਦੇ ਪਾਠਕ ਜਾਣਦੇ ਹਨ ਕਿ ਅਮਰੀਕਾ ਵਿਚ ਇਹ ਇਕੋ ਇਕ ਪੰਜਾਬੀ ਅਖਬਾਰ ਹੈ ਜੋ 'ਕਿਛੁ ਕਹੀਐ ਕਿਛੁ ਸੁਣੀਐ' ਦੇ ਮਹਾਂਵਾਕ ਅਨੁਸਾਰ ਸੰਵਾਦ ਰਚਾਉਂਦਾ ਹੈ ਅਤੇ ਸਭ ਧਿਰਾਂ ਦਾ ਪੱਖ ਬਿਨਾ ਕਿਸੇ ਲੱਗ-ਲਬੇੜ ਦੇ ਪੂਰੀ ਦਿਆਨਤਦਾਰੀ ਨਾਲ ਛਾਪਦਾ ਹੈ। ਫਿਰ ਵੀ ਜੇ ਭਾਈ ਕਰਨੈਲ ਸਿੰਘ ਨੂੰ ਇਹ ਅਖਬਾਰ ਕਾਮਰੇਡਾਂ ਦਾ ਅਖਾੜਾ ਲੱਗਦਾ ਹੈ ਤਾਂ ਜ਼ਰੂਰ ਉਨ੍ਹਾਂ ਦੀ ਆਪਣੀ ਸੋਚ ਵਿਚ ਕੋਈ ਫਰਕ ਹੈ।

ਕਰੋਧ ਵਿਚ ਆਏ ਉਹ ਭੁੱਲ ਹੀ ਗਏ ਕਿ ਇਹ ਇਕੋ ਇਕ ਅਖਬਾਰ ਹੈ ਜਿਸ ਵਿਚ ਹਰ ਹਫ਼ਤੇ ਇਲਾਹੀ ਬਾਣੀ ਦੇ ਸ਼ਬਦ ਦੀ ਵਿਆਖਿਆ ਛਪਦੀ ਹੈ; ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੜ੍ਹਾਉਂਦੀ ਰਹੀ ਬੀਬੀ ਗੁਰਨਾਮ ਕੌਰ ਆਪਣੇ ਹਰ ਕਾਲਮ ਵਿਚ ਸਿੱਖ ਧਰਮ ਇਤਿਹਾਸ ਦੀ ਸਮੀਖਿਆ ਕਰਦੇ ਹਨ। ਇਸੇ ਤਰ੍ਹਾਂ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਦਾ ਹਰ ਲੇਖ, ਗੁਰਦੁਆਰੇ ਦੇ ਚੌਗਿਰਦੇ ਨਾਲ ਜੁੜਿਆ ਹੁੰਦਾ ਹੈ।

ਤਾਜ਼ੇ ਅੰਕ ਦੀ ਹੀ ਮਿਸਾਲ ਲੈ ਲਉ। ਬਹੁਤੀਆਂ ਅਖ਼ਬਾਰਾਂ ਨੇ ਸਰੀਰਕ ਵਿਛੋੜਾ ਦੇ ਗਏ ਨਾਮਧਾਰੀ ਮੁਖੀ ਦੇ ਨਾਂ ਅੱਗੇ 'ਸਤਿਗੁਰੂ' ਸ਼ਬਦ ਲਾਇਆ ਹੋਇਆ ਹੈ ਪਰ 'ਪੰਜਾਬ ਟਾਈਮਜ਼' ਨੇ ਸਿੱਖ ਅਕੀਦੇ ਦੀ ਪਾਲਣਾ ਕਰਦਿਆਂ ਅਜਿਹਾ ਨਹੀਂ ਲਿਖਿਆ। ਪੰਜਾਬ ਟਾਈਮਜ਼ ਦੇ ਲਗਭਗ ਅੱਸੀ ਪ੍ਰਤੀਸ਼ਤ 'ਸੰਪਾਦਕੀ ਨੋਟ' ਸਿੱਖ ਮਸਲਿਆਂ ਨੂੰ ਬੜੀ ਜ਼ਿੰਮੇਵਾਰੀ ਨਾਲ ਉਭਾਰਨ ਵਾਲੇ ਹੁੰਦੇ ਹਨ। ਇਸ ਸਾਰੇ ਕੁਝ ਨੂੰ ਦੇਖਦਿਆਂ ਮੇਰੇ ਵਰਗਾ ਸਹਿਜਧਾਰੀ ਸਿੱਖ ਤਾਂ ਇਸ ਅਖ਼ਬਾਰ ਨੂੰ ਸਿੱਖ ਜਗਤ ਦਾ ਸੁਹਿਰਦ ਸ਼ੁਭਚਿੰਤਕ ਮੰਨਦਾ ਹੈ, ਹੋਰਨਾਂ ਬਾਰੇ ਮੈਂ ਕੁਝ ਕਹਿ ਨਹੀਂ ਸਕਦਾ।

ਕਮਿਊਨਿਸਟ ਵਿਚਾਰਧਾਰਾ ਦੇ ਥੋੜ੍ਹੇ ਬਹੁਤੇ ਹਮਾਇਤੀ ਦੋ ਚਾਰ ਕੁ ਲੇਖਕਾਂ ਦੇ ਨਾਂ ਲਿਖ ਕੇ ਭਾਈ ਕਰਨੈਲ ਸਿੰਘ ਨੇ ਇਉਂ ਹਿਰਖ ਛਾਂਟਿਆ ਹੈ, ਜਿਵੇਂ ਕਿਤੇ ਖਾਲਿਸਤਾਨ ਬਣਨੋਂ ਇਨ੍ਹਾਂ ਮੁੱਠੀ ਭਰ ਲੇਖਕਾਂ ਨੇ ਹੀ ਰੋਕਿਆ ਹੋਇਆ ਹੁੰਦਾ ਹੈ। ਉਹ ਇਨ੍ਹਾਂ ਨੂੰ 'ਹੋਛਾ ਉਲਾਂਭਾ' ਦਿੰਦੇ ਹਨ, ਅਖੇ 'ਖਾਲਸਾ ਪੰਥ ਨੂੰ ਤਾਂ ਆਪਣੇ ਰਹਿਬਰਾਂ ਦੇ ਰਾਹ 'ਤੇ ਚੱਲ ਲੈਣ ਦੇਣ, ਅੜਿੱਕੇ ਨਾ ਬਣਨ...।'

ਭਾਈ ਜੀ ਇੱਥੇ ਭੁੱਲ ਕਰ ਰਹੇ ਨੇ, ਉਹ ਸਿੱਖਾਂ ਦੇ ਰਹਿਬਰਾਂ ਨੂੰ 'ਸਾਡੇ ਪੰਥ' ਦੇ ਸੀਮਤ ਦਾਇਰੇ ਨਾਲ ਹੀ ਜੋੜ ਰਹੇ ਹਨ। 'ਤੂੰ ਸਾਂਝਾ ਸਾਹਿਬ ਬਾਪ ਹਮਾਰਾ॥' ਵਾਲੇ ਗੁਰਵਾਕ ਦਾ ਕੀ ਅਰਥ ਕਰਨਗੇ, ਭਾਈ ਕਰਨੈਲ ਸਿੰਘ? ਜਿਸ ਕਿਤਾਬ (ਕਿਸ ਬਿਧ ਰੁਲੀ ਪਾਤਸ਼ਾਹੀ) ਦੀ ਚਰਚਾ 'ਪੰਜਾਬ ਟਾਈਮਜ਼' ਵਿਚ ਛਪਣ ਤੋਂ ਇਹ ਪਾਠਕ ਜੀ ਲੋਹੇ ਲਾਖੇ ਹੋਏ ਪਏ ਹਨ, ਉਸ ਕਿਤਾਬ ਦਾ ਲੇਖਕ ਸਗੋਂ ਖ਼ੁਸ਼ ਹੋਇਆ ਹੋਵੇਗਾ ਕਿ ਉਸ ਦੀ ਕਿਤਾਬ ਦਾ ਪ੍ਰਚਾਰ 'ਪੰਜਾਬ ਟਾਈਮਜ਼' ਨੇ ਮੁਫ਼ਤੋ ਮੁਫ਼ਤੀ ਕਰ ਦਿੱਤਾ ਹੈ। ਮੇਰੇ ਖਿਆਲ ਵਿਚ ਅੱਜ ਪਹਿਲੀ ਅਤੇ ਫੌਰੀ ਲੋੜ ਪੰਜਾਬ ਦੇ ਸਰੂਪ ਨੂੰ ਬਚਾਉਣ ਦੀ ਹੋਣੀ ਚਾਹੀਦੀ ਹੈ। ਜੇ ਉਥੇ ਹੀ ਦਸਤਾਰਾਂ ਨਾ ਰਹੀਆਂ ਤਾਂ ਖਾਲਸਤਾਨ ਕਿੱਥੇ ਬਣਾਇਆ ਜਾਵੇਗਾ? ਪੰਜਾਬੀਅਤ ਅਤੇ ਸਿੱਖ ਪੰਥ ਦੇ ਸੁਹਿਰਦ ਸ਼ੁਭਚਿੰਤਕ 'ਪੰਜਾਬ ਟਾਈਮਜ਼' ਉਤੇ ਇਲਜ਼ਾਮ ਤਰਾਸ਼ੀ ਠੀਕ ਨਹੀਂ ਕੀਤੀ, ਤੁਸੀਂ ਭਾਈ ਕਰਨੈਲ ਸਿੰਘ ਜੀ!

***-ਫਕੀਰ ਚੰਦ ਸੈਂਪਲਾ, ਐਲ.ਏ.***

## ਪਾਠਕਾਂ ਦੀ ਰਾਏ

# ਗੁਰੂ ਘਰ ਦੀਆਂ ਲੜਾਈਆਂ ਠੱਲ੍ਹਣਾ ਹੁਣ ਸੰਗਤ ਦਾ ਕੰਮ

'ਪੰਜਾਬ ਟਾਈਮਜ਼' ਦੇ 8 ਦਸੰਬਰ ਦੇ ਅੰਕ ਵਿਚ ਛਪਿਆ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਲੇਖ 'ਕਿੱਦਾਂ ਮੁੱਕਣ ਗੁਰੂ ਘਰ ਦੀਆਂ ਲੜਾਈਆਂ?' ਬਹੁਤ ਅੱਛਾ ਲੱਗਾ। ਮੇਰਾ ਮਨ ਆਪ ਗੁਰੂ ਘਰਾਂ ਦੀਆਂ ਲੜਾਈਆਂ ਤੋਂ ਪ੍ਰੇਸ਼ਾਨ ਤੇ ਸ਼ਰਮਸਾਰ ਹੁੰਦਾ ਹੈ। ਸੋਚਦੀ ਹਾਂ ਕਿ ਸਾਡੇ ਗੁਰਦੁਆਰੇ ਧਾਰਮਿਕ ਅਦਾਰੇ ਹਨ ਜਾਂ ਕੁਝ ਹੋਰ? ਗੁਰਦੁਆਰੇ ਤਾਂ ਅਸੀਂ ਜਾਈਦਾ ਹੈ ਮਨ ਦੀ ਸ਼ਾਂਤੀ ਲਈ, ਰੱਬ ਦਾ ਨਾਮ ਸੁਣ ਕੇ ਸੰਗਤ ਕੋਲੋਂ ਕੋਈ ਸਿੱਖਿਆ ਪ੍ਰਾਪਤ ਕਰਨ ਲਈ, ਪਰ ਕਈ ਵਾਰ ਹੁੰਦਾ ਇਸ ਤਰ੍ਹਾਂ ਹੈ ਕਿ ਜਦ ਜਾ ਕੇ ਮੱਥਾ ਟੇਕੀਦਾ ਹੈ, ਕੋਈ ਬੁਲਾਰਾ ਬੋਲ ਰਿਹਾ ਹੁੰਦਾ ਹੈ। ਬੈਠ ਕੇ ਬੁਲਾਰੇ ਵੱਲ ਧਿਆਨ ਦੇਈਦਾ ਹੈ ਤਾਂ ਸੁਣੀਦਾ ਹੈ ਕਿ ਉਹ ਪਹਿਲੇ ਪ੍ਰਧਾਨ ਦੀਆਂ ਸ਼ਿਕਾਇਤਾਂ ਸੁਣਾ ਰਿਹਾ ਹੁੰਦਾ ਹੈ। ਸ਼ਬਦਾਵਲੀ ਬੜੀ ਗਲਤ ਵਰਤੀ ਜਾਂਦੀ ਹੈ ਤੇ ਆਪਣੇ ਆਪ ਨੂੰ ਉਹ ਸੱਚ ਦਾ ਅਵਤਾਰ ਦੱਸ ਰਿਹਾ ਹੁੰਦਾ ਹੈ। ਪ੍ਰਬੰਧਕੀ ਧਿਰ ਦਾ ਬੰਦਾ ਬੋਲਦਾ ਹੈ ਤਾਂ ਉਹ ਸਾਰਾ ਦੋਸ਼ ਵਿਰੋਧੀਆਂ ਸਿਰ ਮੜ੍ਹਦਾ ਹੈ ਕਿ ਐਨਾ ਧਨ ਮੁਕੱਦਮੇ 'ਤੇ ਲੱਗ ਗਿਆ। ਬਿਲਡਿੰਗ ਦਾ ਕੰਮ ਭੀ ਬਾਕੀ ਹੈ, ਮਾਇਆ ਦੇ ਗੱਫੇ ਦੇਵੋ। ਸੁਣਨ ਜਾਈਦਾ ਹੈ ਸੰਗਤ ਵਿਚ ਬੈਠ ਕੇ ਕੀਰਤਨ, ਪਰ ਮਿਲਦਾ ਕੁਝ ਹੋਰ ਹੈ। ਲੰਗਰ ਵੱਲ ਜਾਓ ਤਾਂ ਕਿਤੇ ਦੋ, ਕਿਤੇ ਚਾਰ ਦਾ ਗਰੁੱਪ ਕਿਸੇ ਨਾਲ ਕਿਸੇ ਬਾਰੇ ਗੁਰਦੁਆਰੇ ਦੇ ਪੈਸੇ ਖਾਣ ਦੀਆਂ ਗੱਲਾਂ ਕਰ ਰਿਹਾ ਹੁੰਦਾ ਹੈ। ਜਦ ਕੋਈ ਨਵਾਂ ਗੁਰਦੁਆਰਾ ਬਣਦਾ ਹੈ ਤਾਂ ਸੰਗਤ ਮਨ ਲਾ ਕੇ ਸੇਵਾ ਕਰਦੀ ਹੈ, ਚੜ੍ਹਾਵਾ ਵੀ ਚੜ੍ਹਾਉਂਦੀ ਹੈ; ਜਦ ਉਸ ਗੁਰਦੁਆਰੇ ਵਿਚ ਮਾਇਆ ਵਧ ਜਾਂਦੀ ਹੈ, ਫਿਰ ਲੜਾਈਆਂ ਸ਼ੁਰੂ ਹੋ ਜਾਂਦੀਆਂ ਹਨ। ਅਸਲ ਵਿਚ ਗੁਰਦੁਆਰੇ ਭੀ ਅੱਜਕੱਲ੍ਹ ਕਮਾਈ ਦੇ ਸਾਧਨ ਬਣਦੇ ਜਾ ਰਹੇ ਹਨ, ਜਾਂ ਕਹੋ ਕਿ ਬਣ ਭੀ ਚੁੱਕੇ ਹਨ। ਜਿਸ ਥਾਂ ਤੋਂ ਸੱਚ ਦੇ ਰਾਹ 'ਤੇ ਚੱਲਣ ਲਈ ਸਿੱਖਿਆ ਮਿਲਦੀ ਸੀ, ਉਥੇ ਜਾ ਕੇ ਕੂੜ-ਕਰਮੀਆਂ ਦੀਆਂ ਕਰਤੂਤਾਂ ਸੁਣੀਦੀਆਂ ਹਨ। ਕਿਸੇ ਗੁਰਦੁਆਰੇ ਦੀ ਇਮਾਰਤ ਜਿੰਨੀ ਬੜੀ ਹੋਵੇਗੀ, ਜਿੰਨਾ ਉਸ ਵਿਚ ਮਾਰਬਲ ਜ਼ਿਆਦਾ ਲੱਗਾ ਹੋਵੇਗਾ, ਉਨੇ ਉਸ ਗੁਰਦੁਆਰੇ ਦੇ ਮੈਂਬਰਾਂ ਦੇ ਗਰੁਪ ਹੋਣਗੇ। ਮਾਇਆ ਦਾ ਜਾਲ ਗੁਰਦੁਆਰੇ ਦੀ ਸੰਗਤ ਨੂੰ ਭੀ ਭਾਰੀ ਪੈਂਦਾ ਹੈ। ਗੁਰਦੁਆਰਾ ਕਿੰਨਾ ਵੀ ਬੜਾ ਹੋਵੇ, ਭਾਵੇਂ ਕਿੰਨੇ ਉਸ ਕੋਲ ਹਾਲ ਹੋਣ, ਲੰਗਰ ਹੋਣ; ਫਿਰ ਭੀ ਕੋਈ ਨਾ ਕੋਈ ਪ੍ਰਾਜੈਕਟ ਨਵਾਂ ਨਿਕਲ ਆਉਂਦਾ ਹੈ। ਬਿਲਡਿੰਗ ਉਸਾਰੀ ਦਾ ਕੰਮ ਮਾਇਆ ਦੀ ਉਸਾਰੀ ਭੀ ਕਰਦਾ ਹੈ। ਸ਼ਰਧਾਲੂ ਮਾਇਆ ਦੇ ਗੱਫੇ ਦਿੰਦੇ ਹਨ ਤੇ ਅੰਤਿਮ ਨਤੀਜਾ ਝਗੜਿਆਂ ਵਿਚ ਨਿਕਲਦਾ ਹੈ। ਬਹੁਤ ਸ਼ਰਧਾਲੂ ਹਨ ਜੋ ਆਪਣਾ ਦਸਵੰਧ ਗੁਰਦੁਆਰੇ ਚੜ੍ਹਾਉਂਦੇ ਹਨ, ਸਧਾਰਨ ਤੋਂ ਸਧਾਰਨ ਬੰਦਾ ਭੀ ਆਪਣੀ ਪੁੱਜ ਅਨੁਸਾਰ ਹਿੱਸਾ ਪਾਉਂਦਾ ਹੈ। ਹੁਣ ਜਦ ਇਸ ਮਾਇਆ ਕਾਰਨ ਪ੍ਰਬੰਧਕ ਕਮੇਟੀਆਂ ਆਪਸ ਵਿਚ ਲੜਦੀਆਂ ਹਨ, ਇਸ ਨੂੰ ਠੱਲ੍ਹ ਪਾਉਣੀ ਭੀ ਸੰਗਤ ਦਾ ਹੀ ਕੰਮ ਹੈ। ਸੰਗਤ ਹੀ ਇਸ ਮਾਇਆ 'ਤੇ ਪਹਿਰਾ ਦੇਵੇ ਤਾਂ ਹੀ ਕੋਈ ਰਾਹ ਨਿਕਲ ਸਕਦਾ ਹੈ।

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਪ੍ਰਬੰਧਕੀ ਕਮੇਟੀ ਤੋਂ ਬਿਨਾਂ ਭੀ ਕੰਮ ਨਹੀਂ ਚੱਲ ਸਕਦਾ। ਕਮੇਟੀ ਹੋਵੇ, ਪਰ ਚੋਣਾਂ ਨਾ ਹੋਣ। ਪੂਰੀ ਸੰਗਤ ਇਕ ਦਿਨ ਜੁੜ ਬੈਠੇ; ਉਸ ਦਿਨ ਕੋਈ ਭੀ ਲੰਗਰ ਵਿਚ ਨਾ ਹੋਵੇ ਜਾਂ ਬਾਹਰ ਨਾ ਹੋਵੇ। ਇਕ ਜਗ੍ਹਾ ਬੈਠ ਕੇ ਵਿਚਾਰ ਕੀਤਾ ਜਾਵੇ ਤੇ ਸੰਗਤ ਤੋਂ ਪੁੱਛਿਆ ਜਾਵੇ ਕਿ ਗੁਰੂ ਘਰ ਲਈ ਕੌਣ ਸਮਾਂ ਦੇ ਸਕਦਾ ਹੈ? ਫਿਰ ਦੋ ਜਾਂ ਤਿੰਨ ਸਿਆਣੇ ਵੀਰ ਭੈਣ ਚੁਣ ਲਏ ਜਾਣ ਜਿਹੜੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਕੰਮ ਕਰਨ। ਕਿੰਨੇ ਮੈਂਬਰ ਚਾਹੀਦੇ ਹਨ, ਉਨ੍ਹਾਂ ਦੇ ਕੰਮ ਕੀ ਹੋਣਗੇ, ਬਾਰੇ ਫੈਸਲਾ ਹੋਵੇ। ਇਮਾਰਤ ਦਾ ਕੰਮ ਇਸ ਵਿਚ ਨਾ ਲਿਆ ਜਾਵੇ, ਉਸ ਵਾਸਤੇ ਵੱਖਰੀ ਕਮੇਟੀ ਹੋਵੇ। ਜਿਹੜੇ ਸਮਝਦੇ ਹਨ ਕਿ ਉਹ ਗੁਰੂ ਘਰ ਨੂੰ ਸਮਾਂ ਦੇ ਸਕਦੇ ਹਨ, ਉਹੀ ਅੱਗੇ ਆਉਣ। ਬਹੁਤ ਵੀਰ ਭੈਣਾਂ ਐਸੇ ਹੋਣਗੇ ਜੋ ਹੁਣ ਕੋਈ ਕੰਮ ਨਹੀਂ ਕਰਦੇ, ਉਨ੍ਹਾਂ ਦੇ ਬੱਚਿਆਂ ਨੇ ਕਾਰੋਬਾਰ ਸੰਭਾਲੇ ਹੋਏ ਹਨ, ਉਹ ਆਪਣੇ ਆਪ ਨੂੰ ਵਲੰਟੀਅਰ ਕਰਨ।

ਕੁਝ ਐਸੇ ਭੀ ਹੁੰਦੇ ਹਨ ਜੋ ਕੰਮ ਕਰਨਾ ਚਾਹੁੰਦੇ ਹਨ, ਪਰ ਚੌਧਰ ਨਹੀਂ ਕਰਨੀ ਚਾਹੁੰਦੇ। ਅਜਿਹੇ ਲੋਕਾਂ ਨੂੰ ਅੱਗੇ ਲਿਆਂਦਾ ਜਾਵੇ। ਫਿਰ ਦੇਖਿਆ ਜਾਵੇ ਕਿ ਕੌਣ ਕਿਹੜਾ ਕੰਮ ਦੇਖ ਸਕਦਾ ਹੈ। ਇਸ ਤਰ੍ਹਾਂ ਕੰਮ ਵੰਡ ਕਰ ਲਈ ਜਾਵੇ। ਫਿਰ ਇਹੀ ਲੋਕ ਆਪਣੇ ਵਿਚੋਂ ਇਕ ਨੂੰ ਮੁਖੀ ਚੁਣ ਸਕਦੇ ਹਨ। ਜੇ ਉਨ੍ਹਾਂ ਵਿਚੋਂ ਕਿਸੇ ਦਾ ਕੰਮ ਤਸੱਲੀਬਖਸ਼ ਨਹੀਂ ਤਾਂ ਉਸ ਨੂੰ ਬਦਲਣ ਲਈ ਸੰਗਤ ਕੋਲ ਹੱਕ ਹੋਵੇ। ਸੁਪਰੀਮ ਪਾਵਰ ਤਾਂ ਸੰਗਤ ਕੋਲ ਹੈ ਹੀ। ਹਰ ਮਹੀਨੇ ਭਾਵੇਂ ਸੰਗਰਾਂਦ ਦਾ ਦਿਨ ਰੱਖ ਲਿਆ ਜਾਵੇ, ਪਰ ਸੰਗਤ ਨੂੰ ਹਿਸਾਬ ਦੱਸਿਆ ਜਾਵੇ। ਗੋਲਕ ਖੋਲ੍ਹ ਕੇ ਮਾਇਆ ਦੀ ਗਿਣਤੀ ਕੀਤੀ ਜਾਵੇ। ਗਿਣਤੀ ਲਈ ਕੋਈ ਭੀ ਸੰਗਤ ਵਿਚ ਬੈਠ ਸਕਦਾ ਹੈ। ਸਾਡੇ ਹਾਈ ਸਕੂਲ ਜਾਂਦੇ ਨੌਜਵਾਨ ਬੱਚੇ ਹਨ, ਉਨ੍ਹਾਂ ਨੂੰ ਨਾਲ ਜੋੜਿਆ ਜਾਵੇ। ਮਾਇਆ ਦੀ ਗਿਣਤੀ ਵੇਲੇ ਉਨ੍ਹਾਂ ਨੂੰ ਨਾਲ ਬਿਠਾਇਆ ਜਾਵੇ। ਇਉਂ ਬੱਚੇ ਵੀ ਸਮਝਣਗੇ ਕਿ ਉਹ ਭੀ ਗੁਰਦੁਆਰੇ ਦੇ ਕੰਮ ਵਿਚ ਹਿੱਸੇਦਾਰ ਨੇ। ਮਾਇਆ ਵੀ ਜਲਦ ਗਿਣੀ ਜਾਵੇਗੀ। ਇਸੇ ਤਰ੍ਹਾਂ ਜਿਹੜੀਆਂ ਪਰਚੀਆਂ ਕੱਟੀਦੀਆਂ ਹਨ, ਉਸ ਦੀ ਕਾਰਬਨ ਕਾਪੀ ਰੱਖੀ ਜਾਵੇ, ਨਾ ਕਿ ਦੋ ਰਸੀਦਾਂ ਲਿਖ ਕੇ ਇਕ ਦਿੱਤੀ ਜਾਵੇ।

ਬਿਲਡਿੰਗ ਕਮੇਟੀ ਹਰ ਹਾਲ ਵੱਖਰੀ ਹੋਵੇ। ਕੰਮ ਦੀ ਸਾਰੀ ਜਾਣਕਾਰੀ ਸੰਗਤ ਨੂੰ ਹਰ ਮਹੀਨੇ ਦਿੱਤੀ ਜਾਵੇ। ਇਹ ਜਾਣਕਾਰੀ ਜੇ ਇੰਟਰਨੈਟ 'ਤੇ ਦਿੱਤੀ ਜਾਵੇ ਤਾਂ ਹੋਰ ਵੀ ਚੰਗਾ ਹੈ। ਗੁਰਦੁਆਰੇ ਦਾ ਜੋ ਵੀ ਕੰਮ ਹੋਵੇ, ਉਸ ਦੀ ਸਾਫ਼ ਤੇ ਸੱਚੀ ਤਸਵੀਰ ਸੰਗਤ ਦੇ ਸਾਹਮਣੇ ਹੋਵੇ। ਹਰ ਸਾਲ ਸੰਗਤ ਬੈਠ ਕੇ ਸਾਰੇ ਕੰਮਾਂ ਦੀ ਜਾਂਚ ਹੋਵੇ।

ਜੇ ਚੜ੍ਹਾਵਾ ਚੜ੍ਹਾਉਣਾ ਬਿਲਕੁਲ ਬੰਦ ਕੀਤਾ ਜਾਵੇ ਤਾਂ ਫਿਰ ਪ੍ਰਬੰਧ ਚਲਾਉਣਾ ਮੁਸ਼ਕਿਲ ਹੈ। ਗੁਰਦੁਆਰੇ ਵਿਚ ਗ੍ਰੰਥੀ ਰਾਗੀ ਸਿੰਘਾਂ ਦੀ ਤਨਖਾਹ, ਬਿਜਲੀ ਪਾਣੀ; ਇਸ ਤਰ੍ਹਾਂ ਦੇ ਕਿੰਨੇ ਖਰਚੇ ਹੋਣਗੇ। ਹਾਂ, ਇਹ ਬਿਲਕੁਲ ਠੀਕ ਹੈ ਕਿ ਜਿਸ ਨੇ ਭੀ ਪਾਠ ਕਰਵਾਉਣਾ ਹੋਵੇ, ਭਾਵੇਂ ਅਖੰਡ ਪਾਠ ਜਾਂ ਸਾਧਾਰਨ, ਉਹ ਇੰਤਜ਼ਾਮ ਆਪ ਆ ਕੇ ਕਰਨ।

ਅੰਤ ਵਿਚ ਗੱਲ ਇਹ ਹੈ ਕਿ ਜਿਹੜੇ ਝਗੜੇ ਆਪਾਂ ਮਿਟਾਉਣ ਲਈ ਯਤਨ ਕਰਦੇ ਹਾਂ, ਉਹ ਤਦ ਹੀ ਮਿਟਣਗੇ ਜੇ ਅਸੀਂ ਸੱਚਮੁਚ ਗੁਰੂ ਦੇ ਸਿੱਖ ਬਣ ਜਾਈਏ। ਗੁਰੂ ਦਾ ਸੱਚਾ ਸਿੱਖ ਕਦੀ ਬੇਈਮਾਨੀ ਨਹੀਂ ਕਰ ਸਕਦਾ; ਨਾ ਕਦੀ ਅਪਸ਼ਬਦ ਕਿਸੇ ਲਈ ਬੋਲ ਸਕਦਾ ਹੈ। ਅਸੀਂ ਤਾਂ ਰਾਹ ਭੁੱਲੇ ਹੋਏ ਸਿੱਖ ਬਣੀ ਬੈਠੇ ਹਾਂ। ਸੱਚਾ ਸਿੱਖ ਤਾਂ ਗੁਰੂ ਘਰ ਦੇ ਜੋੜੇ ਸਾਫ਼ ਕਰ ਕੇ ਸੇਵਾ ਕਰਦਾ ਹੈ। ਉਹ ਪ੍ਰਧਾਨਗੀ ਲੈਣ ਲਈ ਨਹੀਂ ਦੌੜਿਆ ਫਿਰਦਾ। ਗੁਰੂ ਅੱਗੇ ਅਰਦਾਸ ਹੈ ਕਿ ਉਹੀ ਸਾਨੂੰ ਸੁਮੱਤ ਬਖ਼ਸ਼ੇ ਅਤੇ ਅਸੀਂ ਗੁਰੂ ਘਰ ਦੀਆਂ ਗੋਲਕਾਂ ਉਤੇ ਕਾਬਜ਼ ਹੋਣ ਲਈ ਇਕ ਦੂਜੇ ਦੀਆਂ ਦਸਤਾਰਾਂ ਨੂੰ ਹੱਥ ਨਾ ਪਾਈਏ। ਸੱਚ ਕਮਾਉਣ ਵਾਲੇ, ਸੱਚ ਬੋਲਣ ਵਾਲੇ ਸੇਵਕ ਬਣੀਏ। ਐਵੇਂ ਆਪਣੇ ਆਪ ਨੂੰ ਦਾਸਰੇ ਕਹਿ ਕੇ ਗੁਰੂ ਦੀ ਗੋਲਕ ਦੀ ਸੇਵਾ ਕਰੀ ਜਾਈਏ ਤਾਂ ਸੇਵਕ ਨਹੀਂ ਬਣਾਂਗੇ।

***-ਕਿਰਪਾਲ ਕੌਰ***
***ਫੋਨ: 815-356-9535***

---

## ਨੰਬਰ ਇਕ ਅਖਬਾਰ

ਮੈਨੂੰ ਇਸ ਗੱਲ ਵਿਚ ਜ਼ਰਾ ਜਿੰਨਾ ਵੀ ਸ਼ੱਕ ਨਹੀਂ ਰਿਹਾ ਕਿ ਆਪਣੇ ਸਾਹਿਤਕ ਅਤੇ ਪੱਤਰਕਾਰੀ ਮਿਆਰ ਕਰਕੇ ਪੰਜਾਬ ਟਾਈਮਜ਼ ਅਮਰੀਕਾ ਵਿਚ ਛਪਦੇ ਕੋਈ ਦੋ ਦਰਜਨ ਅਖਬਾਰਾਂ ਵਿਚੋਂ ਸਭ ਤੋਂ ਬਿਹਤਰ ਹੈ। ਪੰਜਾਬ ਟਾਈਮਜ਼ ਦੇ ਪੰਨਿਆਂ ਉਤੇ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਚਲਦੀ ਵਿਚਾਰਧਾਰਕ ਬਹਿਸ ਇਸ ਦਾ ਹਾਸਲ ਹੈ। ਸਭ ਤੋਂ ਵਧੀਆ ਗੱਲ ਤਾਂ ਇਹ ਹੈ ਕਿ ਇਸ ਨੇ ਹਮੇਸ਼ਾ ਵੱਖ ਵੱਖ ਧਿਰਾਂ ਦੀ ਗੱਲ ਬਰਾਬਰ ਛਾਪੀ ਹੈ।

ਅਖਬਾਰ ਦੇ ਸਥਾਈ ਕਾਲਮਨਵੀਸ ਭਾਵੇਂ ਉਹ ਤਰਲੋਚਨ ਸਿੰਘ ਦੁਪਾਲਪੁਰ ਹੈ, ਅਸ਼ੋਕ ਭੌਰਾ, ਮੇਜਰ ਕੁਲਾਰ ਜਾਂ ਫਿਰ ਸਵਰਨ ਟਹਿਣਾ-ਸਭ ਆਪੋ ਆਪਣੀ ਥਾਂਈਂ ਪ੍ਰਸ਼ੰਸਾ ਦੇ ਹੱਕਦਾਰ ਹਨ। ਗੁਰਬਾਣੀ ਅਤੇ ਗੁਰਮਤਿ ਵਿਸ਼ਿਆਂ ਉਤੇ ਡਾ. ਗੁਰਨਾਮ ਕੌਰ ਦੀਆਂ ਲਿਖਤਾਂ ਪਾਠਕਾਂ ਲਈ ਬਹੁਤ ਗਿਆਨ ਭਰਪੂਰ ਸਾਬਤ ਹੁੰਦੀਆਂ ਹਨ। ਬੀਬੀ ਸੁਰਜੀਤ ਕੌਰ ਦਾ ਗੁਰਬਾਣੀ ਦੇ ਅਰਥਾਂ ਵਾਲਾ ਲੇਖ ਤਾਂ ਚੰਗਾ ਹੁੰਦਾ ਹੀ ਹੈ, ਨਾਲ ਹੀ ਉਨ੍ਹਾਂ ਵਲੋਂ ਵੱਖੋ ਵੱਖ ਮੁੱਦਿਆਂ ਉਤੇ ਕੀਤੀਆਂ ਟਿੱਪਣੀਆਂ ਵੀ ਵਿਚਾਰ ਉਕਸਾਊ ਹੁੰਦੀਆਂ ਹਨ। ਪੰਜਾਬ ਟਾਈਮਜ਼ ਦੇ ਸੰਪਾਦਕੀ ਸਹੀ ਅਰਥਾਂ ਵਿਚ ਅਖਬਾਰ ਦੀ ਨੀਤੀ ਦੀ ਤਰਜਮਾਨੀ ਕਰਦੇ ਹਨ।

***-ਜਸਦੀਪ ਸਿੰਘ, ਨਿਊ ਯਾਰਕ***

# ਕਲਾ ਖੇਤਰ ਨੂੰ ਵੱਡਾ ਘਾਟਾ ਪਾ ਗਿਆ ਸਾਲ 2012

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਕੁਦਰਤ ਦੇ ਨਿਯਮ ਨੂੰ ਕੋਈ ਨਹੀਂ ਬਦਲ ਸਕਦਾ। ਪੈਦਾ ਹੋਣ ਵਾਲੇ ਦਾ ਖਤਮ ਹੋਣਾ ਲਾਜ਼ਮੀ ਹੈ ਪਰ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਪਾਉਣ ਵਾਲੇ ਲੋਕਾਂ ਦਾ ਵਿਛੋੜਾ ਇਸ ਕਰਕੇ ਅਸਹਿ ਹੁੰਦਾ ਹੈ ਕਿ ਉਹ ਆਪਣੀਆਂ ਗਤੀਵਿਧੀਆਂ ਸਦਕਾ ਸਭ ਨੂੰ ਆਪਣੇ ਲੱਗਦੇ ਹਨ। 2012 ਵਿਚ ਕਲਾ ਖੇਤਰ 'ਚ ਜ਼ਿਕਰਯੋਗ ਵਾਧਾ ਕਰਨ ਵਾਲੇ ਹੰਭਲੇ ਭਾਵੇਂ ਬਹੁਤ ਘੱਟ ਵੱਜੇ, ਪਰ ਵੱਖ-ਵੱਖ ਕਲਾ ਸ਼ਖਸੀਅਤਾਂ ਦੇ ਵਿਛੋੜੇ ਦੀਆਂ ਖ਼ਬਰਾਂ ਬੇਅੰਤ ਆਈਆਂ। ਖ਼ਬਰ ਆਉਂਦੀ ਕਿ ਫਲਾਣੀ ਸ਼ਖਸੀਅਤ ਹਸਪਤਾਲ ਦਾਖ਼ਲ ਏ, ਬਹੁਤ ਘੱਟ ਵਾਰ ਖ਼ਬਰ ਮਿਲਦੀ ਕਿ ਹੁਣ ਉਹ ਹਸਤੀ ਤੰਦਰੁਸਤ ਹੋ ਕੇ ਘਰ ਪਰਤ ਗਈ ਏ। ਜ਼ਿਆਦਾ ਉਸ ਹਸਤੀ ਦੇ ਤੁਰ ਜਾਣ ਦੀ ਹੀ ਖ਼ਬਰ ਆਉਂਦੀ।

ਹਿੰਦੀ ਸਿਨੇਮਾ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਦੇ ਚਲਾਣੇ ਦੇ ਨਾਲ-ਨਾਲ ਇਸ ਵਰ੍ਹੇ ਪੰਜਾਬੀ ਗਾਇਕੀ, ਗੀਤਕਾਰੀ ਤੇ ਅਦਾਕਾਰੀ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਹਸਤੀਆਂ ਸਾਡੇ ਵਿਚਕਾਰ ਨਹੀਂ ਰਹੀਆਂ। ਜਿਹੜੀਆਂ ਹਸਤੀਆਂ ਜ਼ਿੰਦਗੀ ਦੇ ਅਖੀਰ ਤੱਕ ਆਪਣੇ ਖੇਤਰ 'ਚ ਸਰਗਰਮ ਰਹੀਆਂ, ਉਨ੍ਹਾਂ ਦੇ ਚਲਾਣੇ ਬਾਰੇ ਮੀਡੀਏ ਤੋਂ ਪਤਾ ਲੱਗ ਜਾਂਦਾ, ਪਰ ਬਹੁਤ ਸਾਰੇ ਕਲਾਕਾਰ ਗੁੰਮਨਾਮੀ ਵਿਚ ਹੀ ਵਿਛੋੜਾ ਦੇ ਗਏ। ਉਨ੍ਹਾਂ ਦੀ ਗੁੰਮਨਾਮੀ ਦਾ ਕਾਰਨ ਭਾਵੇਂ ਕੋਈ ਵੀ ਹੋਵੇ, ਪਰ ਇਹ ਗੱਲ ਸਾਫ਼ ਹੋ ਗਈ ਕਿ ਕਲਾ ਖੇਤਰ ਨਾਲ ਜੁੜਿਆਂ ਦਾ ਜਿਹੜਾ ਹਿੱਸਾ ਲਗਾਤਾਰ ਕੋਈ ਨਾ ਕੋਈ ਕੰਮ ਕਰਦਾ ਰਹਿੰਦਾ ਹੈ, ਉਨ੍ਹਾਂ ਬਾਰੇ ਸਭ ਜਾਣਦੇ ਰਹਿੰਦੇ ਨੇ, ਤੇ ਜਿਹੜੇ ਇਸ ਖੇਤਰ ਤੋਂ ਸੇਵਾਮੁਕਤ ਹੋ ਜਾਂਦੇ ਨੇ, ਉਨ੍ਹਾਂ ਦਾ ਦਾਇਰਾ ਸਿਰਫ਼ ਪਰਿਵਾਰ ਤੱਕ ਸੀਮਤ ਰਹਿ ਜਾਂਦਾ ਏ।

**ਕਰਨੈਲ ਗਿੱਲ:** 2012 ਵਿਚ ਗਾਇਕ ਕਰਨੈਲ ਗਿੱਲ, ਜਿਨ੍ਹਾਂ ਆਪਣੀ ਗਾਇਕੀ ਸਦਕਾ ਕਈ ਦਹਾਕੇ ਸੰਗੀਤ ਪ੍ਰੇਮੀਆਂ ਦਾ ਭਰਪੂਰ ਮਨੋਰੰਜਨ ਕੀਤਾ, ਕੈਂਸਰ ਦੀ ਲਾਇਲਾਜ ਬਿਮਾਰੀ ਨਾਲ ਘੁਲਦਿਆਂ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਇਲਾਜ ਉਨ੍ਹਾਂ ਦਾ ਕਾਫੀ ਪਹਿਲਾਂ ਤੋਂ ਹੀ ਚੱਲ ਰਿਹਾ ਸੀ, ਪਰ ਇੱਕ ਦਿਨ ਮੰਦਭਾਗੀ



ਕਰਨੈਲ ਗਿੱਲ

ਖ਼ਬਰ ਆ ਗਈ ਕਿ ਹਸਪਤਾਲ ਵਿਚ ਉਨ੍ਹਾਂ ਦਮ ਤੋੜ ਦਿੱਤਾ।

ਪੰਜਾਹ ਸਾਲ ਦੇ ਗਾਇਕੀ ਸਫ਼ਰ ਦੌਰਾਨ ਕਰਨੈਲ ਗਿੱਲ ਨੇ ਪੰਜਾਬ ਦੀਆਂ ਪ੍ਰਸਿੱਧ ਗਾਇਕਾਵਾਂ ਸੁਰਿੰਦਰ ਕੌਰ, ਨਰਿੰਦਰ ਬੀਬਾ, ਗੁਲਸ਼ਨ ਕੋਮਲ, ਰਣਜੀਤ ਕੌਰ, ਸਵਰਨ ਲਤਾ ਤੇ ਸੁਖਵੰਤ ਸੁੱਖੀ ਸਮੇਤ ਕਈ ਹੋਰਾਂ ਨਾਲ ਸੈਂਕੜੇ ਗੀਤ ਗਾਏ। ਉਮਰ ਦੇ 71ਵੇਂ ਵਰ੍ਹੇ ਵਿਚ ਚਲਾਣਾ ਕਰਨ ਵਾਲੇ ਕਰਨੈਲ ਗਿੱਲ ਦਾ ਜਨਮ 13 ਫਰਵਰੀ 1942 ਨੂੰ ਅਣਵੰਡੇ ਪੰਜਾਬ ਦੇ ਪਿੰਡ ਗੁਰੂਸਰ (ਚੱਕ ਨੰਬਰ 259), ਲਾਇਲਪੁਰ ਵਿਚ ਹੋਇਆ। ਮੁੱਛ ਫੁੱਟਣ ਵੇਲੇ ਹੀ ਉਨ੍ਹਾਂ ਗਾਉਣਾ ਸ਼ੁਰੂ ਕਰ ਦਿੱਤਾ ਸੀ। 'ਲੱਡੂਆਂ ਨੇ ਤੂੰ ਪੱਟਤੀ, ਤੇਰੀ ਤੋਰ ਨੇ ਪੱਟੇ ਪਟਵਾਰੀ', 'ਲੰਬੜਾਂ ਦਾ ਮੁੰਡਾ ਬੋਲੀ ਹੋਰ ਬੋਲਦਾ', 'ਸੱਥ ਵਿਚ ਲੱਗੀ ਆ ਕਚਹਿਰੀ', 'ਗੱਲ ਚੇਤੇ ਆਉਂਦੀ ਰਹਿੰਦੀ ਏ' ਸਮੇਤ ਦਰਜਨਾਂ ਹੋਰ ਗੀਤਾਂ ਨਾਲ ਕਰਨੈਲ ਗਿੱਲ ਦੀ ਤੂਤੀ ਬੋਲਦੀ ਰਹੀ। ਇੱਕ ਵੇਲਾ ਅਜਿਹਾ ਆਇਆ, ਜਦੋਂ ਕੋਠੇ 'ਤੇ ਲੱਗੇ ਸਪੀਕਰਾਂ ਵਿਚ ਸਿਰਫ਼ ਕਰਨੈਲ ਗਿੱਲ ਦੇ ਹੀ ਦੋਗਾਣੇ ਵੱਜਦੇ ਸਨ। ਪੱਥਰ ਦੇ ਤਵਿਆਂ ਵਾਲੇ ਦੌਰ ਤੋਂ ਕੈਸਿਟ ਕਲਚਰ ਤੱਕ ਪੰਜਾਬੀ ਗਾਇਕੀ 'ਚ ਵੱਡਾ ਯੋਗਦਾਨ ਪਾਉਣ ਵਾਲੇ ਕਰਨੈਲ ਗਿੱਲ ਰੀੜ੍ਹ ਦੀ ਹੱਡੀ ਦੇ ਕੈਂਸਰ ਕਾਰਨ ਸਰੀਰਕ ਤੌਰ 'ਤੇ ਭਾਵੇਂ ਸਾਥੋਂ ਦੂਰ ਹੋ ਗਏ, ਪਰ ਆਪਣੀ ਗਾਇਕੀ ਦੇ ਵੱਖਰੇ ਅੰਦਾਜ਼ ਕਰਕੇ ਹਮੇਸ਼ਾ ਪੰਜਾਬੀਆਂ ਦੇ ਮਨਾਂ ਵਿਚ ਵਸੇ ਰਹਿਣਗੇ।

**ਹਾਕਮ ਸੂਫ਼ੀ:** ਫ਼ਕੀਰ ਸੁਭਾਅ ਦੇ ਮਾਲਕ ਹਾਕਮ ਸੂਫ਼ੀ ਦੇ ਵਿਛੋੜੇ ਦੀ ਇਕਦਮ ਮਿਲੀ ਖ਼ਬਰ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ। ਪਿਛਲੇ ਲੰਮੇ ਸਮੇਂ ਤੋਂ ਹਾਕਮ ਸੂਫ਼ੀ ਦੀ ਗਾਇਕੀ ਵੱਲੋਂ ਵੱਟੀ ਚੁੱਪ ਤਰ੍ਹਾਂ-ਤਰ੍ਹਾਂ ਦੇ ਸਵਾਲ ਖੜੇ ਕਰ ਰਹੀ ਸੀ, ਪਰ ਚਲਾਣੇ ਮਗਰੋਂ ਪਤਾ ਲੱਗਾ ਕਿ ਉਹ ਖ਼ੁਦ ਨੂੰ 'ਕੱਲਾ-'ਕੱਲਾ ਮਹਿਸੂਸ ਕਰਨ ਲੱਗ ਗਏ ਸਨ ਤੇ ਅੰਦਰੋਂ ਇਸ ਕਦਰ ਟੁੱਟੇ ਸਨ ਕਿ ਮੁੜ ਦੁਬਾਰਾ ਜੁੜ ਨਾ ਸਕੇ।

ਹਾਕਮ ਸੂਫ਼ੀ ਉਹ ਗਾਇਕ ਸਨ, ਜਿਨ੍ਹਾਂ ਜ਼ਿੰਦਗੀ ਭਰ ਕਦਰਾਂ-ਕੀਮਤਾਂ ਨਾਲ ਸਮਝੌਤਾ ਨਾ



ਹਾਕਮ ਸੂਫ਼ੀ

ਕੀਤਾ। ਉਨ੍ਹਾਂ ਡਰਾਇੰਗ ਅਧਿਆਪਕ ਦੀ ਨੌਕਰੀ ਕੀਤੀ ਤੇ ਜਿੰਨਾ ਕੁ ਮੌਕਾ ਮਿਲਦਾ, ਓਨਾ ਕੁ ਗਾ ਛੱਡਦੇ। ਨਾ ਉਹ ਕਦੇ ਕੈਸਿਟ ਕਲਚਰ ਦੀ ਦੌੜ ਵਿਚ ਸ਼ਾਮਲ ਹੋਏ ਤੇ ਨਾ ਹੀ ਪੰਜਾਬੀ ਗਾਇਕੀ ਦੇ ਨਿੱਤ ਬਦਲਦੇ ਰੂਪਾਂ ਨੇ ਹਾਕਮ ਸੂਫ਼ੀ ਦੀ ਸੋਚ 'ਤੇ ਕੋਈ ਪ੍ਰਭਾਵ ਪਾਇਆ। ਸਸਤੀ ਸ਼ੋਹਰਤ ਪ੍ਰਾਪਤੀ ਤੋਂ ਕੋਹਾਂ ਦੂਰ ਰਹਿਣ ਵਾਲੇ ਹਾਕਮ ਸੂਫ਼ੀ ਦੀ ਜ਼ਿੰਦਗੀ ਦੇ ਗਵਾਹ ਗਿੱਦੜਬਾਹੇ ਦੇ ਉਹ ਲੋਕ ਨੇ, ਜਿਨ੍ਹਾਂ ਉਨ੍ਹਾਂ ਨੂੰ ਮਸਤੀ ਵਿਚ ਰਹਿੰਦਿਆਂ ਸਿਵਿਆਂ ਵਿਚ ਸੌਂਦਿਆਂ ਵੀ ਦੇਖਿਆ ਸੀ।

ਹਾਕਮ ਸੂਫ਼ੀ ਦਾ ਜਨਮ ਗਿੱਦੜਬਾਹਾ ਵਿਚ 3 ਮਾਰਚ 1952 ਨੂੰ ਹੋਇਆ। ਇੱਕ ਪੰਜਾਬੀ ਫ਼ਿਲਮ ਵਿਚ ਉਨ੍ਹਾਂ ਵੱਲੋਂ ਗਾਏ ਗੀਤ 'ਪਾਣੀ ਵਿਚ ਮਾਰਾਂ ਡੀਟਾਂ, ਕਰਦੀ ਪਈ ਰੋਜ਼ ਉਡੀਕਾਂ' ਨੇ ਏਨੀ ਮਕਬੂਲੀਅਤ ਹਾਸਲ ਕੀਤੀ ਕਿ ਇਹ ਗੀਤ ਉਨ੍ਹਾਂ ਦਾ ਹਾਸਲ ਬਣ ਗਿਆ। ਇਸ ਗੀਤ ਤੋਂ ਪਹਿਲਾਂ ਤੇ ਬਾਅਦ 'ਚ ਵੀ ਹਾਕਮ ਨੇ ਜਿੰਨਾ ਗਾਇਆ, ਸਭ 'ਤੇ ਵਧੀਆ ਪ੍ਰਭਾਵ ਛੱਡਿਆ। 'ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ', 'ਕਿੱਥੇ ਲਾਏ ਨੇ ਸੱਜਣਾ ਡੇਰੇ', 'ਦਿਲ ਵੱਟੇ ਦਿਲ' ਤੇ 'ਦਿਲ ਤੜਫ਼ੇ ਆਸ਼ਕ' ਸਮੇਤ ਕਈ ਹੋਰ ਗੀਤ ਉਨ੍ਹਾਂ ਦੀ ਸੁਥਰੀ ਗਾਇਕੀ ਦੇ ਗਵਾਹ ਬਣੇ।

4 ਸਤੰਬਰ 2012 ਨੂੰ ਅਲਵਿਦਾ ਕਹਿਣ ਵਾਲੇ ਹਾਕਮ ਸੂਫ਼ੀ ਦੀ ਗੁਰਦਾਸ ਮਾਨ ਦੀ ਨੇੜਤਾ ਦੀ ਚਰਚਾ ਅਕਸਰ ਛਿੜਦੀ ਰਹਿੰਦੀ ਸੀ, ਕਿਉਂਕਿ ਗੁਰਦਾਸ ਸਤਿਕਾਰ ਵਜੋਂ ਹਾਕਮ ਨੂੰ 'ਉਸਤਾਦ ਜੀ' ਕਹਿੰਦਾ ਸੀ ਪਰ ਹਾਕਮ ਦੇ ਭੋਗ 'ਤੇ ਗੁਰਦਾਸ ਦਾ ਨਾ ਪਹੁੰਚਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਗਿਆ। ਹਾਕਮ ਸੂਫ਼ੀ ਦੇ ਵਿਛੋੜੇ ਮਗਰੋਂ ਉਨ੍ਹਾਂ ਦੀ ਪਾਏਦਾਰ ਗਾਇਕੀ ਦੀਆਂ ਗੱਲਾਂ ਸਭ ਥਾਂਵਾਂ ਛਿੜੀਆਂ ਪਰ ਦੁੱਖ ਇਸ ਗੱਲ ਦਾ ਰਿਹਾ ਕਿ ਅੰਤਲੇ ਵੇਲੇ ਉਨ੍ਹਾਂ ਦਾ ਹਾਲ-ਚਾਲ ਜਾਨਣ ਦੀ ਵਿਹਲ ਕਿਸੇ ਕੋਲੋਂ ਨਾ ਨਿਕਲੀ।

**ਦਾਰਾ ਸਿੰਘ:** 2012 ਨੇ ਪੰਜਾਬ ਹੀ ਨਹੀਂ, ਭਾਰਤ ਦੀ ਸ਼ਾਨ ਵਜੋਂ ਜਾਣੇ ਜਾਂਦੇ ਪਹਿਲਵਾਨ ਤੇ ਅਦਾਕਾਰ ਦਾਰਾ ਸਿੰਘ ਨੂੰ ਸਾਡੇ ਕੋਲੋਂ ਖੋਹ ਲਿਆ। ਦਾਰਾ ਸਿੰਘ ਦੇ ਚਲਾਣੇ ਦੀ ਖ਼ਬਰ ਜਿਉਂ ਹੀ ਚੈਨਲਾਂ 'ਤੇ ਦਿਸਣੀ ਸ਼ੁਰੂ ਹੋਈ, ਸਭ ਨੂੰ ਇਕ ਵਾਰ ਅਸਹਿ ਝਟਕਾ ਲੱਗਾ। ਜ਼ਿੰਦਗੀ ਭਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਚੰਗੀਆਂ ਖੁਰਾਕਾਂ ਲਈ ਪ੍ਰੇਰਤ ਕਰਨ ਅਤੇ ਸਮਾਜਿਕ ਅਲਾਮਤਾਂ ਤੋਂ ਵਰਜਣ ਵਾਲੇ ਦਾਰਾ ਸਿੰਘ ਦੇ ਚਲਾਣੇ ਨਾਲ ਖੇਡ ਤੇ ਬਾਲੀਵੁੱਡ ਜਗਤ ਵਿਚ ਸੋਗ ਦੀ ਲਹਿਰ ਦੌੜ ਗਈ।


ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਧਰਮੂਚੱਕ ਵਿਚ



ਦਾਰਾ ਸਿੰਘ

19 ਨਵੰਬਰ 1928 ਨੂੰ ਜਨਮੇ ਦਾਰਾ ਸਿੰਘ ਨੂੰ ਭਲਵਾਨੀ ਵਿਰਸੇ ਵਿਚ ਮਿਲੀ ਸੀ ਤੇ ਆਪਣੇ ਜ਼ੋਰ ਸਦਕਾ ਉਨ੍ਹਾਂ ਦੱਸ ਦਿੱਤਾ ਕਿ ਪੰਜਾਬੀਆਂ ਦੇ ਤਕੜੇ ਜੁੱਸੇ ਖੇਡਾਂ ਦੇ ਖੇਤਰ ਵਿਚ ਏਨੀਆਂ ਵੱਡੀਆਂ ਮੱਲਾਂ ਵੀ ਮਾਰ ਸਕਦੇ ਨੇ।

ਕਹਿੰਦੇ-ਕਹਾਉਂਦੇ ਪਹਿਲਵਾਨਾਂ ਦੀ ਅਖਾੜਿਆਂ ਵਿਚ ਪਿੱਠ ਲਵਾਉਣ ਤੋਂ ਬਾਅਦ ਦਾਰਾ ਸਿੰਘ ਨੇ ਫ਼ਿਲਮੀ ਪਾਰੀ ਦੀ ਸ਼ੁਰੂਆਤ 1952 ਵਿਚ 'ਸੰਗਦਿਲ' ਫ਼ਿਲਮ ਨਾਲ ਕੀਤੀ। ਦਰਜਨਾਂ ਹਿੰਦੀ-ਪੰਜਾਬੀ ਫ਼ਿਲਮਾਂ ਵਿਚ ਦਾਰਾ ਸਿੰਘ ਨੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। 'ਰਮਾਇਣ' ਵਰਗੇ ਸੁਪ੍ਰਸਿੱਧ ਸੀਰੀਅਲ ਵਿਚ ਹਨੂੰਮਾਨ ਦੀ ਭੂਮਿਕਾ ਨੂੰ ਦਰਸ਼ਕ ਅੱਜ ਵੀ ਯਾਦ ਕਰਦੇ ਨੇ। ਦਾਰਾ ਸਿੰਘ ਦੀ ਆਖਰੀ ਫ਼ਿਲਮ 'ਜਬ ਵੀ ਮੈਟ' ਸੀ, ਜਿਸ ਵਿਚ ਉਨ੍ਹਾਂ ਦਾਦੇ ਦਾ ਰੋਲ ਅਦਾ ਕੀਤਾ ਸੀ।



ਯਸ਼ ਚੋਪੜਾ

ਦਾਰਾ ਸਿੰਘ ਦੀ ਪ੍ਰਸਿੱਧੀ ਦੇ ਮੱਦੇਨਜ਼ਰ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਵੀ ਨਿਯੁਕਤ ਕੀਤਾ ਗਿਆ। ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਉੱਠ ਕੇ ਆਪਣੀ ਮਿਹਨਤ ਨਾਲ ਦੁਨੀਆਂ ਭਰ ਵਿਚ ਨਾਮਣਾ ਖੱਟਣ ਵਾਲੇ ਦਾਰਾ ਸਿੰਘ ਭਾਵੇਂ 83 ਸਾਲ ਦੀ ਉਮਰ ਵਿਚ 12 ਜੁਲਾਈ 2012 ਨੂੰ ਵਿਛੋੜਾ ਦੇ ਗਏ, ਪਰ ਲੰਮੇ ਸਮੇਂ ਤੱਕ ਲੋਕ ਉਨ੍ਹਾਂ ਦੀਆਂ ਗੱਲਾਂ ਕਰਦੇ ਰਹਿਣਗੇ। ਦਾਰਾ ਸਿੰਘ ਦੀ ਇੱਕ ਹੋਰ ਖਾਸੀਅਤ ਰਹੀ ਕਿ ਚੰਗੇ ਦਿਨਾਂ ਵਿਚ ਉਹ ਮਾੜੇ ਦਿਨਾਂ ਨੂੰ ਕਦੇ ਨਾ ਭੁੱਲੇ ਤੇ ਮਾੜੇ ਦਿਨਾਂ ਵਿਚ ਚੰਗੇ ਲਈ ਮਿਹਨਤ ਬਹੁਤ ਕੀਤੀ। ਬਹੁਤ ਘੱਟ ਲੋਕ ਅਜਿਹੇ ਹੁੰਦੇ ਨੇ, ਜਿਹੜੇ ਬਹੁ ਕਲਾਵਾਂ ਦਾ ਸੁਮੇਲ ਹੁੰਦਿਆਂ ਜ਼ਮੀਨ ਨਾਲੋਂ ਨਹੀਂ ਟੁੱਟਦੇ।

**ਜਸਪਾਲ ਭੱਟੀ:** ਦੋ ਦਿਨ ਬਾਅਦ ਅਦਾਕਾਰ ਦੀ ਜ਼ਿੰਦਗੀ ਦੀ ਸਭ ਤੋਂ ਅਹਿਮ ਫ਼ਿਲਮ ਰਿਲੀਜ਼ ਹੋਣੀ ਹੋਵੇ, ਫ਼ਿਲਮ ਦੇ ਪ੍ਰਚਾਰ ਲਈ ਪੂਰੀ ਟੀਮ ਵੱਲੋਂ ਦਿਨ-ਰਾਤ ਇੱਕ ਕੀਤਾ ਹੋਵੇ, ਪਰ



ਜਸਪਾਲ ਭੱਟੀ

ਅਚਾਨਕ ਹਾਦਸੇ ਦੌਰਾਨ ਹੀਰੋ ਦਾ ਵਿਛੋੜਾ ਪੈ ਜਾਵੇ, ਇਹੋ ਜਿਹੀ ਸੋਗਮਈ ਖ਼ਬਰ ਪਹਿਲਾਂ ਕਦੇ ਨਹੀਂ ਸੀ ਸੁਣੀ। ਪਰ ਜਸਪਾਲ ਭੱਟੀ ਨਾਲ ਇਹੀ ਸਭ ਵਾਪਰਿਆ। ਉਮਰ ਦਾ ਵੱਡਾ ਹਿੱਸਾ ਲੋਕਾਂ ਨੂੰ ਹਸਾਉਣ ਤੇ ਵੱਖ-ਵੱਖ ਸਮਾਜਿਕ ਮੁੱਦਿਆਂ ਨੂੰ ਆਪਣੇ ਵੱਖਰੇ ਅੰਦਾਜ਼ ਵਿਚ ਪੇਸ਼ ਕਰਨ ਵਾਲੇ ਜਸਪਾਲ ਭੱਟੀ ਦੀ ਮੌਤ ਬਾਰੇ ਜਾਣ ਕੇ ਹਰ ਪੰਜਾਬੀ ਦੀ ਅੱਖ 'ਚੋਂ ਅੱਥਰੂ ਡਿੱਗਿਆ।

ਨਵੀਂ ਫ਼ਿਲਮ 'ਪਾਵਰ ਕੱਟ' ਦੇ ਪ੍ਰਚਾਰ ਦੇ ਸਿਲਸਿਲੇ ਵਿਚ ਜਸਪਾਲ ਭੱਟੀ ਫ਼ਿਲਮ ਦੇ ਬਾਕੀ ਕਲਾਕਾਰਾਂ ਸਮੇਤ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਘੁੰਮ ਰਹੇ ਸਨ। ਫ਼ਿਲਮ ਰਿਲੀਜ਼ ਹੋਣ ਵਿਚ ਦੋ ਦਿਨ ਬਾਕੀ ਸਨ ਤੇ ਬਠਿੰਡੇ ਦੀਆਂ ਕਈ ਥਾਂਵਾਂ 'ਤੇ ਪ੍ਰਚਾਰ ਮਗਰੋਂ ਅਗਲੇ ਦਿਨ ਜਲੰਧਰ ਰੱਖੀ ਪ੍ਰੈਸ ਕਾਨਫਰੰਸ ਦੇ ਸਿਲਸਿਲੇ ਵਿਚ ਉਹ ਆਪਣੇ ਪੁੱਤਰ ਜਸਰਾਜ ਭੱਟੀ, ਹੀਰੋਇਨ ਸੁਰੀਲੀ ਗੌਤਮ ਤੇ ਮੈਨੇਜਰ ਨਵਨੀਤ ਜੋਸ਼ੀ ਨਾਲ ਰਾਤ ਨੂੰ ਕਾਰ 'ਚ ਸਫ਼ਰ ਕਰ ਰਹੇ ਸਨ। ਅਚਾਨਕ ਉਨ੍ਹਾਂ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਵਿਚ ਜਸਪਾਲ ਭੱਟੀ ਵਿਛੋੜਾ ਦੇ ਗਏ। ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪੰਜਾਬ ਵਿਚ ਸੋਗ ਦੀ ਲਹਿਰ ਦੌੜ ਗਈ। ਪ੍ਰਧਾਨ ਮੰਤਰੀ ਸਮੇਤ ਭਾਰਤ ਦੀਆਂ ਵੱਡੀਆਂ ਹਸਤੀਆਂ ਨੇ ਉਨ੍ਹਾਂ ਦੇ ਵਿਛੋੜੇ ਨੂੰ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ। ਲੁਧਿਆਣਾ ਵਿਚ ਇਲਾਜ ਅਧੀਨ ਮੈਨੇਜਰ ਨਵਨੀਤ ਦੀ ਵੀ ਕੁਝ ਦਿਨਾਂ ਬਾਅਦ ਮੌਤ ਹੋ ਗਈ।

57 ਸਾਲ ਦੀ ਉਮਰ ਵਿਚ ਵਿਛੋੜਾ ਦੇਣ ਵਾਲੇ ਜਸਪਾਲ ਭੱਟੀ ਦਾ ਜਨਮ 3 ਮਾਰਚ 1955 ਨੂੰ ਹੋਇਆ ਸੀ ਤੇ 5 ਅਕਤੂਬਰ 2012 ਨੂੰ ਉਹ ਚਲਾਣਾ ਕਰ ਗਏ। ਜਸਪਾਲ ਭੱਟੀ ਦੀ ਫ਼ਿਲਮ 'ਪਾਵਰ ਕੱਟ' ਨੂੰ ਉਨ੍ਹਾਂ ਦੀ ਆਖਰੀ ਫ਼ਿਲਮ ਹੋਣ ਕਰਕੇ ਪੰਜਾਬੀਆਂ ਸ਼ਰਧਾਂਜਲੀ ਦੇ ਰੂਪ ਵਿਚ ਦੇਖਿਆ ਤੇ ਸਿਨੇਮਾ ਘਰ ਵਿਚ ਗਿਆ ਹਰ ਦਰਸ਼ਕ ਉਨ੍ਹਾਂ ਦੇ ਟੋਟਕੇ ਸੁਣ ਰੋਏ ਬਿਨਾਂ ਨਾ ਰਹਿ ਸਕਿਆ। ਇਹ ਭੱਟੀ ਪਰਿਵਾਰ ਦੀ ਹਿੰਮਤ ਹੀ ਸੀ ਕਿ ਉਨ੍ਹਾਂ ਏਨੇ ਵੱਡੇ ਝਟਕੇ ਤੋਂ ਬਾਅਦ ਵੀ ਫ਼ਿਲਮ ਨੂੰ ਨਿਸ਼ਚਿਤ ਦਿਨ ਰਿਲੀਜ਼ ਕੀਤਾ, ਕਿਉਂਕਿ ਜਸਪਾਲ ਭੱਟੀ ਦਾ ਆਖਰੀ ਸੁਪਨਾ ਸੀ ਕਿ ਇਸ ਫ਼ਿਲਮ ਦੀ ਰਿਲੀਜ਼ਿੰਗ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ।

**ਜੋਗਿੰਦਰ ਸਿੰਘ ਮਤਵਾਲਾ:** ਸਮੇਂ ਦਾ ਗੇੜ ਕੀ ਤੋਂ ਕੀ ਕਰ ਦੇਵੇ, ਕੋਈ ਨਹੀਂ ਜਾਣਦਾ। 2012 ਵਿਚ ਪੰਜਾਬ ਦੇ ਕੁਝ ਅਜਿਹੇ ਫ਼ਨਕਾਰ



ਜੋਗਿੰਦਰ ਸਿੰਘ ਮਤਵਾਲਾ


ਵਿਛੋੜਾ ਦੇ ਗਏ, ਜਿਨ੍ਹਾਂ ਦੇ ਨਾਂ ਤੋਂ ਬਹੁਗਿਣਤੀ ਪਾਠਕ ਵਾਕਫ਼ ਨਹੀਂ ਹੋਣਗੇ। ਜਿਹੜੇ ਕਲਾਕਾਰਾਂ 1970 ਤੋਂ 1980-85 ਤੱਕ ਆਪਣੀ ਗਾਇਕੀ ਤੇ ਲੇਖਣੀ ਨਾਲ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ, ਉਹ ਵਕਤ ਦੇ ਬਦਲਾਅ ਨਾਲ ਹਾਸ਼ੀਏ 'ਤੇ ਚਲੇ ਗਏ ਤੇ ਗੁੰਮਨਾਮੀ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ।

ਆਪਣੇ ਵੇਲੇ ਦੇ ਪ੍ਰਸਿੱਧ ਗਾਇਕ ਜੋਗਿੰਦਰ ਸਿੰਘ ਮਤਵਾਲਾ, ਜਿਨ੍ਹਾਂ ਦੀ ਗਾਇਕੀ ਦਾ ਜਾਦੂ ਕਿਸੇ ਵੇਲੇ ਮਾਲਵੇ ਦੇ ਲੋਕਾਂ ਦੇ ਸਿਰ ਚੜ੍ਹ ਬੋਲਿਆ, ਪਹਿਲੀ ਜੂਨ 2012 ਨੂੰ ਕਦੋਂ ਵਿਛੋੜਾ ਦੇ ਗਏ, ਕਿਸੇ ਨੂੰ ਪਤਾ ਤੱਕ ਨਾ ਚੱਲਿਆ। ਜ਼ਿੰਦਗੀ ਦਾ ਵੱਡਾ ਹਿੱਸਾ ਰਿਕਸ਼ਾ ਚਲਾ ਕੇ ਪਰਿਵਾਰ ਦਾ ਰੋਟੀ-ਟੁੱਕ ਚਲਾਉਣ ਵਾਲੇ ਜੋਗਿੰਦਰ ਸਿੰਘ ਮਤਵਾਲਾ ਨੇ ਗਾਇਕੀ ਨੂੰ ਪੇਸ਼ੇ ਵਜੋਂ ਨਾ ਅਪਣਾਇਆ। ਹਰ ਗੱਲ ਨੂੰ 'ਰੱਬ ਦਾ ਭਾਣਾ' ਮੰਨਣ ਵਾਲੇ ਮਤਵਾਲਾ ਦਾ ਆਖਰੀ ਵੇਲਾ ਏਨਾ ਦੁਖਦਾਈ ਸੀ ਕਿ ਚੂਲੇ ਦੀ ਸੱਟ ਤੋਂ ਉੱਭਰ ਨਾ ਸਕੇ।

**ਮਦਨ ਲਾਲ ਰਾਹੀ:** ਆਪਣੇ ਵੇਲੇ ਦੇ ਪ੍ਰਸਿੱਧ ਅਦਾਕਾਰ ਕੋਟਕਪੂਰਾ ਵਸਦੇ ਮਦਨ ਲਾਲ ਰਾਹੀ ਵੀ ਇਸ ਸਾਲ ਵਿਛੋੜਾ ਦੇ ਗਏ। ਅਨੇਕਾਂ ਪੰਜਾਬੀ ਫ਼ਿਲਮਾਂ 'ਚ ਖਲਨਾਇਕ ਬਣ ਕੇ ਦਹਿਸ਼ਤ ਪੈਦਾ ਕਰਨ ਵਾਲੇ ਮਦਨ ਲਾਲ ਰਾਹੀ ਜਿਵੇਂ ਚੁੱਪ-ਚਪੀਤੇ ਤੁਰ ਗਏ, ਉਸ ਤੋਂ ਇਹ ਅੰਦਾਜ਼ਾ ਸਹਿਜੇ ਹੀ ਲੱਗ ਗਿਆ ਕਿ ਖ਼ਬਰਾਂ ਵੀ ਸਿਰਫ਼ ਉਨ੍ਹਾਂ ਦੀਆਂ ਬਣਦੀਆਂ ਨੇ, ਜਿਹੜੇ ਅੰਤਲੇ ਵੇਲੇ ਤੱਕ ਆਪਣੇ ਖੇਤਰ 'ਚ ਸਰਗਰਮ ਰਹਿੰਦੇ ਨੇ।

ਮਦਨ ਲਾਲ ਰਾਹੀ ਨੇ ਗੁਰਚਰਨ ਪੋਹਲੀ ਤੇ ਆਪਣੇ ਵੇਲੇ ਦੇ ਹੋਰ ਬਹੁਤ ਸਾਰੇ ਅਦਾਕਾਰਾਂ ਨਾਲ ਫ਼ਿਲਮਾਂ ਕੀਤੀਆਂ। ਇਸ ਤੋਂ ਇਲਾਵਾ ਤਵਿਆਂ ਵਾਲੇ ਦੌਰ ਵਿਚ ਉਨ੍ਹਾਂ ਦੀ ਗਾਇਕੀ ਨੇ ਵੀ ਪੰਜਾਬੀਆਂ ਦਾ ਖ਼ੂਬ ਮਨੋਰੰਜਨ ਕੀਤਾ।

**ਅਮਰ ਸਿੰਘ ਮਸਤਾਨਾ:** ਪੰਜਾਬੀ ਗਾਇਕੀ ਤੇ ਗੀਤਕਾਰੀ ਵਿਚ ਚੋਖਾ ਯੋਗਦਾਨ ਪਾਉਣ ਵਾਲਾ ਅਮਰ ਸਿੰਘ ਮਸਤਾਨਾ ਨਵੰਬਰ ਮਹੀਨੇ ਬਿਮਾਰੀ ਨਾਲ ਲੜਦਾ ਸਭ ਨੂੰ ਅਲਵਿਦਾ



ਰਾਜੇਸ਼ ਖੰਨਾ

ਆਖ ਗਿਆ। ਆਰਥਕ ਮੰਦੀ ਨਾਲ ਲੜਨ ਦੇ ਬਾਵਜੂਦ ਪੂਰੀ ਜ਼ਿੰਦਗੀ ਕਲਾ ਖੇਤਰ ਨਾਲ ਜੁੜਿਆ ਰਹਿਣ ਵਾਲਾ ਮਸਤਾਨਾ ਮੌਤ ਤੋਂ ਚਾਰ ਕੁ ਮਹੀਨੇ ਪਹਿਲਾਂ ਅਧਰੰਗ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਪਰਿਵਾਰ ਦੀ ਆਰਥਿਕ ਹਾਲਤ ਅਜਿਹੀ ਸੀ ਕਿ ਚੰਗਾ ਇਲਾਜ ਨਾ ਕਰਾਇਆ ਜਾ ਸਕਿਆ।

ਮਸਤਾਨੇ ਵੱਲੋਂ ਲਿਖੇ 'ਕਦੇ ਕਦੇ ਖੇਡ ਲਿਆ ਕਰੀਂ', 'ਦਿਲਾਂ ਦੇ ਐਕਸੀਡੈਂਟ ਬੁਰੇ' ਸਮੇਤ ਦਰਜਨਾਂ ਹੋਰ ਗੀਤ ਪੰਜਾਬ ਦੇ ਪ੍ਰਸਿੱਧ ਗਾਇਕਾਂ ਵੱਲੋਂ ਗਾਏ ਗਏ। ਉਸ ਦੀ ਆਪਣੀ ਆਵਾਜ਼ ਵਿਚ ਦੋ ਕੈਸਿਟਾਂ 'ਕਾਕਾ ਕਰੇ ਪਾਪਾ ਪਾਪਾ' ਤੇ 'ਤੁਸੀਂ ਲੱਖਾਂ ਵਿਚੋਂ ਸੋਹਣੇ' ਨੇ ਉਸ ਦੀ ਚੰਗੀ ਪਛਾਣ ਬਣਾਈ, ਪਰ ਗਾਇਕੀ ਤੇ ਗੀਤਕਾਰੀ ਉਸ ਦੇ ਆਰਥਕ ਹਾਲਾਤ ਨਾ ਬਦਲ ਸਕੀ, ਸਿੱਟੇ ਵਜੋਂ ਉਹ ਸਰਕਾਰਾਂ ਦੇ ਸੱਭਿਆਚਾਰਕ ਵਿਭਾਗਾਂ, ਕਲਾ ਦੇ ਕਦਰਦਾਨਾਂ ਤੇ ਹਮਖੇਤਰ ਲੋਕਾਂ ਲਈ ਸੌ ਸਵਾਲ ਖੜ੍ਹੇ ਕਰਦਾ ਤੁਰ ਗਿਆ।

ਇਹ ਵਰ੍ਹਾ ਬਾਲੀਵੁੱਡ ਨੂੰ ਬੁਲੰਦੀਆਂ 'ਤੇ ਲਿਜਾਣ ਵਾਲੀਆਂ ਕਈ ਸ਼ਖ਼ਸੀਅਤਾਂ 'ਤੇ ਵੀ ਕਹਿਰਵਾਨ ਹੋ ਨਿੱਬੜਿਆ। ਇਸ ਸਾਲ ਜਿੱਥੇ ਬਾਲੀਵੁੱਡ ਦੇ ਪਹਿਲੇ ਸੁਪਰਸਟਾਰ ਰਾਜੇਸ਼ ਖੰਨਾ ਦਾ ਵਿਛੋੜਾ ਪੈ ਗਿਆ, ਉੱਥੇ ਪ੍ਰੇਮ ਕਹਾਣੀਆਂ 'ਤੇ ਆਧਾਰਤ ਫ਼ਿਲਮਾਂ ਨੂੰ ਨਵਾਂ ਮੁਕਾਮ ਦੇਣ ਵਾਲੇ ਫ਼ਿਲਮਕਾਰ ਯਸ਼ ਚੋਪੜਾ ਦੀ ਮੌਤ ਨੇ ਮਾਇਆ ਨਗਰੀ ਤੋਂ ਲੈ ਕੇ ਸਧਾਰਨ ਦਰਸ਼ਕਾਂ ਤੱਕ ਹਰ ਪਾਸੇ ਸੋਗ ਦੀ ਲਹਿਰ ਦੌੜਾ ਦਿੱਤੀ। ਮਹਾਨ ਸਿਤਾਰ ਵਾਦਕ ਪੰਡਤ ਰਵੀਸ਼ੰਕਰ ਦੇ ਵਿਛੋੜੇ ਨੇ ਸ਼ਾਸਤਰੀ ਸੰਗੀਤ ਪ੍ਰੇਮੀਆਂ ਨੂੰ ਡੂੰਘਾ ਝਟਕਾ ਦਿੱਤਾ।

ਬਹੁਤ ਸਾਰੀਆਂ ਹੋਰ ਵੀ ਕੱਦਵਾਰ ਸ਼ਖ਼ਸੀਅਤਾਂ ਅਜਿਹੀਆਂ ਨੇ, ਜਿਨ੍ਹਾਂ ਨੂੰ 2012 ਨੇ ਸਾਡੇ ਕੋਲੋਂ ਖੋਹ ਲਿਆ। ਜੰਮਣ-ਮਰਨ ਦਾ ਸਿਲਸਿਲਾ ਜਿਵੇਂ ਸਦੀਆਂ ਤੋਂ ਚੱਲਿਆ ਆ ਰਿਹੈ, ਉਵੇਂ ਸਦਾ ਹੀ ਚੱਲਦਾ ਰਹਿਣੈ ਪਰ ਜਿਨ੍ਹਾਂ ਸ਼ਖ਼ਸੀਅਤਾਂ ਨੇ ਸਮਾਜ ਤੋਂ ਲਿਆ ਬਹੁਤ ਘੱਟ ਹੋਵੇ ਤੇ ਸਮਾਜ ਨੂੰ ਮੋੜਿਆ ਬਹੁਤਾ ਕੁਝ ਹੋਵੇ, ਉਨ੍ਹਾਂ ਨੂੰ ਭਲਾ ਕਿਵੇਂ ਭੁੱਲਿਆ ਜਾ ਸਕਦੈ?

CHAHAL VIDEO
Video & Photography
We Treat your special events with care!
- HD Video (High Definition)
- Magazine Album
Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com


ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ
Jaison Chahal at 916-601-6632

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

ooraa
ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?
- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada
Resolve your IRS Tax Debt / Problems
100% SATISFACTION GUARANTEED
ਅੱਜ ਹੀ ਸਾਨੂੰ ਕਾਲ ਕਰੋ
(888) 888-9914
www.ooraa.org

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS

LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ (ਕੈਲੀਫੋਰਨੀਆ) ਵਲੋਂ

H A P P Y N E W Y E A R 2 0 1 3

## ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਨੂੰ

# ਨਵਾਂ ਸਾਲ ਬਹੁਤ ਬਹੁਤ ਮੁਬਾਰਕ !

ਉਤਰੀ ਅਮਰੀਕਾ ਦੀ ਪੰਜਾਬੀ ਪੱਤਰਕਾਰੀ ਵਿਚ ਆਪਣੀ ਇਕ ਨਿਵੇਕਲੀ ਪਹਿਚਾਣ ਬਣਾ ਚੁੱਕੇ ਬੇਲਾਗ, ਬੇਬਾਕ ਤੇ ਨਿਧੜਕ ਪੱਤਰਕਾਰੀ ਦੇ ਮੁੱਦਈ **ਪੰਜਾਬ ਟਾਈਮਜ਼** ਨੂੰ ਬਿਲਾਨਾਗਾ ਪ੍ਰਕਾਸ਼ਨ ਦੇ 13 ਵਰ੍ਹੇ ਪੂਰੇ ਕਰਨ 'ਤੇ ਤਹਿ ਦਿਲੋਂ ਨਿੱਘੀ ਵਧਾਈ

## *ਸਾਲਾਨਾ ਵਿਸਾਖੀ ਮੇਲਾ ਐਸ ਈ ਐਸ ਹਾਲ, ਐਲਕ ਗਰੂਵ ਵਿਚ 20 ਅਪਰੈਲ 2013 ਨੂੰ ਅਤੇ ਤੀਆਂ ਦਾ ਮੇਲਾ 11 ਅਗਸਤ 2013 ਨੂੰ*

**ਪ੍ਰਬੰਧਕ ਕਮੇਟੀ:** ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿੱਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਛਪਾਲ ਸਿੰਘ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ, ਭੁਪਿੰਦਰ ਰਿਹਲ, ਜਸਵਿੰਦਰ ਪੂਨੀ, ਜਸਵੰਤ ਸਿੰਘ ਸ਼ਾਦ, ਅਰਜਿੰਦਰ ਕੁੱਕੀ, ਐਮ ਐਸ ਚਾਹਲ, ਪਵਿਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਡੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ ਅਤੇ ਜਗਜੀਤ ਕੰਦੋਲਾ






ਸਾਲ 2013 ਮੁਬਾਰਕ ਸਾਲ 2013 ਮੁਬਾਰਕ ਸਾਲ 2013 ਮੁਬਾਰਕ ਸਾਲ 2013 ਮੁਬਾਰਕ ਸਾਲ 2013 ਮੁਬਾਰਕ

# ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2013 ਮੁਬਾਰਕ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

## Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### WE CAN SELL HUD HOMES ANY WHERE IN CALIFORNIA

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

### Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

### JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.